
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



11ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -11 ISSUE - 28
October 19, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ






ਗੁਰਦਵਾਰਾ ਸਾਹਿਬ ਸਿੱਖ ਸੈਂਟਰ, ਐਂਡਰਸਨ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਗੁਰੂ ਦੇ ਨਗਰ ਕੀਰਤਨ ਅਤੇ ਵਿਸ਼ੇਸ਼ ਸਮਾਗਮ 30 ਅਕਤੂਬਰ ਨੂੰ ਮਨਾਏ ਜਾ ਰਹੇ ਹਨ। *(ਹੋਰ ਜਾਣਕਾਰੀ ਲਈ ਦੇਖੋ ਸਫਾ 3)*




ਟੀ-20 ਮਹਿਲਾ ਏਸ਼ੀਆ ਕੱਪ- ਸ੍ਰੀਲੰਕਾ ਨੂੰ ਹਰਾ ਕੇ ਭਾਰਤ ਸੱਤਵੀਂ ਵਾਰ ਚੈਂਪੀਅਨ (ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 18 'ਤੇ)

# ਰੂਸੀ ਹਮਲਿਆਂ 'ਚ ਬਰਬਾਦ ਹੋ ਚੁੱਕਾ ਹੈ ਯੂਕਰੇਨ

**ਕੀਵ (ਬਿਊਰੋ)–** ਰੂਸ ਨੇ ਮੰਗਲਵਾਰ ਨੂੰ ਵੀ ਯੂਕਰੇਨ ਦੇ ਕਈ ਸ਼ਹਿਰਾਂ 'ਤੇ ਹਵਾਈ ਹਮਲੇ ਕੀਤੇ। ਕੀਵ ਵਿਚ ਮੰਗਲਵਾਰ ਨੂੰ ਬਿਜਲੀ ਪਲਾਂਟ 'ਤੇ ਮਿਜ਼ਾਈਲ ਹਮਲੇ ਵਿਚ ਤਿੰਨ ਤੇ ਮਾਈਕੋਲਈਵ ਵਿਚ ਇਕ ਦੀ ਮੌਤ ਹੋ ਗਈ। ਜ਼ੋਰਦਾਰ ਧਮਾਕਿਆਂ ਤੋਂ ਬਾਅਦ ਉੱਤਰੀ ਕੀਵ ਦੇ ਅਸਮਾਨ ਵਿਚ ਸੰਘਣਾ ਧੂੰਆਂ ਉੱਠਦਾ ਦਿਖਾਈ ਦਿੱਤਾ। ਕੀਵ ਸਣੇ ਕਈ ਸ਼ਹਿਰਾਂ ਵਿਚ ਬਿਜਲੀ ਸਪਲਾਈ ਪ੍ਰਭਾਵਿਤ ਹੋਈ। ਯੂਕਰੇਨ ਦੇ ਰਾਸ਼ਟਰਪਤੀ ਨੇ ਦੋਸ਼ ਲਗਾਇਆ ਕਿ ਠੰਢ ਵਧਣ ਤੋਂ ਪਹਿਲਾਂ ਰੂਸ ਬੁਨਿਆਦੀ ਸਹੂਲਤਾਂ 'ਤੇ ਹਮਲੇ ਕਰ ਕੇ ਯੂਕਰੇਨ ਨੂੰ ਹਨੇਰੇ ਵਿਚ ਧੱਕ ਕੇ ਸ਼ਾਂਤੀ ਵਾਰਤਾ ਨੂੰ ਅਸੰਭਵ ਬਣਾਉਣਾ ਚਾਹੁੰਦਾ ਹੈ। ਕੀਵ ਦੇ ਮੇਅਰ ਵਿਟਾਲੀ ਕਲਿਸਚਕੋ ਨੇ ਕਿਹਾ ਕਿ ਦੋ ਬੁਨਿਆਦੀ ਢਾਂਚਿਆਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿਸ ਨਾਲ ਕਾਫੀ ਨੁਕਸਾਨ ਪੁੱਜਾ ਹੈ। ਉੱਥੇ, ਯੂਕਰੇਨੀ ਰਾਸ਼ਟਰਪਤੀ ਦੇ ਸਹਿਯੋਗੀ ਕਿਰਿਲੋ ਟਾਈਮੋਸ਼ੇਂਕੋ ਨੇ ਦੱਸਿਆ ਕਿ ਦੋ ਰਾਕਟ ਹਮਲਿਆਂ ਨਾਲ ਦੱਖਣ-ਪੂਰਬੀ ਸ਼ਹਿਰ ਨੈਪਰੋ ਵਿਚ ਭਾਰੀ ਨੁਕਸਾਨ ਹੋਇਆ ਹੈ। ਇਸੇ ਤਰ੍ਹਾਂ ਦੱਖਣੀ ਯੂਕਰੇਨ ਦੇ ਮਾਈਕੋਲਈਵ ਵਿਚ ਮਿਜ਼ਾਈਲ ਇਕ ਅਪਾਰਟਮੈਂਟ 'ਤੇ ਆ ਕੇ ਡਿੱਗੀ, ਜਿਸ ਵਿਚ ਘੱਟ ਤੋਂ ਘੱਟ ਇਕ ਵਿਅਕਤੀ ਦੀ ਮੌਤ ਹੋ ਗਈ। ਰੂਸੀ ਸਰਹੱਦ ਨਾਲ ਲੱਗਦੇ ਖਾਰਕੀਵ ਵਿਚ ਵੀ ਬਿਜਲੀ ਪਲਾਂਟਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਵਿਚਾਲੇ,



ਯੂਕਰੇਨ ਦੇ ਰਾਸ਼ਟਰਪਤੀ ਵੋਲਦੋਮੀਰ ਜ਼ੇਲੈਂਸਕੀ ਨੇ ਰੂਸ 'ਤੇ ਹਵਾਈ ਹਮਲਿਆਂ ਨਾਲ ਦਹਿਸ਼ਤ ਫੈਲਾਉਣ ਅਤੇ ਨਾਗਰਿਕਾਂ ਨੂੰ ਮਾਰਨ ਦਾ ਦੋਸ਼ ਲਗਾਇਆ ਹੈ। ਇਕ ਦਿਨ ਪਹਿਲਾਂ ਸੋਮਵਾਰ ਨੂੰ ਕੀਵ ਅਤੇ ਹੋਰ ਸ਼ਹਿਰਾਂ ਵਿਚ ਡ੍ਰੋਨ ਹਮਲਿਆਂ ਵਿਚ ਘੱਟ ਤੋਂ ਘੱਟ ਚਾਰ ਲੋਕਾਂ ਦੀ ਮੌਤ ਹੋ ਗਈ ਸੀ। ਜ਼ੇਲੈਂਸਕੀ ਨੇ ਟੈਲੀਗ੍ਰਾਮ ਮੈਸੇਜਿੰਗ ਐਪ 'ਤੇ ਲਿਖਿਆ ਯੂਕਰੇਨ ਹਮਲਾਵਰਾਂ ਦੇ ਹਮਲਿਆਂ ਦਾ ਸ਼ਿਕਾਰ ਹੈ। ਉਹ ਲਗਾਤਾਰ ਉਹ ਕਰ ਰਹੇ ਹਨ, ਜੋ ਉਹ ਬਿਹਤਰ ਕਰ ਸਕਦੇ ਹਨ, ਦਹਿਸ਼ਤਜ਼ਦਾ ਕਰਨਾ ਅਤੇ ਨਾਗਰਿਕਾਂ ਦੀ ਹੱਤਿਆ। ਇਹ ਅੱਤਵਾਦੀ ਦੇਸ਼ ਇਸ ਤੋਂ ਇਲਾਵਾ ਹੋਰ ਕੁਝ ਨਹੀਂ ਕਰ ਸਕੇਗਾ। ਅਮਰੀਕਾ ਵੱਲੋਂ ਰੂਸ ਨੂੰ ਜੰਗੀ ਅਪਰਾਧ ਲਈ ਜਵਾਬਦੇਹ ਠਹਿਰਾਏ ਜਾਣ ਦੀ ਚਿਤਾਵਨੀ ਮਗਰੋਂ ਰੂਸ ਨੇ ਮੰਗਲਵਾਰ ਨੂੰ ਤਾਜ਼ਾ ਹਮਲੇ ਕੀਤੇ ਹਨ। ਇਸ ਵਿਚਾਲੇ, ਅਮਰੀਕਾ ਨੇ ਕਿਹਾ ਹੈ ਕਿ ਰੂਸ ਵੱਲੋਂ ਯੂਕਰੇਨ 'ਤੇ ਈਰਾਨ ਦੇ ਆਤਮਘਾਤੀ ਕਾਮੀਕਾਜੇ ਡ੍ਰੋਨ ਦੇ ਇਸਤੇਮਾਲ ਦੇ ਕਾਫੀ ਸਬੂਤ ਹਨ। ਅਮਰੀਕੀ ਵਿਦੇਸ਼ ਵਿਭਾਗ ਦੇ ਉਪ ਬੁਲਾਰੇ ਵੇਦਾਂਤ ਪਟੇਲ ਨੇ ਪ੍ਰੈੱਸ ਕਾਨਫਰੰਸ ਕਰ ਕੇ ਇਹ ਦਾਅਵਾ ਕੀਤਾ ਹੈ। ਉੱਥੇ, ਯੂਕਰੇਨ ਨੇ ਵੀ ਕਿਹਾ ਹੈ ਕਿ ਹਮਲੇ ਵਿਚ ਕਾਮੀਕਾਜੇ ਡ੍ਰੋਨ ਵੱਡੀ ਭੂਮਿਕਾ ਨਿਭਾਅ ਰਹੇ ਹਨ। ਇਹ ਟੀਚੇ 'ਤੇ ਨਿਸ਼ਾਨਾ ਲਾਉਂਦੇ ਹਨ ਅਤੇ ਉਸ ਤੋਂ ਬਾਅਦ ਨਸ਼ਟ ਹੋ ਜਾਂਦੇ ਹਨ।

# 24 ਸਾਲ ਬਾਅਦ ਕਾਂਗਰਸ ਨੂੰ ਮਿਲਿਆ ਗ਼ੈਰ-ਗਾਂਧੀ ਪ੍ਰਧਾਨ

**ਨਵੀਂ ਦਿੱਲੀ–** ਕਾਂਗਰਸ ਦੇ ਸੀਨੀਅਰ ਆਗੂ ਮੱਲਿਕਾਰਜੁਨ ਖੜਗੇ ਨੇ ਪ੍ਰਧਾਨਗੀ ਅਹੁਦੇ ਲਈ ਹੋਈ ਚੋਣ ਜਿੱਤ ਲਈ ਹੈ। ਖੜਗੇ ਹੁਣ ਕਾਂਗਰਸ ਦੇ ਨਵੇਂ ਪ੍ਰਧਾਨ ਹੋਣਗੇ। ਪ੍ਰਧਾਨਗੀ ਅਹੁਦੇ ਲਈ ਹੋਈ ਚੋਣ 'ਚ ਖੜਗੇ ਨੂੰ 7897 ਵੋਟਾਂ ਮਿਲੀਆਂ ਜਦਕਿ ਸ਼ਸ਼ੀ ਥਰੂਰ ਨੂੰ ਸਿਰਫ਼ ਇਕ ਹਜ਼ਾਰ ਦੇ ਕਰੀਬ ਵੋਟਾਂ ਮਿਲੀਆਂ। ਏਜੰਸੀ ਮੁਤਾਬਕ 416 ਵੋਟਾਂ ਰੱਦ ਹੋਈਆਂ। 24 ਸਾਲਾਂ ਬਾਅਦ ਇਹ ਪਹਿਲੀ ਵਾਰ ਹੈ ਕਿ ਕਾਂਗਰਸ ਪ੍ਰਧਾਨ ਗੈਰ-ਗਾਂਧੀ ਪਰਿਵਾਰ ਤੋਂ ਹੈ। ਦੱਸ ਦੇਈਏ ਕਿ ਇਸ ਸੋਮਵਾਰ ਨੂੰ ਦੇਸ਼ ਭਰ 'ਚ ਰਾਸ਼ਟਰਪਤੀ ਦੇ ਅਹੁਦੇ ਲਈ ਹੋਈ ਚੋਣ 'ਚ ਕਾਂਗਰਸ ਦੇ 9 ਹਜ਼ਾਰ ਤੋਂ ਵੱਧ ਪ੍ਰਤੀਨਿਧੀਆਂ ਨੇ ਵੋਟਿੰਗ ਕੀਤੀ ਸੀ। ਖੜਗੇ ਦੀ ਜਿੱਤ ਦਾ ਰਸਮੀ ਐਲਾਨ ਹੋਣ ਤੋਂ ਪਹਿਲਾਂ ਹੀ ਥਰੂਰ ਨੇ ਆਪਣੀ ਹਾਰ ਸਵੀਕਾਰ ਕਰ ਲਈ ਤੇ ਉਨ੍ਹਾਂ ਨੂੰ ਵਧਾਈ ਦਿੱਤੀ। ਸ਼ਸ਼ੀ ਥਰੂਰ ਨੇ ਖੜਗੇ ਨੂੰ ਵਧਾਈ ਦਿੰਦੇ ਹੋਏ ਕਿਹਾ, "ਕਾਂਗਰਸ ਦਾ ਪ੍ਰਧਾਨ ਬਣਨਾ ਬਹੁਤ ਵੱਡਾ ਸਨਮਾਨ ਤੇ ਇਕ ਵੱਡੀ ਜ਼ਿੰਮੇਵਾਰੀ ਹੈ। ਮੈਂ ਇਸ ਵਿੱਚ ਖੜਗੇ ਜੀ ਦੀ ਸਫਲਤਾ ਦੀ ਕਾਮਨਾ ਕਰਦਾ ਹਾਂ। ਥਰੂਰ ਨੇ ਅੱਗੇ ਕਿਹਾ ਕਿ ਮੇਰੇ ਲਈ ਇਕ ਹਜ਼ਾਰ ਤੋਂ ਵੱਧ ਸਹਿਯੋਗੀਆਂ ਦਾ ਸਮਰਥਨ ਪ੍ਰਾਪਤ ਕਰਨਾ ਤੇ ਪੂਰੇ ਭਾਰਤ ਵਿੱਚ ਕਾਂਗਰਸ ਦੇ ਬਹੁਤ ਸਾਰੇ ਸ਼ੁਭਚਿੰਤਕਾਂ ਦੀਆਂ ਉਮੀਦਾਂ ਤੇ ਇੱਛਾਵਾਂ ਨੂੰ ਅੱਗੇ ਵਧਾਉਣਾ ਮੇਰੇ ਲਈ ਸਨਮਾਨ ਦੀ ਗੱਲ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਪਾਰਟੀ 'ਚ ਹੁਣ ਭੂਮਿਕਾ ਕੀ ਹੋਵੇਗੀ, ਇਸ ਬਾਰੇ ਉਨ੍ਹਾਂ ਜਵਾਬ ਦਿੱਤਾ। ਰਾਹੁਲ ਨੇ ਕਿਹਾ ਕਿ ਮੈਂ ਆਪਣੀ ਅਤੇ ਕਾਂਗਰਸ ਪ੍ਰਧਾਨ ਦੀ ਭੂਮਿਕਾ ਬਾਰੇ ਕੁਝ ਨਹੀਂ ਕਹਿ ਸਕਦਾ। ਰਾਹੁਲ ਨੇ ਕਿਹਾ ਮੇਰੀ ਭੂਮਿਕਾ ਕੀ ਹੋਵੇਗੀ, ਉਹ ਪਾਰਟੀ ਪ੍ਰਧਾਨ ਤੈਅ ਕਰਨਗੇ।




SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355





## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੇ ਅਕਤੂਬਰ-ਨਵੰਬਰ ਮਹੀਨੇ ਦੇ ਪ੍ਰੋਗਰਾਮ

**October 21-22-23, 2022**
**Akhand Path Sewa by New Committee**

Newly elected Board of Directors and Managing Committee of the GURUGHAR will host the Akhand path and Langar Sewa. Akhand Path will start on Friday, October 21, 2022 at 10:00 AM and will conclude with Bhog ceremony on Sunday morningOctober 23, 2022. Sangat is requested to come and participate in this program for the Chardi Kala of GURUGHAR.

**October 24, 2022 Diwali Celeberations.**

Diwali will be celebrated in the GURUGHAR at 6:00 PM. Sukhmani sahib path and Langar sewa will be hosted by Ramesh & Gyan Suman and family. Please come and enjoy festivities and join Gurbani Kirtan and Ardas for the Chardi Kala of the entire Sangat.

**November 11-12-13, 2022**
**Sri Guru Nanak Dev Ji's "Parkash Utsav"**
**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।**
**ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।**

Sri Guru Nanak Dev Ji's Parkash Utsav will be celebrated at Gurughar on November 13, 2022. Akhand path will start on Friday 11/11/22, at 10:00 AM and will conclude with Bhog ceremony on Sunday morning 11/13/2022. Late Pt. Kewal Krishan Sudhir and Nirmal Devi Sudhir's son Varinder Kumar Sudhir with his wife Renu Bala Sudhir, sons Puneet Sudhir and Ankush Sudhir, will host the Akhand Path and Langar Sewa. Sudhir family is requesting Sangat to come and get Guru Sahib's blessings. May Baba ji keep Sudhir Family in Chardi Kala.

**Hoisting of NISHAN SAHIB ( Nishan Sahib Sewa)**

Nishan Sahib Hoisting Ceremony will be held on November 12 (Saturday) at 11:00 AM. Bhai Hardial Singh Banga and Bibi Kulwant Banga will be doing the Nishan Sahib Chola Sewa and Langar sewa. The entire Sangat and the Managing Committee is thankful to Banga family for their Sewa of getting new hydraulic Nishan Sahib installed. May Waheguru bless the dedicated Banga family for their cherished desires.

**www.sriguruavidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |

# ਗੁਰਦਵਾਰਾ ਸਾਹਿਬ ਸਿੱਖ ਸੈਂਟਰ

## Gurdwara Sahib Sikh Centre

### 5400 Sikh Centre Drive, Anderson, CA, 96007






## Sri Guru Nanak Dev jee's 553rd Gurpurb Celebrations & Nagar Kirtan Program

## ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਗੁਰੂ ਕੇ ਨਗਰ ਕੀਰਤਨ ਅਤੇ ਵਿਸ਼ੇਸ਼ ਸਮਾਗਮ

ਗੁਰੂ ਸੰਗਤ ਜੀਓ, ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਮੂਹ ਇਲਾਕਾ ਨਿਵਾਸੀ ਸੰਗਤ ਵੱਲੋਂ ਗੁਰਦਵਾਰਾ ਸਾਹਿਬ ਵਿਖੇ ਸਮਾਗਮ ਹੇਠ ਲਿਖੇ ਅਨੁਸਾਰ ਹੋਣਗੇ ਜੀ।

**ਸ਼ੁੱਕਰਵਾਰ 28 ਅਕਤੂਬਰ, 2022**

**ਅਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 11 ਵਜੇ**

ਸਵੇਰ ਦੇ ਲੰਗਰਾਂ ਦੀ ਸੇਵਾ ਮਾਉਂਟ ਲੈਸਨ ਟਰਾਂਸਪੋਰਟ ਰੈਡਬਲਫ ਪਰਿਵਾਰਾਂ ਵਲੋਂ ਹੋਵੇਗੀ। ਤਿੰਨੋਂ ਦਿਨ ਮਠਿਆਈ ਲੰਗਰ ਸੇਵਾ ਝੂਟੀ ਪਰਿਵਾਰ ਰੈਡਿੰਗ ਵੱਲੋਂ ਹੋਵੇਗੀ।

**ਸਨਿਚਰਵਾਰ 29 ਅਕਤੂਬਰ, 2022**

ਸ੍ਰੀ ਨਿਸ਼ਾਨ ਸਾਹਿਬ ਚੋਲਾ ਸੇਵਾ ਸਵੇਰੇ 9 ਵਜੇ ਕੌਰਨਿੰਗ ਪਰਿਵਾਰਾਂ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ

ਨਗਰ ਕੀਰਤਨ ਰਵਾਨਗੀ 12 ਵਜੇ

ਲੰਗਰ ਸੇਵਾ ਐਂਡਰਸਨ ਪਰਿਵਾਰਾਂ ਵੱਲੋਂ

**ਐਤਵਾਰ 30 ਅਕਤੂਬਰ, 2022**

**ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10:00 ਵਜੇ**

ਉਪਰੰਤ ਕੀਰਤਨ ਦੀਵਾਨ ਸਜਣਗੇ ਅਤੇ ਪੰਥ ਪ੍ਰਸਿੱਧ ਢਾਡੀ ਜਥਾ ਗਿਆਨੀ ਲਖਵਿੰਦਰ ਸਿੰਘ ਸੋਹਲ ਢਾਡੀ ਵਾਰਾਂ ਰਾਹੀਂ ਨਿਹਾਲ ਕਰਨਗੇ। ਆਪ ਸਮੂਹ ਸੰਗਤਾਂ ਪਾਸ ਬੇਨਤੀ ਹੈ ਕਿ ਸਹਿਤ ਪਰਿਵਾਰ ਪਹੁੰਚ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ। ਗੁਰੂ ਕੇ ਅਤੁੱਟ ਲੰਗਰ ਵਰਤਾਏ ਜਾਣਗੇ ਜੀ


ਗੁਰੂ ਕੇ ਲੰਗਰ ਅਤੇ ਨਗਰ ਕੀਰਤਨ ਦੌਰਾਨ ਪੈਕ ਫੂਡ ਤਿਆਰ ਕਰਨ ਦੀ ਸੇਵਾ ਐਂਡਰਸਨ ਨਿਵਾਸੀ ਤੇਜਵੀਰ ਸਿੰਘ, ਰਾਜਵਿੰਦਰ ਕੌਰ ਅਤੇ ਸਮੂਹ ਪੱਡਾ ਪਰਿਵਾਰ ਵੱਲੋਂ ਸੰਗਤ ਦੇ ਸਹਿਯੋਗ ਨਾਲ ਹੋਵੇਗੀ। ਅਦਾਰਾ "ਦੇਸ਼ ਦੁਆਬਾ" ਵੱਲੋਂ ਫੇਸਬੁਕ 'ਤੇ ਲਾਈਵ ਕਵਰੇਜ਼ ਕੀਤੀ ਜਾਵੇਗੀ।

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :-**

ਅਮਰਜੀਤ ਸਿੰਘ ਗਰੇਵਾਲ +1- 530 440-2626

ਗੁਰਮੀਤ ਸਿੰਘ 530-301-9963
ਜਰਨੈਲ ਸਿੰਘ 530-646-6832
ਹਰਦੀਪ ਸਿੰਘ 510-760-5233
ਤੀਰਥ ਸਿੰਘ 650-642-0697
ਨਿਰਮਲ ਸਿੰਘ 530-945-4504
ਗੁਰਦੇਵ ਸਿੰਘ 530-366-1502

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 23 ਅਕਤੂਬਰ ਨੂੰ ਵਲੇਹੋ 'ਚ ਮਨਾਇਆ ਜਾਵੇਗਾ







ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਜੀ। ਗੁਰੂ ਵਾਲਮੀਕ ਜੀ ਆਪ ਸਭ ਦੇ ਕਾਰਜ ਸਿੱਧ ਕਰਨ ਤੇ ਪਰਿਵਾਰਾਂ 'ਚ ਸੁੱਖ-ਸ਼ਾਂਤੀ ਰਹੇ। ਖੁਸ਼ੀਆਂ ਦਾ ਖੇੜਾ ਹਮੇਸ਼ਾ ਆਪ ਜੀ ਦੇ ਦਰ 'ਤੇ ਦਸਤਕ ਦਿੰਦਾ ਰਹੇ। ਗੁਰੂ ਜੀ ਦੀ ਮਹਿਮਾ ਦੇ ਗੁਣਗਾਨ ਕਰਕੇ ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰਡੋਰੀ ਅਤੇ ਹੋਰ ਸੱਜਣ ਆਪਣੀ ਹਾਜ਼ਰੀ ਲਗਵਾਉਣਗੇ।

**ਪ੍ਰੋਗਰਾਮ ਦਾ ਸਮਾਂ ਅਤੇ ਸਥਾਨ**

## October 23, 2022 (SUNDAY)

## Time: 9:00AM to 4:00PM

## Dan Foley Cultural Center, 1499 N. Camino Alto, Vallejo, CA-94590

ਇਸ ਮੌਕੇ ਭਗਵਾਨ ਵਾਲਮੀਕ ਜੀ ਦੀਆਂ ਸਿਖਿਆਵਾਂ ਬਾਰੇ ਬਹੁਪੱਖੀ ਸ਼ਖਸੀਅਤ ਸ੍ਰੀ ਓ. ਪੀ. ਬਾਲੀ, ਸ੍ਰੀ ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ") ਅਤੇ ਡਾ. ਹਰਮੇਸ਼ ਕੁਮਾਰ ਆਦਿ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਅਦਾਰਾ 'ਦੇਸ਼ ਦੁਆਬਾ' ਵੱਲੋਂ ਫੇਸਬੁਕ 'ਤੇ ਲਾਈਵ ਕਵਰੇਜ਼ ਕੀਤੀ ਜਾਵੇਗੀ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

**Phone: (707) 648-4630, Kewal Sidhu (707) 704-3869, Sodhi Nahar (707) 704-5216, Dr. Gurjit Singh (925) 321-0117 Gurpal Singh (916) 873-0311, Bhupinder Bhinda (916) 613-3311 Balbir Thapar (916) 607-4650, Kulwinder Gill (510) 458-6146, Baljivan Dass (408) 394-6729, Rajinder Hans (925) 214-6454**

## ਜਾਰੀ ਕਰਤਾ- ਸਮੂਹ ਭਗਵਾਨ ਵਾਲਮੀਕ ਜੀ ਦੇ ਸ਼ਰਧਾਲੂ (ਕੈਲੇਫੋਰਨੀਆ)

## ਪਾਕਿ 'ਚ ਗੁਰਦੁਆਰਿਆਂ 'ਤੇ ਨਜਾਇਜ਼ ਕਬਜ਼ਿਆਂ ਤੋਂ ਸਿੱਖ ਚਿੰਤਤ

**ਲਾਹੌਰ–** ਪਾਕਿਸਤਾਨ ਵਿਚ ਘੱਟ ਗਿਣਤੀਆਂ ਮਹਿਫੂਜ਼ ਨਹੀਂ ਹਨ। ਆਏ ਦਿਨ ਇਸ ਸੰਬੰਧੀ ਖਬਰਾਂ ਛਪਦੀਆਂ ਰਹਿੰਦੀਆਂ ਹਨ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਕਿਸਤਾਨ ਦੇ ਗੁਰਦੁਆਰਿਆਂ ਦੀ ਸਥਿਤੀ 'ਤੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਪ੍ਰਸ਼ਾਸਨ ਦੀ ਸਹਿਮਤੀ ਨਾਲ ਗੁਰਦੁਆਰਿਆਂ ਦੀਆਂ ਜ਼ਮੀਨਾਂ 'ਤੇ ਗੈਰ ਮੁਸਲਿਮਾਂ ਨੇ ਨਾਜਾਇਜ਼ ਕਬਜ਼ਾ ਕਰ ਰੱਖਿਆ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਪਹਿਲੀ ਵਾਰ ਪਾਕਿਸਤਾਨ ਦੇ ਗੁਰਦੁਆਰਿਆਂ ਦੀ ਸਥਿਤੀ ਸਬੰਧੀ ਦੁਨੀਆ ਭਰ ਦੇ ਸਿੱਖਾਂ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਹੈ।

ਉਨ੍ਹਾਂ ਨੇ ਕਿਹਾ ਕਿ ਲਾਹੌਰ ਸਥਿਤ ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਅਤੇ ਗੁਰਦੁਆਰਾ ਖਾਸਾ ਦੇ ਸਨਮਾਨ 'ਚ ਗੁਰਦੁਆਰੇ ਬਣਾਏ ਗਏ ਸੀ। ਇਨ੍ਹਾਂ ਗੁਰ-ਦੁਆਰਿਆਂ ਦੀਆਂ ਜ਼ਮੀਨਾਂ 'ਤੇ ਗੈਰ-ਮੁਸਲਿਮਾਂ ਨੇ ਗੈਰ-ਕਾਨੂੰਨੀ ਢੰਗ ਨਾਲ ਨਾਜਾਇਜ਼ ਕਬਜ਼ੇ ਕਰ ਲਏ ਹਨ। ਉਨ੍ਹਾਂ ਨੇ ਕਿਹਾ ਕਿ ਅਸੀਂ ਇਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਸਮੇਤ ਵੱਖ-ਵੱਖ ਪੁਲਸ ਸਟੇਸ਼ਨਾਂ 'ਚ ਸ਼ਿਕਾਇਤਾਂ ਵੀ ਦੇ ਰੱਖੀਆਂ ਹਨ ਪਰ ਲੰਮਾਂ ਸਮਾਂ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਕਿਸੇ ਤਰ੍ਹਾਂ ਦੀ ਕਾਰਵਾਈ ਨਹੀਂ ਹੋਈ, ਜੋ ਇਹ ਪ੍ਰਗਟ ਕਰਦਾ ਹੈ ਕਿ ਗੁਰਦੁਆਰਿਆਂ ਦੀਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਪ੍ਰਸ਼ਾਸਨ ਤੇ ਪੁਲਸ ਦੀ ਮਦਦ ਨਾਲ ਕੀਤੇ ਗਏ ਹਨ।

## ਭਾਰਤ ਭੁੱਖਮਰੀ ਸੂਚਕ ਅੰਕ 'ਚ ਪਛੜਿਆ

**ਨਵੀਂ ਦਿੱਲੀ–** ਆਲਮੀ ਭੁੱਖਮਰੀ ਸੂਚਕ ਅੰਕ 2022 ਦੀ ਰਿਪੋਰਟ 'ਚ 121 ਦੇਸ਼ਾਂ ਦੀ ਸੂਚੀ 'ਚ ਭਾਰਤ 107ਵੇਂ ਸਥਾਨ 'ਤੇ ਹੈ, ਜੋ ਕਿ ਪਿਛਲੇ ਸਾਲ ਦੇ 101ਵੇਂ ਸਥਾਨ ਤੋਂ ਵੀ 6 ਅੰਕ ਹੇਠਾਂ ਹੈ। ਅੰਕ ਮੁਤਾਬਿਕ ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ, ਬੰਗਲਾਦੇਸ਼, ਨਿਪਾਲ ਅਤੇ ਸ੍ਰੀਲੰਕਾ ਵੀ ਭਾਰਤ ਤੋਂ ਬਿਹਤਰ ਸਥਿਤੀ ਵਿਚ ਹਨ। ਸਿਰਫ ਇਕ ਗੁਆਂਢੀ ਦੇਸ਼ ਅਫ਼ਗਾਨਿਸਤਾਨ, ਜੋ ਹਾਲ ਵਿਚ ਜੰਗ ਜਿਹੇ ਹਾਲਾਤ ਨਾਲ ਜੂਝ ਰਿਹਾ ਸੀ, ਹੀ ਭਾਰਤ ਤੋਂ ਹੇਠਾਂ ਭਾਵ 109ਵੇਂ ਸਥਾਨ 'ਤੇ ਹੈ। ਦੱਖਣੀ ਏਸ਼ਿਆਈ ਦੇਸ਼ਾਂ 'ਚ ਸਭ ਤੋਂ ਬਿਹਤਰ ਸਥਿਤੀ ਵਿਚ ਸ੍ਰੀਲੰਕਾ ਹੈ। ਆਰਥਿਕ ਦਿੱਕਤਾਂ ਨਾਲ ਦੋ-ਚਾਰ ਹੋ ਰਹੇ ਸ੍ਰੀਲੰਕਾ ਨੂੰ ਇਸ ਸੂਚਕ ਅੰਕ 'ਵਿਚ 64ਵਾਂ ਸਥਾਨ ਹਾਸਲ ਹੋਇਆ ਹੈ। ਜਦਕਿ ਨਿਪਾਲ 81ਵੇਂ, ਬੰਗਲਾਦੇਸ਼ 84ਵੇਂ ਅਤੇ ਪਾਕਿਸਤਾਨ 99ਵੇਂ ਸਥਾਨ 'ਤੇ ਹੈ। ਆਇਰਸ਼ ਏਜੰਸੀ 'ਕਨਸਰਨ ਵਰਲਡ ਵਾਈਡ' ਅਤੇ ਜਰਮਨੀ ਦੀ ਸੰਸਥਾ 'ਵੈਲਟ ਹੰਗਰ ਹਿਲਫ਼' ਸਾਂਝੇ ਤੌਰ 'ਤੇ ਤਿਆਰ ਕੀਤੀ ਇਸ ਰਿਪੋਰਟ 'ਚ ਭਾਰਤ ਵਿਚ ਭੁੱਖ ਦੇ ਪੱਧਰ ਨੂੰ ਗੰਭੀਰ ਕਰਾਰ ਦਿੱਤਾ ਗਿਆ ਹੈ। ਆਲਮੀ ਭੁੱਖਮਰੀ ਸੂਚਕ ਅੰਕ ਆਲਮੀ ਖੇਤਰੀ ਅਤੇ ਰਾਸ਼ਟਰੀ ਪੱਧਰ 'ਤੇ ਭੁੱਖ ਨੂੰ ਵਿਆਪਕ ਪੱਧਰ 'ਤੇ ਨਾਪਣ ਦਾ ਇਕ ਜ਼ਰੀਆ ਹੈ। ਆਲਮੀ ਭੁੱਖਮਰੀ ਸੂਚਕ ਅੰਕ ਭਾਵ (ਜੀ ਐੱਚ ਆਈ) ਦਾ ਸਕੋਰ ਚਾਰ ਕਾਰਕਾਂ 'ਤੇ ਮਾਪਿਆ ਜਾਂਦਾ ਹੈ। ਜਿਸ ਵਿਚ ਕੁਪੋਸ਼ਣ, ਬੱਚਿਆਂ 'ਚ ਕੁਪੌਸ਼ਣ, ਬੱਚਿਆਂ ਦੇ ਵਿਕਾਸ ਵਿਚ ਰੁਕਾਵਟ ਅਤੇ ਬਾਲ ਮੌਤ ਦਰ ਸ਼ਾਮਿਲ ਹੈ। ਜੀਐੱਚਆਈ ਦਾ ਕੁੱਲ ਸਕੋਰ 100 ਅੰਕ ਹੁੰਦਾ ਹੈ, ਜਿਸ ਆਧਾਰ 'ਤੇ ਕਿਸੇ ਦੇਸ਼ ਦੀ ਭੁੱਖ ਦੀ ਗੰਭੀਰਤਾ ਨਾਪੀ ਜਾਂਦੀ ਹੈ। ਜਿਸ ਦੇਸ਼ ਦਾ ਸਕੋਰ ਜ਼ੀਰੋ ਹੈ ਤਾਂ ਉਹ ਬਿਹਤਰ ਸਥਿਤੀ ਵਿਚ ਹੁੰਦਾ ਹੈ ਅਤੇ ਜਿਸ ਦਾ ਸਕੋਰ 100 ਉਸ ਦੀ ਸਥਿਤੀ ਬਹੁਤ ਖਰਾਬ ਹੈ। ਰਿਪੋਰਟ ਮੁਤਾਬਿਕ ਕੁੱਲ ਅਜਿਹੇ 17 ਦੇਸ਼ ਹਨ ਜਿਨ੍ਹਾਂ ਦਾ ਸਕੋਰ 5 ਤੋਂ ਵੀ ਘੱਟ ਹੈ। ਇਨ੍ਹਾਂ ਵਿਚ ਚੀਨ, ਤੁਰਕੀ, ਕੁਵੈਤ, ਬੇਲਾਰੂਸ, ਉਰੂਗਏ ਅਤੇ ਚਿਲੀ ਸ਼ਾਮਿਲ ਹਨ। ਭਾਰਤ ਦਾ ਸਕੋਰ 29,1 ਹੈ ਜੋ ਕਿ ਕਾਫ਼ੀ ਗੰਭੀਰ ਮੰਨਿਆ ਜਾਂਦਾ ਹੈ। ਵੱਖ-ਵੱਖ ਪੈਮਾਨਿਆਂ 'ਤੇ ਭਾਰਤ ਦੀ ਸਥਿਤੀ ਵੇਖੀ ਜਾਏ ਤਾਂ ਬੱਚਿਆਂ ਵਿਚ ਗੰਭੀਰ ਕੁਪੌਸ਼ਣ ਦਰ ਵਿਚ ਭਾਰਤ ਦਾ ਸਕੋਰ 19,3 ਫ਼ੀਸਦੀ ਹੈ ਜਦਕਿ 2014 ਵਿਚ ਇਹ 15:1 ਫ਼ੀਸਦੀ ਸੀ। ਕੁੱਲ ਕੁਪੋਸ਼ਣ ਦੇ ਮਾਮਲੇ 'ਵਿਚ ਭਾਰਤ ਦੀ ਸਥਿਤੀ ਪਹਿਲਾਂ ਨਾਲੋਂ ਖ਼ਰਾਬ ਹੋਈ ਹੈ, ਜਿੱਥੇ 2018 ਤੋਂ 2020 ਦਰਮਿਆਨ ਇਹ 14,6 ਫ਼ੀਸਦੀ ਸੀ, ਉੱਥੇ 2019 ਤੋਂ 2021 ਦਰਮਿਆਨ ਇਹ ਵਧ ਕੇ 16,3 ਫ਼ੀਸਦੀ ਹੋ ਗਈ ਹੈ। ਇਸ ਮੁਤਾਬਿਕ ਦੁਨੀਆ ਦੇ ਕੁੱਲ 82,8 ਕਰੋੜ ਜੋ ਲੋਕ ਕੁਪੌਸ਼ਣ ਦਾ ਸਾਹਮਣਾ ਕਰ ਰਹੇ ਹਨ, ਉਨ੍ਹਾਂ ਵਿਚੋਂ 22।4 ਕਰੋੜ ਸਿਰਫ਼ ਭਾਰਤ ਵਿਚ ਹਨ। ਹਾਲਾਂਕਿ ਬੱਚਿਆਂ ਦੇ ਵਿਕਾਸ 'ਚ ਰੁਕਾਵਟ ਸੰਬੰਧੀ ਪੈਮਾਨੇ 'ਚ ਭਾਰਤ 35,5 ਫ਼ੀਸਦੀ ਹੈ ਜਦਕਿ 2014 ਵਿਚ ਇਹ 38,7 ਫ਼ੀਸਦੀ ਸੀ। ਬਾਲ ਮੌਤ ਦਰ 4,6 ਫ਼ੀਸਦੀ ਤੋਂ ਘਟ ਕੇ 3,3 ਫ਼ੀਸਦੀ ਹੋ ਗਈ ਹੈ।



### ਵਿਰੋਧੀਆਂ ਦੇ ਨਿਸ਼ਾਨੇ 'ਤੇ ਆਈ ਸਰਕਾਰ

ਰਿਪੋਰਟ ਆਉਣ ਤੋਂ ਬਾਅਦ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਤਿੱਖੇ ਪ੍ਰਤੀਕਰਮ ਕੀਤੇ। ਸੀਨੀਅਰ ਕਾਂਗਰਸ ਨੇਤਾ ਪੀ। ਚਿਦੰਬਰਮ ਨੇ ਕਿਹਾ ਕਿ ਪ੍ਰਧਾਨ ਮੰਤਰੀ ਕੁਪੋਸ਼ਣ, ਭੁੱਖ ਅਤੇ ਬੱਚਿਆਂ ਵਿਚ ਕੁਪੋਸ਼ਣ ਜਿਹੇ ਅਸਲੀ ਮੁੱਦਿਆਂ ਨੂੰ ਕਦੋਂ ਵੇਖਣਗੇ? ਉਨ੍ਹਾਂ ਟਵੀਟ ਕਰਦਿਆਂ ਲਿਖਿਆ ਕਿ ਭਾਰਤ ਦੇ 22,4 ਕਰੋੜ ਲੋਕਾਂ ਨੂੰ ਕੁਪੋਸ਼ਿਤ ਮੰਨਿਆ ਗਿਆ ਹੈ। ਆਲਮੀ ਭੁੱਖਮਰੀ ਸੂਚਕ ਅੰਕ 'ਚ ਭਾਰਤ ਦੀ ਦਰਜਾਬੰਦੀ ਬਿਲਕੁਲ ਹੇਠਾਂ 121 ਦੇਸ਼ਾਂ ਵਿਚੋਂ 107ਵੇਂ ਸਥਾਨ 'ਤੇ ਹੈ।

ਸੀਪੀਆਈ (ਐੱਮ) ਨੇਤਾ ਸੀਤਾਰਾਮ ਯੇਚੁਰੀ ਨੇ ਵੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਕਿ 2014 ਤੋਂ ਬਾਅਦ ਤੋਂ ਆਲਮੀ ਭੁੱਖਮਰੀ ਸੂਚਕ ਅੰਕ 'ਚ ਭਾਰਤ ਦੀ ਤੇਜ਼ੀ ਨਾਲ ਗਿਰਾਵਟ ਹੋਈ ਹੈ। ਮੋਦੀ ਸਰਕਾਰ ਭਾਰਤ ਦੇ ਲਈ ਵਿਨਾਸ਼ਕਾਰੀ ਹੈ। ਸਾਢੇ 8 ਸਾਲਾਂ ਵਿਚ ਭਾਰਤ ਨੂੰ ਇਸ ਹਨੇਰੇ ਦੇ ਯੁੱਗ ਵਿਚ ਲਿਆਉਣ ਦੇ ਲਈ ਸਰਕਾਰ ਨੂੰ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ ਪਿਛਲੇ ਸਾਲ ਇਸ ਰਿਪੋਰਟ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਆਲਮੀ ਭੁੱਖਮਰੀ ਸੂਚਕ ਅੰਕ ਦੀ ਪੈਮਾਇਸ਼ ਲਈ ਵਰਤਿਆ ਜਾਣ ਵਾਲਾ ਤਰੀਕਾ ਗੈਰ-ਵਿਗਿਆਨਕ ਹੈ।

## ਪ੍ਰੀਤ ਚੰਦੀ 75 ਦਿਨਾਂ 'ਚ ਕਰੇਗੀ ਅੰਟਾਰਕਟਿਕਾ ਦੀ 1100 ਮੀਲ ਯਾਤਰਾ

**ਲੰਡਨ–** 'ਪੋਲਰ ਪ੍ਰੀਤ' ਦੇ ਨਾਂ ਨਾਲ ਮਸ਼ਹੂਰ ਬਰਤਾਨਵੀ ਫ਼ੌਜ ਦੀ ਸਿੱਖ ਅਫ਼ਸਰ ਕੈਪਟਨ ਪ੍ਰੀਤ ਚੰਦੀ ਸਾਊਥ ਪੋਲ ਇਕੱਲੀ ਯਾਤਰਾ ਕਰ ਕੇ ਇਤਿਹਾਸ ਸਿਰਜਣ ਤੋਂ ਬਾਅਦ ਹੁਣ ਇਕ ਨਵਾਂ ਕੀਰਤੀਮਾਨ ਸਥਾਪਤ ਕਰਨ ਲਈ ਤਿਆਰ ਹੈ। ਉਹ ਹੁਣ ਅੰਟਾਰਕਟਿਕਾ ਦੀ ਯਾਤਰਾ ਕਰੇਗੀ। ਪ੍ਰੀਤ ਬਿਨਾ ਕਿਸੇ ਦੇ ਸਾਥ ਅਤੇ ਮਦਦ ਤੋਂ ਮਨਫ਼ੀ 50 ਡਿਗਰੀ ਸੈਲਸੀਅਸ ਤਾਪਮਾਨ ਵਿਚਾਲੇ 1,100 ਮੀਲ ਤੋਂ ਵੱਧ ਟਰੈਕਿੰਗ ਕਰ ਕੇ ਆਪਣੀ ਯਾਤਰਾ ਮੁਕੰਮਲ ਕਰੇਗੀ। ਵਿਸ਼ੇਸ਼ ਗੱਲ ਇਹ ਹੈ ਕਿ ਜੇਕਰ ਉਹ ਸਫ਼ਲ ਹੁੰਦੀ ਹੈ ਤਾਂ ਅਜਿਹਾ ਕਰਨ ਵਾਲੀ ਉਹ ਪਹਿਲੀ ਬੀਬੀ ਹੋਵੇਗੀ।



ਇਸ ਦੀ ਜਾਣਕਾਰੀ ਬਰਤਾਨਵੀ ਫ਼ੌਜ ਵੱਲੋਂ ਆਪਣੀ ਟਵਿੱਟਰ ਅਕਾਊਂਟ 'ਤੇ ਸਾਂਝੀ ਕੀਤੀ ਗਈ ਹੈ। ਮਨਫ਼ੀ 50 ਡਿਗਰੀ ਤਾਪਮਾਨ ਦੇ ਨਾਲ-ਨਾਲ ਪ੍ਰੀਤ ਚੰਦੀ ਲਈ ਇਕ ਹੋਰ ਵੱਡੀ ਚੁਣੌਤੀ ਹੋਵੇਗਾ ਉਸ ਦਾ 120 ਕਿੱਲੋ ਵਜ਼ਨੀ ਕਿੱਟ ਅਤੇ ਹੋਰ ਲੋੜਿੰਦਾ ਸਾਮਾਨ। 33 ਸਾਲਾ ਪ੍ਰੀਤ ਲਈ ਇਹ ਵਜ਼ਨ ਚੁੱਕ ਕੇ ਲੰਬਾ ਸਫ਼ਰ ਤੈਅ ਕਰਨਾ ਚੁਣੌਤੀਪੂਰਨ ਹੋਵੇਗਾ। ਹਾਲਾਂਕਿ ਪ੍ਰੀਤ ਜਨਵਰੀ ਵਿਚ ਸਾਊਥ ਪੋਲ ਦੀ ਯਾਤਰਾ ਕਰ ਕੇ ਇਤਿਹਾਸ ਸਿਰਜ ਚੁੱਕੀ ਹੈ। ਉਹ ਉੱਥੇ ਇਕੱਲੀ ਅਤੇ ਬਿਨਾ ਕਿਸੇ ਸਹਾਇਤਾ ਦੇ ਪੁੱਜਣ ਵਾਲੀ ਪਹਿਲੀ ਗੈਰ-ਗੋਰੀ ਔਰਤ ਸੀ। ਉਸ ਨੇ ਇਹ ਯਾਤਰਾ 40 ਦਿਨਾ ਵਿਚ ਪੂਰੀ ਕੀਤੀ ਸੀ। ਕੈਪਟਨ ਪ੍ਰੀਤ ਚੰਦੀ ਦਾ ਕਹਿਣਾ ਹੈ ਕਿ 700 ਮੀਲ ਦੀ ਯਾਤਰਾ ਕਰਨ ਤੋਂ ਬਾਅਦ ਉਸ ਨੂੰ ਭਰੋਸਾ ਹੈ ਕਿ ਉਹ 1100 ਮੀਲ ਦੀ ਇਹ ਯਾਤਰਾ ਵੀ ਜ਼ਰੂਰ ਪੂਰੀ ਕਰ ਲਵੇਗੀ। ਉਸ ਦਾ ਕਹਿਣਾ ਹੈ ਕਿ ਉਹ ਸ਼ੁਰੂਆਤ ਵਿਚ ਆਪਣੀ ਰਫ਼ਤਾਰ ਘੱਟ ਰੱਖੇਗੀ ਕਿਉਂਕਿ ਉਸ ਦੀ ਕਿੱਟ ਆਦਿ ਦਾ ਭਾਰ ਸ਼ੁਰੂਆਤ ਵਿਚ ਜ਼ਿਆਦਾ ਰਹੇਗਾ। ਪ੍ਰੀਤ ਚੰਦੀ ਲਈ ਨਿਰਧਾਰਿਤ ਸਮੇਂ ਸਿਰ ਵਾਪਸ ਆਉਣਾ ਵੀ ਜ਼ਰੂਰੀ ਹੋਵੇਗਾ ਤਾਂ ਜੋ ਉਹ ਇਤਿਹਾਸ ਵਿਚ ਆਪਣਾ ਨਾਮ ਦਰਜ ਕਰਵਾ ਸਕੇ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਦੇਸ਼ ਦੁਆਬਾ

## ਮਹਾਨ ਵਿਗਿਆਨੀ ਅਲਫਰਡ ਨੋਬਲ

ਅਲਫਰਡ ਨੋਬਲ ਦਾ ਜਨਮ 21 ਅਕਤੂਬਰ 1833 ਨੂੰ ਹੋਇਆ। ਉਸ ਦਾ ਪਿਤਾ ਜੋ ਉਸ ਸਮੇਂ ਧਮਾਕਾਖੇਜ਼ ਵਸਤਾਂ ਦੇ ਰਸਾਇਣਕ ਸਰੂਪ ਦਾ ਅਧਿਐਨ ਕਰ ਰਿਹਾ ਸੀ, ਇਕ ਤੀਖਣ ਬੁੱਧੀ ਅਤੇ ਉੱਦਮੀ ਸੁਭਾਅ ਵਾਲਾ ਸਤਿਕਾਰਤ ਇੰਜੀਨੀਅਰ ਸੀ। ਜਲਦੀ ਹੀ ਉਹ ਪਾਣੀ ਵਿਚ ਚੱਲਣ ਵਾਲੀ ਬਾਰੂਦੀ ਸੁਰੰਗ ਬਣਾਉਣ ਵਿਚ ਸਫ਼ਲ ਹੋ ਗਿਆ। ਇਹ ਅਜਿਹਾ ਹਥਿਆਰ ਸੀ, ਜਿਸ ਨੇ ਤੁਰੰਤ ਵਿਦੇਸ਼ੀ ਸ਼ਕਤੀਆਂ ਦਾ ਧਿਆਨ ਖਿੱਚਿਆ , ਜੋ ਇਸ ਨੂੰ ਆਪਣੇ ਹਥਿਆਰਾਂ ਦੇ ਭੰਡਾਰ 'ਚ ਸ਼ਾਮਲ ਕਰਨਾ ਚਾਹੁੰਦੀਆਂ ਸਨ।

ਅਲਫਰਡ ਦੇ ਪਿਤਾ ਨੂੰ ਆਈਆਂ ਬਹੁਤ ਸਾਰੀਆਂ ਪੇਸ਼ਕਸ਼ਾਂ 'ਚੋਂ ਇਕ ਰੂਸ ਵੱਲੋਂ ਸੀ। ਉਸ ਨੇ ਇਸ ਨੂੰ ਸਵੀਕਾਰ ਕਰ ਲਿਆ ਤੇ ਪੀਟਰਜ਼ਬਰਗ (ਜਿਸ ਨੂੰ ਹੁਣ ਲੈਨਿਨਗਰਾਦ ਕਿਹਾ ਜਾਂਦਾ ਹੈ) ਵਿਖੇ ਚਲਾ ਗਿਆ , ਜਿੱਥੇ ਉਸ ਨੂੰ ਪਾਣੀਦੋਜ਼ ਬਾਰੂਦੀ ਸੁਰੰਗਾਂ ਦੇ ਵੱਡੇ ਪੈਮਾਨੇ 'ਤੇ ਉਤਪਾਦਨ ਲਈ ਇਕ ਅਸਲੇਖਾਨੇ ਵਿਚ ਰਹਿਣਾ ਪਿਆ। ਅਲਫਰਡ ਦੀ ਪੜ੍ਹਾਈ ਸਟਾਕਹੋਮ ਵਿਚ ਸ਼ੁਰੂ ਹੋਈ, ਪੀਟਰਜ਼ਬਰਗ ਵਿਚ ਜਾਰੀ ਰਹੀ ਤੇ ਅਮਰੀਕਾ ਵਿਚ ਪੂਰੀ ਹੋਈ,ਜਿੱਥੇ ਉਸ ਨੂੰ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਭੇਜਿਆ ਗਿਆ। ਜਲਦੀ ਹੀ ਰਸਾਇਣ ਵਿਗਿਆਨ ਤੇ ਮਕੈਨਿਕਸ ਵੱਲ ਉਸ ਦਾ ਝੁਕਾਅ ਸਪਸ਼ਟ ਹੋ ਗਿਆ ਤੇ ਲੋਕ ਉਸ ਬਾਰੇ ਇਕ ਨਵੀਂ ਕਿਸਮ ਦੇ ਗੈਸੋਮੀਟਰ (ਗੈਸ ਟੈਂਕ 'ਚੋਂ ਬਾਹਰ ਜਾ ਰਹੀ ਗੈਸ ਮਾਪਣ ਦਾ ਯੰਤਰ) ਤੇ ਪਾਣੀ ਦੀ ਮਾਤਰਾ ਮਾਪਣ ਦੇ ਨਵੇਂ ਯੰਤਰ ਦੇ ਨੌਜਵਾਨ ਈਜਾਦਕਾਰ ਵਜੋਂ ਗੱਲਾਂ ਕਰ ਰਹੇ ਸਨ। ਇਸ ਦੌਰਾਨ ਜਿਨ੍ਹਾਂ ਸੈਨਿਕ ਲੋੜਾਂ ਨੇ ਰੂਸ ਨੂੰ ਅਲਫਰਡ ਦੇ ਪਿਤਾ ਦੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਮਜਬੂਰ ਕੀਤਾ ਸੀ, ਉਹ ਪ੍ਰਭਾਵੀ ਨਾ ਰਹੀਆਂ। ਜਿਹੜੇ ਇਨਕਲਾਬਾਂ ਨੇ ਯੂਰਪ ਨੂੰ ਇੰਨੇ ਸਾਲਾਂ ਤੋਂ ਸਤਾਇਆ ਹੋਇਆ ਸੀ, ਨੈਪੋਲੀਅਨ ਦੇ ਪਤਨ ਤੋਂ ਬਾਅਦ ਉਨ੍ਹਾਂ ਦਾ ਚੱਕਰ ਪੂਰਾ ਹੋ ਚੁੱਕਾ ਸੀ ਤੇ ਪੀਟਰਜ਼ਬਰਗ ਵਿਚ ਬਾਰੂਦੀ ਸੁਰੰਗਾਂ ਬਣਾਉਣੀਆਂ ਤੇ ਇਨ੍ਹਾਂ ਨੂੰ ਬਣਾਉਣ ਵਾਲੇ ਕਾਰਖਾਨੇ ਨੂੰ ਬੰਦ ਕਰਨ ਦਾ ਫ਼ੈਸਲਾ ਕੀਤਾ ਗਿਆ। ਨੋਬਲ ਪਰਿਵਾਰ ਅੱਗੇ ਸਵੀਡਨ ਵਿਚ ਵਾਪਸ ਆਉਣ ਅਤੇ ਆਪਣੇ ਦੇਸ਼ ਵਿਚ ਮੁੜ ਆਪਣਾ ਕੰਮ ਸ਼ੁਰੂ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਆਪਣੇ ਭਰਾ ਤੇ ਪਿਤਾ ਦੇ ਸਹਿਯੋਗ ਨਾਲ ਹੁਣ ਅਲਫਰਡ ਨੋਬਲ ਨੇ ਸਨਅਤੀ ਪੱਧਰ 'ਤੇ ਨਾਈਟਰੋ-ਗਲਿਸਰਿਨ ਦੀ ਇਕ ਸਕੀਮ 'ਤੇ ਕੰਮ ਕਰਨਾ ਸ਼ੁਰੂ ਕੀਤਾ। ਇਸ ਚੀਜ਼ ਦੀ ਖੋਜ ਸੰਨ 1847 ਵਿਚ ਇਕ ਇਤਾਲਵੀ, ਐਸਕੇਨੀਓ ਸੋਬਰੇਰੋ (1812-88) ਵੱਲੋਂ ਕੀਤੀ ਗਈ ਸੀ ਜਿਸ ਨੇ ਬਾਅਦ ਵਿਚ ਖੇਤੀ ਅਤੇ ਖਾਣ-ਖੁਦਾਈ ਵਿਚ ਡਾਇਨਾਮਾਈਟ ਦੀ ਵਰਤੋਂ ਵਿਕਸਤ ਕਰਨੀ ਸੀ ਪਰ ਇਸ ਧਮਾਕਾਖੇਜ਼ ਵਸਤੂ 'ਤੇ ਕੰਮ ਕਰਨ ਵਿਚ ਛੁਪੇ ਖ਼ਤਰੇ ਕਾਰਨ ਕੋਈ ਵੀ ਨਾਈਟਰੋ-ਗਲਿਸਰਿਨ ਨੂੰ ਸਨਅਤੀ ਪੱਧਰ 'ਤੇ ਪੈਦਾ ਕਰਨ 'ਚ ਸਫ਼ਲ ਨਹੀਂ ਸੀ ਹੋ ਸਕਿਆ । ਪ੍ਰਯੋਗ ਕਾਫ਼ੀ ਅੱਗੇ ਪਹੁੰਚ ਚੁੱਕੇ ਸਨ ਤੇ ਇੰਜ ਲੱਗ ਰਿਹਾ ਸੀ ਕਿ ਸਫ਼ਲਤਾ ਨੇੜੇ-ਤੇੜੇ ਹੈ ਪਰ ਇਕ ਹਾਦਸੇ ਨੇ ਸਾਰੇ ਪਰਿਵਾਰ ਨੂੰ ਅਫਸੋਸ-ਗ੍ਰਸਤ ਕਰ ਦਿੱਤਾ। ਨਵੀਂ ਵਰਕਸ਼ਾਪ ਹਾਲੇ ਸ਼ੁਰੂ ਹੀ ਹੋਈ ਸੀ ਕਿ ਭਿਆਨਕ ਧਮਾਕੇ 'ਚ ਕਈ ਵਿਅਕਤੀ ਮਾਰੇ ਗਏ ਤੇ ਅਲਫਰਡ ਦਾ ਭਰਾ ਮਰਨ ਵਾਲਿਆਂ 'ਚੋਂ ਇਕ ਸੀ। ਸਹਿਯੋਗ ਤੇ ਧਨ ਦੀ ਕਮੀ ਕਾਰਨ ਅਲਫਰਡ ਹੁਣ ਗੰਭੀਰ ਸੰਕਟ 'ਚ ਸੀ। ਉਸ ਨੂੰ ਬਹੁਤ ਹੌਸਲੇ ਦੀ ਲੋੜ ਸੀ। ਜੇ ਉਸ ਨੇ ਆਪਣੇ ਪ੍ਰਯੋਗ ਜਾਰੀ ਰੱਖਣੇ ਸਨ ਤਾਂ ਉਸ ਨੂੰ ਕਿਸੇ ਅਜਿਹੇ ਸਥਾਨ 'ਤੇ ਕੰਮ ਕਰਨਾ ਪੈਣਾ ਸੀ, ਜਿੱਥੇ ਉਸ ਦੇ ਕੰਮ ਕਾਰਨ ਕਿਸੇ ਦੂਜੇ ਦੀ ਜਾਨ ਨੂੰ ਖ਼ਤਰਾ ਨਾ ਹੋਵੇ। ਸੋ ਉਸ ਨੇ ਇਕ ਕਿਸ਼ਤੀ ਭਾੜੇ 'ਤੇ ਲਈ ਤੇ ਆਪਣੀ ਨਾਟੀਟਰੋ-ਗਲਿਸਰਿਨ ਉਸ ਪਾਣੀ 'ਤੇ ਤੈਰਦੀ ਫਿਰਦੀ ਪ੍ਰਯੋਗਸ਼ਾਲਾ 'ਚ ਲੈ ਗਿਆ। ਖ਼ੁਸ਼ਕਿਸਮਤੀ ਨਾਲ ਇੱਥੇ ਕੁਝ ਵੀ ਮੰਦਭਾਗਾ ਨਹੀਂ ਵਾਪਰਿਆ। ਨਤੀਜੇ ਇੰਨੇ ਚੰਗੇ ਸਨ ਕਿ ਅਲਫਰਡ ਨੇ ਜਲਦੀ ਹੀ ਦੋ ਫੈਕਟਰੀਆਂ ਖੋਲ੍ਹ ਲਈਆਂ-ਇਕ ਜਰਮਨੀ 'ਚ ਅਤੇ ਦੂਜੀ ਸਵੀਡਨ 'ਚ ਪਰ ਇਹ ਖ਼ਦਸ਼ਾ ਹਮੇਸ਼ਾ ਕਾਇਮ ਰਿਹਾ ਕਿ ਕਿਸੇ ਵੀ ਸਮੇਂ ਦੁਬਾਰਾ ਫਿਰ ਧਮਾਕਾ ਉਸ ਦਾ ਸਾਰਾ ਕਾਰੋਬਾਰ ਠੱਪ ਕਰ ਸਕਦਾ ਹੈ। ਇਸ ਦੇ ਮੱਦੇਨਜ਼ਰ ਅਲਫਰਡ ਨਾਈਟਰੋ-ਗਲਿਸਰਿਨ ਵਿਚ ਕੋਈ ਅਜਿਹਾ ਪਦਾਰਥ ਮਿਲਾਉਣਾ ਚਾਹੁੰਦਾ ਸੀ, ਜੋ ਅਕਿਰਿਆਸ਼ੀਲ ਹੋਣ ਦੇ ਨਾਲ-ਨਾਲ ਮਿਲਣਸ਼ੀਲ ਵੀ ਹੋਵੇ। ਨਾਈਟਰੋ-ਗਲਿਸਰਿਨ ਨੂੰ ਇਸ ਤਰ੍ਹਾਂ ਬਦਲ ਕੇ ਅਲਫਰਡ ਨੇ ਬਹੁਤ ਸੁਰੱਖਿਅਤ ਧਮਾਕਾਖੇਜ਼ ਤਿਆਰ ਕਰ ਲਿਆ। ਇਸ ਦਾ ਨਾਂ ਡਾਇਨਮਿਕ ਰੱਖਿਆ ਗਿਆ , ਜੋ 10 ਸਤੰਬਰ 1867 ਨੂੰ ਪੇਟੈਂਟ ਕਰਵਾਇਆ ਗਿਆ ਤੇ ਜਿਸ ਦੀ ਜਲਦੀ ਹੀ ਸੰਸਾਰ ਭਰ ਵਿਚ ਹਥਿਆਰ ਨਿਰਮਾਤਾਵਾਂ ਵੱਲੋਂ ਵਰਤੋਂ ਹੋਣ ਲੱਗੀ। ਇਸ ਦੀ ਖੋਜ ਨੇ ਭਾਰੀ ਦਿਲਚਸਪੀ ਪੈਦਾ ਕੀਤੀ। ਸਪਸ਼ਟ ਤੌਰ 'ਤੇ ਇਸ ਦੀ ਵਰਤੋਂ ਸੜਕਾਂ ਬਣਾਉਣ, ਖਾਣਾਂ ਦੀ ਖੁਦਾਈ ਤੇ ਰੇਲ ਮਾਰਗ ਵਿਛਾਉਣ ਵੇਲੇ ਹੋਣ ਲੱਗੀ।ਜਦ ਉਸ ਦੀਆਂ ਖੋਜਾਂ ਨੂੰ ਹਾਲੇ ਫ਼ਲ ਲੱਗਣ ਹੀ ਲੱਗੇ ਸਨ, ਜਿਨ੍ਹਾਂ ਨੇ ਉਸ ਨੂੰ ਆਪਣੇ ਸਮੇਂ ਦੇ ਸਭ ਤੋਂ ਅਮੀਰ ਵਿਅਕਤੀਆਂ 'ਚੋਂ ਇਕ ਬਣਾ ਦੇਣਾ ਸੀ ਤਾਂ ਫਰਾਂਸ ਵਿਚ ਨੋਬਲ ਵਿਰੋਧੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ। ਕੁਝ ਸਿਆਸਤਦਾਨਾਂ ਤੇ ਸਨਅਤਕਾਰਾਂ ਨੇ ਉਸ ਵੱਲੋਂ ਯੁੱਧ ਦੀ ਭਿਅੰਕਰਤਾ ਵਿਚ ਵਾਧਾ ਕੀਤੇ ਜਾਣ ਲਈ ਸਖ਼ਤ ਆਲੋਚਨਾ ਕੀਤੀ। ਉਹ ਭੁੱਲ ਗਏ ਕਿ ਐਲਪਸ ਪਰਬਤ ਦੇ ਹੇਠ ਬਣੀਆਂ ਸਿੰਪਲਨ ਤੇ ਸੈਨ ਗੋਟਹਾਰਡ ਸੁਰੰਗਾਂ ਜਿਨ੍ਹਾਂ 'ਚੋਂ ਇਕ ਬਾਰਾਂ ਮੀਲ ਤੇ ਦੂਜੀ ਲਗਪਗ ਦਸ ਮੀਲ ਲੰਮੀ ਸੀ, ਡਾਇਨਾਮਾਈਟ ਦੀ ਸਹਾਇਤਾ ਤੋਂ ਬਿਨਾਂ ਬਣ ਹੀ ਨਹੀਂ ਸਨ ਸਕਦੀਆਂ। ਉਨ੍ਹਾਂ ਨੇ ਇਹ ਸਭ ਕੁਝ ਨਜ਼ਰਅੰਦਾਜ਼ ਕਰਦਿਆਂ ਨੋਬਲ ਦੇ ਇਸ ਜਵਾਬ ਦਾ ਮਜ਼ਾਕ ਉਡਾਇਆ। ਫਿਰ ਸਾਲ 1891 ਦੀ ਇਕ ਸਵੇਰ ਨੂੰ ਜਦ ਅਲਫਰਡ ਨੋਬਲ ਪੈਰਿਸ ਵਿਚ ਸੀ, ਉਸ ਨੂੰ ਅਖ਼ਬਾਰਾਂ ਦੀਆਂ ਸੁਰਖ਼ੀਆਂ 'ਚ ਆਪਣੀ ਹੀ ਮੌਤ ਦੀ ਖ਼ਬਰ ਪੜ੍ਹ ਕੇ ਬਹੁਤ ਅਚੰਭਾ ਹੋਇਆ। ਜਿਸ ਗੱਲ ਨੇ ਉਸ ਨੂੰ ਸਭ ਤੋਂ ਵੱਧ ਦੁੱਖ ਪਹੁੰਚਾਇਆ, ਉਹ ਸੀ ਫਰਾਂਸ ਦੀ ਸਾਰੀ ਪ੍ਰੈੱਸ ਦੁਆਰਾ ਉਸ ਦੇ ਜੀਵਨ ਭਰ ਦੇ ਕੰਮ ਬਾਰੇ ਕੀਤੀਆਂ ਗਈਆਂ ਚੁਭਵੀਆਂ ਟਿੱਪਣੀਆਂ। ਇਕ ਅਖ਼ਬਾਰ ਨੇ ਉਸ ਨੂੰ 'ਦੁਸ਼ਟ ਪ੍ਰਤਿਭਾ ਦਾ ਮਾਲਕ' ਕਿਹਾ, ਦੂਜੇ ਨੇ ਉਸ ਨੂੰ 'ਤਬਾਹੀ ਦਾ ਸਵੈ-ਸਿੱਖਿਅਤ ਮਾਹਰ' ਗਰਦਾਨਿਆ। ਸਭ ਅਖ਼ਬਾਰਾਂ ਨੇ ਇਸ ਗੱਲ 'ਤੇ ਭਾਰੀ ਰਾਹਤ ਦਾ ਪ੍ਰਗਟਾਵਾ ਕੀਤਾ ਕਿ ਆਖ਼ਰਕਾਰ ਇਹ ਮਨੁੱਖ, ਜਿਸ ਨੇ ਆਪਣਾ ਜੀਵਨ ਯੁੱਧਾਂ ਨੂੰ ਉਤਸ਼ਾਹਿਤ ਕਰਨ ਤੇ ਆਪਣੇ ਸਾਥੀ ਮਨੁੱਖਾਂ ਨੂੰ ਤਬਾਹੀ ਦੇ ਕੰਢੇ 'ਤੇ ਲਿਆਉਣ ਲਈ ਸਮਰਪਿਤ ਕੀਤਾ ਸੀ। ਆਖ਼ਰਕਾਰ ਇਸ ਸੱਭਿਅਕ ਸੰਸਾਰ ਤੋਂ ਦਫਾ ਹੋ ਗਿਆ ਹੈ। ਇਹੋ ਜਿਹੀ ਹਿੰਸਾਤਾਮਕ ਭਾਵਨਾ ਉਸ ਲਈ ਬਰਦਾਸ਼ਤ ਤੋਂ ਬਾਹਰ ਸੀ। ਆਪਣੇ ਵਿਰੁੱਧ ਫਰਾਂਸ ਵਿਚ ਪੈਦਾ ਹੋਈ ਨਫ਼ਰਤ ਦੀ ਲਹਿਰ ਦਾ ਸਾਹਮਣਾ ਕਰਨ ਦੀ ਥਾਂ ਨੋਬਲ ਨੇ ਦੇਸ਼ ਛੱਡਣ ਅਤੇ ਇਟਲੀ ਦੀ ਇਕ ਸ਼ਾਂਤਮਈ ਤੇ ਛੋਟੀ ਜਿਹੀ ਸਮੁੰਦਰੀ ਆਰਾਮਗਾਹ ਸੈਨ ਰੇਮੋ ਵਿਚ ਕੰਮ ਕਰਨ ਦਾ ਫ਼ੈਸਲਾ ਕੀਤਾ। ਇੱਥੇ ਉਸ ਨੇ ਰਸਾਇਣ ਵਿਗਿਆਨ ਤੇ ਭੌਤਿਕ ਵਿਗਿਆਨ ਦੇ ਹੋਰ ਖੇਤਰਾਂ ਵਿਚ ਕਈ ਨਵੀਆਂ ਖੋਜਾਂ ਕੀਤੀਆਂ ਪਰ ਉਹ ਇਸ ਆਰਾਮਗਾਹ ਵਿਚ ਵੀ ਲੋਕਾਂ ਦੀ ਨਫ਼ਰਤ ਤੋਂ ਬਚ ਨਾ ਸਕਿਆ। ਅਲਫਰਡ ਨੂੰ ਪਤਾ ਸੀ ਕਿ ਉਹ ਬਹੁਤ ਲੰਮਾ ਸਮਾਂ ਜੀਵਿਤ ਨਹੀਂ ਰਹੇਗਾ ਤੇ ਉਹ ਸੱਚਮੁੱਚ ਸੰਨ 1896 ਵਿਚ ਇਸ ਸੰਸਾਰ ਤੋਂ ਕੂਚ ਕਰ ਗਿਆ। ਆਪਣੇ ਜੀਵਨ ਦੇ ਇਸ ਆਖ਼ਰੀ ਸਾਲ ਵਿਚ ਉਸ ਨੇ ਆਪਣੇ ਜੀਵਨ ਦਾ ਸਭ ਤੋਂ ਮਹਾਨ ਫ਼ੈਸਲਾ ਲਿਆ। ਆਪਣੀ ਵਸੀਅਤ ਤਿਆਰ ਕਰਦੇ ਸਮੇਂ ਉਸ ਨੇ ਕਾਫ਼ੀ ਸਾਰਾ ਧਨ ਅਲੱਗ ਰੱਖ ਕੇ ਨੋਬਲ ਟਰੱਸਟ ਦੀ ਸਥਾਪਨਾ ਕਰ ਦਿੱਤੀ ਜਿਸ 'ਚੋਂ ਪ੍ਰਸਿੱਧ ਨੋਬਲ ਪੁਰਸਕਾਰ ਦਿੱਤੇ ਜਾਂਦੇ ਹਨ। ਹਰ ਸਾਲ ਪੰਜ ਨੋਬਲ ਪੁਰਸਕਾਰ ਦਿੱਤੇ ਜਾਂਦੇ ਹਨ ਤੇ ਚੋਣ ਕਰਨ ਸਮੇਂ ਉਮੀਦਵਾਰ ਦੀ ਰਾਸ਼ਟਰੀਅਤਾ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਜਾਂਦੀ।

**– ਪ੍ਰੋ. ਅੱਛਰੂ ਸਿੰਘ**

ਲੜੀ ਨੰਬਰ-192

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਜੈਨ-ਮੱਤ ਬਾਰੇ ਜਾਣਜਾਰੀ ਤੇ ਗੁਰਮਤਿ ਵਿਚਾਰ



ਅਵਤਾਰ ਸਿੰਘ ਮਿਸ਼ਨਰੀ
510-432-5827

ਜੈਨ-ਜਿਨ (ਰਿਸ਼ਭਦੇਵ) ਦੇ ਚਲਾਏ ਮੱਤ ਦਾ ਅਨੁਗਾਮੀ ਜੈਨੀ। ਜੈਨ ਮੱਤ ਬੌਧ ਧਰਮ ਤੋਂ ਪਹਿਲਾਂ ਤੇ ਇਸ ਦੇ ਪੰਜ ਮੁੱਖਵ੍ਰਤ ਹਨ-ਅਹਿੰਸਾ, ਸਤਯ, ਅਸਤੇਯ(ਚੋਰੀ ਦਾ ਤਿਆਗ, ਬ੍ਰਹਮਚਯ, ਅਤੇ ਅਪਰਿਗ੍ਰਹ (ਮੋਹ ਦਾ ਤਿਆਗ) ਹਨ। ਜੈਨ ਮੱਤ ਦੇ ਦੋ ਪ੍ਰਮੁੱਖ ਫਿਰਕੇ ਸੇਤਾਂਬਰ ਤੇ ਦਿਗੰਬਰ ਹਨ। ਜੈਨੀ ਨੂੰ ਬੋਲਣ ਵੇਲੇ ਮੂੰਹ ਅੱਗੇ ਵਸਤ੍ਰ ਰੱਖਣਾ ਜਰੂਰੂ ਹੈ। ਰਜੋਹਰਾ(ਸੂਤ ਦਾ ਝਾੜੂ) ਹਰੇਕ ਪਾਸ ਹੋਣਾ ਚਾਹੀਏ ਜਿਸ ਨਾਲ ਬੈਠਣ ਵੇਲੇ ਜ਼ਮੀਨ ਸਾਫ ਕਰ ਲਵੇ ਤਾਂਕਿ ਕੋਈ ਜੀਵ ਨਾ ਮਰੇ। ਜੈਨੀ ਸਾਧ ਨੂੰ ਠੰਡਾ ਭੋਜਨ ਅਤੇ ਉਬਲਿਆ ਹੋਇਆ ਪਾਣੀ ਪੀਣਾ ਚਾਹੀਏ। ਨਿਰਮਲ ਜਲ ਨਾਲ ਨ੍ਹਾਉਣਾ ਵਰਜਿਤ ਹੈ ਕਿਉਂਕਿ ਅਜਿਹਾ ਕਰਨ ਤੋਂ ਜੀਵ ਮਰਦੇ ਹਨ। ਜੈਨੀ ਨੂੰ ਧਨ ਜਮਾ ਕਰਨ ਦਾ ਨਿਸ਼ੇਧ ਹੈ। ਹੋਰ ਵ੍ਰਤਾਂ ਤੋਂ ਛੁੱਟ ਅੱਠ ਵ੍ਰੱਤ ਸਿਰੋਮਣਿ ਹਨ। ਅਰਥਾਤ ਭਾਸੋਂ ਬਦੀ 12 ਤੋਂ ਭਾਦੋਂ ਸੁਦੀ 4 ਤੀਕ। ਅਖੀਰੀ ਦਿਨ ਦਾ ਨਾਮ "ਛਮਛਰੀ" ਹੈ। ਜੈਨ ਮੱਤ ਵਿੱਚ ਜਗਤਕਰਤਾ ਪਾਰਬ੍ਰਹਮ ਨਹੀਂ ਮੰਨਿਆਂ, ਇਹ ਮੁਕਤਾਤਮਾਂ ਨੂੰ ਹੀ ਈਸ਼ਵਰ ਆਖਦੇ ਹਨ।(ਮਹਾਂਨਕੋਸ਼)

ਕੁਝ ਹੋਰ ਸ੍ਰੋਤਾਂ ਅਨੁਸਾਰ-ਜੈਨ ਭਾਰਤ ਦੀ ਸ਼ਰਮਣ ਪਰੰਪਰਾ ਤੋਂ ਨਿਕਲਿਆ ਮੱਤ ਅਤੇ ਦਰਸ਼ਨ ਹੈ। ਪ੍ਰੋਫੈਸਰ ਮਹਾਵੀਰ ਸਰਨ ਜੈਨ ਦਾ ਵਿਚਾਰ ਹੈ ਕਿ ਜੈਨ-ਮੱਤ ਦੀ ਭਗਵਾਨ ਮਹਾਵੀਰ ਦੇ ਪੂਰਵ ਜੋ ਪ੍ਰੰਪਰਾ ਪ੍ਰਾਪਤ ਹੈ, ਉਸ ਦੇ ਵਾਚਕ ਨਿਗੰਠ ਧੰਮ (ਨਿਰਗਰੰਥ ਧੰਮ), ਆਰਹਤ ਧੰਮ ਅਤੇ ਸ਼ਰਮਣ ਪ੍ਰੰਪਰਾ ਰਹੇ ਹਨ। ਪਾਰਸ਼ਵਨਾਥ ਦੇ ਸਮੇਂ ਤੱਕ ਚਾਤੁਰਿਆਮ ਧੰਮ ਸੀ। ਜੈਨ-ਮੱਤ ਭਾਰਤ ਦਾ ਇੱਕ ਪ੍ਰਾਚੀਨ ਮੱਤ ਹੈ। "ਜੈਨ" ਸ਼ਬਦ ਦੀ ਰਚਨਾ "ਜਿਨ" ਤੋਂ ਹੋਈ ਹੈ ਜਿਸਦਾ ਮਤਲਬ ਜੇਤੂ ਭਾਵ ਮਨ 'ਤੇ ਜਿੱਤ ਪਾਉਣ ਵਾਲਾ ਹੁੰਦਾ ਹੈ। ਜੈਨ-ਮੱਤ ਦੇ ਕੁੱਲ 24 ਤੀਰਥੰਕਰ ਹੋਏ ਹਨ। ਪਹਿਲੇ ਤੀਰਥੰਕਰ ਰਿਸ਼ਭ-ਨਾਥ ਮੰਨੇ ਜਾਂਦੇ ਹਨ। ਜੈਨ-ਮੱਤ ਨੂੰ ਆਧੁਨਿਕ ਰੂਪ ਦੇਣ ਵਿੱਚ ਪਾਰਸ਼ਵਨਾਥ ਦਾ ਵੱਡਾ ਹੱਥ ਹੈ ਜੋ 23ਵੇਂ ਤੀਰਥੰਕਰ ਸਨ। ਜੈਨ ਮੱਤ ਦੇ 24ਵੇਂ ਅਤੇ ਆਖਰੀ ਤੀਰਥੰਕਰ ਮਹਾਂਵੀਰ ਹੋਏ ਸਨ। ਇਨ੍ਹਾਂ ਦੀਆਂ ਪਵਿੱਤ੍ਰ ਪੁਸਤਕਾਂ ਨੂੰ ਆਗਮ ਕਿਹਾ ਜਾਂਦਾ ਤੇ ਇਸ ਦੇ 11 ਅੰਗ ਮੰਨੇ ਜਾਂਦੇ ਨੇ ਜਿਨ੍ਹਾਂ ਦਾ ਸੰਚਾਲਨ ਵਿਦਵਾਨ ਜੈਨ ਦੇਵਾਰਥੀ ਨੇ ਕੀਤਾ ਹੈ।

### ਜੈਨੀਆਂ ਬਾਰੇ ਗੁਰੂ ਨਾਨਕ ਸਾਹਿਬ ਦਾ ਵਿਚਾਰ

ਸਲੋਕੁ ਮਃ੧॥ ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥ ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥ ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥ ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥ ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥ ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ॥ ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ॥ ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ॥ ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥ ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ॥ ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ॥ ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ॥ ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ॥ ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ॥ ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ॥ ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥ ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥ ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ॥ ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ॥ ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ॥ ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ॥ ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥ ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥ ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ॥੧॥(149-150)

ਨੋਟ-ਜੈਨੀਆਂ ਦੇ ਗੁਰੂ 'ਸਰੇਵੜੇ' ਅਹਿੰਸਾ ਦੇ ਪੁਜਾਰੀ ਹਨ। ਤਾਜ਼ਾ ਸਾਫ਼ ਪਾਣੀ ਨਹੀਂ ਪੀਂਦੇ ਕਿ ਜੀਵ-ਹਿੰਸਾ ਨਾ ਹੋ ਜਾਏ, ਸੱਜਰੀ ਰੋਟੀ ਪਕਾਂਦੇ ਖਾਂਦੇ ਨਹੀਂ। ਪਖ਼ਾਨੇ ਨੂੰ ਫੋਲਦੇ ਹਨ ਕਿ ਜੀਵ ਪੈਦਾ ਨਾ ਹੋਣ। ਇਸ਼ਨਾਨ ਨਹੀਂ ਕਰਦੇ; ਗੱਲ ਕੀ ਜੀਵ-ਹਿੰਸਾ ਨੂੰ ਉਨ੍ਹਾਂ ਏਨਾ ਵਹਿਮ ਬਣਾ ਲਿਆ ਹੈ ਕਿ ਬੜੇ ਗੰਦੇ ਰਹਿੰਦੇ ਹਨ। ਹਰੇਕ ਦੇ ਹੱਥ 'ਚ ਇੱਕ ਚਉਰੀ ਹੁੰਦੀ ਤੇ ਨੰਗੀ ਪੈਰੀਂ ਇਕਿ ਕਤਾਰ ਵਿੱਚ ਤੁਰਦੇ ਨੇ ਕਿ ਕਿਤੇ ਕੋਈ ਕੀੜੀ ਪੈਰ ਹੇਠ ਆ ਕੇ ਮਰ ਨਾ ਜਾਏ। ਸਭ ਤੋਂ ਅਗਲਾ ਆਦਮੀ ਉਸ ਚਉਰੀ ਨਾਲ, ਰਾਹ 'ਚ ਆਏ ਕੀੜੇ ਨੂੰ ਪਰੇ ਹਟਾ ਦੇਂਦਾ ਹੈ। ਆਪਣੀ ਹੱਥੀ ਕੋਈ ਕੰਮ-ਕਾਰ ਨਹੀਂ ਕਰਦੇ, ਮੰਗ ਕੇ ਖਾ ਛੱਡਦੇ ਤੇ ਜਿਥੇ ਬੈਠਦੇ ਨੇ ਸਿਰ ਸੁੱਟ ਕੇ ਬੈਠਦੇ ਹਨ। ਨਿੱਤ ਉਦਾਸ, ਅੰਦਰ ਕੋਈ ਚਾਉ ਜਾਂ ਖ਼ੁਸ਼ੀ ਨਹੀਂ, ਜਿਵੇਂ ਫੂਹੜੀ ਪਾਈ ਬੈਠੇ। ਸੋ ਇਸ ਤਰ੍ਹਾਂ ਇਨ੍ਹਾਂ ਦੁਨੀਆ ਗਵਾਈ ਪਰ ਦੀਨ ਭੀ ਨਹੀਂ ਸਵਾਰਦੇ। ਇਕੋ ਜੀਵ-ਹਿੰਸਾ ਦਾ ਵਹਿਮ ਲਾਈ ਰੱਖਦੇ ਹਨ। ਨਾ ਕੋਈ ਹਿੰਦੂ ਮੱਤ ਦੀ ਮਰਯਾਦਾ ਨਾ ਕੋਈ ਮੁਸਲਮਾਨੀ ਜੀਵਨ ਜੁਗਤਿ, ਨਾਹ ਦਾਨ ਨਾਹ ਪੁੰਨ, ਨਾਹ ਕੋਈ ਪੂਜਾ-ਪਾਠ ਨਾਹ ਬੰਦਗੀ, ਰੱਬ ਵਲੋਂ ਭੀ ਗਏ-ਗਵਾਤੇ ਹਨ।

ਪਦ-ਅਰਥ-ਮਲਵਾਣੀ=ਮੈਲਾ ਪਾਣੀ, ਧੋਣ-ਧਾਣ। ਫਦੀਹਤਿ=ਅਰਬੀ, ਫਜ਼ੀਅਤਿ ਦੇ 'ਜ਼' ਨੂੰ 'ਦ' ਭੀ ਪੜ੍ਹਿਆ ਜਾਂਦੈ। ਫ਼ਜ਼ੂਲ=ਫਾਦਲ, ਕਾਜ਼ੀ=ਕਾਦੀ ਪਖਾਨਾ=ਟੱਟੀ। ਭੜਾਸਾ=ਹਵਾੜ। ਸਗਾਹੀ=ਸੰਗਦੇ ਹਨ। ਭਰਿਅਨਿ=ਭਰੇ ਜਾਂਦੇ ਹਨ। ਮਾਉ ਪੀਉ ਕਿਰਤੁ=ਮਾਪਿਆਂ ਵਾਲਾ ਕੰਮ-ਕਾਰ, ਰੋਜ਼ੀ ਕਮਾਣ ਦਾ ਕੰਮ। ਧਾਹੀ=ਢਾਹਾਂ ਮਾਰ ਕੇ। ਕਿਥਾਉ=ਪਤਾ ਨਹੀਂ ਕਿਥੇ। ਕੁਚੀਲ=ਗੰਦੇ। ਟਿਕੇ=ਟਿੱਕੇ, ਤਿਲਕ। ਝੁੰਡੀ ਪਾਇ=ਉਂਧੀ ਪਾ ਕੇ, ਧੌਣ ਸੁਟ ਕੇ। ਦੜਿ ਦੀਬਾਣਿ=ਕਿਸੇ ਦੜੇ-ਦੀਵਾਨ ਵਿਚ, ਕਿਸੇ ਸਭਾ-ਦੀਵਾਨ ਵਿਚ। ਕਾਸੇ=ਪਿਆਲੇ। ਅਗੋ ਪਿਛੀ=ਇੱਕ ਕਤਾਰ ਵਿਚ। ਜੰਗਮ=ਸ਼ਿਵ ਉਪਾਸ਼ਕ ਜੋ ਟੱਲੀਆਂ ਖੜਕਾ ਕੇ ਮੰਗਦੇ ਫਿਰਦੇ ਹਨ। ਦਯਿ=ਰੱਬ ਵਲੋਂ {ਦਯੁ=ਪਿਆਰ ਕਰਨ ਵਾਲਾ ਪਰਮਾਤਮਾ}। ਵਿਗੋਏ=ਖੁੰਝੇ ਹੋਏ। ਵਿਗੁਤੇ=ਖ਼ੁਆਰ। ਫਿਟਾ=ਫਿਟਕਾਰਿਆ ਹੋਇਆ, ਊਤਿਆ ਹੋਇਆ। ਗਲਾ=ਗੱਲਾਂ, ਕੋੜਮਾ, ਸਾਰਾ ਹੀ ਟੋਲਾ। ਵੰਜੇ=ਵਾਂਜੇ ਹੋਏ, ਖੁੰਝੇ ਹੋਏ। ਭਸੁ=ਸੁਆਹ। ਮੇਰੁ=ਸੁਮੇਰ ਪਰਬਤ। ਦੇਵੀ=ਦੇਵਤਿਆਂ। ਪੁਰਬੀ=ਧਾਰਮਿਕ ਮੇਲੇ। ਬਾਣੀ=ਕਥਾ-ਵਾਰਤਾ। ਨਾਇ=ਨ੍ਹਾ ਕੇ। ਸੁਜਾਣੀ=ਸੁਚੱਜੇ। ਮੁਇਆ ਜੀਵਦਿਆ=ਮਰਨ ਜੀਵਨ ਪ੍ਰਯੰਤ, ਸਾਰੀ ਉਮਰ, ਜੰਮਣ ਤੋਂ ਮਰਨ ਤਕ। ਗਤਿ=ਸੁਥਰੀ ਹਾਲਤ। ਵੁਠੇ=ਮੀਂਹ ਪਿਆਂ। ਸੁਰਹੀ=ਗਾਈਆਂ। ਬਿਲਾਵਲੁ=ਚਾਉ। ਸਾਧਨ=ਇਸਤ੍ਰੀ।ਵਿਲੋਵੈ=ਰਿੜਕਦੀ ਹੈ। ਤਿਤੁ ਘਿਇ=ਉਸ ਘਿਉ ਨਾਲ। ਪਈਐ=ਘਿਉ ਪਿਆਂ, ਘਿਉ ਵਰਤਿਆਂ। ਨਦੀ ਸਭਿ=ਸਾਰੇ ਦਰੀਆ। ਸਿਖੀ=ਗੁਰੂ-ਸਿੱਖਿਆ। ਜਿਤੁ=ਜਿਸ ਵਿੱਚ। ਚਟੇ=ਚੱਟੇ, ਮੁੱਠਾਂ। ਛਾਈ=ਸੁਆਹ।

ਸ਼ਬਦ ਦੇ ਅਰਥ-ਇਹ ਸਰੇਵੜੇ ਜੀਵ-ਹਿੰਸਾ ਦੇ ਵਹਿਮ ਵਿਚ ਸਿਰ ਦੇ ਵਾਲ ਪੁਟਾ ਕੇ ਕਿ ਕਿਤੇ ਜੂਆਂ ਨਾ ਪੈ ਜਾਣ ਮੈਲਾ ਪਾਣੀ ਪੀਂਦੇ ਹਨ ਤੇ ਜੂਠੀ ਰੋਟੀ ਮੰਗ ਮੰਗ ਕੇ ਖਾਂਦੇ ਹਨ। ਆਪਣੇ ਪਖ਼ਾਨੇ ਨੂੰ ਫੋਲ ਕੇ ਮੂੰਹ ਵਿਚ ਗੰਦੀ ਹਵਾੜ ਲੈਂਦੇ ਹਨ ਤੇ ਪਾਣੀ ਵੇਖ ਕੇ ਇਸ ਤੋਂ ਸੰਗਦੇ ਨੇ ਭਾਵ, ਪਾਣੀ ਨਹੀਂ ਵਰਤਦੇ ਹਨ। ਭੇਡਾਂ ਵਾਂਗ ਸਿਰ ਦੇ ਵਾਲ ਪੁਟਾਂਦੇ ਤੇ ਵਾਲ ਪੁੱਟਣ ਵਾਲਿਆਂ ਦੇ ਹੱਥ ਸੁਆਹ ਨਾਲ ਭਰੇ ਜਾਂਦੇ ਹਨ। ਮਾਪਿਆਂ ਵਾਲਾ ਕੀਤਾ ਕੰਮ (ਭਾਵ, ਹੱਥੀਂ ਕਮਾਈ ਕਰ ਕੇ ਟੱਬਰ ਪਾਲਣ ਦਾ ਕੰਮ) ਛੱਡ ਬੈਠਦੇ ਹਨ। ਇਸ ਲਈ ਇਨ੍ਹਾਂ ਦੇ ਟੱਬਰ ਢਾਹਾਂ ਮਾਰ ਮਾਰ ਰੋਂਦੇ ਹਨ। (ਇਹ ਲੋਕ ਤਾਂ ਇਉਂ ਗਵਾਇਆ ਅੱਗੇ ਇਨ੍ਹਾਂ ਦੇ ਪ੍ਰਲੋਕ ਦਾ ਹਾਲ ਸੁਣੋ) ਨਾ ਤਾਂ ਹਿੰਦੂ-ਮਤ ਅਨੁਸਾਰ ਮਰਨ ਪਿੱਛੋਂ ਪਿੰਡ ਪੱਤਲ ਕਿਰਿਆ ਦੀਵਾ। ਆਦਿਕ ਦੀ ਰਸਮ ਕਰਦੇ ਹਨ। ਮਰੇ ਹੋਏ ਪਤਾ ਨਹੀਂ ਕਿਥੇ ਜਾ ਪੈਂਦੇ ਨੇ ਭਾਵ ਪਰਲੋਕ ਸਵਾਰਨ ਦਾ ਕੋਈ ਆਹਰ ਨਹੀਂ ਹੈ। ਹਿੰਦੂਆਂ ਦੇ ਅਠਾਹਠ ਤੀਰਥ ਇਨ੍ਹਾਂ ਨੂੰ ਢੋਈ ਨਹੀਂ ਦੇਂਦੇ ਭਾਵ ਹਿੰਦੂਆਂ ਵਾਂਗ ਤੀਰਥਾਂ ਤੇ ਭੀ ਨਹੀਂ ਜਾਂਦੇ। ਬ੍ਰਾਹਮਣ ਇਨ੍ਹਾਂ ਦਾ ਅੰਨ ਨਹੀਂ ਖਾਂਦੇ ਭਾਵ ਬ੍ਰਾਹਮਣਾਂ ਦੀ ਭੀ ਸੇਵਾ ਨਹੀਂ ਕਰਦੇ। ਸਦਾ ਦਿਨ ਰਾਤ ਬੜੇ ਗੰਦੇ ਰਹਿੰਦੇ, ਮੱਥੇ ਉੱਤੇ ਤਿਲਕ ਨਹੀਂ ਲਾਉਂਦੇ ਭਾਵ, ਨ੍ਹਾ ਧੋ ਕੇ ਸਰੀਰ ਨੂੰ ਸਾਫ਼-ਸੁਥਰਾ ਭੀ ਨਹੀਂ ਕਰਦੇ। ਸਦਾ ਧੌਣ ਸੁੱਟ ਕੇ ਬੈਠਦੇ ਨੇ ਜਿਵੇਂ ਕਿਸੇ ਦੇ ਮਰਨ ਦਾ ਸੋਗ ਕਰ ਰਹੇ ਹੋਣ ਭਾਵ, ਇਨ੍ਹਾਂ ਦੇ ਅੰਦਰ ਕੋਈ ਆਤਮਕ ਹੁਲਾਰਾ ਭੀ ਨਹੀਂ ਹੈ। ਕਿਸੇ ਸਤਸੰਗ ਆਦਿਕ ਵਿਚ ਭੀ ਕਦੇ ਨਹੀਂ ਜਾਂਦੇ, ਲੱਕਾਂ ਨਾਲ ਪਿਆਲੇ ਬੱਧੇ ਹੋਏ, ਹੱਥਾਂ ਵਿਚ ਚਉਰੀਆਂ ਫੜੀਆਂ ਹੋਈਆਂ ਤੇ ਜੀਵ-ਹਿੰਸਾ ਦੇ ਡਰ ਤੋਂ ਇੱਕ ਕਤਾਰ ਵਿੱਚ ਤੁਰਦੇ ਹਨ। ਨਾ ਇਨ੍ਹਾਂ ਦੀ ਜੋਗੀਆਂ ਵਾਲੀ ਰਹੁਰੀਤ, ਨਾ ਜੰਗਮਾਂ ਵਾਲੀ ਤੇ ਨਾ ਕਾਜ਼ੀ ਮੌਲਵੀਆਂ ਵਾਲੀ। ਰੱਬ ਵੱਲੋਂ ਭੀ ਖੁੰਝੇ ਹੋਏ ਭਟਕਦੇ ਨੇ ਭਾਵ ਪ੍ਰਭੂ ਬੰਦਗੀ ਵਿਚ ਭੀ ਇਨ੍ਹਾਂ ਦੀ ਕੋਈ ਸ਼ਰਧਾ ਨਹੀਂ। ਇਹ ਸਾਰਾ ਆਵਾ ਹੀ ਊਤਿਆ ਹੋਇਆ ਹੈ।

ਇਹ ਵਿਚਾਰੇ ਨਹੀਂ ਸਮਝਦੇ ਕਿ ਜੀਵਾਂ ਨੂੰ ਮਾਰਨ ਜੀਵਾਲਣ ਵਾਲਾ ਪ੍ਰਭੂ ਆਪ ਹੀ ਹੈ। ਪ੍ਰਭੂ ਤੋਂ ਬਿਨਾ ਕੋਈ ਹੋਰ ਇਨ੍ਹਾਂ ਨੂੰ ਜੀਉਂਦਾ ਨਹੀਂ ਰੱਖ ਸਕਦਾ। ਜੀਵ-ਹਿੰਸਾ ਦੇ ਵਹਿਣ 'ਚ ਪੈ ਕੇ, ਕਿਰਤ ਕਮਾਈ ਛੱਡ ਕੇ ਇਹ ਦਾਨ ਅਤੇ ਇਸ਼ਨਾਨ ਤੋਂ ਵਾਂਜੇ ਹੋਏ ਹਨ। ਸੁਆਹ ਪਈ ਅਜਿਹੇ ਖੁੱਥੇ ਹੋਏ ਸਿਰ ਉੱਤੇ। ਇਹ ਲੋਕ ਸਾਫ਼ ਪਾਣੀ ਨਹੀਂ ਪੀਂਦੇ ਤੇ ਪਾਣੀ 'ਚ ਨ੍ਹਾਉਂਦੇ ਭੀ ਨਹੀਂ ਹਨ। ਇਹ ਗੱਲ ਨਹੀਂ ਸਮਝਦੇ ਕਿ ਜਦੋਂ ਦੇਵਤਿਆਂ ਨੇ ਸੁਮੇਰ ਪਰਬਤ ਨੂੰ ਮਧਾਣੀ ਬਣਾ ਕੇ ਸਮੁੰਦਰ ਰਿੜਕਿਆ ਦੀ ਤਦੋਂ ਪਾਣੀ ਵਿਚੋਂ ਹੀ ਰਤਨ ਨਿਕਲੇ ਸਨ ਭਾਵ, ਇਸ ਗੱਲ ਨੂੰ ਤਾਂ ਲੋਕ ਪੁਰਾਣੇ ਸਮਿਆਂ ਤੋਂ ਹੀ ਜਾਣਦੇ ਨੇ ਕਿ ਪਾਣੀ ਵਿਚੋਂ ਬੇਅੰਤ ਕੀਮਤੀ ਪਦਾਰਥ ਨਿਕਲਦੇ ਹਨ ਜੋ ਮਨੁੱਖ ਦੇ ਕੰਮ ਆਉਂਦੇ ਤੇ ਆਖ਼ਰ ਉਹ ਪਾਣੀ ਵਿਚ ਵੜਿਆਂ ਹੀ ਨਿਕਲਣਗੇ। ਪਾਣੀ ਦੀ ਬਰਕਤਿ ਨਾਲ ਹੀ ਦੇਵਤਿਆਂ ਲਈ ਅਠਾਰਹ ਤੀਰਥ ਬਣਾਏ ਗਏ ਜਿੱਥੇ ਪੁਰਬ ਲੱਗਦੇ ਤੇ ਕਥਾ-ਵਾਰਤਾ ਹੁੰਦੀ ਹੈ। ਨ੍ਹਾ ਕੇ ਹੀ ਨਮਾਜ਼ ਪੜ੍ਹੀਦੀ ਤੇ ਨ੍ਹਾ ਕੇ ਹੀ ਪੂਜਾ ਹੁੰਦੀ ਹੈ। ਸੁਚੱਜੇ ਬੰਦੇ ਨਿੱਤ ਇਸ਼ਨਾਨ ਕਰਦੇ ਹਨ ਸਾਰੀ ਉਮਰ ਹੀ ਮਨੁੱਖ ਦੀ ਸੁਅੱਛ ਹਾਲਤ ਤਾਂ ਹੀ ਰਹਿ ਸਕਦੀ ਹੈ, ਜੇ ਇਸ਼ਨਾਨ ਕਰੇ ਪਰ ਹੇ ਨਾਨਕ! ਇਹ ਸਿਰ-ਖੁੱਥੇ ਅਜਿਹੇ ਉਲਟੇ ਰਾਹ ਪਏ ਹੋਏ ਅਜਿਹੇ ਸ਼ੈਤਾਨ ਹਨ ਕਿ ਇਨ੍ਹਾਂ ਨੂੰ ਇਸ਼ਨਾਨ ਵਾਲੀ ਗੱਲ ਚੰਗੀ ਨਹੀਂ ਲੱਗੀ।

(ਪਾਣੀ ਦੀਆਂ ਹੋਰ ਬਰਕਤਾਂ ਤੱਕੋ) ਮੀਂਹ ਪਿਆਂ ਸਭ ਜੀਵਾਂ ਦੇ ਅੰਦਰ ਖ਼ੁਸ਼ੀ ਪੈਦਾ ਹੁੰਦੀ ਹੈ। ਜੀਵਾਂ ਦੀ ਜੀਵਨ ਜੁਗਤਿ ਹੀ ਪਾਣੀ ਵਿੱਚ ਟਿਕੀ ਹੋਈ ਹੈ। ਮੀਂਹ ਪਿਆਂ ਅੰਨ ਪੈਦਾ ਹੁੰਦਾ, ਕਮਾਦ ਉੱਗਦਾ, ਕਪਾਹ ਹੁੰਦੀ ਹੈ ਜੋ ਸਭਨਾਂ ਦਾ ਪੜਦਾ ਬਣਦੀ ਹੈ। ਮੀਂਹ ਪਿਆਂ ਉੱਗਿਆ ਘਾਹ ਗਾਈਆਂ ਚੁਗਦੀਆਂ, ਦੁੱਧ ਦੇਂਦੀਆਂ ਤੇ ਉਸ ਦੁੱਧ ਤੋਂ ਬਣਿਆ ਦਹੀਂ ਘਰ ਦੀ ਜ਼ਨਾਨੀ ਰਿੜਕਦੀ ਤੇ ਘਿਉ ਬਣਾਂਦੀ ਹੈ। ਉਸ ਘਿਉ ਨਾਲ ਹੀ ਸਦਾ ਹੋਮ-ਜੱਗ ਪੂਜਾ ਆਦਿਕ ਹੁੰਦੇ ਨੇ ਇਹ ਘਿਉ ਪਿਆਂ ਹੀ ਹਰੇਕ ਕਾਰਜ ਸੋਭਦਾ ਹੈ।

(ਇਕ ਹੋਰ ਇਸ਼ਨਾਨ ਭੀ ਹੈ) ਸਤਿਗੁਰੂ ਮਾਨੋ ਸਮੁੰਦਰ ਤੇ ਉਸ ਦੀ ਸਿੱਖਿਆ ਮਾਨੋ ਸਾਰੀਆਂ ਨਦੀਆਂ ਹਨ। ਇਸ ਗੁਰ-ਸਿੱਖਿਆ ਵਿੱਚ ਨ੍ਹਾਉਣ ਨਾਲ ਭਾਵ, ਸੁਰਤਿ ਜੋੜਨ ਨਾਲ ਵਡਿਆਈ ਮਿਲਦੀ ਹੈ। ਹੇ ਨਾਨਕ! ਜੇ ਇਹ ਸਿਰ-ਖੁੱਥੇ ਇਸ 'ਨਾਮ'-ਜਲ ਵਿੱਚ ਇਸ਼ਨਾਨ ਨਹੀਂ ਕਰਦੇ ਤਾਂ ਨਿਰੀ ਮੁਕਾਲਖ ਹੀ ਖੱਟਦੇ ਹਨ।

ਜਰਾ ਸੋਚੋ! ਜੇ ਜੈਨ-ਮੱਤ ਦੁਨੀਆਂ ਵਿੱਚ ਫੈਲ ਜਾਂਦੈ ਤਾਂ ਅੱਧੀ ਦੁਨੀਆਂ ਭੁੱਖੀ ਮਰ ਜਾਵੇਗੀ ਕਿਉਂਕਿ ਕੀੜਿਆਂ ਦੀ ਸਪਰੇਅ ਕੀਤੇ ਬਿਨਾਂ ਖੇਤੀ ਨਹੀਂ ਹੋ ਸਕਦੀ ਤੇ ਜੈਨੀ ਜੜਾਂ ਵਾਲੀਆਂ ਸਬਜੀਆਂ ਵੀ ਨਹੀਂ ਖਾਂਦੇ। ਫਿਰ ਇੰਨਾ ਅਨਾਜ ਤਾਂ ਹੈ ਨਹੀਂ, ਸਪੇਰਿਆਂ ਨਾ ਕਰੋਗੇ ਤਾਂ ਬਚੇਗਾ ਕੀ? ਇਸੇ ਕਰਕੇ ਜੈਨੀ ਸਾਰੇ ਵਿਉਪਾਰੀ ਨੇ ਜੋ ਖੇਤੀ ਨਹੀਂ ਕਰਦੇ ਹਨ। ਬੁੱਧ ਬੜੀ ਵਧੀਆ ਫਿਲਾਸਫੀ ਹੈ ਪਰ ਬੁੱਧ ਵਾਲੇ ਵੀ ਮੰਗ ਕੇ ਖਾਣ ਤੇ ਛੜੇ ਰਹਿਣ 'ਚ ਵਿਸ਼ਵਾਸ਼ ਰੱਖਦੇ ਹਨ। ਉਨ੍ਹਾਂ ਦੀ ਫਿਲਾਸਫੀ ਵਿੱਚ ਸੇਵਾ ਵਾਲੀ ਗੱਲ ਜੋ ਈਸਾਈਆਂ ਤੇ ਸਿਖਾਂ 'ਚ ਮਿਲਦੀ ਏ ਉਹ ਨਹੀਂ ਹੈ।

ਹਿੰਦੂ, ਮੁਸਲਿਮ, ਯਹੂਦੀ ਆਪਣੇ ਤੋਂ ਇਲਾਵਾ ਦੂਜਿਆਂ ਨੂੰ ਕਾਫਰ ਜਾਂ ਮਲੇਛ ਕਹਿੰਦੇ ਹਨ। ਹਿੰਦੂਆਂ ਵਿੱਚ ਤਾਂ ਆਪਣੇ ਹੀ ਸ਼ੂਦਰ ਬਣ ਜਾਦੇ, ਬ੍ਰਾਹਮਣਾਂ ਦੀ ਚੜਾਈ ਤੇ ਹਰ ਜਗਾ ਰੀਤੀ ਰਿਵਾਜ ਹਨ। ਵਿਧਵਾ ਲਈ ਵਿਆਹ ਕਰਵਾਉਣਾ ਬੜਾ ਔਖਾ ਹੈ। ਮੁਸਲਮਾਨਾਂ ਵਿਚ ਔਰਤਾਂ ਦਾ ਬੁਰਾ ਹਾਲ ਹੈ, ਜਿਹੜੇ ਲੋਕ ਮੂਰਤੀ ਪੂਜਾ ਕਰਦੇ ਨੇ, ਉਨ੍ਹਾਂ ਦੇ ਮੰਦਰ ਢਾਹ ਦਿੰਦੇ ਤੇ ਇਸ ਤੇ ਖੁਸ਼ੀ ਮਹਿਸੂਸ ਕਰਦੇ ਹਨ। ਹਾਲ ਈਸਾਈਆਂ 'ਚ ਵੀ ਇਹੀ ਹੈ, ਹਾਂ ਇਹ ਗੱਲ ਵਖਰੀ ਹੈ ਕਿ ਇਨ੍ਹਾਂ ਦੀ ਪੇਸ਼ ਨਹੀਂ ਜਾਂਦੀ ਹੈ।

ਸਿੱਖ-ਮੱਤ ਦੂਜਿਆਂ ਨੂੰ ਮਾੜਾ ਨਹੀਂ ਕਹਿੰਦਾ ਪਰ ਸਚਾਈ ਪੇਸ਼ ਜਰੂਰ ਕਰਦਾ ਹੈ। ਇਸ ਵਿੱਚ ਮੰਗਣ ਨੂੰ ਉਤਸ਼ਾਹਿਤ ਨਹੀਂ ਕੀਤਾ ਗਿਆ, ਬੇਸ਼ਕ ਮੂਰਤੀ ਪੂਜਾ ਦੀ ਮਨਾਹੀ ਹੈ ਪਰ ਕਿਸੇ ਦੀਆਂ ਬਣੀਆਂ ਮੂਰਤਾਂ ਢਹੁਣ ਨੂੰ ਪੁੰਨ ਸਮਝਣ ਵਰਗੀ ਕੋਈ ਗੱਲ ਨਹੀਂ, ਇਥੇ ਕੋਈ ਕਾਫਰ ਤੇ ਮਲੇਛ ਨਹੀਂ ਹੈ। ਔਰਤ ਦੀ ਗਵਾਹੀ ਅੱਧੀ ਨਹੀਂ ਬਲਕਿ ਮਰਦ ਜਿੰਨੀ ਹੀ ਹੈ। ਸਿੱਖ ਤਲਵਾਰ ਦੇ ਜੋਰ ਨਾਲ ਗੁਰਮੱਤ ਨਹੀਂ ਫੈਲਾਉਂਦੇ ਪਰ ਹੱਕਾਂ ਲਈ ਸ਼ਸ਼ਤਰ ਜਰੂਰ ਉਠਾਉਂਦੇ ਹਨ। ਜਿਹੜੇ ਕਹਿੰਦੇ ਨੇ ਕਿ ਸਾਰੇ ਮੱਤ ਬਰਾਬਰ ਹਨ ਉਨ੍ਹਾਂ ਦੀ ਸੋਚਣੀ ਗਲਤੈ ਕਿਉਂਕਿ ਨਵੀਨ ਤੇ ਸਾਰੀ ਦੁਨੀਆਂ 'ਚ ਅਪਣਾਏ ਜਾ ਸੱਕਣ ਵਾਲੇ ਸਿਧਾਂਤਾਂ ਕਰਕੇ ਸਿੱਖ ਦੁਨੀਆਂ ਦਾ ਸਰਬਸਾਂਝਾ ਤੇ ਵਿਲੱਖਣ ਮੱਤ ਹੈ।

## ਲੋਕ ਸਰੋਕਾਰਾਂ ਨਾਲ ਜੁੜੇ ਕਾਵਿ- ਸੰਸਾਰ ਦੀ ਬੁਲੰਦ ਆਵਾਜ਼, ਬਾਬਾ ਨਜ਼ਮੀ ਦੀ ਸਿਹਤਯਾਬੀ ਲਈ ਸ਼ੁੱਭ ਕਾਮਨਾਵਾਂ



ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ, ਕਾਰਜਕਾਰੀ ਜਨਰਲ ਸਕੱਤਰ ਡਾ ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਬਾਬਾ ਨਜ਼ਮੀ ਜੀ ਨੂੰ ਬੀਤੇ ਦਿਨ ਆਈ ਦਿਲ ਦੀ ਤਕਲੀਫ਼ ਕਾਰਨ ਹਸਪਤਾਲ ਜਾਣਾ ਪਿਆ। ਅੱਜ ਉਹ ਜਨਰਲ ਵਾਰਡ ਵਿੱਚ ਆ ਗਏ।

ਉਹਨਾਂ ਨੂੰ ਗ਼ਦਰੀ ਬਾਬਿਆਂ ਦੇ ਮੇਲੇ ਤੇ ਨਿੱਘਾ ਬੁਲਾਵਾ ਭੇਜਿਆ ਹੋਇਆ ਹੈ। ਉਹਨਾਂ ਨੂੰ ਵੀਜ਼ਾ ਮਿਲਣ ਦੀ ਪਲ ਪਲ ਉਡੀਕ ਕਰ ਰਹੇ ਹਾਂ। ਅਜੇਹੇ ਮੌਕੇ ਇਹ ਵਾਪਰਨਾ ਕਾਫੀ ਲੋਕਾਂ ਲਈ ਤਕਲੀਫ਼ਦੇਹ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਆਪਣੇ ਵਡੇਰੇ ਪਰਿਵਾਰ ਅਤੇ ਬਾਬਾ ਨਜ਼ਮੀ ਜੀ ਦੇ ਅਨੇਕਾਂ ਸਨੇਹੀਆਂ ਵੱਲੋਂ ਉਹਨਾਂ ਦੀ ਜਲਦੀ ਸਿਹਤਯਾਬੀ ਲਈ ਕਾਮਨਾ ਕੀਤੀ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪ੍ਰਵਾਸੀ ਪੰਜਾਬੀ ਮਾਪਿਆਂ ਦੇ ਬੱਚੇ ਨਸ਼ੇ ਦੀ ਦਲਦਲ 'ਚ ਫਸੇ

**ਜਲੰਧਰ–** ਆਦਮਪੁਰ ਸ਼ਹਿਰ ਦੇ ਹਰ ਘਰ ਵਿਚੋਂ ਇਕ ਵਿਅਕਤੀ ਵਿਦੇਸ਼ ਵਿਚ ਹੈ। ਪਰਿਵਾਰਕ ਮੈਂਬਰ ਡਾਲਰ ਕਮਾਉਣ ਵਿਚ ਰੁੱਝੇ ਹੋਏ ਹਨ ਤੇ ਇੱਥੇ ਬੱਚੇ ਨਸ਼ਿਆਂ ਦੀ ਦਲਦਲ ਵਿਚ ਫਸਦੇ ਜਾ ਰਹੇ ਹਨ। ਆਦਮਪੁਰ ਨੇੜਲੇ ਪਿੰਡ ਦਾ ਰਹਿਣ ਵਾਲਾ 32 ਸਾਲਾ ਨੌਜਵਾਨ 13 ਸਾਲ ਤਕ ਨਸ਼ਿਆਂ ਦੀ ਦਲਦਲ ਵਿਚ ਫਸਿਆ ਰਿਹਾ। ਹਰਮਨ ਸਿੰਘ (ਬਦਲਿਆ ਹੋਇਆ ਨਾਂ) ਦੇ ਮਾਤਾ-ਪਿਤਾ ਵਿਦੇਸ਼ ਵਿਚ ਹਨ। ਇਕਲੌਤਾ ਪੁੱਤਰ ਹਰਮਨ ਇੱਥੇ ਆਪਣੀ ਨਾਨੀ ਤੇ ਮਾਸੀ ਕੋਲ ਰਹਿੰਦਾ ਹੈ। ਜਦੋਂ ਹਰਮਨ ਖ਼ੁਦ ਆਪਣੀ ਹੱਡਬੀਤੀ ਸੁਣਾਉਂਦਾ ਹੈ, ਤਾਂ ਉਸ ਦੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਬੀਐਸਸੀ ਆਈਟੀ ਤੇ ਫੁੱਟਬਾਲ ਦਾ ਖਿਡਾਰੀ ਰਿਹਾ ਹਰਮਨ ਯੂਨੀਵਰਸਿਟੀ ਤੋਂ ਕਈ ਮੈਡਲ ਜਿੱਤ ਚੁੱਕਾ ਹੈ।



ਪੜ੍ਹਾਈ ਤੋਂ ਬਾਅਦ ਉਸਨੇ ਇਕ ਨਿੱਜੀ ਸੁਰੱਖਿਆ ਏਜੰਸੀ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਹਰਮਨ ਦੱਸਦਾ ਹੈ ਕਿ ਉਸਦੀ ਪ੍ਰੇਮਿਕਾ ਨੇ ਉਸਨੂੰ ਪਿਆਰ ਵਿਚ ਧੋਖਾ ਦਿੱਤਾ ਤੇ ਉਹ ਆਪਣਾ ਦੁੱਖ ਭੁਲਾਉਣ ਲਈ ਨਸ਼ੇ ਦਾ ਸਹਾਰਾ ਲੈ ਬੈਠਾ। ਹੌਲੀ ਹੌਲੀ ਨਸ਼ੇ ਦੀ ਡੋਜ਼ ਵਧਦੀ ਗਈ। ਮਾਸੜ ਨੇ ਲੋਹੇ ਦੀਆਂ ਜ਼ੰਜੀਰਾਂ ਨਾਲ ਦੋਵੇਂ ਹੱਥ ਬੰਨ੍ਹ ਕੇ ਇਕ ਮਹੀਨੇ ਤਕ ਕਮਰੇ ਵਿਚ ਬੰਦ ਰੱਖਿਆ।

ਦੋ-ਤਿੰਨ ਵਾਰ ਪੁਲਿਸ ਨੇ ਉਸ ਨੂੰ ਫੜਿਆ ਤੇ ਜੇਲ੍ਹ ਜਾਣਾ ਪਿਆ। ਅਦਾਲਤ ਵਿਚ ਕੇਸ ਚੱਲ ਰਹੇ ਹਨ। ਉਹ ਬੁੱਢੀ ਨਾਨੀ ਦੇ ਹੰਝੂਆਂ ਨਾਲ ਪਿਘਲ ਗਿਆ ਤੇ ਨਸ਼ਾ ਛੱਡਣ ਦਾ ਮਨ ਬਣਾ ਲਿਆ। ਇਲਾਜ ਲਈ ਆਉਂਦੇ ਸਮੇਂ ਸੜਕ ਹਾਦਸੇ ਵਿਚ ਉਹ ਗੰਭੀਰ ਜ਼ਖਮੀ ਹੋ ਗਿਆ। ਉਹ ਦੱਸਦਾ ਹੈ ਕਿ ਨਸ਼ਾ ਛੁਡਾਊ ਕੇਂਦਰ ਵਿਚ ਪੰਜ ਮਹੀਨੇ ਇਲਾਜ ਚੱਲਿਆ ਤੇ ਹੁਣ ਉਹ ਉੱਥੇ ਹੀ ਨੌਕਰੀ ਕਰ ਰਿਹਾ ਹੈ ਤੇ ਹੁਣ ਆਪਣੇ ਮਾਪਿਆਂ ਕੋਲ ਵਿਦੇਸ਼ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਜਲੰਧਰ ਵੈਲਫੇਅਰ ਸੁਸਾਇਟੀ ਦੇ ਮੁਖੀ ਸੁਰਿੰਦਰ ਸੈਣੀ ਦਾ ਕਹਿਣਾ ਹੈ ਕਿ ਜੇਕਰ ਪੁਲਿਸ ਅਧਿਕਾਰੀ ਸਖ਼ਤ ਰਵੱਈਆ ਅਪਣਾਉਣ ਤਾਂ ਨੌਜਵਾਨਾਂ ਨੂੰ ਇਸ ਤੋਂ ਛੁਟਕਾਰਾ ਦਿਵਾਉਣਾ ਸੰਭਵ ਹੈ। ਦੂਜੇ ਪਾਸੇ ਸਿਆਸੀ ਪਾਰਟੀਆਂ ਵੱਲੋਂ ਨਸ਼ਾ ਮੁਕਤੀ ਦੇ ਵਾਅਦੇ ਚੋਣਾਂ ਤਕ ਹੀ ਰਹਿ ਗਏ ਹਨ।

ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿਚ ਸਹੂਲਤਾਂ ਘੱਟ ਤੇ ਪਰੇਸ਼ਾਨੀ ਜ਼ਿਆਦਾ ਹੈ। ਇਸ ਕਾਰਨ ਇੱਥੇ ਇਲਾਜ ਲਈ ਆਉਣ ਵਾਲੇ ਲੋਕ ਨਸ਼ਾ ਛੱਡਣ ਵਿਚ ਕਾਮਯਾਬ ਨਹੀਂ ਹੋ ਪਾ ਰਹੇ ਹਨ। ਇਸ ਦੇ ਲਈ ਸਿੱਧੇ ਤੌਰ 'ਤੇ ਪੁਲਿਸ, ਰਾਜਨੀਤੀ ਤੇ ਪ੍ਰਸ਼ਾਸਨ ਜ਼ਿੰਮੇਵਾਰ ਹਨ, ਜੋ ਵਾਅਦੇ ਤਾਂ ਬਹੁਤ ਕਰਦੇ ਹਨ ਪਰ ਪੂਰੇ ਨਹੀਂ ਕਰਦੇ। ਬਾਲਸਟਰ ਨਸ਼ਾ ਛੁਡਾਊ ਕੇਂਦਰ ਦੇ ਐਮਡੀ ਪਰਮਿੰਦਰ ਸਿੰਘ ਦਾ ਕਹਿਣਾ ਹੈ ਕਿ ਉਹ ਪਿਛਲੇ ਡੇਢ ਦਹਾਕੇ ਤੋਂ ਨਸ਼ਾ ਛੁਡਾਊ ਕੇਂਦਰ ਚਲਾ ਰਹੇ ਹਨ। ਇਸ ਦੌਰਾਨ ਹਜ਼ਾਰਾਂ ਲੋਕਾਂ ਨੂੰ ਨਸ਼ਾ ਛੁਡਾਉਣ 'ਚ ਸਫਲਤਾ ਹਾਸਲ ਕੀਤੀ ਹੈ। ਇਨ੍ਹਾਂ ਵਿੱਚ ਗਰੀਬ ਤੋਂ ਗਰੀਬ ਤੇ ਅਮੀਰਾਂ ਵਿੱਚੋਂ ਸਭ ਤੋਂ ਅਮੀਰ ਸ਼ਾਮਲ ਹਨ। ਨਸ਼ਾ ਛੱਡਣ ਵਾਲੇ ਕਈ ਨੌਜਵਾਨਾਂ ਨੂੰ ਰੁਜ਼ਗਾਰ ਵੀ ਦਿਵਾਇਆ ਹੈ। ਨਸ਼ਾ ਛੱਡਣ ਲਈ ਇਲਾਜ ਕਰਵਾਉਣ ਵਾਲਿਆਂ ਵਿਚ ਡਾਕਟਰ, ਇੰਜੀਨੀਅਰ, ਪੁਲਿਸ ਮੁਲਾਜ਼ਮ ਤੇ ਸਿਆਸੀ ਪਾਰਟੀਆਂ ਨਾਲ ਜੁੜੇ 135 ਦੇ ਕਰੀਬ ਉੱਘੇ ਲੋਕ ਵੀ ਸ਼ਾਮਲ ਹਨ। ਹੁਣ ਉਹ ਸ਼ਾਂਤੀ ਦੀ ਜ਼ਿੰਦਗੀ ਬਤੀਤ ਕਰ ਰਹੇ ਹਨ।

# ਰਾਸ਼ਟਰਪਤੀ ਬਾਈਡਨ ਵੱਲੋਂ ਐਲਾਨੀ ਯੋਜਨਾ ਤਹਿਤ ਵਿਦਿਆਰਥੀ ਦੀ ਕਰਜ਼ਾ ਮੁਆਫੀ ਦੀ ਪ੍ਰਕ੍ਰਿਆ ਸ਼ੁਰੂ

**ਸੈਕਰਾਮੈਂਟੋ 18 ਅਕਤੂਬਰ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਜੋ ਬਾਈਡਨ ਦੁਆਰਾ ਵਿਦਿਆਰਥੀਆਂ ਦੀ ਯਕਮੁੱਸ਼ਤ ਕਰਜਾ ਮੁਆਫੀ ਦੇ ਐਲਾਨੇ ਪ੍ਰੋਗਰਾਮ ਤਹਿਤ ਕਰਜ਼ਾ ਮੁਆਫੀ ਦੀ ਪ੍ਰਕ੍ਰਿਆ ਸ਼ੁਰੂ ਹੋ ਗਈ ਹੈ। ਵਿਦਿਆਰਥੀ ਇਸ ਯੋਜਨਾ ਦਾ ਲਾਹਾ ਲੈਣ ਲਈ ਆਨ ਲਾਈਨ ਫਾਰਮ ਭਰ ਸਕਦੇ ਹਨ। ਇਸ ਯੋਜਨਾ ਦੀ ਸ਼ੁਰੂਆਤ ਉਪਰੰਤ ਵਿਦਿਆਰਥੀਆਂ ਨੇ ਭਾਰੀ ਦਿਲਚਸਪੀ ਲਈ ਹੈ ਤੇ ਹੁਣ ਤੱਕ 80 ਲੱਖ ਦਰਖਾਸਤਾਂ ਆਨ ਲਾਈਨ ਭਰੀਆਂ ਜਾ ਚੁੱਕੀਆਂ ਹਨ। 7 ਕੰਜ਼ਰਵੇਟਿਵ ਰਾਜ ਸਰਕਾਰਾਂ ਸਮੇਤ ਅਨੇਕਾਂ ਹੋਰਨਾਂ ਧਿਰਾਂ ਵੱਲੋਂ ਦਰਪੇਸ਼ ਕਾਨੂੰਨੀ ਚੁਣੌਤੀਆਂ ਦੇ ਬਾਵਜੂਦ ਸੰਘੀ ਸਰਕਾਰ ਨੂੰ ਵਿਸ਼ਵਾਸ਼ ਹੈ ਕਿ ਉਹ ਵਿਦਿਆਰਥੀਆਂ ਦੀ ਕਰਜ਼ਾ ਮੁਆਫੀ ਦਾ ਆਪਣਾ ਵਾਅਦਾ ਪੂਰਾ ਕਰੇਗੀ। ਰਾਸ਼ਟਰਪਤੀ ਜੋ ਬਾਈਡਨ ਨੇ ਕਿਹਾ ਹੈ ਕਿ 80 ਲੱਖ ਦਰਖਾਸਤਾਂ ਨੂੰ ਬਿਨਾਂ ਕਿਸੇ ਮੁਸ਼ਕਿਲ ਦੇ ਪ੍ਰਾਪਤ ਕਰ ਲਿਆ ਗਿਆ ਹੈ। ਉਨਾਂ ਕਿਹਾ ਕਿ ਸਾਡੀ ਯੋਜਨਾ 'ਆਰਥਕ ਜ਼ਿੰਮੇਵਾਰੀ' ਵਾਲੀ ਹੈ। ਇਸ ਯੋਜਨਾ ਤਹਿਤ ਵਿਦਿਆਰਥੀ 10000 ਡਾਲਰ ਜਾਂ 20000 ਡਾਲਰ ਤੱਕ ਦੀ ਕਰਜ਼ਾ ਰਾਹਤ ਲੈਣ ਦੇ ਯੋਗ ਹਨ। ਇਹ ਕਰਜ਼ਾ ਮੁਆਫੀ ਵਿਦਿਆਰਥੀਆਂ ਦੀ ਆਮਦਨ ਉਪਰ ਨਿਰਭਰ ਕਰੇਗੀ। ਕਾਲਜਾਂ ਵੱਲੋਂ ਵਿਦਿਆਰਥੀਆਂ ਨੂੰ ਦਿੱਤੀ ਗਈ ਰਾਹਤ ਵੱਖਰੀ ਹੈ। ਉਸ ਦਾ ਕਰਜ਼ਾ ਮੁਆਫੀ ਯੋਜਨਾ ਨਾਲ ਕੋਈ ਸਰੋਕਾਰ ਨਹੀਂ ਹੈ। ਸਿੱਖਿਆ ਵਿਭਾਗ ਨੇ ਕਿਹਾ ਹੈ ਕਿ ਜਿਨਾਂ ਵਿਦਿਆਰਥੀਆਂ ਨੇ ਇਸ ਮਹੀਨੇ ਦਰਖਾਸਤਾਂ ਦਿੱਤੀਆਂ ਹਨ ਜਾਂ ਦੇਣਗੇ , ਉਨਾਂ ਨੂੰ ਬਹੁਤ ਛੇਤੀ ਰਾਹਤ ਮਿਲੇਗੀ। ਨਵੰਬਰ ਮਹੀਨੇ ਵਿਚ ਉਨਾਂ ਨੂੰ ਕਰਜਾ ਮੁਕਤ ਕਰ ਦਿੱਤਾ ਜਾਵੇਗਾ। ਵਿਦਿਆਰਥੀਆਂ ਨੂੰ ਕਿਹਾ ਗਿਆ ਹੈ ਕਿ ਉਹ 15 ਨਵੰਬਰ ਤੱਕ ਦਰਖਾਸਤਾਂ ਦੇ ਦੇਣ। ਦਰਖਾਸਤ ਦੇਣ ਲਈ ਵਿਦਿਆਰਥੀਆਂ ਨੂੰ ਆਪਣਾ ਸੋਸਲ ਸਕਿਉਰਿਟੀ ਨੰਬਰ ਤੇ ਜਨਮ ਤਰੀਕ ਦਸਣੀ ਪਵੇਗੀ। ਸਵੈ ਪੁਸ਼ਟੀ ਕਰਨੀ ਪਵੇਗੀ ਕਿ ਉਨਾਂ ਦੀ ਸਲਾਨਾ ਆਮਦਨੀ 1,25,000 ਡਾਲਰ ਤੇ ਜੇਕਰ ਜੋੜਾ ਹੋ ਤਾਂ 2,50,000 ਡਾਲਰ ਤੋਂ ਘੱਟ ਹੈ। ਦਰਖਾਸਤ ਕਰਤਾਵਾਂ ਨੂੰ ਆਪਣੀ ਆਮਦਨੀ ਦਾ ਸਬੂਤ ਦਸਣਾ ਪਵੇਗਾ। ਜੋ ਲੋਕ ਝੂਠੀ ਜਾਣਕਾਰੀ ਦੇਣਗੇ ਜਾਂ ਧੋਖਾ ਦੇ ਕੇ ਰਾਹਤ ਲੈਣ ਦੀ ਕੋਸ਼ਿਸ਼ ਕਰਨਗੇ, ਨੂੰ ਜੁਰਮਾਨਾ ਹੋ ਸਕਦਾ ਹੈ ਜਾਂ ਜੇਲ ਜਾਣਾ ਪੈ ਸਕਦਾ ਹੈ। ਦਰਖਾਸਤਾਂ ਅੰਗਰੇਜੀ ਤੇ ਸਪੈਨਿਸ਼ ਭਾਸ਼ਾ ਵਿਚ ਆਨ ਲਾਈਨ ਉਪਲਬੱਧ ਹਨ।



# ਹੱਤਿਆਵਾਂ ਵਿਚ ਸ਼ਾਮਿਲ ਵੈਸਲੇ ਬਰਾਊਨਲੀ ਵਿਰੁੱਧ ਰਸਮੀ ਤੌਰ 'ਤੇ ਦੋਸ਼ ਆਇਦ

**ਸੈਕਰਾਮੈਂਟੋ 19 ਅਕਤੂਬਰ (ਹੁਸਨ ਲੜੋਆ ਬੰਗਾ)–** ਕੈਲੀ-ਫੋਰਨੀਆ, ਸਟਾਕਟਨ ਤੇ ਸੈਨ ਜੋਆਕੁਇਨ ਕਾਊਂਟੀ ਵਿਚ ਹਾਲ ਹੀ ਵਿਚ ਹੋਈਆਂ ਕਈ ਹੱਤਿਆਵਾਂ ਦੇ ਮਾਮਲਿਆਂ ਵਿਚ ਪਿਛਲੇ ਦਿਨੀ ਗ੍ਰਿਫਤਾਰ ਕੀਤੇ ਗਏ 43 ਸਾਲਾ ਵੈਸਲੇ ਬਰਾਊਨਲੀ ਵਿਰੁੱਧ ਰਸਮੀ ਤੌਰ 'ਤੇ ਦੋਸ਼ ਆਇਦ ਕੀਤੇ ਗਏ ਹਨ। ਇਸਤਗਾਸਾ ਪੱਖ ਨੇ ਕਿਹਾ ਹੈ ਕਿ ਫਿਲਹਾਲ ਉਸ ਵਿਰੁੱਧ 3 ਹੱਤਿਆਵਾਂ ਦੇ ਮਾਮਲਿਆਂ ਵਿਚ ਦੋਸ਼ ਆਇਦ ਹੋਏ ਹਨ। ਇਨਾਂ ਵਿਚ ਜੋਨਾਥਨ ਰੌਡਰਿਗਜ਼ ਹਰਨਾਨਡੇਜ਼ ,ਜੁਆਨ ਕਾਰਲੋਸ ਕਾਰਾਨਜ਼ਾਕਰੂਜ਼ ਤੇ ਲਾਰੈਂਸ ਲੋਪੇਜ਼ ਦੀਆਂ ਹੋਈਆਂ ਹਤਿਆਵਾਂ ਦੇ 3 ਮਾਮਲੇ ਸ਼ਾਮਿਲ ਹਨ। ਬਰਾਊਨਲੀ ਨੂੰ ਬਿਨਾਂ ਜਮਾਨਤ ਦੇ ਜੇਲ ਵਿਚ ਰਖਿਆ ਜਾਵੇਗਾ। ਡਿਸਟ੍ਰਿਕਟ ਅਟਾਰਨੀ ਟੋਰੀ ਵਰਬਰ ਸਲਾਜ਼ਰ ਨੇ ਕਿਹਾ ਹੈ ਕਿ ਅਸੀਂ ਤਿੰਨ ਹੱਤਿਆਵਾਂ ਦੇ ਮਾਮਲਿਆਂ ਵਿਚ ਬਰਾਊਨਲੀ ਵਿਰੁੱਧ ਦੋਸ਼ ਲਾਏ ਹਨ ਕਿਉਂਕਿ ਇਹ ਦੋਸ਼ ਸਾਬਤ ਕਰਨ ਲਈ ਸਾਡੇ ਕੋਲ ਤਸਲਬਖਸ਼ ਸਬੂਤ ਮੌਜੂਦ ਹਨ। ਉਨਾਂ ਕਿਹਾ ਕਿ ਅਸੀਂ ਆਮ ਜਨਤਾ ਨੂੰ ਇਹ ਯਾਦ ਕਰਵਾਉਣਾ ਚਹੁੰਦੇ ਹਾਂ ਕਿ ਮਾਮਲਿਆਂ ਦੀ ਜਾਂਚ ਅਜੇ ਜਾਰੀ ਹੈ ਤੇ ਬਰਾਊਨਲੀ ਵਿਰੁੱਧ ਹੋਰ ਦੋਸ਼ ਤੈਅ ਕੀਤੇ ਜਾਣਗੇ।









# ਮਰਸਿਡ, ਅਮਰੀਕਾ ਵਿੱਚ ਕਤਲ ਕੀਤੇ ਗਏ ਪੰਜਾਬੀ ਪਰਿਵਾਰ ਪ੍ਰਤੀ ਯੂਬਾ ਸਿਟੀ ਵਿੱਚ ਸ਼ੋਕ ਸਮਾਗਮ

## ਅਮਰੀਕੀ ਆਗੂਆਂ ਤੇ ਪੰਜਾਬੀ ਭਾਈਚਾਰੇ ਨੇ ਕੀਤੀ ਸ਼ਮੂਲੀਅਤ







**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪੰਜਾਬੀਆਂ ਦੇ ਗੜ੍ਹ ਮੰਨੇ ਜਾਂਦੇ ਯੂਬਾ ਸਿਟੀ ਵਿੱਚ ਬੀਤੇ ਦਿਨੀਂ ਮਰਸਿਡ ਵਿੱਚ ਹੋਏ ਪੰਜਾਬੀ ਪਰਿਵਾਰ ਦੇ ਕਤਲ ਨੂੰ ਲੈ ਕੇ ਇੱਕ ਸ਼ੋਕ ਸਭਾ ਦਾ ਅਯੋਜਿਨ ਕੀਤਾ ਗਿਆ ਜਿਸ ਵਿੱਚ ਵੱਖ ਵੱਖ ਅਹੁਦਿਆਂ ਤੇ ਬਿਰਾਜਮਾਨ ਅਮਰੀਕਨ ਆਗੂਆਂ ਤੇ ਸਥਾਨਕ ਸਿੱਖ ਆਗੂਆਂ ਨੇ ਸ਼ਮੂਲੀਅਤ ਕੀਤੀ, ਇਸ ਦਾ ਪ੍ਰਬੰਧ ਯੂਬਾ ਸਿਟੀ ਹਾਲ ਵਿੱਚ ਕੀਤਾ ਗਿਆ। ਇਸ ਮੌਕੇ ਕਾਂਗਰਸਮੈਂਨ ਡੱਗ ਮਲਾਫਾ, ਕਾਊਂਟੀ ਪੁਰਵੀਜਰ ਨਿਕ ਮਕੈਨਲੀ, ਡਿਸਟ੍ਰਿਕ ਅਟਾਰਨੀ ਜੈਨੀਫਰ ਡੂਪਰੇ, ਯੂਬਾ ਸਿਟੀ ਮੇਅਰ ਡੇਵ ਸ਼ਾਅ, ਸਿਟੀ ਮੈਨੇਜਰ ਡਾਇਨਾ ਨੈਂਗਲੀ, ਸ਼ੈਰਫ ਪੁਲੀਸ ਸਮਾਰਟ-ਬਰਗ, ਸਿਟੀ ਕੌਂਸਲ ਗਰੇਸ ਐਸ ਪਡੋਲਾ, ਕੌਂਸਲ ਮੈਂਬਰ ਮਾਰਕ ਬਲੂਮਬਰਗ ਤੇ ਪੁਲੀਸ ਕਮਾਂਡਰ ਯੂਬਾ ਸਿਟੀ ਸੈਮ ਹੈਚਮੈਨ ਸ਼ਾਮਿਲ ਹੋਏ। ਇਸ ਤੋਂ ਇਲਾਵਾ ਪੰਜਾਬੀ ਭਾਈਚਾਰੇ ਚੋਂ ਸਥਾਨਕ ਆਗੂ ਗੁਰਨਾਮ ਸਿੰਘ ਪੰਮਾ, ਬਲਰਾਜ ਸਿੰਘ ਢਿਲੋਂ, ਦਲਵੀਰ ਸਿੰਘ ਗਿੱਲ, ਪ੍ਰਬੰਧਕ ਸੁਖਵਿੰਦਰ ਸਿੰਘ, ਪਲਵਿੰਦਰ ਮਾਹੀ, ਸੁੱਖ ਸਿੱਧੂ, ਗੁਰਮੇਜ ਸਿੰਘ ਗਿੱਲ, ਪਰਮਜੀਤ ਗਿੱਲ, ਪਰਦੀਪ ਕੁਮਾਰ, ਪ੍ਰਭਜੋਤ ਕੌਰ, ਨਵਨੀਤ ਕੌਰ ਰੰਧਾਵਾ, ਗੁਰਪ੍ਰੀਤ ਸਿੰਘ ਮਾਨ, ਗੁਰਜੀਤ ਗਿੱਲ, ਅਵਤਾਰ ਸਿੰਗ ਬੁੱਟਰ, ਅਵਤਾਰ ਜੱਸਲ ਆਦਿ ਸ਼ਾਮਿਲ ਹੋਏ, ਇਸ ਮੌਕੇ ਸਟੇਜ ਦੀ ਸੰਚਾਲਨਾ ਹਰਭਜਨ ਸਿੰਘ ਢੇਰੀ ਨੇ ਕੀਤੀ। ਇਸ ਮੌਕੇ ਕਾਂਗਰਸਮੈਂਨ ਡੱਗ ਮਲਾਫਾ ਨੇ ਬੋਲਦਿਆਂ ਕਿਹਾ ਕਿਹਾ ਕਿ ਇਸ ਘਟਨਾਂ ਨੂੰ ਸੁਣ ਕਿ ਮੈਂ ਤੇ ਮੇਰੀ ਪਤਨੀ ਬਹੁਤ ਦੁੱਖੀ ਹੋਏ ਹਾਂ ਤੇ ਸਮਝ ਨਹੀਂ ਲਗਦੀ ਬਿਨਾਂ ਵਜ੍ਹਾ ਇਹ ਕਤਲ ਕਿਓਂ ਕੀਤਾ ਗਿਆ। ਕਾਊਂਟੀ ਸੁਪਰਵਾਈਜਰ ਨਿਕ ਮਕਨੈਲੀ ਨੇ ਜਜਬਾਤੀ ਲਹਿਜੇ ਚ ਕਿਹਾ ਕਿ ਸਾਥੋਂ ਇਸ ਮਾਸੂਮ ਪਰਿਵਾਰ ਦਾ ਕਤਲ ਦੇਖਿਆ ਨਹੀਂ ਗਿਆ। ਯੂਬਾ ਸਿਟੀ ਮੇਅਰ ਡੇਵ ਸ਼ਾਅ ਨੇ ਕਿਹਾ ਕਿ ਯੂਬਾ ਸਿਟੀ ਚ ਭਾਵੇਂ ਵੱਖ ਵੱਖ ਭਾਈਚਾਰੇ ਪੂਰੀ ਦੁਨੀਆਂ ਨਾਲ ਜੁੜੇ ਹੋਏ ਹਨ ਪਰ ਸਾਰਿਆਂ ਦਾ ਖੂਨ ਲਾਲ ਹੈ। ਡਿਸਟ੍ਰਿਕ ਅਟਾਰਨੀ ਜੈਨੀਫਰ ਡੂਪਰੇ ਨੇ ਸ਼ੋਕ ਪ੍ਰਗਟ ਕਰਦਿਆਂ ਕਿਹਾ ਕਿ ਅਜਿਹੀ ਘਟਨਾ ਸਾਨੂੰ ਭਾਈਚਾਰੇ ਦੇ ਹੋਰ ਨੇੜੇ ਜੋੜਦੀ ਹੈ ਤੇ ਅਸੀਂ ਭਾਈਚਾਰੇ ਦੇ ਨਾਲ ਖੜੇ ਹਾਂ। ਇਸ ਮੌਕੇ ਸਿੱਖ ਆਗੂ ਗੁਰਨਾਮ ਸਿੰਘ ਪੰਮਾ ਨੇ ਭਾਈਚਾਰੇ ਨਾਲ ਸ਼ੋਕ ਪ੍ਰਗਟ ਕਰਦਿਆਂ ਕਿਹਾ ਕਿ ਇਸ ਘਟਨਾਂ ਨੇ ਭਾਈਚਾਰੇ ਨੂੰ ਬਹੁਤ ਸੱਟ ਮਾਰੀ ਹੈ ਇਸ ਘਨਿਆਉਣੀ ਘਟਨਾ ਦੀ ਜਿਨੀਂ ਨਿੰਦਾ ਕੀਤੀ ਜਾਵੇ ਉਨੀਂ ਥੋੜੀ ਹੈ ਉਨਾਂ ਸਥਾਨਕ ਰਾਜਨੀਤਕਾਂ ਨੂੰ ਕਿਹਾ ਕਿ ਉਹ ਸਾਰੇ ਮਰਸਿਡ ਸ਼ਹਿਰ ਦੇ ਰਾਜਨੀਤਕਾਂ ਨੂੰ ਈਮੇਲਾਂ ਕਰਕੇ ਪਰਿਵਾਰ ਲਈ ਇਨਸਾਫ ਲਈ ਪ੍ਰਭਾਵ ਪਾਉਣ। ਇਸ ਮੌਕੇ ਪਲਵਿੰਦਰ ਮਾਹੀ ਨੇ ਕਿਹਾ ਇੱਕ 8 ਮਹੀਨੇ ਦੀ ਬੱਚੀ ਦਾ ਕਤਲ ਜਿਸਨੂੰ ਆਪਣੀ ਸੋਝੀ ਵੀ ਨਹੀਂ ਇਸ ਤੋਂ ਵੱਧ ਦਰਿੰਦਗੀ ਦੀ ਕੀ ਹੱਦ ਹੋ ਸਕਦੀ ਹੈ। ਇਸ ਮੌਕੇ ਸੁੱਖ ਸਿੱਧੂ ਨੇ ਕਿਹਾ ਕਿ ਹਰ ਪਰਿਵਾਰ ਪੁਲੀਸ ਤੇ ਭਰੋਸਾ ਨਾ ਰੱਖੇ ਆਪਣੇ ਆਪ ਵੀ ਪ੍ਰੋਟੈਕਟ ਕਰੇ। ਇਸ ਮੌਕੇ ਸ਼ੋਕ ਸਭਾ ਪ੍ਰਬੰਧਕ ਸੁਖਵਿੰਦਰ ਸਿੰਘ ਨੇ ਕਤਲ ਕੀਤੇ ਗਏ ਪਰਿਵਾਰ ਪ੍ਰਤੀ ਸ਼ੋਕ ਪ੍ਰਗਟ ਕਰਦਿਆਂ ਕਿਹਾ ਕਿ ਇਸ ਘਟਨਾਂ ਪ੍ਰਤੀ ਇਨਸਾਫ ਲਈ ਲਾਅ ਇੰਫੋਰਸਮੈਂਟ ਏਜੰਸੀਆਂ ਲਾਅ ਮੇਕਰਾਂ ਨਾਲ ਗੱਲ ਕਰਨ। ਇਸ ਮੌਕੇ ਸ਼ੌਕ ਸਭਾ ਚ ਸ਼ਾਮਿਲ ਲੋਕਾਂ ਵਲੋਂ ਇਸ ਕਤਲ ਕੀਤੇ ਗਏ ਪਰਿਵਾਰ ਪ੍ਰਤੀ ਮੋਮਬੱਤੀਆਂ ਜਗਾ ਕੇ ਸਰਧਾਂਜਲੀ ਪ੍ਰਗਟ ਕੀਤੀ ਗਈ।

# ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨਾਲ ਮਨਾਇਆ ਜਨਮ ਦਿਨ



**ਪਠਾਨਕੋਟ, 18 ਅਕਤੂਬਰ (ਰਾਜਿੰਦਰ ਸਿੰਘ ਰਾਜਨ)** ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ਵਰ ਸਲਾਰੀਆ ਨੇ ਆਪਣਾ ਜਨਮ ਦਿਨ ਸਪੈਸ਼ਲ ਰਿਸੋਰਸ ਸੈਂਟਰ ਪਠਾਨਕੋਟ ਵਿਖੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨਾਲ ਮਨਾ ਕੇ ਆਪਣੀ ਖ਼ੁਸ਼ੀ ਸਾਂਝੀ ਕੀਤੀ। ਇਸ ਮੌਕੇ ਡੀਐਮ ਹਿੰਦੀ ਰਮੇਸ਼ ਕੁਮਾਰ, ਡਾਕਟਰ ਮਨਦੀਪ, ਸਵਿਤਾ, ਸੁਨੀਤਾ ਵੀ ਹਾਜ਼ਰ ਸਨ। ਇਸ ਮੌਕੇ ਡਿਪਟੀ ਡੀਈਓ ਰਾਜੇਸ਼ਵਰ ਸਲਾਰੀਆ ਨੇ ਵਿਸ਼ੇਸ਼ ਬੱਚਿਆ ਨੂੰ ਮਿਠਆਈ ਵੰਡਣ ਦੇ ਨਾਲ ਨਾਲ ਸਟੇਸ਼ਨਰੀ ਅਤੇ ਹੋਰ ਸਮਾਨ ਵੰਡਿਆਂ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਪੈਸ਼ਲ ਰਿਸੋਰਸ ਅਧਿਆਪਕ ਡਾਕਟਰ ਮਨਦੀਪ ਅਤੇ ਸਵਿਤਾ ਨੇ ਦੱਸਿਆ ਕਿ ਡਿਪਟੀ ਡੀਈਓ ਰਾਜੇਸ਼ਵਰ ਸਲ-ਾਰੀਆ ਦੁਆਰਾ ਆਪਣੇ ਜੀਵਨ ਦੀ ਖੁਸ਼ੀ ਇਨ੍ਹਾਂ ਬੱਚਿਆਂ ਨਾਲ ਸਾਂਝੀ ਕਰਨ ਕਰਕੇ ਸੈਂਟਰ ਦੇ ਇਨ੍ਹਾਂ ਵਿਸ਼ੇਸ਼ ਬੱਚਿਆਂ ਵਿੱਚ ਉਤਸ਼ਾਹ ਤੇ ਖੁਸ਼ੀ ਦੀ ਮਹੌਲ ਪੈਦਾ ਹੋਇਆ। ਉਨ੍ਹਾਂ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਦਾ ਧੰਨਵਾਦ ਕੀਤਾ ਤੇ ਦੂਜੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਹੋਰ ਲੋਕ ਵੀ ਆਪਣੇ ਖੁਸ਼ੀ ਦੇ ਪਲ ਇਨ੍ਹਾਂ ਬੱਚਿਆਂ ਨਾਲ ਸਾਂਝਾ ਕਰ ਇਨ੍ਹਾਂ ਬੱਚਿਆਂ ਦਾ ਮਨੋਬਲ ਵਧਾਉਣ। ਇਸ ਮੌਕੇ ਰਾਜੇਸ਼ਵਰ ਸਲਾਰੀਆ ਨੇ ਕਿਹਾ ਕਿ ਉਨ੍ਹਾਂ ਨੂੰ ਇਨ੍ਹਾਂ ਵਿਸ਼ੇਸ਼ ਬੱਚਿਆ 'ਚ ਆ ਕੇ ਉਨ੍ਹਾਂ ਨਾਲ ਖੁਸ਼ੀ ਸਾਂਝੀ ਕਰ ਕੇ ਬਹੁਤ ਵਧੀਆ ਲੱਗਿਆ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦਾ ਇਕ ਬਿਹਤਰੀਨ ਦਿਨ ਹੈ। ਇਨ੍ਹਾਂ ਬੱਚਿਆਂ ਦੀ ਸੇਵਾ ਕਰ ਕੇ ਮਨ ਨੂੰ ਸਕੂਨ ਮਿਲਦਾ ਹੈ।


AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing



Prop: Jasbir Singh Takhar
510-755-2132

510- 733- 2222
1421 Industrial PKWY West#F Hayward, CA 94544

Harmandeep Singh



L.A. MERCHANDISE
Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।









Baksho Kaur Bisla Hardev Singh Bisla

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ

530-671-0439, Fax 530-822-0439 Cell- 530-844-3250

# ਸੈਕਰਾਮੈਂਟੋ 'ਚ ਕਰਵਾਏ ਗਏ ਇੰਟਰਨੈਸ਼ਨਲ ਹਾਕੀ ਟੂਰਨਾਮੈਂਟ ਦੌਰਾਨ ਯੂਬਾ ਬ੍ਰਦਰਜ ਨੇ ਪਹਿਲਾ ਤੇ ਐਲ ਏ ਕਿੰਗਜ ਨੇ ਦੂਜਾ ਥਾਂ ਪ੍ਰਾਪਤ ਕੀਤਾ

## ਬਲਜੀਤ ਸੈਣੀ, ਨਿਰਮਲ ਸਿੰਘ, ਰਜੇਸ਼ ਚੌਹਾਨ ਤੇ ਸੁਰਜੀਤ ਸਿੰਘ ਮਿੱਠਾ ਤੇ ਰਣਜੋਧ ਸੰਘਾ ਦਾ ਸਨਮਾਨ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵਲੋਂ ਅੱਜ ਇੰਟਰਨੈਸ਼ਨਲ ਹਾਕੀ ਟੂਰਨਾਮੈਂਟ ਕਰਵਾਇਆ ਗਿਆ ਜਿਸ ਦੌਰਾਨ ਯੂਬਾ ਬ੍ਰਦਰਜ ਯੂਬਾ ਸਿਟੀ ਨੇ ਐਲ ਏ ਕਿੰਗਜ ਨੂੰ ਫਸਵੇਂ ਮੈਚ ਚ 1-0 ਨਾਲ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਐਲ ਏ ਕਿੰਗਜ ਨੂੰ ਦੂਸਰੇ ਥਾਂ ਹੀ ਸਬਰ ਕਰਨਾ ਪਿਆ।

ਸੁਪਰ ਡਵੀਜਨ ਚ ਕੁਲ ਛੇ ਟੀਮਾਂ ਨੇ ਹਿੱਸਾ ਲਿਆ ਤੇ ਸ਼ੋਸਲ ਡਵੀਜਨ ਚ ਕੁਲ ਚਾਰ ਟੀਮਾਂ ਨੇ ਹਿੱਸਾ ਲਿਆ ਜਿਨਾਂ ਚ ਪਹਿਲੇ ਥਾਂ ਤੇ ਫਰਿਜਨੋਂ ਬੀ ਤੇ ਈਗਲ ਫੀਲਡ ਹਾਕੀ ਫੇਅਰਫੀਲਡ ਦੂਜੇ ਥਾਂ ਤੇ ਰਹੇ। ਇਸ ਤੋਂ ਇਲਾਵਾ ਬੱਚਿਆਂ ਦੀਆਂ ਹਾਕੀ ਟੀਮਾਂ ਨੇ ਵੱਖਰੇ ਤੌਰ ਤੇ ਹਿੱਸਾ ਲਿਆ ਤੇ ਫਰਿਜਨੋਂ ਦੀ ਟੀਮ ਜੇਤੂ ਰਹੀ।

ਕੁਲ 18 ਮੈਚ ਹੋਏ ਜਿਨਾਂ ਵਿੱਚ ਕਈ ਇੰਟਰਨੈਸਨਲ ਖਿਡਾਰੀ ਵੀ ਖੇਡੇ ਜਿਨਾਂ 'ਚ ਦਵਿੰਦਰ ਬਾਲਮੀਕੀ, ਹਰਪਾਲ ਸਿੰਘ ਜੋ ਇੰਡੀਆ ਟੀਮ ਲਈ ਖੇਡੇ ਸਨ ਸਯਾਦ ਅਨਵਰ ਜੋ ਪਾਕਿਸਤਾਨੀ ਹਾਕੀ ਟੀਮ ਚ ਖੇਡ ਚੁੱਕੇ ਹਨ ਵੀ ਇਥੇ ਅਪਾਣੀਆਂ ਆਪਣੀਆਂ ਟੀਮਾਂ ਚ ਖੇਡੇ। ਇਸ ਮੌਕੇ ਇੰਟਰਨੈਸ਼ਨਲ ਖਿਡਾਰੀ ਭਾਰਤੀ ਹਾਕੀ ਦੇ ਸਾਬਕਾ ਕੈਪਟਨ, ਨਿਰਮਲ ਸਿੰਘ ਜੋ ਭਾਰਤੀ ਹਾਕੀ ਨੈਸ਼ਨਲ ਚ ਖੇਡ ਚੁੱਕੇ ਤੇ ਸੁਰਜੀਤ ਸਿੰਘ ਮਿੱਠਾ ਜੋ ਪੁਲੀਸ ਟੀਮ ਚ ਖੇਡੇ ਤੇ ਰਣਜੋਧ ਸਿੰਘ ਸੰਘਾ ਜੋ ਅਮਰੀਕਾ ਹਾਕੀ ਚ ਖੇਡੇ , ਇਨਾ ਸਾਰਿਆਂ ਨੂੰ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਦੇ ਪ੍ਰਬੰਧਕਾਂ ਪ੍ਰਬੰਧਕਾਂ ਚ ਮੁੱਖ ਤੌਰ ਤੇ ਪ੍ਰਗਟ ਸਿੰਘ ਸੰਧੂ, ਗੁਰਮੀਤ ਵੜੈਚ, ਰਣਧੀਰ ਸਿੰਘ ਨਿੱਝਰ, ਬਿੱਟੂ ਰੰਧਾਵਾ, ਨਰਿੰਦਰ ਥਾਂਦੀ, ਤਰ-ਲੋਚਨ ਅਟਵਾਲ, ਗੋਲਡੀ ਲਾਲੀ, ਭੁਪਿੰਦਰ ਸੰਘੇੜਾ, ਹੈਪੀ ਔਲਖ, ਗੁਰਜੀਤ ਦਿਓਲ, ਪਿੰਦੀ ਸੰਧੂ, ਹੈਪੀ ਬਰਿਆਨਾ,ਲਾਡਾ ਢਿਲੋਂ, ਪੰਮਾ ਲੱਧੜ ਵਲੋਂ ਪਲੈਕਾਂ ਦੇ ਕੇ ਸਨਮਾਨ ਦਿੱਤਾ ਗਿਆ। ਇਸ ਮੌਕੇ ਰੈਫਰੀ ਗਗਨਦੀਪ ਸਿੰਘ, ਰਾਜਪਾਲ ਸਿੰਘ ਟਰਾਂਟੋ ਤੇ ਅਨਮੋਲਕ ਸਿੰਘ ਨਾਮਧਾਰੀ ਨੇ ਰੈਫਰੀਆਂ ਦੀ ਜਿੰਮੇਵਾਰੀ ਨਿਭਾਈ।

ਇਸ ਮੌਕੇ ਐਲਕ ਗਰੋਵ ਦੀ ਮੇਅਰ ਬੌਬੀ ਸਿੰਘ ਐਲਨ ਨੇ ਮੁੱਖ ਮਹਿਮਾਨ ਵਜੋਂ ਹਾਰੀ ਦਿੱਤੀ। ਇਸ ਮੌਕੇ ਡਿਸਟ੍ਰਿਕ ਦੋ ਤੋਂ ਕੌਂਸਲ ਮੇਂਬਰ ਲਈ ਖੜੇ ਰੌਡ ਬਰਾਊਰ ਨੇ ਵੀ ਹਾਜਰੀ ਦਿੱਤੀ। ਇਸ ਟੂਰਨਾਂਮੈਂਟ ਵਿੱਚ ਬੈਸਟ ਪਲੇਅਰ ਗੁਰਕੀਰਤ ਸਿੰਘ ਯੂਬਾ ਬ੍ਰਦਰਜ ਨੂੰ ਮਿਲਿਆ।

# ਡਿਪਟੀ ਕਮਿਸਨਰ ਪਠਾਨਕੋਟ ਨੇ ਮਹੀਨਾਭਰ ਦੀ ਕਾਰਗੁਜਾਰੀ ਦਾ ਜਾਇਜਾ ਲੈਣ ਲਈ ਵੱਖ ਵੱਖ ਵਿਭਾਗਾਂ ਨਾਲ ਕੀਤੀਆਂ ਰੀਵਿਓ ਮੀਟਿੰਗਾਂ

## ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਅੰਦਰ ਵਿਕਾਸ ਕਾਰਜ ਕਰਵਾਉਣ ਲਈ ਦਿੱਤੀਆਂ ਹਦਾਇਤਾਂ

**ਪਠਾਨਕੋਟ 17 ਅਕਤੂਬਰ (ਰਾਜਿੰਦਰ ਸਿੰਘ ਰਾਜਨ)** ਅੱਜ ਸ ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਵੱਖ ਵੱਖ ਵਿਭਾਗਾਂ ਵੱਲੋਂ ਮਹੀਨਾਭਰ ਕੀਤੀ ਕਾਰਗੁਜਾਰੀ ਦਾ ਜਾਇਜਾ ਲੈਣ ਲਈ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਸਥਿਤ ਮੀਟਿੰਗ ਹਾਲ ਵਿੱਚ ਵੱਖ ਵੱਖ ਵਿਭਾਗਾਂ ਨਾਲ ਰੀਵਿਓ ਮੀਟਿੰਗਾਂ ਕੀਤੀਆਂ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਕਾਲਾ ਰਾਮ ਕਾਂਸਲ ਐਸਡੀਐਮ ਪਠਾਨਕੋਟ, ਹਰਜਿੰਦਰ ਸਿੰਘ ਐਸਡੀਐਮ ਧਾਰਕਲ੍ਹਾਂ, ਅਰਵਿੰਦਰ ਪਾਲ ਸਿੰਘ ਡੀ।ਆਰ।ਓ। ਪਠਾਨਕੋਟ, ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਹਾਜਰ ਸਨ।

ਇਸ ਮੋਕੇ ਤੇ ਸ ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਜਿਲ੍ਹਾ ਪਠਾਨਕੋਟ ਦੇ ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜੋ ਕੇਸ ਪਿਛਲੇ ਲੰਮੇ ਸਮੇਂ ਤੋਂ ਪੈਂਡਿੰਗ ਪਏ ਹਨ ਉਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇ ਅਤੇ ਨਿਰਧਾਰਤ ਸਮੇਂ ਅੰਦਰ ਕੰਮ ਮੁਕੰਮਲ ਕੀਤੇ ਜਾਣ ਤਾਂ ਜੋ ਲੋਕਾਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭ ਵੀ ਸਮੇਂ ਸਿਰ ਮਿਲ ਸਕੇ। ਉਨ੍ਹਾਂ ਕਿਹਾ ਕਿ ਪੈਂਡਿੰਗ ਮਾਮਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਸਡਿਊਲ ਜਾਰੀ ਕੀਤਾ ਜਾਵੇ ਅਤੇ ਜਲਦੀ ਤੋਂ ਜਲਦੀ ਮਾਮਲਿਆਂ ਨੂੰ ਹੱਲ ਕੀਤਾ ਜਾਵੇ।



ਮੀਟਿੰਗ ਦੋਰਾਨ ਉਨ੍ਹਾਂ ਮੈਨੇਜਰ ਲੀਡ ਬੈਂਕ ਪਠਾਨਕੋਟ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਦੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਬੈਂਕ ਕਿਸੇ ਵਿਅਕਤੀ ਨੂੰ ਕਰਜਾ ਦਿੰਦੇ ਹਨ ਤਾਂ ਇਹ ਸਰਤ ਰੱਖਦੇ ਹਨ ਕਿ ਪਹਿਲਾ ਅਪਣੇ ਨਿਵਾਸੀ ਹੋਣ ਦਾ ਅਤੇ ਘਰ ਬਣਾਉਂਣ ਦੀ ਜਾਂਚ ਪਟਵਾਰੀ ਤੋਂ ਲਿਖਵਾ ਕੇ ਲਿਆਂਦੀ ਜਾਵੇ, ਉਨ੍ਹਾਂ ਹਦਾਇਤ ਕਰਦਿਆਂ ਕਿਹਾ ਕਿ ਅਜਿਹਾ ਕਰਕੇ ਬੈਂਕ ਨਾ ਕੇਵਲ ਉਸ ਵਿਅਕਤੀ ਦਾ ਸਮਾਂ ਬਰਬਾਦ ਕਰਦੇ ਹਨ ਉਸ ਨੂੰ ਪ੍ਰੇਸਾਨ ਵੀ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਗਰ ਕੋਈ ਬੈਂਕ ਅਜਿਹਾ ਕਰਦਾ ਪਾਇਆ ਗਿਆ ਤਾਂ ਉਨ੍ਹਾਂ ਤੇ ਵੀ ਕਾਰਵਾਈ ਕੀਤੀ ਜਾਵੇਗੀ।

ਮੀਟਿੰਗ ਦੋਰਾਨ ਜਿਲ੍ਹਾ ਚੋਣ ਦਫਤਰ ਦੀ ਮੀਟਿੰਗ ਨੂੰ ਸੰਬੋਧਤ ਕਰਦਿਆਂ ਉਨ੍ਹਾਂ ਕਿਹਾ ਕਿ ਸਾਲ 2024 ਦੀਆਂ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਨਵੀਆਂ ਵੋਟਾਂ ਬਣਾਉਂਣ, ਸੋਧ ਕਰਨ ਆਦਿ ਦਾ ਕਾਰਜ ਨਿਰਧਾਰਤ ਸਮੇਂ ਅੰਦਰ ਮੁਕੰਮਲ ਕਰ ਲਿਆਂ ਜਾਵੇ। ਉਨ੍ਹਾਂ ਦੱਸਿਆ ਕਿ ਜਿਲ੍ਹੇ ਅੰਦਰ ਵੋਟਰ ਕਾਰਡਾਂ ਨੂੰ ਅਧਾਰ ਕਾਰਡ ਨਾਲ ਲਿੰਕ ਕਰਨ ਦਾ ਵੀ ਕਾਰਜ ਕੈਂਪ ਲਗਾ ਕੇ ਕੀਤਾ ਜਾ ਰਿਹਾ ਹੈ ਅਤੇ ਬੀਐਲਓਜ ਵੱਲੋਂ ਘਰ ਘਰ ਜਾਂ ਕੇ ਵੀ ਵੋਟਰਾਂ ਦੇ ਅਧਾਰ ਕਾਰਡ ਵੋਟਰ ਕਾਰਡਾਂ ਨਾਲ ਲਿੰਕ ਕਰ ਰਹੇ ਹਨ। ਉਨ੍ਹਾਂ ਵੋਟਰਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਦਾ ਅਧਾਰ ਕਾਰਡ ਵੋਟਰ ਕਾਰਡਾਂ ਨਾਲ ਲਿੰਕ ਨਹੀਂ ਹੋਇਆ ਉਹ ਵੀ ਅਪਣਾ ਅਧਾਰ ਕਾਰਡ ਵੋਟਰ ਕਾਰਡ ਨਾਲ ਲਿੰਕ ਕਰਵਾਉਂਣ।

ਮੀਟਿੰਗ ਦੋਰਾਨ ਉਨ੍ਹਾਂ ਏਈਟੀਸੀ ਜੀਐਸਟੀ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਤਿਉਹਾਰਾਂ ਦਾ ਸੀਜਨ ਚੱਲ ਰਿਹਾ ਹੈ ਅਤੇ ਦੇਖਣ ਵਿੱਚ ਆਇਆ ਹੈ ਕਿ ਕਪੜਿਆਂ ਦੇ ਦੁਕਾਨਦਾਰਾਂ ਵੱਲੋਂ ਇਹ ਦੱਸਿਆ ਜਾਂਦਾ ਹੈ ਕਿ ਮਾਰਕਿਟ ਵਿੱਚ ਕੰਮ ਨਹੀਂ ਹੈ ਅਤੇ ਕੱਪੜਿਆਂ ਦਾ ਸਟਾਕ ਦਿਖਾ ਦਿੱਤਾ ਜਾਂਦਾ ਹੈ, ਉਨ੍ਹਾਂ ਹਦਾਇਤ ਕਰਦਿਆਂ ਕਿਹਾ ਕਿ ਜੀਐਸਟੀ ਦੀ ਜਾਂਚ ਲਈ ਇਨ੍ਹਾਂ ਦੁਕਾਨਦਾਰਾਂ ਦੇ ਰਿਕਾਰਡ ਦੀ ਵੀ ਜਾਂਚ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਮੈਡੀਕਲ ਦੁਕਾਨਾਂ ਤੇ ਵੀ ਦਵਾਈਆਂ ਤਾਂ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਹਨ ਪਰ ਪੱਕੇ ਬਿੱਲ ਦਿੱਤੇ ਜਾਣ ਤੋਂ ਗੁਰੇਜ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੁਕਾਨਾਂ ਦੀ ਵੀ ਜਾਂਚ ਕੀਤੀ ਜਾਵੇ। ਉਨ੍ਹਾਂ ਸਾਰੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਰਕਾਰ ਵੱਲੋਂ ਹਰੇਕ ਯੋਜਨਾਂ ਲੋਕ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਬਣਾਈ ਜਾਂਦੀ ਹੈ ਅਤੇ ਇਸ ਦਾ ਵਿਸੇਸ ਧਿਆਨ ਰੱਖਿਆਂ ਜਾਵੇ ਕਿ ਇਨ੍ਹਾਂ ਯੋਜਨਾਵਾਂ ਦਾ ਲਾਭ ਲੋਕਾਂ ਨੂੰ ਨਿਰਧਾਰਤ ਸਮੇਂ ਅੰਦਰ ਮਿਲਣਾ ਚਾਹੀਦਾ ਹੈ।


"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


# ਕੈਲੀਫੋਰਨੀਆ ਦੇ ਗਵਰਨਰ ਨੇ ਪਿਛਲੀ ਅੱਧੀ ਸਦੀ ਤੋਂ ਜੇਲ ਵਿਚ ਬੰਦ 74 ਸਾਲਾ ਔਰਤ ਦੀ ਪੈਰੋਲ ਉਪਰ ਰਿਹਾਈ ਰੋਕੀ

**ਸੈਕਰਾਮੈਂਟੋ 17 ਅਕਤੂਬਰ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਨੇ 1969 ਵਿਚ 7 ਹੱਤਿਆਵਾਂ ਦੇ ਜੁਰਮ ਵਿਚ ਪਿਛਲੇ 53 ਸਾਲ ਤੋਂ ਜੇਲ ਵਿਚ ਬੰਦ 74 ਸਾਲਾ ਔਰਤ ਪੈਟਰੀਸੀਆ ਕਰੇਨਵਿੰਕਲ ਦੀ ਪੈਰੋਲ ਉਪਰ ਰਿਹਾਈ ਰੋਕ ਦਿੱਤੀ ਹੈ। ਉਨਾਂ ਨੇ ਪੈਟਰੀਸੀਆ ਕਰੇਨਵਿੰਕਲ ਦੀ ਪੈਰੋਲ ਉਪਰ ਰਿਹਾਈ ਦਾ ਵਿਰੋਧ ਕਰਦਿਆਂ ਕਿਹਾ ਕਿ ਉਹ ਅਜੇ ਵੀ ਸਮਾਜ ਲਈ ਖਤਰਾ ਹੈ। ਪੈਰੋਲ ਬੋਰਡ ਨੇ ਇਸ ਸਾਲ ਮਈ ਵਿਚ ਪਹਿਲੀ ਵਾਰ ਕਰੇਨਵਿੰਕਲ ਨੂੰ ਰਿਹਾਅ ਕਰਨ ਦੀ ਸਿਫਾਰਿਸ਼ ਕੀਤੀ ਸੀ। ਉਮਰ ਕੈਦ ਦੀ ਸਜ਼ਾ ਹੋਣ ਤੋਂ ਬਾਅਦ ਕਰੇਨਵਿੰਕਲ ਵੱਲੋਂ ਪੈਰੋਲ ਉਪਰ ਰਿਹਾਅ ਕਰਨ ਦੀ ਬੇਨਤੀ 14 ਵਾਰ ਰੱਦ ਕੀਤੀ ਜਾ ਚੁੱਕੀ ਹੈ। ਨਿਊਸੋਮ ਨੇ ਪੈਰੋਲ ਉਪਰ ਰਿਹਾਈ ਦਾ ਨਿਰਨਾ ਉਲਟਾਉਂਦਿਆਂ ਕਿਹਾ ਕਿ ਆਜਾਦਾਨ ਢੰਗ ਨਾਲ ਪੁਨਰਵਿਚਾਰ ਕਰਦਿਆਂ ਸਬੂਤਾਂ ਦੇ ਮੱਦੇਨਜਰ ਇਹ ਸਿੱਟਾ ਕੱਢਿਆ ਹੈ ਕਿ ਕਰੇਨਵਿੰਕਲ ਪੈਰੋਲ ਦੇ ਯੋਗ ਨਹੀਂ ਹੈ ਤੇ ਉਸ ਨੂੰ ਇਸ ਸਮੇ ਜੇਲ ਵਿਚੋਂ ਸੁਰੱਖਿਅਤ ਰਿਹਾਅ ਨਹੀਂ ਕੀਤਾ ਜਾ ਸਕਦਾ। ਉਨਾਂ ਕਿਹਾ ਕਿ ਹੱਤਿਆਵਾਂ ਵੇਲੇ ਉਸ ਦੀ ਉਮਰ , ਇਸ ਸਮੇ ਉਸ ਦੀ ਉਮਰ ਤੇ ਜੇਲ ਵਿਚ ਉਸ ਦੇ ਸਾਕਾਰਾਤਮਿਕ ਵਿਵਹਾਰ ਦੇ ਬਾਵਜੂਦ ਉਸ ਦੀ ਪੈਰੋਲ ਉਪਰ ਰਿਹਾਈ ਨਹੀਂ ਕੀਤੀ ਜਾ ਸਕਦੀ। ਉਹ ਇਸ ਦੇ ਅਯੋਗ ਹੈ। ਕਰੇਨਵਿੰਕਲ ਨੂੰ ਅਗਸਤ 1969 ਵਿਚ ਮੈਨਸਨ ਪਰਿਵਾਰ ਉਪਰ ਹਮਲਾ ਕਰਨ ਤੇ 7 ਹੱਤਿਆਵਾਂ ਕਰਨ ਦੇ ਦੋਸ਼ਾਂ ਤਹਿਤ ਉਮਰ ਕੈਦ ਸੁਣਾਈ ਗਈ ਸੀ। ਮ੍ਰਿਤਕਾਂ ਵਿਚ ਅਦਾਕਾਰਾ ਸ਼ੈਰੋਨ ਟੇਟ ਵੀ ਸ਼ਾਮਿਲ ਸੀ ਜੋ ਉਸ ਸਮੇ ਗਰਭਵਤੀ ਸੀ। ਇਸ ਤੋਂ ਇਲਾਵਾ ਫੋਲਗਰ ਕੌਫ਼ੀ ਦੀ ਮਾਲਕਣ ਅਬੀਗੇਲ ਫੋਲਗਰ ਵੀ ਮ੍ਰਿਤਕਾਂ ਵਿਚ ਸ਼ਾਮਿਲ ਸੀ। ਕਰੇਨਵਿੰਕਲ ਨੇ ਅਦਾਲਤ ਵਿਚ ਮੰਨਿਆ ਸੀ ਕਿ ਉਸ ਨੇ ਫੋਲਲਗਰ ਨੂੰ 28 ਵਾਰ ਚਾਕੂ ਮਾਰਿਆ ਸੀ।



## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

### ਸਿੱਖ ਪਰਿਵਾਰ ਦੇ ਕਤਲ ਦਾ ਮਾਮਲਾ

# ਸ਼ੱਕੀ ਦੋਸ਼ੀ ਸਲਗਾਡੋ ਵਲੋਂ ਦੋਸ਼ੀ ਨਹੀਂ ਹੈ ਦੀ ਅਰਜੀ ਦਾਇਰ ਨਾਲ ਸਿੱਖ ਭਾਈਚਾਰਾ ਹੈਰਾਨ, ਕੇਸ ਨੂੰ ਲਮਕਾਉਣ ਦਾ ਢੰਗ

**ਸੈਕਰਾਮੈਂਟੋ 14 ਅਕਤੂਬਰ–** ਕੈਲੀਫੋਰਨੀਆ ਵਿਚ ਇਕ ਪੰਜਾਬੀ ਸਿੱਖ ਪਰਿਵਾਰ ਦੇ 4 ਜੀਆਂ ਦੀਆਂ ਬੇਰਹਿਮੀ ਨਾਲ ਹੱਤਿਆਵਾਂ ਕਰਨ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਹਸੂਸ ਸਲਗਾਡੋ ਨੇ ਅਦਾਲਤ ਵਿਚ ਅਰਜੀ ਦਾਇਰ ਕਰਕੇ ਕਿਹਾ ਹੈ ਕਿ ਉਹ ਦੋਸ਼ੀ ਨਹੀਂ ਹੈ ਜਿਸ ਕਰਕੇ ਪੰਜਾਬੀ ਸਿੱਖ ਭਾਈਚਾਰੇ ਦੇ ਨਾਲ ਨਾਲ ਅਮਰੀਕਨ ਅਦਾਲਤੀ ਤੇ ਪ੍ਰਸ਼ਾਸ਼ਨ ਵੀ ਹੈਰਾਨ ਹੈ। ਜਦੋਂ ਕਿ ਉਸ ਵਲੋਂ ਸ਼ਰੇਆਮ ਗੰਨ ਦੇ ਡਰਾਵੇ ਨਾਲ ਪਹਿਲਾਂ ਦੋਨਾਂ ਭਰਾਵਾਂ ਜਸਦੀਪ ਸਿੰਘ ਤੇ ਅਮਨਦੀਪ ਸਿੰਘ ਅਗ਼ਵਾ ਕੀਤਾ ਜਾਂਦਾ ਹੈ ਤੇ ਫਿਰ ਬੱਚੀ ਅਰੂਹੀ ਢੇਰੀ ਤੇ ਉਸ ਦੀ ਮਾਂ ਜਸਲੀਨ ਕੌਰ ਨੂੰ ਵੀਡੀਓ ਵਿੱਚ ਰਿਕਾਰਡ ਹੁੰਦਾ ਹੈ, ਪਰ ਦੂਸਰੇ ਪਾਸੇ ਕਾਨੂੰਨ ਮਾਹਿਰ ਇਹ ਕਹਿ ਰਹੇ ਹਨ ਕਿ ਇਸ ਵਿੱਚ ਵੀ ਉਸਦੀ ਕੋਈ ਹੋਰ ਮਨਸ਼ਾ ਹੈ ਤੇ ਉਹ ਘਟਨਾ ਦਾ ਅੰਜਾਮ ਸਮਝਦਾ ਹੈ ਤੇ ਉਸਨੇ ਕੇਸ ਨੂੰ ਲਮਕਾਉਣ ਲਈ ਹੀ ਅਜਿਹਾ ਕੀਤਾ ਹੈ। ਸਲਗਾਡੋ ਵਿਰੁੱਧ 8 ਮਹੀਨਿਆਂ ਦੀ ਬੱਚੀ ਅਰੂਹੀ ਢੇਰੀ, ਉਸ ਦੀ ਮਾਂ ਜਸਲੀਨ ਕੌਰ, ਪਿਤਾ ਜਸਦੀਪ ਸਿੰਘ ਤੇ ਤਾਏ ਅਮਨਦੀਪ ਸਿੰਘ ਦੀਆਂ ਹੱਤਿਆਵਾਂ ਕਰਨ ਦੇ ਮਾਮਲੇ ਵਿਚ ਫਸਟ ਡਿਗਰੀ ਕਤਲ ਦੇ 4 ਦੋਸ਼ ਆਇਦ ਕੀਤੇ ਗਏ ਹਨ। ਇਸਤਗਾਸਾ ਪੱਖ ਨੇ ਸਲਗਾਡੋ ਵਿਰੁੱਧ ਅਗਵਾ ਕਰਨ ਦੇ ਵਿਸ਼ੇਸ਼ ਦੋਸ਼ ਵੀ ਲਾਏ ਗਏ ਹਨ ਜਿਨਾਂ ਵਿਚ ਕਿਹਾ ਗਿਆ ਹੈ ਕਿ ਉਸ ਨੇ ਪਰਿਵਾਰ ਨੂੰ ਹਥਿਆਰਾਂ ਦੀ ਨੋਕ 'ਤੇ ਜਬਰਦਸਤੀ ਅਗਵਾ ਕੀਤਾ ਜਿਨਾਂ ਦੀਆਂ ਬਾਅਦ ਵਿਚ ਲਾਸ਼ਾਂ ਬਰਾਮਦ ਹੋਈਆਂ।

# ਭੁਲੱਕੜ ਨਾਨਾ ਆਪਣੀ ਇਕ ਸਾਲ ਦੀ ਦੋਹਤੀ ਨੂੰ ਕਾਰ ਵਿਚ ਛੱਡ ਕੇ ਚਲਾ ਗਿਆ

**ਸੈਕਰਾਮੈਂਟੋ 14 ਅਕਤੂਬਰ–** ਫਲੋਰਿਡਾ ਵਿਚ ਇਕ ਵਿਅਕਤੀ ਕਿਰਾਏ 'ਤੇ ਲਈ ਕਾਰ ਵਿਚ ਆਪਣੀ ਇਕ ਸਾਲ ਦੀ ਦੋਹਤੀ ਨੂੰ ਛੱਡ ਕੇ ਚੱਲਾ ਗਿਆ। 62 ਸਾਲਾ ਵਿਅਕਤੀ ਡੇਵਿਡ ਟੌਨਰ ਨੇ ਕਿਰਾਏ 'ਤੇ ਲਈ ਕਾਰ ਡੇਟੋਨਾ ਬੀਚ ਇੰਟਰਨੈਸ਼ਨਲ ਏਅਰਪੋਰਟ 'ਤੇ ਛੱਡ ਦਿੱਤੀ ਤੇ ਉਹ ਭੁੱਲ ਗਿਆ ਕਿ ਪਿਛਲੀ ਸੀਟ ਉਪਰ ਉਸ ਦੀ ਇਕ ਸਾਲ ਦੀ ਦੋਹਤੀ ਵੀ ਉਸ ਦੇ ਨਾਲ ਹੈ। ਡੇਵਿਡ ਦੀ ਧੀ ਨੇ ਹਵਾਈ ਅੱਡੇ ਤੋਂ ਉਸ ਨੂੰ ਆਪਣੀ ਕਾਰ ਵਿਚ ਬਿਠਾਇਆ ਤੇ ਨਾਲ ਲੈ ਗਈ। ਰਸਤੇ ਵਿਚ ਉਸ ਨੇ ਆਪਣੀ ਨਨੀ ਧੀ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਉਹ ਘਰ ਹੈ। ਵੋਲੂਸੀਆ ਕਾਊਂਟੀ ਦੇ ਸ਼ੈਰਿਫ ਦਫਤਰ ਦੇ ਜਾਂਚਕਾਰਾਂ ਅਨੁਸਾਰ



ਹਰਟਜ਼ ਰੈਂਟਲ ਕਾਰ ਫੈਸਿਲਿਟੀ ਵਿਖੇ ਛੱਡੀ ਕਾਰ ਵਿਚ ਬੱਚੀ ਉਪਰ ਨਜਰ ਇਕ ਵਰਕਰ ਦੀ ਪਈ ਜਿਸ ਨੇ ਤੁਰੰਤ ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ। ਬੱਚੀ ਨੂੰ ਕਾਰ ਵਿਚੋਂ ਕੱਢਿਆ ਗਿਆ ਤੇ ਉਸ ਨੂੰ ਡਾਕਟਰੀ ਸਹਾਇਤਾ ਦਿੱਤੀ ਗਈ। ਸ਼ੈਰਿਫ ਦਫਤਰ ਦੇ ਬੁਲਾਰੇ ਐਂਡਰੀਊ ਗਾਂਟ ਅਨੁਸਾਰ ਜਦੋਂ ਬੱਚੀ ਕਾਰ ਵਿਚੋਂ ਕੱਢੀ ਗਈ ਤਾਂ ਉਸ ਦਾ ਚਿਹਰਾ ਗਰਮ ਸੀ ਤੇ ਅੱਖਾਂ ਖੁਸ਼ਕ ਸਨ ਪਰੰਤੂ ਉਹ ਸਾਹ ਆਮ ਵਾਂਗ ਲੈ ਰਹੀ ਸੀ। ਉਸ ਸਮੇ ਪਾਰਕਿੰਗ ਵਾਲੇ ਸਥਾਨ 'ਤੇ ਤਾਪਮਾਨ 80 ਡਿਗਰੀ ਸੀ। ਨਾਨੇ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਵਿਰੁੱਧ ਬੱਚੀ ਪ੍ਰਤੀ ਅਣਗਹਿਲੀ ਵਰਤਣ ਦੇ ਦੋਸ਼ ਆਇਦ ਕੀਤੇ ਗਏ ਹਨ ਜੋ ਫਲੋਰਿਡਾ ਵਿਚ ਇਕ ਵੱਡਾ ਜੁਰਮ ਮੰਨਿਆ ਜਾਂਦਾ ਹੈ।


# ਅਮਰੀਕਾ ਦੇ ਇਕ ਸਕੂਲ ਵਿਚ ਹੱਤਿਆਵਾਂ ਕਰਨੀ ਚਾਹੁੰਦੀ ਸੀ ਅਧਿਆਪਕਾ, ਪੁਲਿਸ ਨੇ ਹਿਰਾਸਤ ਵਿਚ ਲਿਆ

**ਸੈਕਰਾਮੈਂਟੋ 15 ਅਕਤੂਬਰ–** ਅਮਰੀਕਾ ਦੇ ਇੰਡਿਆਨਾ ਰਾਜ ਦੇ ਇਕ ਸਕੂਲ ਦੀ ਅਧਿਆਪਕਾ ਦੀ ਵਿਦਿਆਰਥੀਆਂ ਤੇ ਸਟਾਫ ਦੀਆਂ ਹੱਤਿਆਵਾਂ ਕਰਨ ਤੋਂ ਬਾਅਦ ਖੁਦ ਵੱਲੋਂ ਖੁਦਕੁੱਸ਼ੀ ਕਰਨ ਦੀ ਯੋਜਨਾ ਸੀ ਪਰੰਤੂ ਸਮੇ ਸਿਰ ਪਤਾ ਲੱਗ ਜਾਣ ਕਾਰਨ ਕੋਈ ਅਣਹੋਣੀ ਵਾਪਰਨ ਤੋਂ ਪਹਿਲਾਂ ਹੀ ਪੁਲਿਸ ਨੇ ਅਧਿਆਪਕਾ ਨੂੰ ਹਿਰਾਸਤ ਵਿਚ ਲੈ ਲਿਆ। ਈਸਟ ਸ਼ਿਕਾਗੋ ਪੁਲਿਸ ਵਿਭਾਗ ਅਨੁਸਾਰ ਇਕ ਵਿਦਿਆਰਥੀ ਵੱਲੋਂ ਅਧਿਆਪਕ ਦੇ ਇਰਾਦੇ ਬਾਰੇ ਸਕੂਲ ਦੇ ਇਕ ਸਲਾਹਕਾਰ ਨੂੰ ਦੱਸਿਆ ਗਿਆ। ਇਸ ਵਿਦਿਆਰਥੀ ਨੇ ਦਸਿਆ ਕਿ ਅਧਿਆਪਕਾ ਨੇ 'ਕਿਲ ਲਿਸਟ' ਵੀ ਬਣਾਈ ਹੈ। ਸੂਚਨਾ ਮਿਲਣ 'ਤੇ ਪੁਲਿਸ ਸੇਂਟ ਸਟੇਨਿਸਲੌਸ ਕੈਥੋਲਿਕ ਐਲੀਮੈਂਟਰੀ ਸਕੂਲ ਵਿਚ ਸ਼ਾਮ 5 ਵਜੇ ਪੁੱਜੀ ਜਿਥੇ ਪ੍ਰਿੰਸੀਪਲ ਤੇ ਸਹਾਇਕ ਪ੍ਰਿੰਸੀਪਲ ਨੇ ਪੁਲਿਸ ਅਧਿਕਾਰੀਆਂ ਨੂੰ ਦਸਿਆ ਕਿ ਪੰਜਵੀਂ ਸ਼੍ਰੇਣੀ ਦੇ ਇਕ ਵਿਦਿਆਰਥੀ ਨੇ ਦਸਿਆ ਕਿ ਉਸ ਨੇ ਅਧਿਆਪਕਾ ਨੂੰ ਇਹ ਕਹਿੰਦਿਆਂ ਸੁਣਿਆ ਹੈ ਕਿ ਉਹ ਸਕੂਲ ਵਿਚ




ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੂੰ ਮਾਰਨ ਉਪਰੰਤ ਖੁਦ ਨੂੰ ਵੀ ਮਾਰ ਲਵੇਗੀ। ਵਿਦਿਆਰਥੀ ਨੇ ਦਸਿਆ ਕਿ ਅਧਿਆਪਕਾ ਨੇ ਕਥਿੱਤ ਤੌਰ 'ਤੇ ਇਕ 'ਕਿਲ ਲਿਸਟ' ਵੀ ਬਣਾਈ ਹੈ ਜਿਸ ਵਿਚ ਉਸ ਦਾ ਨਾਂ ਸਭ ਤੋਂ ਹੇਠਾਂ ਲਿਖਿਆ ਹੋਇਆ ਹੈ। ਪ੍ਰਿੰਸੀਪਲ ਅਨੁਸਾਰ ਅਧਿਆਪਕਾ ਨੂੰ ਤੁਰੰਤ ਕਲਾਸ ਰੂਮ ਵਿਚੋਂ ਹਟਾ ਦਿੱਤਾ ਗਿਆ ਜਿਸ ਨੂੰ ਬਾਅਦ ਵਿਚ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ। ਪੁਲਿਸ ਨੇ ਉਸ ਕੋਲੋਂ 'ਕਿਲ ਲਿਸਟ' ਵੀ ਬਰਾਮਦ ਕਰ ਲਈ ਹੈ। ਸਕੂਲ ਨੇ ਜਾਰੀ ਇਕ ਵੱਖਰੇ ਬਿਆਨ ਵਿਚ ਕਿਹਾ ਹੈ ਕਿ ਵਿਦਿਆਰਥੀਆਂ ਤੇ ਸਟਾਫ ਦੀ ਸੁਰੱਖਿਆ ਸਾਡੀ ਉੱਚ ਤਰਜੀਹ ਹੈ। ਪੁਲਿਸ ਨੇ ਭਰੋਸਾ ਦਿੱਤਾ ਹੈ ਕਿ ਸਕੂਲ ਦੀ ਇਮਾਰਤ ਸੁਰੱਖਿਅਤ ਹੈ ਤੇ ਕਲ ਤੋਂ ਕਲਾਸਾਂ ਆਮ ਵਾਂਗ ਲਾਈਆਂ ਜਾ ਸਕਦੀਆਂ ਹਨ। ਪੁਲਿਸ ਨੇ ਕਿਹਾ ਹੈ ਕਿ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਜਿਸ ਉਪਰੰਤ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਅਦਾਕਾਰ ਕਾਲਨ ਵਾਕਰ ਨੂੰ ਜਬਰਜਨਾਹ ਦੇ ਮਾਮਲੇ ਵਿਚ 50 ਸਾਲ ਦੀ ਜੇਲ ਦੀ ਸਜ਼ਾ



**ਸੈਕਰਾਮੈਂਟੋ 19 ਅਕਤੂਬਰ–** 2018 ਵਿਚ ਆਈ 'ਸੁਪਰਫਲਾਈ' ਫਿਲਮ ਵਿਚ ਅਦਾਕਾਰ ਵਜੋਂ ਭੂਮਿਕਾ ਨਿਭਾਉਣ ਵਾਲੇ ਕਾਲਨ ਵਾਕਰ ਨੂੰ ਜਬਰਜਨਾਹ ਦੇ ਮਾਮਲੇ ਵਿਚ 50 ਸਾਲ ਜੇਲ ਦੀ ਸਜ਼ਾ ਸੁਣਾਈ ਗਈ ਹੈ। ਔਰਤਾਂ ਤੇ ਨਬਾਲਗ ਕੁੜੀਆਂ ਉਸ ਦੀ ਹਵਸ ਦਾ ਸ਼ਿਕਾਰ ਬਣੀਆਂ। ਉਸ ਨੂੰ 11 ਦੋਸ਼ਾਂ ਵਿਚੋਂ 8 ਦੋਸ਼ਾਂ ਲਈ ਦੋਸ਼ੀ ਕਰਾਰ ਦਿੱਤਾ। ਅਦਾਲਤ ਨੇ ਕਾਲਨ ਵਾਕਰ ਨੂੰ ਹੋਰ ਦੋਸ਼ਾਂ ਤੋਂ ਇਲਾਵਾ ਹਵਸ ਦੀ ਪੂਰਤੀ ਲਈ ਜਬਰਦਸਤੀ ਕਰਨ, ਹਮਲਾ ਕਰਨ ਤੇ ਨਸ਼ੇ ਦੀ ਹਾਲਤ ਵਿਚ ਜਬਰ-ਜਨਾਹ ਕਰਨ ਦਾ ਦੋਸ਼ੀ ਪਾਇਆ। ਅਦਾਲਤ ਦੇ ਫੈਸਲੇ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਾਲਨ ਦੇ ਵਕੀਲ ਐਂਡਰੀਊ ਫਲੀਰ ਨੇ ਕਿਹਾ ਹੈ ਕਿ ਅਦਾਕਾਰ ਨੇ ਵਾਰ- ਵਾਰ ਆਪਣੇ ਆਪ ਨੂੰ ਨਿਰਦੋਸ਼ ਦਸਿਆ ਸੀ। ਉਸ ਨੂੰ ਇਨਸਾਫ ਨਹੀਂ ਮਿਲਿਆ। ਅਦਾਲਤ ਨੇ ਕਈ ਅਹਿਮ ਮੁੱਦਿਆਂ ਵੱਲ ਧਿਆਨ ਨਹੀਂ ਦਿੱਤਾ। ਉਨਾਂ ਕਿਹਾ ਕਿ ਫੈਸਲੇ ਵਿਰੁੱਧ ਅਪੀਲ ਕੀਤੀ ਜਾਵੇਗੀ ।

# ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਮਾਮਲਾ: ਸ਼੍ਰੋਮਣੀ ਕਮੇਟੀ ਨੇ ਸੁਪਰੀਮ ਕੋਰਟ 'ਚ ਨਜ਼ਰਸਾਨੀ ਪਟੀਸ਼ਨ ਪਾਈ: ਧਾਮੀ

**ਅੰਮ੍ਰਿਤਸਰ–** ਸ਼੍ਰੋਮਣੀ ਕਮੇਟੀ ਨੇ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਖ਼ਿਲਾਫ਼ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਵਾਸਤੇ ਜਨਰਲ ਇਜਲਾਸ 9 ਨਵੰਬਰ ਨੂੰ ਸੱਦਿਆ ਗਿਆ ਹੈ। ਇਹ ਖੁਲਾਸਾ ਅੱਜ ਇੱਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਕੀਤੀ। ਮੀਡੀਆ ਨਾਲ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਸੁਪਰੀਮ ਕੋਰਟ ਵੱਲੋਂ ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਕਮੇਟੀ ਐਕਟ ਨੂੰ ਮਾਨਤਾ ਦੇਣ ਦੇ ਫੈਸਲੇ ਖ਼ਿਲਾਫ਼ ਸ਼੍ਰੋਮਣੀ ਕਮੇਟੀ ਵੱਲੋਂ ਸੁਪਰੀਮ ਕੋਰਟ ਵਿੱਚ ਨਜ਼ਰਸਾਨੀ ਪਟੀਸ਼ਨ ਦਾਇਰ ਕਰ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਹਰਿਆਣਾ ਦੇ ਮੈਂਬਰ ਹਰਭਜਨ ਸਿੰਘ ਮਸਾਣਾ ਵੱਲੋਂ ਵੀ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਗਈ ਹੈ। ਹਰਿਆਣਾ ਵਿੱਚ ਵੱਖਰੀ ਕਮੇਟੀ ਦੇ ਮਾਮਲੇ ਵਿਚ ਪਹਿਲਾਂ ਵੀ ਹਰਭਜਨ ਸਿੰਘ ਮਸਾਣਾ ਵੱਲੋਂ ਹੀ ਪਟੀਸ਼ਨ ਦਾਇਰ ਕੀਤੀ ਹੋਈ ਸੀ, ਜਿਸ ਬਾਰੇ ਸੁਪਰੀਮ ਕੋਰਟ ਵੱਲੋਂ ਫ਼ੈਸਲਾ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸੇ ਮਾਮਲੇ ਵਿੱਚ ਸਿੱਖ ਵਿਦਵਾਨਾਂ ਅਤੇ ਸਿੱਖ ਵਕੀਲਾਂ ਦੀ ਮੀਟਿੰਗ ਅਗਲੇ ਦਿਨਾਂ ਵਿੱਚ ਜਲਦੀ ਹੀ ਸੱਦੀ ਜਾ ਰਹੀ ਹੈ। ਇਹ ਮੀਟਿੰਗ ਅੰਮ੍ਰਿਤਸਰ ਜਾ ਚੰਡੀਗੜ੍ਹ ਵਿਖੇ ਹੋਵੇਗੀ, ਜਿਸ ਵਿਚ ਮਾਹਰਾਂ ਦੀ ਰਾਇ ਲੈਣ ਤੋਂ ਬਾਅਦ ਇਸ ਮਾਮਲੇ ਵਿਚ ਅਗਲੀ ਰਣਨੀਤੀ ਉਲੀਕੀ ਜਾਵੇਗੀ। ਉਨ੍ਹਾਂ ਦੱਸਿਆ ਕਿ 27 ਅਕਤੂਬਰ ਨੂੰ ਦਰਬਾਰ ਸਾਹਿਬ ਸਮੂਹ ਦੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਸ਼ਹੀਦੀ ਸਾਕਾ ਪੰਜਾ ਸਾਹਿਬ ਦੇ ਸ਼ਤਾਬਦੀ ਸਮਾਗਮ ਸਬੰਧੀ ਹੋਣ ਵਾਲੇ ਸਮਾਗਮ ਵਿੱਚ ਵੀ ਜਨਤਕ ਤੌਰ 'ਤੇ ਇਹ ਸਾਰੇ ਮਾਮਲੇ ਵਿਚਾਰੇ ਜਾਣਗੇ।

ਬੰਦੀ ਸਿੱਖਾਂ ਦੀ ਰਿਹਾਈ ਦੇ ਮਾਮਲੇ ਵਿੱਚ ਵੀ ਸ਼੍ਰੋਮਣੀ ਕਮੇਟੀ ਵੱਲੋਂ ਪੰਜ ਮੈਂਬਰੀ ਵਕੀਲਾਂ ਦੀ ਇੱਕ ਕਮੇਟੀ ਬਣਾਈ ਗਈ ਹੈ। ਇਸ ਦੌਰਾਨ ਉਨ੍ਹਾਂ ਹਰਿਆਣਾ ਵਿੱਚ ਵੱਖਰੀ ਕਮੇਟੀ ਦੇ ਪ੍ਰਧਾਨ ਹੋਣ ਦੇ ਵੱਖ ਵੱਖ ਦਾਅਵੇ ਕਰ ਰਹੇ ਆਗੂਆਂ ਨੂੰ ਆਖਿਆ ਕਿ ਉਹ ਇਸ ਮਾਮਲੇ ਨੂੰ ਲੈ ਕੇ ਅਕਾਲ ਤਖ਼ਤ ਤੇ ਆਉਣ ਅਤੇ ਮਿਲ ਬੈਠ ਕੇ ਇਸ ਸਮੁੱਚੇ ਮਾਮਲੇ ਦਾ ਹੱਲ ਕੀਤਾ ਜਾਵੇ।

# ਭਾਰਤ ਵਿੱਚ ਏ ਕੇ 203 ਅਸਾਲਟ ਰਾਈਫਲਾਂ ਦਾ ਉਤਪਾਦਨ ਸਾਲ ਦੇ ਅੰਤ ਤਕ ਹੋਵੇਗਾ ਸ਼ੁਰੂ: ਰੂਸੀ ਅਧਿਕਾਰੀ

**ਨਵੀਂ ਦਿੱਲੀ–** ਭਾਰਤ-ਰੂਸ ਦੇ ਸਾਂਝੇ ਉੱਦਮ ਤਹਿਤ ਇਸ ਸਾਲ ਦੇ ਅੰਤ ਤੱਕ ਉੱਤਰ ਪ੍ਰਦੇਸ਼ ਵਿੱਚ ਏਕੇ-203 ਅਸਾਲਟ ਰਾਈਫਲਾਂ ਦਾ ਨਿਰਮਾਣ ਸ਼ੁਰੂ ਹੋ ਜਾਵੇਗਾ। ਸੀਨੀਅਰ ਰੂਸੀ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਇੰਡੋ-ਰਸ਼ੀਆ ਰਾਈਫਲਜ਼ ਪ੍ਰਾਈਵੇਟ ਲਿਮਟਿਡ ਦੀ ਸਥਾਪਨਾ 2019 ਵਿੱਚ ਅਮੇਠੀ ਜ਼ਿਲ੍ਹੇ ਦੀ ਕੋਰਵਾ ਆਰਡੀਨੈਂਸ ਫੈਕਟਰੀ ਵਿੱਚ ਰੂਸੀ ਕਲਾਸ਼ਨੀਕੋਵ ਅਸਾਲਟ ਰਾਈਫਲਾਂ ਦੇ ਉਤਪਾਦਨ ਲਈ ਕੀਤੀ ਗਈ ਸੀ।

ਰੋਸੋਬੋਰੋਨਐਕਸਪੋਰਟ ਦੇ ਡਾਇਰੈਕਟਰ ਜਨਰਲ ਅਲੈਗਜ਼ੈਂਡਰ ਮਿਖੀਵ ਨੇ ਕਿਹਾ, “ਕੋਰਵਾ ਆਰਡੀਨੈਂਸ ਫੈਕਟਰੀ 2022 ਦੇ ਅੰਤ ਤੱਕ ਕਲਾਸ਼ਨੀਕੋਵ ਏਕੇ-203 ਅਸਾਲਟ ਰਾਈਫਲਾਂ ਦਾ ਨਿਰਮਾਣ ਸ਼ੁਰੂ ਕਰਨ ਲਈ ਤਿਆਰ ਹੈ। ਰੋਸੋਬੋਰੋਨਐਕਸਪੋਰਟ ਰੂਸ ਵੱਲੋਂ ਸੰਚ-ਾਲਿਤ ਰੱਖਿਆ ਸੰਸਥਾ ਹੈ ਜੋ ਵਿਦੇਸ਼ੀ ਮੁਲਕਾਂ ਸਮੇਤ ਵੱਖ-ਵੱਖ ਪ੍ਰਮੁੱਖ ਫੌਜੀ ਪ੍ਰਾਜੈਕਟਾਂ ਦੀ ਨਿਗਰਾਨੀ ਕਰਦੀ ਹੈ। ਮਿਖੀਵ ਨੇ ਕਿਹਾ ਕਿ ਉਨ੍ਹਾਂ ਦੀ ਯੋਜਨਾ ਵਿੱਚ ਭਾਰਤ ਵਿੱਚ ਰੂਸੀ ਅਸਾਲਟ ਰਾਈਫਲਾਂ ਦੇ ਉਤਪਾਦਨ ਦਾ 100 ਫੀਸਦੀ ਸਥਾਨੀਕਰਨ ਸ਼ਾਮਲ ਹੈ।

ਭਵਿੱਖ ਵਿੱਚ, ਸੰਯੁਕਤ ਉੱਦਮ ਤਹਿਤ ਕਲਾਸ਼ਨੀਕੋਵ ਅਸਾਲਟ ਰਾਈਫਲ ਪਲੇਟਫਾਰਮ 'ਤੇ ਅਧਾਰਤ ਉੱਨਤ ਰਾਈਫਲਾਂ ਦਾ ਉਤਪਾਦਨ ਵਧਾਇਆ ਜਾ ਸਕਦਾ ਹੈ। ਇਹ ਕੰਪਨੀ ਗਾਂਧੀਨਗਰ ਵਿਚ ਚਲ ਰਹੇ 5 ਦਿਨਾਂ ਡਿਫੈਂਸ ਐਕਸਪੋ ਵਿੱਚ ਹਿੱਸਾ ਲੈ ਰਹੀ ਹੈ ਅਤੇ ਇਹ ਐਕਸਪੋ 18 ਅਕਤੂਬਰ ਤੋਂ ਸ਼ੁਰੂ ਹੋਇਆ ਹੈ।

# ਕੈਲੀਫੋਰਨੀਆ ਵਿਚ ਕਈ ਹੱਤਿਆਵਾਂ ਲਈ ਜਿੰਮੇਵਾਰ ਪਿਛਲੇ ਡੇਢ ਸਾਲ ਤੋਂ ਫਰਾਰ ਸ਼ੱਕੀ ਦੋਸ਼ੀ ਗ੍ਰਿਫਤਾਰ

**ਸੈਕਰਾਮੈਂਟੋ 16 ਅਕਤੂਬਰ–** ਕੇਂਦਰੀ ਕੈਲੀਫੋਰਨੀਆ ਵਿਚ ਹੱਤਿਆਵਾਂ ਦੀਆਂ ਕਈ ਵਾਰਦਾਤਾਂ ਵਿਚ ਸ਼ਾਮਿਲ ਸ਼ੱਕੀ ਦੋਸ਼ੀ ਜਿਸ ਦੀ ਪਿਛਲੇ ਤਕਰੀਬਨ ਡੇਢ ਸਾਲ ਤੋਂ ਪੁਲਿਸ ਨੂੰ ਤਲਾਸ਼ ਸੀ, ਨੂੰ ਕਾਬੂ ਕਰ ਲਿਆ ਹੈ। ਸਟਾਕਟਨ ਦੇ ਪੁਲਿਸ ਮੁੱਖੀ ਸਟੇਨਲੇਅ ਮੈਕਫੇਡਨ ਨੇ ਪੱਤਰਕਾਰਾਂ ਨੂੰ ਇਹ ਜਾਣਕਾਰੀ ਦਿੰਦਿਆਂ ਦਸਿਆ ਕਿ ਸ਼ੱਕੀ ਦੋਸ਼ੀ 43 ਸਾਲਾ ਵੈਸਲੇਅ



ਬਰਾਊਨਲੀ ਦੀ ਪੁਲਿਸ ਨਿਰੰਤਰ ਭਾਲ ਕਰ ਰਹੀ ਸੀ। ਉਸ ਦੀਆਂ ਗਤੀਵਿਧੀਆਂ ਉਪਰ ਨਜਰ ਰਖੀ ਜਾ ਰਹੀ ਸੀ। ਲੰਘੇ ਦਿਨ ਦੁਪਹਿਰ ਤਕਰੀਬਨ 2 ਵਜੇ ਦੇ ਆਸਪਾਸ ਸਟਾਕਟਨ ਪੁਲਿਸ ਨੂੰ ਕਿਸੇ ਨੇ ਉਸ ਦੇ ਖੇਤਰ ਵਿਚ ਹੋਣ ਬਾਰੇ ਜਾਣਕਾਰੀ ਦਿੱਤੀ। ਪੁਲਿਸ ਨੇ ਤੁਰੰਤ ਉਸ ਦਾ ਪਿੱਛਾ ਕੀਤਾ ਤੇ ਉਸ ਨੂੰ ਹਥਿਆਰ ਸਮੇਤ ਕਾਬੂ ਕਰ ਲਿਆ ਗਿਆ। ਪੁਲਿਸ ਮੁੱਖੀ ਅਨੁਸਾਰ ਜਿਸ ਸਮੇ ਉਸ ਨੂੰ ਹਿਰਾਸਤ ਵਿਚ ਲਿਆ ਉਸ ਸਮੇ ਵੀ ਉਹ 'ਕਿਲਿੰਗ ਮਿਸ਼ਨ' ਤੇ ਸੀ। ਉਨਾਂ ਕਿਹਾ ਕਿ ਅਸੀਂ ਉਸ ਨੂੰ ਗ੍ਰਿਫਤਾਰ ਕਰਕੇ ਹੋਰ ਜਾਨਾਂ ਬਚਾ ਲਈਆਂ ਹਨ। ਉਸ ਕੋਲੋਂ ਇਕ ਹੈਂਡਗੰਨ ਵੀ ਬਰਾਮਦ ਹੋਈ ਹੈ। ਪੁਲਿਸ ਅਨੁਸਾਰ ਵੈਸਲੇਅ ਬਰਾਊਨਲੀ ਦਾ ਹੱਤਿਆਵਾਂ ਕਰਨ ਦਾ ਲੰਬਾ ਰਿਕਾਰਡ ਹੈ। ਅਪ੍ਰੈਲ 2021 ਵਿਚ ਓਕਲੈਂਡ ਵਿਚ ਇਕ ਵਿਅਕਤੀ ਦੀ ਹੱਤਿਆ ਹੋਈ ਸੀ। ਇਸ ਦੇ ਕੁਝ ਦਿਨ ਬਾਅਦ ਸਟਾਕਟਨ ਵਿਚ ਇਕ 46 ਸਾਲਾ ਔਰਤ ਨੂੰ ਗੋਲੀਆਂ ਮਾਰ ਕੇ ਜਖਮੀ ਕਰ ਦਿੱਤਾ ਗਿਆ ਸੀ। ਇਸ ਦੇ ਇਕ ਸਾਲ ਬਾਅਦ ਗੋਲੀ ਚੱਲਣ ਦੀਆਂ ਕਈ ਘਟਨਾਵਾਂ ਵਾਪਰੀਆਂ ਜਿਨਾਂ ਵਿਚ ਕਈ ਜਾਨਾਂ ਗਈਆਂ। ਸਟਾਕਟਨ ਵਿਚ 5 ਹੱਤਿਆਵਾਂ ਹੋਈਆਂ। ਇਹ ਹੱਤਿਆਵਾਂ 8 ਜੁਲਾਈ ਤੋਂ 27 ਸਤੰਬਰ ਦਰਮਿਆਨ ਕੁਝ ਮੀਲਾਂ ਦੀ ਦੂਰੀ 'ਤੇ ਵੱਖ ਵਖ ਥਾਵਾਂ 'ਤੇ ਹੋਈਆਂ। ਮ੍ਰਿਤਕਾਂ ਵਿਚ 6 ਮਰਦ ਸ਼ਾਮਿਲ ਸਨ। ਇਕ ਔਰਤ ਜੋ ਗੋਲੀਬਾਰੀ ਵਿਚ ਬਚ ਗਈ ਸੀ, ਘਟਨਾ ਦੀ ਚਸ਼ਮਦੀਦ ਗਵਾਹ ਹੈ। ਸ਼ੱਕੀ ਦੋਸ਼ੀ ਆਮ ਤੌਰ 'ਤੇ ਬੇਘਰੇ ਲੋਕਾਂ ਨੂੰ ਨਿਸ਼ਾਨਾ ਬਣਾਉਂਦਾ ਸੀ। ਪੁਲਿਸ ਮੁੱਖੀ ਨੇ ਦਸਿਆ ਕਿ ਸ਼ੱਕੀ ਦੋਸ਼ੀ ਦੀ ਤਸਵੀਰ ਅਪਰਾਧ ਵਾਲੇ ਕਈ ਸਥਾਨਾਂ 'ਤੇ ਸੀ ਸੀ ਟੀਵੀ ਕੈਮਰਿਆਂ ਵਿਚ ਕੈਦ ਹੋਈ ਸੀ ਪਰੰਤੂ ਪੁਲਿਸ ਨੂੰ ਉਸ ਨੂੰ ਗ੍ਰਿਫਤਾਰ ਕਰਨ ਲਈ ਉਚਿੱਤ ਮੌਕੇ ਦੀ ਤਲਾਸ਼ ਸੀ ਜੋ ਸਥਾਨਕ ਵਾਸੀਆਂ ਦੀ ਹੁਸ਼ਿਆਰੀ ਸਦਕਾ ਮਿਲ ਗਿਆ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ 'ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

**ਸ੍ਰੀ ਗੁਰੂ ਰਵਿਦਾਸ ਸਭਾ**
**ਬੇ-ਏਰੀਆ (ਕੈਲੋਫਰਨੀਆ)**



Vinod Kumar Chumber
(Chairman) 510-953-9800



Ram Lubhaya (President)
408-449-1105



Naresh Kumar (Secretary)
510-857-4551



Sohan Singh Dhanda (Treasurer)
510-200-6649


















# ਪੰਜਾਬੀ ਪਰਿਵਾਰ ਦੇ ਕਤਲ ਕੀਤੇ ਗਏ ਚਾਰੇ ਜੀਆਂ ਦਾ ਅੰਤਿਮ ਸੰਸਕਾਰ ਮਰਸਿਡ ਦੇ ਲਾਗਲੇ ਸ਼ਹਿਰ ਟਰਲੱਕ ਵਿੱਚ ਕਰ ਦਿੱਤਾ ਗਿਆ





**ਸੈਕਰਾਮੈਂਟੋ ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅੱਜ ਬੀਤੇ ਦਿਨੀਂ ਮਰਸਿਡ ਸ਼ਹਿਰ ਚ ਇਕ ਸਿਰਫਿਰੇ ਵਲੋਂ ਪੰਜਾਬੀ ਪਰਿਵਾਰ ਦੇ ਕਤਲ ਕੀਤੇ ਗਏ ਚਾਰੇ ਜੀਆਂ ਦਾ ਅੰਤਿਮ ਸੰਸਕਾਰ ਲਾਗਲੇ ਸ਼ਹਿਰ ਟਰਲੱਕ ਵਿੱਚ ਕਰ ਦਿੱਤਾ ਗਿਆ, ਸੈਂਕੜੇ ਲੋਕਾਂ ਦੀ ਹਾਜਰੀ ਚ ਇਨਾਂ ਚਾਰਾਂ ਜੀਆਂ ਦਾ ਸੰਸਕਾਰ ਖੁਲ੍ਹੀ ਫਿਜਾ ਨੂੰ ਸੋਗਮਈ ਕਰ ਗਿਆ ਤੇ ਅੱਜ ਐਲਨ ਮੋਰਚੂਰੀ ਵਿਖੇ ਚਾਰਾਂ ਜੀਆਂ ਦਾ ਅੰਤਿਮ ਸੰਕਾਰ ਕੀਤਾ ਗਿਆ। ਇਹ ਪਰਿਵਾਰ ਜਿਸਨੂੰ ਇਸ ਮਹੀਨੇ ਦੇ ਸ਼ੁਰੂ ਵਿੱਚ ਮਰਸਡ ਵਿੱਚ ਅਗਵਾ ਕਰਕੇ ਮਾਰ ਦਿੱਤਾ ਗਿਆ ਸੀ। ਇਸ ਮੌਕੇ ਸਿੱਖ ਭਾਈਚਾਰੇ ਦੇ ਸਟੈਨਿਸਲੌਸ ਕਾਉਂਟੀ ਸੁਪਰਵਾਈਜ਼ਰ, ਮਨੀ ਗਰੇਵਾਲ ਨੇ ਕਿਹਾ, "ਅਸੀਂ ਇੱਥੇ ਪਰਿਵਾਰ ਨੂੰ ਦਿਖਾਉਣ ਲਈ ਆਏ ਹਾਂ, ਉਹ ਇਸ ਦੁੱਖ ਵਿੱਚ ਇਕੱਲੇ ਨਹੀਂ ਹਨ, ਗਰੇਵਾਲ ਨੇ ਕਿਹਾ, ਸਾਡਾ ਭਾਈਚਾਰਾ ਇਨ੍ਹਾਂ ਦੋ ਵਿਅਕਤੀਆਂ ਦੀਆਂ ਕਰਤੂਤਾਂ ਨਾਲੋਂ ਕਿਤੇ ਬਿਹਤਰ ਹੈ ਜਿਨ੍ਹਾਂ ਨੇ ਘਿਨਾਉਣੇ ਅਪਰਾਧ ਕੀਤੇ ਹਨ"। ਇਨਾਂ ਚਾਰਾਂ ਜੀਆਂ ਚ ਕਤਲ ਹੋਣ ਵਾਲਿਆਂ ਚ ਅੱਠ ਮਹੀਨਿਆਂ ਦੀ ਆਰੋਹੀ ਢੇਰੀ, ਉਸਦੇ ਮਾਤਾ–ਪਿਤਾ ਜਸਦੀਪ ਸਿੰਘ ਅਤੇ ਜਸਲੀਨ ਕੌਰ, ਚਾਚਾ ਅਮਨਦੀਪ ਸਿੰਘ ਜਿਨਾਂ ਦਾ ਅਲੱਗ ਅਲੱਗ ਤਬੂਤਾਂ ਚ ਟਰਲੱਕ ਵਿੱਚ ਅੰਤਿਮ ਸੰਸਕਾਰ ਕੀਤਾ ਗਿਆ। ਇਹ ਸਭ ਕੁਝ ਦੇਖ ਕੇ ਜਿਵੇਂ ਧਰਤੀ ਵੀ ਕੁਰਲਾ ਰਹੀ ਹੋਵੇ। ਵਰਨਣਯੋਗ ਹੈ ਕਿ ਇਸ ਪਰਿਵਾਰ ਨੂੰ 3 ਅਕਤੂਬਰ ਨੂੰ ਮਰਸਡ ਕਾਉਂਟੀ ਵਿੱਚ ਉਨ੍ਹਾਂ ਦੇ ਟਰੱਕਿੰਗ ਕਾਰੋਬਾਰ ਤੋਂ ਅਗਵਾ ਕੀਤਾ ਗਿਆ ਸੀ। ਉਹਨਾਂ ਦੀਆਂ ਫੋਟੋਆਂ ਅਤੇ ਨਾਮ ਟੀਵੀ ਸਕਰੀਨਾਂ, ਅਖਬਾਰਾਂ ਅਤੇ ਫੋਨ ਚੇਤਾਵਨੀਆਂ ਰਾਹੀਂ ਇੱਕ ਵੱਡੀ ਜੱਦੋਜਹਿਦ ਦੇ ਬਾਵਜੂਦ, ਇੱਕ ਖੇਤੀ ਕਰਨ ਵਾਲੇ ਨੂੰ ਉਹਨਾਂ ਦੀਆਂ ਲਾਸ਼ਾਂ ਲੱਭੀਆਂ ਸਨ। ਇਸ ਘਟਨਾਂ ਨੂੰ ਅੰਜਾਂਮ ਦੇਣ ਵਾਲਾ ਸਾਬਕਾ ਕਰਮਚਾਰੀ ਹਸੂਸ ਸਾਲਗਾਡੋ 'ਤੇ ਹੱਤਿਆ ਦਾ ਦੋਸ਼ ਹੈ ਤੇ ਉਸਦੇ ਭਰਾ, ਅਲਬਰਟੋ, ਨੂੰ ਉਸਦੀ ਮੱਦਦ ਕਰਨ ਵਜੋਂ ਚਾਰਜ ਕੀਤਾ ਗਿਆ ਹੈ। ਅੰਤਿਮ ਸੰਸਕਾਰ ਚ ਆਮ ਜਨਤਾ ਲਈ ਜਾਣ ਤੇ ਰੋਕ ਸੀ ਪਰ ਸੈਂਕੜੇ ਵਿਆਕਤੀਆਂ ਵਲੋਂ ਪਹੁੰਚ ਕੇ ਪਰਿਵਾਰ ਦਾ ਸਮਰਥਨ ਕੀਤਾ ਗਿਆ ਤੇ ਕਾਫੀ ਭੀੜ ਐਲਨ ਮੋਰਚੂਰੀ ਦੇ ਬਾਹਰ ਇਕੱਠੀ ਹੋਈ।

# ਗਲਾਸਗੋ: ਕੌਂਸਲ ਜਨਰਲ ਆਫ ਇੰਡੀਆ ਐਡਿਨਬਰਾ ਵੱਲੋਂ ਲਗਾਏ ਕੈਂਪ ਦਾ ਸੈਂਕੜੇ ਲੋਕਾਂ ਨੇ ਲਾਹਾ ਲਿਆ



**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਗਲਾਸਗੋ ਵਸਦੇ ਭਾਰਤੀ ਭਾਈਚਾਰੇ ਦੇ ਲੋਕਾਂ ਨੂੰ ਪਾਸਪੋਰਟ, ਵੀਜ਼ਾ ਜਾਂ ਓਛੀ ਕਾਰਡ ਨਾਲ ਸਬੰਧਿਤ ਸਮੱਸਿਆਵਾਂ ਤੋਂ ਨਿਜਾਤ ਦਿਵਾਉਣ ਲਈ ਕੌਂਸਲ ਜਨਰਲ ਆਫ ਇੰਡੀਆ ਐਡਿਨਬਰਾ ਦਫ਼ਤਰ ਵੱਲੋਂ ਗਲਾਸਗੋ ਵਿਖੇ ਵਿਸ਼ੇਸ਼ ਕੈਂਪ ਲਗਾਇਆ ਗਿਆ। ਗੁਰੂ ਸਾਹਿਬ ਗੁਰਦੁਆਰਾ ਵਿਖੇ ਲੱਗੇ ਇਸ ਕੈਂਪ ਦੌਰਾਨ ਕੌਂਸਲ ਜਨਰਲ ਬਿਜੇ ਸੇਲਵਰਾਜ, ਸੱਤਿਆਵੀਰ ਸਿੰਘ ਤੇ ਸਮੁੱਚੀ ਟੀਮ ਪੂਰਾ ਦਿਨ ਹਾਜ਼ਰ ਰਹੀ। ਗੁਰਦੁਆਰਾ ਸਾਹਿਬ ਪਹੁੰਚਣ 'ਤੇ ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਕੌਂਸਲ ਜਨਰਲ ਦਫਤਰ ਵੱਲੋਂ ਗੁਰੂਘਰ ਕਮੇਟੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਵੱਡ ਆਕਾਰੀ ਪੁਸਤਕ ਤੋਹਫੇ ਵਜੋਂ ਭੇਟ ਕੀਤੀ ਗਈ। ਇਸ ਕੈਂਪ ਦੌਰਾਨ ਦੂਰ ਦੁਰਾਡੇ ਤੋਂ ਸੈਂਕੜਿਆਂ ਦੀ ਗਿਣਤੀ ਵਿੱਚ ਪਹੁੰਚ ਕੇ ਲੋਕਾਂ ਨੇ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਵਾਇਆ। ਇਸ ਸਮੇਂ ਗੱਲਬਾਤ ਕਰਦਿਆਂ ਭਾਰਤੀ ਭਾਈਚਾਰੇ ਦੇ ਲੋਕਾਂ ਨੇ ਜਿੱਥੇ ਕੌਂਸਲ ਜਨਰਲ ਦਫ਼ਤਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਉੱਥੇ ਅਪੀਲ ਵੀ ਕੀਤੀ ਕਿ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਮੁੜ ਅਜਿਹੇ ਕੈਂਪ ਲੱਗਦੇ ਰਹਿਣੇ ਚਾਹੀਦੇ ਹਨ ਤਾਂ ਜੋ ਐਡਿਨਬਰਾ ਦੇ ਜਾਣ ਆਉਣ, ਸਮੇਂ ਅਤੇ ਪੈਸੇ ਦੀ ਬਰਬਾਦੀ ਦੇ ਨਾਲ ਨਾਲ ਹੋਰ ਸਮੱਸਿਆਵਾਂ ਤੋਂ ਭਾਈਚਾਰੇ ਦਾ ਖਹਿੜਾ ਛੁਡਾਇਆ ਜਾਵੇ। ਇਸ ਸਮੇਂ ਸਰਵ ਸ੍ਰੀ ਗੁਰਦੀਪ ਸਿੰਘ ਸਮਰਾ, ਰੇਸ਼ਮ ਸਿੰਘ ਕੂਨਰ, ਚਰਨ ਦਾਸ, ਸੁਰਿੰਦਰ ਸਿੰਘ, ਹਰਜੀਤ ਸਿੰਘ ਖਹਿਰਾ, ਸੋਹਣ ਸਿੰਘ ਰੰਧਾਵਾ, ਮੱਖਣ ਸਿੰਘ ਸਮੇਤ ਭਾਈਚਾਰੇ ਦੀਆਂ ਅਹਿਮ ਸਖਸ਼ੀਅਤਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।




# ਪੰਜਾਬੀ ਲਿਖਾਰੀ ਸਭਾ (ਰਜਿ) ਸਿਆਟਲ ਵੱਲੋਂ ਸਾਹਿਤਕ ਪ੍ਰੋਗਰਾਮ ਅਤੇ ਕਵੀ ਦਰਬਾਰ







ਮਾਂ ਬੋਲੀ ਪੰਜਾਬੀ ਦੀ ਸੇਵਾ ਨੂੰ ਸਮਰਪਿਤ ਅਤੇ ਉਸਦੇ ਵਿਕਾਸ ਲਈ ਮਿਥੇ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਪੰਜਾਬੀ ਲਿਖਾਰੀ ਸਭਾ(ਰਜਿ) ਸਿਆਟਲ ਵੱਲੋਂ ਕੈਂਟ ਏਰੀਏ ਵਿੱਚ ਸਥਿਤ ਲਾਇਬ੍ਰੇਰੀ ਦੇ ਹਾਲ ਵਿੱਚ ਇਕ ਸਾਹਿਤਕ ਪ੍ਰੋਗਰਾਮ ਕੀਤਾ ਗਿਆ ਜਿਸ ਵਿੱਚ ਬਹੁਰੰਗੀ ਕਵੀ ਦਰਬਾਰ ਤੋਂ ਇਲਾਵਾ ਪੁਸਤਕ ਲੋਕ ਅਰਪਣ ਕੀਤੀ ਗਈ।ਅੱਜ ਦੇ ਇਸ ਪ੍ਰੋਗਰਾਮ ਵਿੱਚ ਵਿਦੇਸ਼ਾਂ ਤੋਂ ਨਾਮਵਰ ਹਸਤੀਆਂ ਡਾ ਤਾਰਾ ਸਿੰਘ ਆਲਮ ਸਾਊਥਲ ਲੰਡਨ, ਮੈਡਮ ਬਿੰਦੂ ਮਠਾੜੂ ਲੇਖਿਕਾ ਅਤੇ ਚਿੱਤਰਕਾਰਾ ਕੈਨੇਡਾ, ਬੀਬੀ ਸੁੰਦਰਪਾਲ ਰਾਜਾਸਾਂਸੀ ਲੇਖਿਕਾ ਕੈਨੇਡਾ, ਚਿੱਤਰਕਾਰ ਜਰਨੈਲ ਸਿੰਘ ਸਰੀ ਕੈਨੇਡਾ ਨੇ ਸ਼ਿਰਕਤ ਕੀਤੀ। ਪ੍ਰਧਾਨਗੀ ਮੰਡਲ ਵਿੱਚ ਇਹਨਾਂ ਸ਼ਖਸ਼ੀਅਤਾਂ ਤੋਂ ਇਲਾਵਾ ਸਭਾ ਦੇ ਸਰਪ੍ਰਸਤ ਸ਼ਿੰਗਾਰ ਸਿੰਘ ਸਿੱਧੂ ਬੈਠੇ ਸਨ। ਸਭਾ ਦੇ ਮੀਤ ਪ੍ਰਧਾਨ ਬਲਿਹਾਰ ਲੇਹਲ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਮਹਿਮਾਨਾਂ ਨੇ ਵੱਖ ਵੱਖ ਵਿਸ਼ਿਆਂ ਉਪਰ ਤੇ ਖਾਸ ਕਰਕੇ ਮਾਂ ਬੋਲੀ ਪੰਜਾਬੀ ਅਤੇ ਪੰਜਾਬ ਬਾਰੇ, ਸਾਹਿਤਕ ਸਭਾਵਾਂ ਦੀਆਂ ਜ਼ਿੰਮੇਵਾਰੀਆਂ ਤੇ ਅੱਜ ਉਹਨਾਂ ਦੀ ਦਸ਼ਾ ਅਤੇ ਦਿਸ਼ਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਕਾਵਿਕ-ਕ੍ਰਿਤਾਂ ਨਾਲ ਸਰੋਤਿਆਂ ਦਾ ਮਨ ਮੋਹ ਲਿਆ। ਹਰਦਿਆਲ ਸਿੰਘ ਚੀਮਾ, ਡਾ ਜਸਵੀਰ ਕੌਰ, ਅਵਤਾਰ ਸਿੰਘ ਆਦਮਪੁਰੀ, ਹਰਸ਼ਿੰਦਰ ਸਿੰਘ ਸੰਧੂ, ਪ੍ਰਿਤਪਾਲ ਸਿੰਘ ਟੀਵਾਣਾ, ਮੰਗਤ ਕੁਲਜਿੰਦ, ਸਾਧੂ ਸਿੰਘ ਝੱਜ, ਸ਼ਿੰਦਰਪਾਲ ਸਿੰਘ ਔਜਲਾ, ਸ਼ਿੰਗਾਰ ਸਿੰਘ ਸਿੱਧੂ, ਹਰਪਾਲ ਸਿੰਘ ਸਿੱਧੂ, ਸੁਖਵੀਰ ਬੀਹਲਾ, ਬਲਿਹਾਰ ਲੇਹਲ, ਰੂਪ ਕੌਰ, ਰਾਜਿੰਦਰ ਕੌਰ ਚਾਹਿਲ (ਭੋਲੀ), ਜਗੀਰ ਸਿੰਘ, ਨੌਜਵਾਨ ਕਵੀ ਸੁਖਰਾਜ ਰੰਧ-ਾਵਾ ਅਤੇ ਬੱਚੀ ਰੀਤ ਕੌਰ ਨੇ ਅੱਜ ਦੇ ਪ੍ਰਭਾਵਸ਼ਾਲੀ ਕਵੀ ਦਰਬਾਰ ਵਿੱਚ ਧਾਰਮਿਕ, ਸਮਾਜਿਕ, ਸੱਭਿਆਚਾਰਕ, ਹਾਸ-ਵਿਅੰਗੀ ਅਤੇ ਪਰਿਵਾਰਿਕ ਵਿਸ਼ਿਆਂ ਨੂੰ ਪ੍ਰਗਟ ਕਰਦੇ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ। ਇੰਡੀਆ ਵੱਸਦੇ ਮਸ਼ਹੂਰ ਪੱਤਰਕਾਰ ਹਰਮੀਤ ਸਿੰਘ ਅਟਵਾਲ ਜੀ ਵੱਲੋਂ ਵਿਦੇਸ਼ੀ ਵੱਸਦੇ ਮਾਂ ਬੋਲੀ ਦੇ ਸਾਹਿਤਕਾਰ ਸਪੂਤਾਂ ਨਾਲ ਕੀਤੀਆਂ ਮੁਲਾਕਾਤਾਂ ਦੀ ਕਿਤਾਬ 'ਅਦੀਬ ਸਮੁੰਦਰੋਂ ਪਾਰ ਦੇ' ਨੂੰ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਣ ਕੀਤਾ ਗਿਆ। ਪ੍ਰੋਗਰਾਮ ਨੂੰ ਰੌਚਕਤਾ ਬਖ਼ਸ਼ਣ ਲਈ ਸਭਾ ਦੇ ਸਕੱਤਰ ਡਾ ਸੁਖਵੀਰ ਬੀਹਲਾ ਨੇ ਸਮੇਂ ਸਮੇਂ ਤੇ ਮਸ਼ਹੂਰ ਸ਼ਾਇਰਾਂ ਦੇ ਖ਼ੂਬਸੂਰਤ ਸ਼ੇਅਰ ਪੜ੍ਹਦਿਆਂ ਸਰੋਤਿਆ ਦੇ ਮਨਾਂ ਨੂੰ ਤਾਜ਼ਗੀ ਬਖ਼ਸ਼ੀ ਅਤੇ ਸਟੇਜ ਸੰਚਾਲਨ ਦਾ ਕੰਮ ਬਾਖ਼ੂਬੀ ਨਿਭਾਇਆ।ਸਿਆਟਲ ਵਿੱਚ ਪੰਜਾਬੀ ਭਵਨ ਬਣਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਸਭਾ ਦੀ ਹਰ ਵਕਤ ਸਹਾਇਤਾ ਕਰਨ ਵਾਲੀ ਸਿਆਟਲ ਦੀ ਮਸ਼ਹੂਰ ਹਸਤੀ ਸ੍ਰ ਮਨਮੋਹਨ ਸਿੰਘ ਧਾਲੀਵਾਲ , ਉਹਨਾਂ ਦੀ ਧਰਮ ਪਤਨੀ ਜਤਿੰਦਰ ਕੌਰ ਧਾਲੀਵਾਲ ਅਤੇ ਸਫਲ ਕਾਰੋਬਾਰੀ ਗੁਰਮੀਤ ਸਿੰਘ ਨਿੱਝਰ ਜੀ ਅੱਜ ਦੇ ਕਵੀ ਦਰਬਾਰ ਦੀ ਸ਼ਾਨ ਸਨ।ਸਭਾ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਸ਼ੁਰੂ ਤੋਂ ਲੈਕੇ ਅੰਤ ਤੱਕ, ਚੱਲ ਰਹੇ ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਫੇਸ ਬੁਕ ਉਪਰ ਕੀਤਾ ਗਿਆ। ਪਿੱਛੇ ਜਿਹੇ ਵਿਛੜ ਚੁੱਕੇ ਸਾਹਿਤਕਾਰ ਗੁਰਮੇਲ ਸਿੰਘ ਸਿਧੂ ਨੂੰ ਇਕ ਮਿੰਟ ਦਾ ਮੋਨ ਰੱਖਕੇ ਸ਼ਰਧਾਜ਼ਲੀ ਦਿੱਤੀ ਗਈ। ਚਰਨਜੀਤ ਸਿੰਘ, ਸੰਗੀਤਾ ਖੁਰਾਨਾ, ਰਮਨਜੋਤ ਸਿੰਘ, ਪਰਮਜੀਤ ਕੌਰ, ਦਲਜੀਤ ਕੌਰ ਚੀਮਾ ਦੀ ਸ਼ਮੂਲੀਅਤ ਪ੍ਰੋਗਰਾਮ ਦੀ ਸ਼ੋਭਾ ਵਧਾ ਰਹੀ ਸੀ।ਅੰਤ ਵਿੱਚ ਹਰਪਾਲ ਸਿੰਘ ਸਿਧੂ ਪ੍ਰਧਾਨ ਜੀ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਲੇਖਕਾਂ ਦਾ ਧੰਨਵਾਦ ਕੀਤਾ ਗਿਆ।

**– ਮੰਗਤ ਕੁਲਜਿੰਦ** ਮੋ ਅਤੇ ਵੱਟਸ +1 425 286 0163

# ਮਾਸਟਰ ਕਰਤਾਰ ਸਿੰਘ 'ਰੋਡੇ' ਦਾ ਪਲੇਠਾ ਕਾਵਿ-ਸੰਗ੍ਰਹਿ 'ਏਕਾ ਦੂਆ' ਭਰਵੇਂ ਇਕੱਠ ਵਿੱਚ ਲੋਕ ਅਰਪਣ














ਹੇਵਰਡ- ਬੀਤੇ ਦਿਨੀਂ ਸਰੀ ਕੈਨੇਡਾ ਵਿਖੇ ਮਾਸਟਰ ਕਰਤਾਰ ਸਿੰਘ 'ਰੋਡੇ' ਜੀ ਦਾ ਪਲੇਠਾ ਕਾਵਿ-ਸੰਗ੍ਰਹਿ 'ਏਕਾ ਦੂਆ' ਉਨ੍ਹਾਂ ਦੇ ਪਰਿਵਾਰ ਵਲੋਂ ਬੜੇ ਚਾਅ ਅਤੇ ਹੁਲਾਸ ਨਾਲ਼ ਇਕ ਸਾਹਿਤਕ ਮਿਲਣੀ ਆਯੋਜਿਤ ਕੀਤੀ ਗਈ। ਹਰਿੰਦਰ ਕੌਰ ਸੋਹੀ ਨੇ ਮੰਚ ਦਾ ਕਾਜ ਭਾਰ ਸੰਭਾਲਦੇ ਹੋਏ ਪ੍ਰਧਾਨਗੀ ਮੰਡਲ ਵਿੱਚ ਨਾਵਲਕਾਰ ਜਰਨੈਲ ਸਿੰਘ ਸੇਖਾ, ਡਾ. ਸਾਧੂ ਸਿੰਘ, ਅਜਮੇਰ ਰੋਡੇ ਅਤੇ ਮਾਸਟਰ ਕਰਤਾਰ ਸਿੰਘ 'ਰੋਡੇ' ਨੂੰ ਸੁਸ਼ੋਭਿਤ ਕੀਤਾ। ਇਸ ਉਪਰੰਤ ਪੁਸਤਕ ਦੀ ਜਾਣ ਪਛਾਣ ਕਰਵਾਉਂਦੇ ਕਿਹਾ, ਪਿੰਡ 'ਰੋਡੇ' ਤੋਂ ਲੈ ਕੇ 'ਕੈਨੇਡਾ' ਤੱਕ ਦੇ ਅਨੁਭਵ ਵਾਲੀ ਇਹ ਕਵਿਤਾ ਵੱਖ-ਵੱਖ ਵਿਸ਼ਿਆਂ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ ਤੇ ਅੱਜ ਦੇ ਸੰਚਾਲਨ ਲਈ ਮੈਂ ਸਿਰਫ਼ਓਮਪ; 'ਏਕਾ ਦੂਆ' ਪੁਸਤਕ ਵਿਚਲੇ ਸ਼ਿਅਰ ਹੀ ਬੋਲਾਂਗੀ।''

ਪ੍ਰੋ. ਹਰਿੰਦਰਜੀਤ ਸਿੰਘ ਸੰਧੂ ਨੇ ਆਏ ਹੋਏ ਮਹਿਮਾਨਾਂ ਨੂੰ ਜੀਅ ਆਇਆਂ ਕਿਹਾ ਅਤੇ ਆਪਣੇ ਪਿਤਾ ਜੀ ਦੀ ਪੁਸਤਕ ਵਿੱਚੋਂ 'ਸੱਚੋ-ਸੱਚ' ਕਵਿਤਾ ਹਾਜ਼ਰ ਸਰੋਤਿਆਂ ਨਾ਼ਲ ਸਾਂਝੀ ਕੀਤੀ। ਮੇਜਰ ਸਿੰਘ ਰੰਧਾਵਾ (ਡਾ.) ਨੇ ਪੁਸਤਕ ਬਾਰੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਇਸ ਸੰਗ੍ਰਹਿ ਦੀ ਬਹੁਤੀ ਕਵਿਤਾ ਮਾਸਟਰ ਜੀ ਨੇ ਉਮਰ ਦੇ 67ਵੇਂ ਵਰ੍ਹੇ ਵਿਚ ਕੈਨੇਡਾ ਪਰਵਾਸ ਧਾਰਨ ਕਰਨ ਤੋਂ ਬਾਅਦ ਲਿਖੀ ਹੈ। ਇਸ ਕਵਿਤਾ ਵਿਚ ਵਿਭਿੰਨ ਪ੍ਰਕਾਰ ਦੇ ਵਿਸ਼ੇ ਛੂਹੇ ਗਏ ਹਨ ਜਿਨ੍ਹਾਂ ਵਿੱਚ ਅਜੋਕੇ ਪੰਜਾਬ ਦੀ ਰਹਿਤਲ 'ਚ ਪਸਰੇ ਰਾਜਨੀਤਕ, ਸਮਾਜਿਕ, ਧਾਰਮਿਕ ਦੰਭ ਦੇ ਪ੍ਰਗਟਾਵੇ, ਮਾਨਵੀ ਰਿਸ਼ਤਿਆਂ ਉੱਪਰ ਉਨ੍ਹਾਂ ਦੇ ਦੂਰ-ਪ੍ਰਭਾਵ ਅਤੇ ਕੈਨੇਡਾ ਵਿਚ ਪੰਜਾਬੀ ਪਰਵਾਸੀਆਂ ਨੂੰ ਦਰਪੇਸ਼ ਆਉਣ ਵਾਲੀਆਂ ਸਮੱਸਿਆਵਾਂ ਹਨ। ਲਾਜ ਨੀਲਮ ਸੈਣੀ ਨੇ ਕਿਹਾ ਕਿ ਮਾਸਟਰ ਜੀ ਨੇ ਜ਼ਿੰਦਗੀ ਦੀਆਂ ਨੱਬੇ ਬਹਾਰਾਂ ਮਾਣ ਕੇ ਇਹ ਪੁਸਤਕ ਪ੍ਰਕਾਸ਼ਿਤ ਕਰਵਾਈ ਹੈ।

ਉਹ 91ਵੇਂ ਵਰ੍ਹੇ ਵਿੱਚ ਪਰਵੇਸ਼ ਕਰ ਗਏ ਹਨ ਅਤੇ ਆਪਣੇ ਸਾਦਾ ਜੀਵਨ ਅਤੇ ਉੱਚੇ-ਸੁੱਚੇ ਵਿਚਾਰਾਂ ਕਾਰਣ ਅਜੇ ਤੱਕ ਪੂਰੇ ਸੰਤੁਲਨ ਵਿੱਚ ਹਨ। ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਵਲੋਂ ਪ੍ਰਕਾਸ਼ਿਤ ਇਸ ਪੁਸਤਕ ਵਿੱਚ ਅੱਠ ਰੁਬਾਈਆਂ ਅਤੇ ਅਠੱਤੀ ਕਵਿਤਾਵਾਂ ਅਤੇ ਗੀਤ ਦਰਜ ਹਨ। ਇਸ ਸੰਗ੍ਰਹਿ ਦੀ ਕਵਿਤਾ ਸੱਚੇ-ਸੁੱਚੇ ਅਹਿਸਾਸਾਂ ਦੀ ਕਵਿਤਾ ਹੈ, ਜੋ ਮਾਨਵੀ ਕਦਰਾਂ ਕੀਮਤਾਂ ਤੇ ਪਹਿਰਾ ਦਿੰਦੀ ਹੈ ਅਤੇ ਸਮਾਜਿਕ ਬੁਰਾਈਆਂ ਦੀ ਨਿੰਦਾ ਕਰਦੇ ਹੋਏ ਇੱਕ ਨਰੋਏ ਸਮਾਜ ਦੇ ਨਿਰਮਾਣ ਦੀ ਉਸਾਰੀ ਕਰਨਾ ਚਾਹੁੰਦੀ ਹੈ।

ਸਰਲ ਭਾਸ਼ਾ ਵਿੱਚ ਲਿਖੀ ਗਈ ਪੁਸਤਕ ਵਿਚਲੇ ਗੀਤ ਲੋਕਗੀਤ ਦਾ ਝਾਉਲਾ ਵੀ ਪਾਉਂਦੇ ਹਨ ਅਤੇ ਲੋਕਗੀਤ ਬਣਨ ਦੀ ਸਮਰੱਥਾ ਰੱਖਦੇ ਹਨ:

ਜੰਮ-ਜੰਮ ਆਵੀਂ ਪੇਕੇ ਭੈਣੇਂ, ਜਿਊਂਦਾ ਰਹੇ ਤੇਰਾ ਵੀਰ ਕੁੜੇ।<br>
ਰਹਿੰਦੀ ਦੁਨੀਆਂ ਤੀਕਰ ਰਹਿਸੀ, ਪਿੰਡ ਵਿੱਚ ਤੇਰਾ ਸੀਰ ਕੁੜੇ।

ਸਤਵੰਤ ਸਿੰਘ ਦੀਪਕ ਨੇ ਕਿਹਾ ਕਿ 'ਏਕਾ ਦੂਆ' ਪੁਸਤਕ ਜ਼ਿੰਦਗੀ ਦਾ ਸੱਚ ਹੈ ਅਤੇ ਮੇਰੇ ਅਧਿਆਪਕ ਦੀ ਇਹ ਪੁਸਤਕ 'ਗਾਗਰ ਵਿੱਚ ਸਾਗਰ' ਭਰਨ ਦੇ ਸਮਾਨ ਹੈ। ਡਾ. ਪ੍ਰਿਤਪਾਲ ਸਿੰਘ ਸੋਹੀ ਨੇ ਪੁਸਤਕ ਦੀ ਭਰਵੀਂ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਮਾਸਟਰ ਜੀ ਨੇ ਨੱਬੇ ਸਾਲ ਦਾ ਲੰਮਾ ਪੈਂਡਾ ਤੈਅ ਕਰਦੇ ਹੋਏ ਇਹ ਪੁਸਤਕ ਲਿਖੀ ਹੈ। ਉਨ੍ਹਾਂ ਨੇ ਅੰਗਰੇਜ਼ਾਂ ਦਾ ਸਮਾਂ ਵੀ ਦੇਖਿਆ ਅਤੇ ਖਾੜਕੂ ਲਹਿਰ ਨੂੰ ਵੀ ਹੰਢਾਇਆ। ਇਸ ਲਈ ਇਹ ਪੁਸਤਕ ਜ਼ਿੰਦਗੀ ਦਾ ਸੱਚ ਹੈ। ਅਜਮੇਰ ਰੋਡੇ ਨੇ ਕਵਿਤਾ ਦੇ ਭਾਵੁਕ ਅਰਥਾਂ ਦਾ ਮਹੱਤਵ ਸਮਝਾਉਂਦੇ ਹੋਏ ਕਿਹਾ ਕਿ ਇਹ ਕਵਿਤਾ ਅਣਭੋਲ ਅਨੁਭਵ ਵਿੱਚੋਂ ਉਪਜੀ ਮਹਿਸੂਸ ਹੁੰਦੀ ਹੈ।

ਡਾ. ਸਾਧੂ ਸਿੰਘ ਨੇ ਕਿਹਾ ਕਿ ਇਹ ਪੁਸਤਕ ਕਵੀ ਨੇ ਸਵ. ਚਾਚੇ ਭਾਨ ਸਿੰਘ ਨੂੰ ਸਮਰਪਣ ਕੀਤੀ ਹੈ। ਇਹ ਉਹ ਚਾਚਾ ਹੈ ਜੋ ਭਤੀਜੇ ਦੀ ਉਂਗਲ ਨੂੰ ਘਿਸਣ ਤੋਂ ਬਚਾਉਣ ਲਈ ਕਲਮ ਦੀ ਥਾਂ ਕਾ਼ਲੇ ਰੀਠੇ 'ਚ ਅੱਧ ਤਾਈਂ ਗ਼ਲੀ ਕੱਢ ਕੇ ਉਸ ਵਿੱਚ ਬਾਂਸ ਦੀ ਪਤਲੀ ਜਿਹੀ ਡੰਡੀ ਪਾ ਕੇ ਧਰਤੀ 'ਤੇ ਵਿਛੀ ਸੁਆਹ ਉੱਤੇ ਪੈਂਤੀ ਅਤੇ ਮੁਹਾਰਨੀ ਲਿਖਣ ਦਾ ਅਭਿਆਸ ਕਰਾਉਂਦਾ ਸੀ। ਉਸ ਚਾਚੇ ਦੀ ਰੂਹ ਅੱਜ ਵਧਾਈ ਦੀ ਪਾਤਰ ਹੈ।ਉਨ੍ਹਾਂ ਹੋਰ ਕਿਹਾ ਕਿ ਕੁਝ ਕਵਿਤਾਵਾਂ ਵਿੱਚ ਉਰਦੂ ਭਾਸ਼ਾ ਦੇ ਝਲਕਾਰੇ ਕਵਿਤਾ ਨੂੰ ਚਾਰ ਚੰਨ ਲਾਉਂਦੇ ਹਨ। ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਆਪਣੇ ਵਿਚਾਰ ਪੇਸ਼ ਕਰਦੇ ਕਿਹਾ ਕਿ ਮਾਸਟਰ ਜੀ ਨੇ ਜੋ ਹੰਢਾਇਆ ਉਸਨੂੰ ਕਮਲਬੰਦ ਕਰਕੇ 'ਏਕਾ ਦੂਆ' ਦਾ ਨਾਮ ਦਿੱਤਾ ਹੈ। ਇਸ ਪੁਸਤਕ ਵਿੱਚ ਪੁਰਾਤਨ ਪਿੰਡਾਂ ਦੀ ਝ਼ਲਕ, ਮਨੋਰੰਜਨ ਅਤੇ ਸਿੱਖਿਆ ਦੇ ਨਾ਼ਲ-ਨਾ਼ਲ ਗੰਧਲੀ ਰਾਜਨੀਤੀ ਤੋਂ ਪਰਦਾ ਚੁੱਕਦੀਆਂ ਕਵਿਤਾਵਾਂ ਵੀ ਹਨ। ਸਾਰੀ ਕਵਿਤਾ ਛੰਦ-ਬੱਧ ਹੈ। ਇਸ ਲਈ ਇਹ ਪਾਠਕ ਨੂੰ ਆਪਣੇ ਨਾ਼ਲ ਤੋਰਨ ਵਿੱਚ ਸਫ਼ਲ ਹੈ। ਇਸ ਤੋਂ ਇਲਾਵਾ ਡਾ. ਪ੍ਰਿਤਪਾਲ ਸਿੰਘ ਗਿੱਲ, ਅੰਗਰੇਜ਼ ਬਰਾੜ, ਦਰਸ਼ਨ ਸੰਘਾ ਅਤੇ ਜਿੰਨੀ ਸਿਮਸ ਆਦਿ ਨੇ ਵੀ ਪੁਸਤਕ ਵਿਚਾਰ ਚਰਚਾ ਵਿੱਚ ਹਿੱਸਾ ਲਿਆ।

ਮਾਸਟਰ ਕਰਤਾਰ ਸਿੰਘ 'ਰੋਡੇ' ਨੇ ਆਪਣੇ ਜੀਵਨ ਅਤੇ ਸਾਹਿਤਕ ਸਫ਼ਰ ਦੀ ਗੱਲ ਕਰਦੇ ਹੋਏ ਆਪਣੇ ਫਰੀਡਮ ਫਾਈਟਰ ਸਵ. ਚਾਚਾ ਭਾਨ ਸਿੰਘ ਜੀ ਨੂੰ ਯਾਦ ਕੀਤਾ ਜਿਨ੍ਹਾਂ ਲੱਕੜੀ ਦੀ ਸੁਆਹ ਕੱਪੜ ਛਾਣ ਕਰਕੇ ਧਰਤੀ 'ਤੇ ਵਿਛਾ ਕੇ ਉਨ੍ਹਾਂ ਨੂੰ 'ੳ' ਲਿਖਣਾ ਸਿਖਾਇਆ ਅਤੇ ਹੱਥ ਵਿੱਚ ਕਲਮ ਫੜਾਈ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਜੇ.ਬੀ.ਟੀ ਤੋਂ ਬਾਅਦ ਬੀ.ਐੱਡ ਕਰਕੇ ਮਾਸਟਰ ਕੇਡਰ ਵਿੱਚ ਆ ਗਏ। ਪਹਿਲੀ ਰਚਨਾ 'ਏਕਾ ਦੂਆ' ਬਾਲ ਰਸਾਲੇ 'ਪੰਖੜੀਆਂ' ਵਿੱਚ ਛਪੀ। ਇਸ ਤੋਂ ਬਾਅਦ ਵਿਰਲਾ ਟਾਵਾਂ ਲਿਖਿਆ ਤੇ 1997 ਵਿੱਚ ਕੈਨੇਡਾ ਆ ਕੇ ਕਾਵਿ ਸਿਰਜਣਾ ਦਾ ਕੰਮ ਨਿੱਠ ਕੇ ਕੀਤਾ। ਇਸ ਉਪਰੰਤ ਨਾਮੀ ਸਾਹਿਤਕਾਰਾਂ ਅਤੇ ਬੁੱਧੀਜੀਵੀਆਂ ਦੇ ਭਰਵੇਂ ਇਕੱਠ ਵਿੱਚ ਪੁਸਤਕ ਲੋਕ ਅਰਪਣ ਕੀਤੀ ਗਈ। ਸਮਾਗਮ ਦੇ ਅੰਤ ਵਿੱਚ ਪੋਤੇ ਹਰਮਨ ਸਿੰਘ ਸੰਧੂ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਪੋਤੀ ਸ਼ੈਰੀ ਸੰਧੂ ਨੇ ਕਿਹਾ ਕਿ ਇਹ ਪੁਸਤਕ ਪਰਿਵਾਰ ਲਈ ਇੱਕ ਤਿਜੌਰੀ ਅਤੇ ਆਉਣ ਵਾਲੀ ਪੀੜ੍ਹੀ ਲਈ ਅਨਮੋਲ ਤੋਹਫ਼ਾ ਹੈ। ਉਨ੍ਹਾਂ ਨੂੰ ਆਪਣੇ ਦਾਦਾ ਜੀ ਉੱਪਰ ਬਹੁਤ ਮਾਣ ਹੈ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਸੁਖਵਿੰਦਰ ਕੌਰ ਸੰਧੂ (ਨੂੰਹ), ਸਪਨਾ, ਭੁਪਿੰਦਰ ਸਿੰਘ ਬਰਾੜ, ਗੁਰਤੇਜ ਗਿੱਲ ਅਤੇ ਸੁਖਵੀਰ ਕੌਰ ਗਿੱਲ ਨੇ ਪ੍ਰਬੰਧਕੀ ਕਾਰਜਾਂ ਵਿੱਚ ਵੱਧ-ਚੜ੍ਹ ਕੇ ਸਹਿਯੋਗ ਦਿੱਤਾ। ਗੁਰਦੀਪ ਭੁੱਲਰ ਨੇ ਸਾਉਂਡ ਸਿਸਟਮ ਦੀ ਜ਼ਿੰਮੇਵਾਰੀ ਨਿਭਾਈ।

ਹੋਰਨਾਂ ਤੋਂ ਇਲਾਵਾ ਪ੍ਰਸਿੱਧ ਲੇਖਕ ਅਤੇ ਫਰੀਡਮ ਫਾਈਟਰ ਅਜੀਤ ਸੈਣੀ ਦੀ ਧੀ ਨਰਿੰਦਰ ਸੈਣੀ, ਜਵਾਈ ਯੋਗੀ ਸੈਣੀ, ਮੋਹਨ ਗਿੱਲ, ਸ਼ਰਨਜੀਤ ਕੌਰ ਸੰਧੂ, ਰਾਜ ਬਰਾੜ, ਪਰਮਿੰਦਰ ਕੌਰ ਸਵੈਚ, ਸਤੀਸ਼ ਗੁਲਾਟੀ (ਚੇਤਨਾ ਪ੍ਰਕਾਸ਼ਨ) ਅਤੇ ਅਮਰੀਕਾ ਤੋਂ ਪ੍ਰੋ. ਸੁਖਦੇਵ ਸਿੰਘ ਅਤੇ ਬਲਜਿੰਦਰ ਸਿੰਘ ਆਦਿ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।

**ਰਿਪੋਰਟ: ਲਾਜ ਨੀਲਮ ਸੈਣੀ**
**ਫੋਨ: 510-502-0551**

# ਕੇਜਰੀਵਾਲ ਦੇ ਕਹਿਣ ਉਤੇ ਪੰਜਾਬ ਹਿੱਤਾਂ ਨੂੰ ਕਿਸੇ ਕੀਮਤ 'ਤੇ ਨਾ ਵੇਚਣ ਮੁੱਖ ਮੰਤਰੀ ਭਗਵੰਤ ਮਾਨ : ਜਸਵੀਰ ਸਿੰਘ ਗੜ੍ਹੀ

## ਪਾਣੀਆਂ ਦੀ ਕੀਮਤ ਦੇ ਮੁੱਦੇ ਭਗਵੰਤ ਮਾਨ ਦਿੱਲੀ ਸਰਕਾਰ ਨਾਲ ਵੀ ਕਰੇ ਮੀਟਿੰਗ : ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ, 13 ਅਕਤੂਬਰ–** 14 ਅਕਤੂਬਰ ਨੂੰ ਐਸਵਾਈਐਲ ਮੁੱਦੇ ਉਤੇ ਹੋਣ ਵਾਲੀ ਹਰਿਆਣਾ ਅਤੇ ਪੰਜਾਬ ਦੀ ਅਹਿਮ ਮੀਟਿੰਗ ਤੋਂ ਪਹਿਲਾਂ ਬਹੁਜਨ ਸਮਾਜ ਪਾਰਟੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਨਸ਼ੀਹਤ ਦਿੱਤੀ ਹੈ ਕਿ ਉਹ ਕਿਸੇ ਵੀ ਕੀਮਤ ਉਤੇ ਪੰਜਾਬ ਦੇ ਹਿੱਤਾਂ ਨੂੰ ਦਾਅ ਉਤੇ ਨਾ ਲਾਉਣ। ਜਾਰੀ ਇਕ ਬਿਆਨ ਵਿੱਚ ਬਸਪਾ ਪੰਜਾਬ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਕਿਹਾ ਕਿ ਇਸ ਮੀਟਿੰਗ ਨੂੰ ਲੈਕੇ ਪੰਜਾਬ ਸਰਕਾਰ ਜਿੱਥੇ ਭਾਜਪਾ ਤੋਂ ਚੌਕਸ ਰਹੇ ਉਥੇ ਇਸ ਤੋਂ ਵੀ ਜ਼ਰੂਰੀ ਹੈ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖਮੰਤਰੀ ਅਰਵਿੰਦ ਕੇਜਰੀਵਾਲ ਤੇ ਉਸਦੀ ਪੂਰੀ ਟੀਮ ਤੋਂ ਚੁਕੰਨੇ ਰਹਿਣ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਦਿੱਲੀ ਟੀਮ ਦੇ ਯੋਜਨਾਕਾਰ ਹਰਿਆਣਾ ਵਿਚ ਚੋਣਾਂ ਜਿੱਤਣ ਲਈ ਪੰਜਾਬ ਮੁੱਖ ਮੰਤਰੀ ਤੋਂ ਕੁਝ ਵੀ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਕ ਸੂਬੇ ਵਿੱਚ ਚੋਣ ਜਿੱਤਣ ਲਈ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੇ ਹਿੱਤਾਂ ਨੂੰ ਦਾਅ ਉਤੇ ਨਾ ਲਾਉਣ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਦਿਨੋਂ ਦਿਨ ਪਾਣੀ ਪਹਿਲਾਂ ਹੀ ਘੱਟ ਰਿਹਾ ਹੈ, ਜਿਸ ਨਾਲ ਪੰਜਾਬ ਦੇ ਲੋਕਾਂ ਦੀ ਲੋੜ ਹੀ ਪੂਰੀ ਨਹੀਂ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪਾਣੀਆਂ ਦੀ ਕੀਮਤ ਦੇ ਮੁੱਦੇ ਉਤੇ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਨਾਲ ਵੀ ਮੀਟਿੰਗ



ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਦਿੱਲੀ ਦੋਵਾਂ ਸੂਬਿਆਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਇਸ ਲਈ ਭਗਵੰਤ ਮਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪਾਣੀਆਂ ਦੀ ਕੀਮਤ ਪੰਜਾਬ ਨੂੰ ਦੇਣ ਲਈ ਪਾਬੰਦ ਕਰਨ। ਉਨ੍ਹਾਂ ਕਿਹਾ ਕਿ ਜੇਕਰ ਦਿੱਲੀ ਪੰਜਾਬ ਨੂੰ ਪਾਣੀਆਂ ਦੀ ਕੀਮਤ ਦਿੰਦਾ ਹੈ ਤਾਂ ਛੇਤੀ ਹੀ ਪੰਜਾਬ ਕਰਜ਼ਾ ਮੁਕਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਦਿੱਲੀ ਵਾਲੇ ਹੁਕਮਰਾਨਾਂ ਪਹਿਲਾਂ ਵੀ ਪੰਜਾਬ ਨੂੰ ਕਈ ਮੁੱਦਿਆਂ ਉਤੇ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਜਿਸ ਵਿੱਚ ਕਵੀ ਤੇ ਲੇਖਕ ਕੁਮਾਰ ਵਿਸ਼ਵਾਸ ਤੇ ਭਾਜਪਾ ਆਗੂ ਤੇਜਿੰਦਰਪਾਲ ਬੱਗਾ ਉਤੇ ਦਰਜ ਕੀਤਾ ਝੂਠਾ ਪੁਲਿਸ ਕੇਸ ਜਿਸ ਨੂੰ ਹੁਣ ਹਾਈਕੋਰਟ ਨੇ ਰੱਦ ਕਰਨ ਦੇ ਹੁਕਮ ਦਿੱਤੇ ਹਨ। ਇਸੇ ਤਰ੍ਹਾਂ ਹੀ ਆਪ ਪਾਰਟੀ ਵੱਲੋਂ ਪੰਜਾਬ ਦੇ ਕਈ ਲੋਕਾਂ ਦੀ ਸੁਰੱਖਿਆ ਸਬੰਧੀ ਗੁਪਤ ਕਾਗਜ਼ ਵਾਇਰਲ ਕੀਤੇ ਗਏ ਜਿਸ ਕਾਰਨ ਸਿੱਧੂ ਮੂਸੇਵਾਲਾ ਦੀ ਜਾਨ ਚਲੀ ਗਈ। ਉਨ੍ਹਾਂ ਕਿਹਾ ਕਿ ਦਿੱਲੀ ਵਾਲਿਆਂ ਦੀਆਂ ਅਜਿਹੀਆਂ ਹਰਕਤਾਂ ਜਿਨ੍ਹਾਂ ਵਿਚ ਉਹ ਪੰਜਾਬ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ ਉਨ੍ਹਾਂ ਤੋਂ ਮੁੱਖ ਮੰਤਰੀ ਭਗਵੰਤ ਮਾਨ ਚੌਕਸ ਰਹਿਣ ਕਿਤੇ ਹੁਣ ਪਾਣੀਆਂ ਦੇ ਮੁੱਦੇ ਉਤੇ ਵੀ ਪੰਜਾਬ ਦੇ ਹੱਥ ਵੱਢਾਉਣ ਲਈ ਦਬਾਅ ਹੇਠ ਆ ਜਾਣ।

# ਸਿੱਖਿਆ ਮੰਤਰੀ ਦੇ ਬਿਆਨ ਨੇ 'ਆਪ' ਦਾ ਤਾਨਾਸ਼ਾਹੀ ਰਵੱਈਆ ਸਾਹਮਣੇ ਲਿਆਂਦਾ : ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਅੱਜ ਜਾਰੀ ਇਕ ਬਿਆਨ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਅਧਿਆਪਕਾਂ ਨੂੰ ਦਿੱਤੀ ਧਮਕੀ ਦੀ ਸਖਤ ਨਿੰਦਾ ਕਰਦਿਆਂ ਕਿਹਾ ਕਿ 'ਆਪ' ਸਰਕਾਰ ਦਾ ਤਾਨ–ਸ਼ਾਹ ਰਵੱਈਆ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਹੈ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਇਨ੍ਹਾਂ ਸੰ–ਘਰਸ਼ਕਾਰੀ ਅਧਿਆਪਕਾਂ ਦੇ ਧਰਨਿਆਂ ਵਿੱਚ ਜਾ ਕੇ ਵੱਡੇ ਵੱਡੇ ਵਾਅਦੇ ਕਰਦੇ ਸਨ, ਹੁਣ 'ਆਪ' ਦੇ ਮੰਤਰੀ ਸੰਘਰਸ਼ਕਾਰੀ ਅਧਿਆਪਕਾਂ ਨਾਲ ਗੱਲ ਕਰਨ ਤੋਂ ਵੀ ਨਾਂਹ ਕਰ ਰਹੇ ਹਨ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਅਸਲ ਚੇਹਰਾ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਹੈ ਕਿਉਂਕਿ ਭਾਜਪਾ ਦੀ 'ਬੀ' ਟੀਮ ਬਣਕੇ ਕੰਮ ਕਰ ਰਹੀ 'ਆਪ' ਹੁਣ ਉਸੇ ਨੀਤੀਆਂ ਚੱਲ ਰਹੀ ਹੈ, ਜਿਵੇਂ ਸੰਘਰਸ਼ਕਾਰੀ ਕਿਸਾਨਾਂ ਨਾਲ ਭਾਜਪਾ ਸਰਕਾਰ ਨੇ ਗੱਲ ਕਰਨ ਤੋਂ ਨਾਂਹ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਪੰਜਾਬ ਦੇ ਇਤਿਹਾਸ ਤੋਂ ਸਿੱਖ ਕੇ ਚੱਲੇ ਕੇ ਪੰਜਾਬੀਆਂ ਦੇ ਸੰਘਰਸ਼ ਨੂੰ ਕਦੇ ਕੁਚਲਿਆ ਨਹੀਂ ਜਾ ਸਕਿਆ, ਹਮੇਸ਼ਾ ਜਿੱਤੇ ਹਨ, ਇਸ ਦੀ ਤਾਜ਼ਾ ਉਦਾਹਰਣ ਕਿਸਾਨ ਅੰਦੋਲਨ ਸਾਹਮਣੇ ਹੈ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਆਪਣੀਆਂ ਜਾਇਜ਼ ਮੰਗਾਂ ਤੇ ਹੱਕਾਂ ਲਈ ਸੰਘਰਸ਼ ਕਰ ਰਹੇ ਅਧਿਆਪਕਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਅਧਿਆਪਕਾਂ ਦੀਆਂ ਤੁਰੰਤ ਮੰਗਾਂ ਮੰਨੇ ਅਤੇ ਅਧਿਆਪਕਾਂ ਵਿਰੁੱਧ ਬੋਲਣ ਵਾਲੇ ਆਪਣੇ ਮੰਤਰੀ ਦੀ ਲਗਾਮ ਕੱਸਣ।

## ਜਸਵੀਰ ਸਿੰਘ ਗੜ੍ਹੀ ਨੇ ਭਾਰਤੀ ਮਹਿਲਾ ਕ੍ਰਿਕਟ ਟੀਮ ਨੂੰ ਜਿੱਤ ਲਈ ਦਿੱਤੀ ਵਧਾਈ

**ਚੰਡੀਗੜ੍ਹ, 15 ਅਕਤੂਬਰ–** ਭਾਰਤੀ ਮਹਿਲਾ ਕ੍ਰਿਕਟ ਟੀਮ ਦੀ 7ਵੀਂ ਵਾਰ ਏਸ਼ੀਆ ਕੱਪ ਵਿੱਚ ਜਿੱਤ ਪ੍ਰਾਪਤ ਕਰਨ ਉਤੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਮੁਬਾਰਕਬਾਦ ਦਿੱਤੀ ਹੈ। ਜਾਰੀ ਬਿਆਨ ਵਿੱਚ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਸਾਡੇ ਲਈ ਇਹ ਮਾਣ ਦੀ ਗੱਲ ਹੈ ਕਿ ਅੱਜ ਭਾਰਤ ਦੀਆਂ ਧੀਆਂ ਨੇ ਏਸ਼ੀਆ ਕੱਪ ਜਿੱਤ ਕੇ ਭਾਰਤ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਸਾਡੇ ਖਿਡਾਰੀਆਂ ਨੂੰ ਖੇਡ ਸਹੂਲਤਾਂ ਮੁਹੱਈਆ ਕਰਾਵਾਂ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਖਿਡਾਰੀ ਆਪਣੀ ਪੂਰੀ ਤਿਆਰੀ ਕਰਕੇ ਹੋਰ ਕੱਪ ਜਿੱਤ ਕੇ ਲਿਆਉਣ।

ਜ਼ਿਕਰਯੋਗ ਹੈ ਕਿ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਹਰਮਨਪ੍ਰੀਤ ਕੌਰ ਦੀ ਅਗਵਾਈ ਵਿਚ ਰਿਕਾਰਡ 7ਵੀਂ ਵਾਰ ਏਸ਼ੀਆ ਕੱਪ ਦਾ ਖਿਤਾਬ ਜਿੱਤਿਆ ਹੈ। ਇਹ ਟੂਰਨਾਮੈਂਟ ਦਾ 8ਵਾਂ ਸੀਜ਼ਨ ਹੈ। ਭਾਰਤ ਨੇ ਸ਼ਨੀਵਾਰ ਨੂੰ ਖੇਡੇ ਗਏ ਟੀ–20 ਏਸ਼ੀਆ ਕੱਪ ਦੇ ਫਾਈਨਲ 'ਚ ਸ਼੍ਰੀਲੰਕਾ ਨੂੰ 8 ਵਿਕਟਾਂ ਨਾਲ ਹਰਾ ਦਿੱਤਾ।

# ਰੰਗਲੇ ਪੰਜਾਬ ਬਣਾਉਣ ਦਾ ਵਾਅਦਾ ਕਰਨ ਵਾਲੀ 'ਆਪ' ਪੰਜਾਬ ਨੂੰ ਜੰਗਲ ਤੇ ਕੰਗਾਲੀ ਰਾਜ ਵੱਲ ਧੱਕ ਰਹੀ ਹੈ : ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ, 16 ਅਕਤੂਬਰ–** ਬਹੁਜਨ ਸਮਾਜ ਪਾਰਟੀ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਨਿ–ਸ਼ਾਨਾ ਬਣਾਉਂਦਿਆਂ ਕਿਹਾ ਕਿ 'ਆਪ' ਸਰਕਾਰ ਦੇ 7 ਮਹੀਨਿਆਂ ਵਿੱਚ ਪੰਜਾਬ ਨੂੰ ਜੰਗਲੀ ਤੇ ਕੰਗਾਲੀ ਰਾਜ ਵੱਲ ਧੱਕਿਆ ਜਾ ਰਿਹਾ ਹੈ।

ਇੱਥੋਂ ਜਾਰੀ ਇਕ ਬਿਆਨ ਵਿੱਚ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਪਣੀ ਸਰਕਾਰ ਦੇ 7 ਮਹੀਨਿਆਂ ਦੇ ਕਾਰਜਕਾਲ ਨੂੰ ਲੈ ਕੇ ਕਰੋੜਾਂ ਰੁਪਏ ਖਰਚ ਕਰਕੇ ਲੋਕਾਂ ਨੂੰ ਗੁੰਮਰਾਹ ਕਰਨ ਵਿੱਚ ਲੱਗੀ ਹੈ। ਉਨ੍ਹਾਂ ਕਿਹਾ ਕਿ 7 ਮਹੀਨਿਆਂ ਵਿੱਚ ਪੰਜਾਬ ਅੰਦਰ ਲਾਅ ਐਂਡ ਆਰਡਰ ਦੀ ਧੱਜੀਆਂ ਉਡੀਆਂ ਹਨ। ਇਸ ਸਮੇਂ ਦੌਰਾਨ ਗੈਂਗਸਟਰਾਂ ਦੇ ਹੋਰ ਹੌਸਲੇ ਬੁਲੰਦ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ ਹੀ ਪੁਲਿਸ ਵਿਭਾਗ ਦਾ ਅਤਿ ਗੁਪਤ ਦਸਤਾਵੇਜ਼ ਲੀਕ ਕੀਤਾ ਗਿਆ ਜਿਸ ਕਾਰਨ ਸਿੱਧੂ ਮੂਸੇਵਾਲਾ ਦੀ ਜਾਨ ਗਈ। ਇਸ ਸਮੇਂ ਦੌਰਾਨ ਹੀ ਮੋਹਾਲੀ ਵਿੱਚ ਵੱਡਾ ਹਮਲਾ ਹੋਇਆ। 'ਆਪ' ਸਰਕਾਰ ਹੁੰਦਿਆਂ ਪੁਲਿਸ ਦੀ ਹਿਰਾਸਤ ਵਿੱਚੋਂ ਦੀਪਕ ਟੀਨੂੰ ਗੈਂਗਸਟਰ ਫਰਾਰ ਹੋ ਗਿਆ। ਗੈਂਗਸਟਰ ਆਪਣੀ ਵਟਸਐਪ ਗਰੁੱਪ ਬਣਾ ਕੇ ਨੌਜਵਾਨਾਂ ਨੂੰ ਭਰਤੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਪੰਜਾਬ ਨੂੰ ਜੰਗਲ ਰਾਜ ਵੱਲ ਧੱਕ ਰਹੀ ਹੈ। ਉਨ੍ਹਾਂ ਕਿਹਾ ਕਿ ਕਰਜ਼ੇ ਦੀ ਮਾਰ ਹੇਠ ਦੱਬੇ ਪੰਜਾਬ ਉਤੇ 'ਆਪ' ਸਰਕਾਰ ਹੋਰ ਬੋਝ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਕਰੋੜਾਂ ਰੁਪਏ ਦੇ ਇਸ਼ਤਿਹਾਰ ਦੇ ਕੇ 'ਆਪ' ਲੋਕਾਂ ਨੂੰ ਗੁੰਮਰਾਹ ਕਰਨ ਵਿੱਚ ਲੱਗੀ ਹੋਈ ਹੈ। ਇਨ੍ਹਾਂ ਇਸ਼ਤਿਹਾਰਾਂ ਨਾਲ ਪੰਜਾਬ ਉਤੇ ਹੋਰ ਆਰਥਿਕ ਬੋਝ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕ ਹੁਣ ਜਾਗਰੂਕ ਹੋ ਚੁੱਕੇ ਹਨ, ਸਰਕਾਰ ਦੇ ਗੁੰਮਰਾਹਕੁੰਨ ਪ੍ਰਚਾਰ ਤੋਂ ਭਲੀਭਾਂਤ ਜਾਣੂ ਹਨ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਲੋਕਾਂ ਨੂੰ ਜਥੇਬੰਦ ਕਰੇਗੀ। ਉਨ੍ਹਾਂ ਕਿਹਾ ਕਿ ਬਸਪਾ ਲੋਕ ਮੁੱਦਿਆਂ ਉਤੇ ਜਨਤਾ ਦੀ ਕਚਹਿਰੀ ਵਿਚ ਅਤੇ ਸਦਨ ਵਿੱਚ ਵੀ 'ਆਪ' ਸਰਕਾਰ ਨੂੰ ਘੇਰੇਗੀ।

## ਸਰਕਾਰ ਕਿਸਾਨਾਂ ਨੂੰ ਸਨਮਾਨਾਂ ਕਾਗਜ਼ ਦੇਣ ਦੀ ਬਜਾਏ ਪਰਾਲੀ ਨਾ ਸਾੜਨ ਤੋਂ ਰੋਕਣ ਲਈ ਸਾਧਨ ਦੇਵੇ: ਗੜ੍ਹੀ

**ਚੰਡੀਗੜ੍ਹ, 19 ਅਕਤੂਬਰ–** ਬਹੁਜਨ ਸਮਾਜ ਪਾਰਟੀ ਦੇ ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਜਾਰੀ ਇਕ ਬਿਆਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਪਰਾਲੀ ਸਾੜਨ ਤੋਂ ਰੋਕਣ ਲਈ ਸਿਰਫ ਖਾਨਾਪੂਰਤੀ ਕਰਕੇ ਆਪਣਾ ਆਪ ਦਾ ਬਚਾਅ ਕਰ ਰਹੀ ਹੈ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਕਿਸਾਨ ਮਜ਼ਬੂਰੀ ਵਿੱਚ ਬੇਬੱਸ ਹੋ ਕੇ ਅੱਗ ਲਗਾ ਰਹੇ ਹਨ, ਕਿਉਂ ਕਿ ਸਰਕਾਰ ਕਿਸਾਨਾਂ ਨੂੰ ਸਾਧਨ ਮੁਹੱਈਆ ਕਰਾਉਣ ਵਿੱਚ ਫੇਲ੍ਹ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਨੂੰ ਸਰਟੀਫਿਕੇਟਾਂ ਨਾਲ ਸਨਮਾਨਤ ਕਰਕੇ ਫੋਕੀ ਵਾਹ ਵਾਹ ਖੱਟਣ ਦੀ ਕੋਸ਼ਿਸ਼ ਕਰ ਰਹੀ ਹੈ, ਜਦੋਂ ਕਿ ਕਿਸਾਨਾਂ ਨੂੰ ਸਾਧਨ ਨਹੀਂ ਮਿਲੇ। ਉਨ੍ਹਾਂ ਕਿਹਾ ਕਿ ਇਸ਼ਤਿਹਾਰਾਂ, ਫੋਕੇ ਦਿਖਾਵੇ ਦੇ ਪ੍ਰੋਗਰਾਮਾਂ ਉਤੇ ਪੈਸੇ ਖਰਚਣ ਦੀ ਬਜਾਏ ਕਿਸਾਨਾਂ ਨੂੰ ਸਾਧਨ ਮੁਹੱਈਆ ਕਰਵਾਏ, ਤਾਂ ਜੋ ਅੱਗ ਲਗਾਉਣ ਲਈ ਮਜ਼ਬੂਰ ਨਾ ਹੋਣ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਆਪਣੇ ਖੇਤਾਂ ਦੀ ਦੇਖਭਾਲ ਕਰਦੇ ਹੋਏ ਅੱਗ ਲਗਾਉਣ ਤੋਂ ਗੁਰੇਜ਼ ਕਰਨ ਅਤੇ ਲੋੜੀਂਦੇ ਸਾਧਨਾਂ ਲੈਣ ਲਈ ਵਾਸਤੇ ਸਰਕਾਰ ਉਤੇ ਦਬਾਅ ਬਣਾਉਣ ਵਾਸਤੇ ਸੰਘਰਸ਼ ਲਈ ਲਾਮਬੰਦ ਹੋਣ।

# ਸਪੀਕਰ ਨੇ ਗਲਤੀ ਸੋਧਕੇ ਸਿੱਧ ਕੀਤਾ 'ਆਪ' ਸਰਕਾਰ ਨੇ ਧੱਕੇਸ਼ਾਹੀ ਨਾਲ ਵੋਟ ਹੱਕ 'ਚ ਭੁਗਤਾਉਣ ਦੀ ਕੋਸ਼ਿਸ਼ ਕੀਤੀ : ਗੜ੍ਹੀ

**ਚੰਡੀਗੜ੍ਹ, 16 ਅਕਤੂਬਰ–** ਵਿਧਾਨ ਸਭਾ ਵਿੱਚ ਸਰਕਾਰ ਵੱਲੋਂ ਲਿਆਂਦੇ ਗਏ ਭਰੋਸਗੀ ਮਤੇ ਦੌਰਾਨ ਬਹੁਜਨ ਸਮਾਜ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਦੀ ਵੋਟ ਨੂੰ ਸਰਕਾਰ ਦੇ ਹੱਕ ਵਿੱਚ ਮੰਨਣ ਦੀ ਸਰਕਾਰ ਨੇ ਹੁਣ ਸੋਧ ਕਰਕੇ ਸਿੱਧ ਕਰ ਦਿੱਤਾ ਕਿ 'ਆਪ' ਸਰਕਾਰ ਨੇ ਧੱਕੇਸ਼ਾਹੀ ਨਾਲ ਆਪਣੇ ਹੱਕ ਵਿੱਚ ਵੋਟਾਂ ਦੀ ਗਿਣਤੀ ਕੀਤੀ ਸੀ। ਅੱਜ ਇੱਥੋਂ ਜਾਰੀ ਬਿਆਨ ਵਿੱਚ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਪਹਿਲਾਂ ਤੋਂ ਹੀ ਇਸ ਮਤੇ ਦਾ ਵਿਰੋਧ ਕਰਦੀ ਆ ਰਹੀ ਸੀ, ਵਿਧਾਨ ਸਭਾ ਵਿੱਚ ਵੀ ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਡਾ ਨਛੱਤਰਪਾਲ਼ ਨੇ ਇਸ ਮਤੇ ਖਿਲਾਫ ਵੋਟ ਪਾਈ ਸੀ। ਪ੍ਰੰਤੂ ਸਪੀਕਰ ਨੇ ਅਣ–ਸੁਣਿਆ ਕਰਦੇ ਹੋਏ ਬਸਪਾ ਵਿਧਾਇਕ ਤੇ ਅਕਾਲੀ ਦਲ ਦੇ ਵਿਧਾਇਕ ਦੀ ਵੋਟ ਨੂੰ ਸਰਕਾਰ ਦੇ ਪੱਖ ਵਿੱਚ ਕਰਾਰ ਦੇ ਦਿੱਤਾ ਸੀ। ਸ ਗੜ੍ਹੀ ਨੇ ਕਿਹਾ ਕਿ ਬਸਪਾ ਤੇ ਅਕਾਲੀ ਦਲ ਵੱਲੋਂ ਵਿਰੋਧ ਕੀਤੇ ਜਾਣ ਬਾਅਦ ਸਰਕਾਰ ਨੇ ਹੁਣ ਇਹ ਸੋਧ ਕਰਕੇ ਆਪਣੀ ਗਲਤੀ ਮੰਨ ਲਈ ਹੈ। ਸ੍ਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਵਿੱਚ ਅਰਵਿੰਦ ਕੇਜਰੀਵਾਲ ਦੀਆਂ ਨੀਤੀਆ ਖ਼ਿਲਾਫ਼ ਲੜ ਰਿਹਾ ਬਸਪਾ ਤੇ ਸ਼੍ਰੋਮਣੀ ਅਕਾਲੀ ਦਲ ਦਾ ਗਠਜੋੜ ਮਜ਼ਬੂਤੀ ਨਾਲ ਪੰਜਾਬ ਦੀ ਆਵਾਜ਼ ਬਣਕੇ ਡਟਕੇ ਖੜ੍ਹਿਆ ਹੈ। ਉਨ੍ਹਾਂ ਕਿਹਾ ਕਿ ਝਾੜੂ ਪਾਰਟੀ ਦਾ ਭਰੋਸੇ ਦੇ ਵੋਟ ਖ਼ਿਲਾਫ਼ ਕਾਂਗਰਸ ਤੇ ਭਾਜਪਾ ਦਾ ਬਾਈਕਾਟ ਕਰਨਾ ਪੰਜਾਬ ਦੇ ਲੋਕਾਂ ਨਾਲ ਧੋਖਾ ਸੀ। ਜਦੋਂ ਕਿ ਬਸਪਾ ਤੇ ਸ਼੍ਰੋਮਣੀ ਅਕਾਲੀ ਦਲ ਗਠਜੋੜ ਵਲੋਂ ਕੇਜਰੀਵਾਲ ਦੀਆਂ ਨੀਤੀਆਂ ਖਿਲਾਫ ਦੋ ਵੋਟਾਂ ਪਾਕੇ ਸਰਕਾਰ ਦੇ ਖਿਲਾਫ ਪੰਜਾਬ ਦੇ ਲੋਕਾਂ ਦੀ ਆਵਾਜ਼ ਬੁਲੰਦ ਕੀਤੀ ਸੀ, ਜਿਸ ਦਾ ਅੱਜ ਨਿਤਾਰਾ ਹੋਇਆ ਹੈ। ਸ੍ਰ ਗੜ੍ਹੀ ਨੇ ਕਿਹਾ ਕਿ 'ਆਪ'ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਬਹੁਜਨ ਸਮਾਜ ਪਾਰਟੀ ਡਟਕੇ ਵਿਰੋਧ ਕਰਦੀ ਰਹੇਗੀ।



# ਰਾਇਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ ਸ਼ੋਸ਼ਲ ਸਾਂਇੰਸਜ ਤੇ ਸਕੂਲ ਆਫ ਐਜੂਕੇਸ਼ਨ ਵੱਲੋਂ ਨਾਚ ਤੇ ਲੋਕ ਨਾਚ ਮੁਕਾਬਲੇ

**ਚੰਡੀਗੜ, (ਪ੍ਰੀਤਮ ਲੁਧਿਆਣਵੀ)–** ਰਾਇਤ ਬਾਹਰਾ ਯੂਨੀ–ਵਰਸਿਟੀ ਦੇ ਸਕੂਲ ਆਫ ਐਜੂਕੇਸ਼ਨ ਤੇ ਸ਼ੋਸ਼ਲ ਸਾਇੰਸਜ ਵੱਲੋ ਨਾਚ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਯੂਨੀ–ਵਰਸਿਟੀ ਦੇ ਵਾਇਸ ਚਾਂਸਲਰ ਮਾਣਯੋਗ ਪ੍ਰੋ ਡਾ ਪਰਵਿੰਦਰ ਸਿੰਘ ਜੀ, ਡੀਨ ਵਿਦਿਆਰਥੀ ਭਲਾਈ ਪ੍ਰੋ ਡਾ ਸਿਮਰਜੀਤ ਸ਼ੇਰਗਿੱਲ, ਡੀਨ ਸ਼ੋਸ਼ਲ ਸਾਇੰਸਜ ਤੇ ਐਜੂਕੇਸ਼ਨ









ਪ੍ਰੋ ਡਾ ਇੰਦਰਪ੍ਰੀਤ ਕੌਰ, ਐਚ ਓ ਡੀ ਡਾ ਮਿਹਰ ਮਾਣਕ ਜੀ ਦੀ ਯੋਗ ਆਗਵਾਈ ਵਿੱਚ ਤੇ ਡਾ ਜਸਪਾਲ ਸਿੰਘ ਤੇ ਪ੍ਰੋ ਜਗਜੀਤ ਕੌਰ ਦੀ ਨਿਰਦੇਸ਼ਨਾ ਵਿੱਚ ਕਰਵਾਏ ਇਸ ਮੁਕਾਬਲੇ ਵਿੱਚ 30 ਪ੍ਰਤੀਯੋਗੀਆਂ ਨੇ ਹਿਸਾ ਲਿਆ। ਸਾਰੇ ਹੀ ਪ੍ਰਤੀਯੋਗੀਆਂ ਨੇ ਖੂਬਸੂਰਤ ਪੇਸ਼ਕਾਰੀ ਦਿੱਤੀ। ਸਖਤ ਮੁਕਾਵਲੇ ਵਿੱਚ ਸੁਖਵਿੰਦਰ ਸਿੰਘ ਬੀ ਏ ਭਾਗ ਪਹਿਲਾ ਨੇਪਹਿਲਾ ਸਥਾਨ ਹਾਸਲ ਕੀਤਾ। ਹਰਵਿੰਦਰ ਕੌਰ ਐਮ ਏ ਭਾਗ ਪਹਿਲਾ ਨੇ ਦੂਜਾ ਤੇ ਇੰਦਰਪ੍ਰੀਤ ਸਿੰਘ ਬੀ ਏ ਬੀਐੱਡ ਪਹਿਲਾ ਸਾਲ ਨੇ ਤੀਜਾ ਸਥਾਨ ਹਾਸਲ ਕੀਤਾ।

ਮੁਕਾਬਲੇ ਦੀ ਜੱਜਮੈਂਟ ਪ੍ਰੋ ਮਨਦੀਪ ਕੌਰ, ਪ੍ਰੋ ਚੈਨਕਾ ਚਾਂਦ, ਪੋ ਜਗਜੀਤ ਕੌਰ ਤੇ ਡਾ ਹਰਪ੍ਰੀਤ ਸਿੰਘ ਨੇ ਕੀਤੀ। ਜੇਤੂਆਂ ਦੀ ਹੌਸਲਾ ਅਫਜਾਈ ਵੀ ਕੀਤੀ ਗਈ। ਇਸ ਮੌਕੇ ਸਕੂਲ ਆਫ ਐਜੂਕੇਸ਼ਨ ਤੇ ਸ਼ੋਸ਼ਲ ਸਾਇੰਸਜ ਦੇ ਸਮੂੰਹ ਸਟਾਫ ਮੈਂਬਰ ਹਾਜਰ ਸਨ।

# ਪੀਐੈਮ ਮੋਦੀ ਦੀ ਅਗਵਾਈ 'ਚ ਭਾਰਤ ਨੇ ਵਿਸ਼ਵ ਪੱਧਰ 'ਤੇ ਮਜ਼ਬੂਤ ਪਛਾਣ ਬਣਾਈ: ਤਰਨਜੀਤ ਸਿੰਘ ਸੰਧੂ

ਅਮਰੀਕਾ ਵਿੱਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਵੱਲੋਂ ਅੱਜ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਮਹੱਤਵਪੂਰਨ ਮੁੱਦਿਆਂ 'ਤੇ ਵਿਚਾਰ ਚਰਚਾ ਕਰਨ ਦੇ ਨਾਲ-ਨਾਲ 'ਵਰਸਿਟੀ 'ਚ ਸਥਾਪਿਤ ਕਲਪਨਾ ਚਾਵਲਾ ਸਪੇਸ ਰਿਸਰਚ ਸੈਂਟਰ ਦਾ ਵੀ ਦੌਰਾ ਕੀਤਾ ਗਿਆ। ਤਰਨਜੀਤ ਸਿੰਘ ਸੰਧੂ ਨੇ ਅਮਰੀਕਾ ਦੇ ਵੀਜ਼ਾ ਵਿੱਚ ਦੇਰੀ ਦੀ ਸਮੱਸਿਆ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਅਸੀਂ ਅਮਰੀਕੀ ਅਧਿਕਾਰੀਆਂ ਨੂੰ ਸੰਯੁਕਤ ਰਾਜ ਅਮਰੀਕਾ ਜਾਣ ਵਾਲੇ ਭਾਰਤੀਆਂ ਦੀ ਮਹੱਤਤਾ ਦਾ ਅਹਿਸਾਸ ਕਰਵਾਇਆ, ਖਾਸ ਤੌਰ 'ਤੇ ਸਟੈਮ (ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ) ਖੇਤਰਾਂ ਦੇ ਪੇਸ਼ੇਵਰ ਜੋ ਅਮਰੀਕਾ ਦੇ ਵਿਕਾਸ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਤਰ੍ਹਾਂ ਦੇ ਵੀਜ਼ਿਆਂ 'ਤੇ ਅਮਰੀਕਾ ਜਾਣ ਵਾਲੇ ਕੁੱਲ ਭਾਰਤੀਆਂ ਵਿੱਚੋਂ ਦੋ ਤਿਹਾਈ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਨਾਲ ਸਬੰਧਤ ਹਨ। ਇਸ ਮੌਕੇ ਉਨ੍ਹਾਂ ਨਾਲ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਉਚੇਚੇ ਤੌਰ 'ਤੇ ਮੌਜੂਦ ਸਨ।





ਤਰਨਜੀਤ ਸਿੰਘ ਸੰਧੂ ਨੇ ਦੱਸਿਆ ਕਿ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਵੱਲੋਂ ਅਮਰੀਕਾ 'ਚ ਹਮਰੁਤਬਾ ਮੰਤਰੀ ਐਂਥਨੀ ਬਲਿੰਕਨ ਕੋਲ ਭਾਰਤੀਆਂ ਦੇ ਵੀਜ਼ੇ 'ਚ ਹੋ ਰਹੀ ਦੇਰੀ ਸਬੰਧੀ ਮੁੱਦੇ ਚੁੱਕੇ ਜਾਣ ਤੋਂ ਬਾਅਦ ਅਮਰੀਕਾ ਅੰਬੈਸੀ ਵੱਲੋਂ ਸਥਿਤੀ 'ਚ ਸੁਧਾਰ ਕਰਦਿਆਂ ਵੱਡੇ ਪੱਧਰ 'ਤੇ ਵੀਜ਼ਾ ਅਪੁਆਇੰਟਮੈਂਟਾਂ ਖੋਲ੍ਹੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਅਮਰੀਕਾ ਨੇ ਐਚ ਅਤੇ ਐਲ ਸ਼੍ਰੇਣੀ ਦੇ ਵੀਜ਼ਿਆਂ ਸਬੰਧੀ 1 ਲੱਖ ਤੋਂ ਵੱਧ ਅਪੁਆਇੰਟਮੈਂਟਾਂ ਖੋਲ੍ਹੀਆ ਹਨ।

ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਕੋਵਿਡ ਮਹਾਂਮਾਰੀ ਦੇ ਸੰਕਟ ਤੋਂ ਬਾਅਦ ਅਮਰੀਕਾ ਅੰਬੈਸੀ 'ਚ ਆਈ ਸਟਾਫ਼ ਦੀ ਕਮੀ ਕਾਰਨ ਵੀਜ਼ਾ ਜਾਰੀ ਕਰਨ 'ਚ ਵੱਡੇ ਪੱਧਰ 'ਤੇ ਦੇਰੀ ਹੋ ਰਹੀ ਸੀ, ਜਿਸ ਨੂੰ ਤੇਜ਼ੀ ਨਾਲ ਸੁਧਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅਮਰੀਕਾ ਦੇ ਵੀਜ਼ੇ ਲਈ ਸਾਲਾਨਾ 2 ਲੱਖ ਤੋਂ ਵੱਧ ਭਾਰਤੀ ਅਪਲਾਈ ਕਰਦੇ ਹਨ, ਜਿਨ੍ਹਾਂ ਵਿਚੋਂ ਤੀਜਾ ਹਿੱਸਾ ਸਾਇੰਸ, ਟੈਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (ਸਟੈਮ) ਖੇਤਰਾਂ ਨਾਲ ਸਬੰਧਿਤ ਹਨ। ਉਨ੍ਹਾਂ ਦੱਸਿਆ ਕਿ ਸਟੈਮ ਖੇਤਰਾਂ ਨਾਲ ਸਬੰਧਿਤ ਭਾਰਤੀਆਂ ਦੀ ਅਮਰੀਕਾ ਦੀ ਅਰਥਵਿਵਸਥਾ ਦੀ ਪ੍ਰਫੁੱਲਿਤਾ 'ਚ ਵਿਸ਼ੇਸ਼ ਯੋਗਦਾਨ ਹੈ।

ਉਨ੍ਹਾਂ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ 'ਚ ਭਾਰਤ ਨੇ ਕੋਵਿਡ ਮਹਾਂਮਾਰੀ ਦੇ ਸੰਕਟ ਦੌਰਾਨ ਵਿਸ਼ਵ ਪੱਧਰ 'ਤੇ ਵਿਸ਼ੇਸ਼ ਰੁਤਬਾ ਕਾਇਮ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਨਾ ਕੇਵਲ ਆਪਣੇ ਨਾਗਰਿਕਾਂ ਨੂੰ ਕੋਵਿਡ ਵੈਕਸੀਨ ਦੀ ਡੋਜ਼ ਯਕੀਨੀ ਬਣਾਈ ਬਲਕਿ ਅਮਰੀਕਾ 'ਚ ਪਹੁੰਚਣ ਵਾਲੀਆਂ ਕੋਵਿਡ ਵੈਕਸੀਨਾਂ ਵਿਚੋਂ ਤਿੰਨ ਪ੍ਰਮੁੱਖ ਵੈਕਸੀਨਾਂ ਭਾਰਤ ਵੱਲੋਂ ਨਿਰਵਿਘਨ ਮੁਹੱਈਆ ਕਰਵਾਈਆਂ ਗਈਆਂ। ਭਾਰਤ ਵੱਲੋਂ ਵੱਡੇ ਪੱਧਰ 'ਤੇ ਕੀਤੀ ਵੈਕਸੀਨ ਅਤੇ ਦਵਾਈਆਂ ਦੀ ਸਪਲਾਈ ਨੇ ਇਸ ਨੂੰ ਕਿਫਾਇਤੀ ਵੀ ਬਣਾਇਆ। ਉਨ੍ਹਾਂ ਕਿਹਾ ਕਿ ਭਾਰਤ ਨੇ ਨਾ ਕੇਵਲ ਅਮਰੀਕਾ ਬਲਕਿ ਅਫ਼ਰੀਕਾ ਸਮੇਤ ਹੋਰਨਾਂ ਨੂੰ ਵਿਕਾਸਸ਼ੀਲ ਦੇਸ਼ਾਂ ਨੂੰ ਕਿਫ਼ਾਇਤੀ ਤੌਰ 'ਤੇ ਵੈਕਸੀਨ ਸਪਲਾਈ ਕੀਤੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ 'ਚ ਭਾਰਤ ਵਿਸ਼ਵ ਪੱਧਰ 'ਤੇ ਵੱਖ-ਵੱਖ ਖੇਤਰਾਂ 'ਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਸ. ਤਰਨਜੀਤ ਸੰਧੂ ਨੇ ਕਿਹਾ ਕਿ ਅਮਰੀਕਾ 'ਚ ਸਟੈਮ ਖੇਤਰਾਂ 'ਚ ਭਾਰਤੀ ਵਿਦਿਆਰਥੀਆਂ ਦੀ ਭਾਰੀ ਮੰਗ ਹੈ ਜਿਸਦੇ ਚਲਦੇ ਸਥਾਨਕ ਕੰਪਨੀਆਂ ਭਾਰਤੀ ਵਿਦਿਆਰਥੀਆਂ ਨੂੰ ਪਹਿਲ ਦੇ ਆਧਾਰ 'ਤੇ ਨੌਕਰੀਆਂ ਲਈ ਮੰਗ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਚੰਡੀਗੜ੍ਹ ਯੂਨੀਵਰਸਿਟੀ ਸਮੇਤ ਕਈ ਹੋਰ ਭਾਰਤੀ ਵਿਦਿਅਕ ਅਦਾਰੇ ਸਟੈਮ ਖੇਤਰਾਂ ਦੇ ਨਾਲ-ਨਾਲ ਸਪੇਸ ਖੇਤਰ 'ਚ ਵੀ ਚੰਗਾ ਪ੍ਰਦਰਸ਼ਨ ਕਰ ਰਹੇ ਹਨ, ਜਿਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਨੂੰ ਭਾਰਤ ਪੜ੍ਹਨ ਲਈ ਆਕਰਸ਼ਿਤ ਕਰਨ ਦੀ ਸਮਰੱਥਾ ਹੈ। ਜਿੱਥੋਂ ਤੱਕ ਅਮਰੀਕਾ ਦਾ ਸਬੰਧ ਹੈ, ਹਾਲ ਹੀ ਵਿੱਚ ਯੂਐਸ ਡਿਪਾਰਟਮੈਂਟ ਆਫ਼ ਸਟੇਟ ਨੇ ਗਾਂਧੀ ਕਿੰਗ ਸਕਾਲਰਸ਼ਿਪ ਐਕਸਚੇਂਜ ਪਹਿਲਕਦਮੀ ਦੀ ਸ਼ੁਰੂਆਤ ਕੀਤੀ ਹੈ ਜਿਸ ਦੇ ਤਹਿਤ ਬਹੁਤ ਸਾਰੇ ਅਮਰੀਕੀ ਵਿਦਿਆਰਥੀ ਭਾਰਤ ਵਿੱਚ ਆ ਕੇ ਪੜ੍ਹ ਸਕਦੇ ਹਨ। ਇਹ ਸਕਾਲਰਸ਼ਿਪ ਫੈਕਲਟੀ ਨੂੰ ਐਕਸਚੇਂਜ ਪ੍ਰੋਗਰਾਮਾਂ ਅਤੇ ਸਾਂਝੇ ਖੋਜ ਪਹਿਲਕਦਮੀਆਂ ਦੇ ਤਹਿਤ ਭਾਰਤੀ ਯੂਨੀਵਰਸਿਟੀਆਂ ਦਾ ਦੌਰਾ ਕਰਨ ਦੀ ਵੀ ਆਗਿਆ ਦਿੰਦੀ ਹੈ।

ਚੰਡੀਗੜ੍ਹ ਯੂਨੀਵਰਸਿਟੀ ਵਰਗੀਆਂ ਨੌਜਵਾਨ ਯੂਨੀਵਰਸਿਟੀਆਂ ਨੂੰ ਸਪੇਸ ਟੈਕਨਾਲੋਜੀ, ਸੂਚਨਾ ਤਕਨਾਲੋਜੀ, ਖੇਤੀਬਾੜੀ, ਗਣਿਤ ਅਤੇ ਹੋਰ ਖੇਤਰਾਂ ਵਿੱਚ ਇੱਕ ਵਿਸ਼ੇਸ਼ ਡੋਮੇਨ ਬਣਾਉਣਾ ਚਾਹੀਦਾ ਹੈ ਜਿੱਥੇ ਭਾਰਤੀਆਂ ਦੀ ਮੁਹਾਰਤ ਨੂੰ ਵਿਸ਼ਵ ਪੱਧਰ 'ਤੇ ਸਵੀਕਾਰ ਕੀਤਾ ਗਿਆ ਹੈ। ਇਹ ਇੱਕ ਅਜਿਹਾ ਸਥਾਨ ਬਣਾਏਗਾ ਜਿੱਥੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਭਾਰਤ ਵਿੱਚ ਆਉਣ ਅਤੇ ਪੜ੍ਹਨ ਲਈ ਪੂਰੀ ਦੁਨੀਆ ਤੋਂ ਆਕਰਸਤਿ ਕੀਤਾ ਜਾ ਸਕਦਾ ਹੈ।

ਉਨ੍ਹਾਂ ਭਾਰਤ ਦੀ ਨਵੀਂ ਸਿੱਖਿਆ ਨੀਤੀ 'ਚ ਸਿੱਖਿਆ ਦੇ ਵਿਸ਼ਵੀਕਰਨ 'ਤੇ ਦਿੱਤੇ ਜ਼ੋਰ ਨੂੰ ਦੂਰਅੰਦੇਸ਼ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਵਿਸ਼ਵੀਕਰਨ ਲਈ ਭਾਰਤੀ ਅਤੇ ਵਿਦੇਸ਼ੀ ਵਿਦਿਅਕ ਸੰਸਥਾਵਾਂ 'ਚ ਕੈਂਪਸ ਟੂ ਕੈਂਪਸ ਭਾਈਵਾਲੀ ਨੂੰ ਹੋਰ ਮਜ਼ਬੂਤ ਬਣਾਉਣਾ ਹੋਵੇਗਾ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਦੀ ਤਰ੍ਹਾਂ ਹੋਰਨਾਂ ਯੂਨੀਵਰਸਿਟੀਆਂ ਨੂੰ ਵੀ ਵਿਦੇਸ਼ੀ ਯੂਨੀਵਰਸਿਟੀਆਂ ਨਾਲ ਸਾਂਝੇ ਖੋਜ ਪ੍ਰਾਜੈਕਟਾਂ ਅਤੇ ਡਿਊਲ ਡਿਗਰੀ ਪ੍ਰੋਗਰਾਮਾਂ ਲਈ ਗਠਜੋੜ ਸਥਾਪਿਤ ਕਰਨ ਦੀ ਲੋੜ ਹੈ।

ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਦੀਆਂ ਨੀਤੀਆਂ ਦੀ ਸ਼ਾਲਾਘਾ ਕਰਦਿਆਂ ਕਿਹਾ ਕਿ ਅੱਜ ਵਿਸ਼ਵ ਦੇ ਬਹੁਤ ਸਾਰੇ ਮੁਲਕ ਅਤੇ ਉਨ੍ਹਾਂ ਦੇ ਪ੍ਰੈਜੀਡੈਂਟ ਵਿਸ਼ਵ ਸ਼ਾਂਤੀ ਸਥਾਪਿਤ ਕਰਨ ਲਈ ਭਾਰਤ ਵੱਲ ਵੇਖ ਰਹੇ ਹਨ। ਬਹੁਤ ਸਾਰੇ ਅਜਿਹੇ ਅਣਸੁਲਝੇ ਮਸਲੇ ਹਨ ਜਿਨ੍ਹਾਂ ਦੇ ਹੱਲ ਲਈ ਦੁਨੀਆਂ ਦੇ ਕਈ ਮੁਲਕ ਭਾਰਤ ਦਾ ਦਾਖ਼ਲ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਪੀ.ਐਮ ਮੋਦੀ ਸਰਗਰਮੀ ਨਾਲ ਦੂਜੇ ਮੁਲਕਾਂ ਨਾਲ ਸਕਾਰਾਤਮਕ ਸਾਂਝ ਸਥਾਪਿਤ ਕਰਨ ਵੱਲ ਤੱਤਪਰ ਹਨ, ਜਿਨ੍ਹਾਂ ਦੇ ਸਾਰਥਿਕ ਨਤੀਜੇ ਵੀ ਸਾਹਮਣੇ ਆਏ ਹਨ।

ਇਸ ਦੌਰਾਨ ਤਰਨਜੀਤ ਸਿੰਘ ਸੰਧੂ ਨੇ ਕਲਪਨਾ ਚਾਵਲਾ ਸਪੇਸ ਰਿਸਰਚ ਸੈਂਟਰ ਦਾ ਦੌਰਾ ਕੀਤਾ ਜਿੱਥੇ ਉਨ੍ਹਾਂ ਨੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ, ਜੋ ਕਿ 75 ਵਿਦਿਆਰਥੀ ਸੈਟੇਲਾਈਟ ਪ੍ਰੋਗਰਾਮ 'ਤੇ ਕੰਮ ਕਰ ਰਹੇ ਹਨ। ਰਾਜਦੂਤ ਨੇ ਟੈਕਨਾਲੋਜੀ ਬਿਜ਼ਨਸ ਇਨਕਿਊਬੇਟਰ ਦਾ ਵੀ ਦੌਰਾ ਕੀਤਾ ਜਿੱਥੇ ਉਨ੍ਹਾਂ ਨੇ ਚੰਡੀਗੜ੍ਹ ਯੂਨੀਵਰਸਿਟੀ ਦੇ ਨੌਜਵਾਨ ਉੱਦਮੀਆਂ ਨਾਲ ਵੀ ਵੱਖ-ਵੱਖ ਪ੍ਰਾਜੈਕਟਾਂ 'ਤੇ ਗੱਲਬਾਤ ਕੀਤੀ। ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਇੱਕ ਪੰਜਾਬੀ ਰਾਜਦੂਤ ਵਜੋਂ ਅਮਰੀਕਾ ਵਿੱਚ ਭਾਰਤ ਦੀ ਨੁਮਾਇੰਦਗੀ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅਸੀਂ ਭਾਰਤੀ ਰਾਜਦੂਤ ਨਾਲ ਨਵੀਂ ਸਿੱਖਿਆ ਨੀਤੀ ਦੇ ਤਹਿਤ ਅਮਰੀਕੀ ਯੂਨੀਵਰਸਿਟੀਆਂ ਨਾਲ ਸਹਿਯੋਗ ਦੀਆਂ ਸੰਭਾਵਨਾਵਾਂ ਬਾਰੇ ਗੱਲਬਾਤ ਕੀਤੀ, ਜੋ ਸਾਡੇ ਵਿਦਿਆਰਥੀਆਂ ਨੂੰ ਗਲੋਬਲ ਐਕਸਪੋਜ਼ਰ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੀਆਂ ਹਨ। ਉਨ੍ਹਾਂ ਅਮਰੀਕਾ ਵਿੱਚ ਭਾਰਤੀ ਰਾਜਦੂਤ ਨੂੰ ਚੰਡੀਗੜ੍ਹ ਯੂਨੀਵਰਸਿਟੀ ਦੇ ਮੌਜੂਦਾ 30+ ਯੂਐਸ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਨਾਲ ਸਹਿਯੋਗ ਬਾਰੇ ਵੀ ਜਾਣੂ ਕਰਵਾਇਆ।

# ਸਨੋਰਕਲਿੰਗ ਕਰਨ ਵਾਲਾ ਹਰਜਿੰਦਰ ਸਿੰਘ ਪਹਿਲਾ ਦਸਤਾਰਧਾਰੀ ਸਿੱਖ ਬਣਿਆ

**ਲੁਧਿਆਣਾ**–ਸਨਅਤੀ ਸ਼ਹਿਰ ਤੋਂ ਸਮਾਜ ਸੇਵੀ ਤੇ ਹੋਟਲ ਕਾਰੋਬਾਰੀ ਹਰਜਿੰਦਰ ਸਿੰਘ ਕੁਕਰੇਜਾ ਨੇ ਦਸਤਾਰ ਦੀ ਪਛਾਣ ਲਈ ਇੱਕ ਹੋਰ ਕੰਮ ਕੀਤਾ ਹੈ। ਕੁਕਰੇਜਾ ਨੇ ਉੱਤਰ-ਮੱਧ ਹਿੰਦ ਮਹਾਸਾਗਰ ਵਿੱਚ ਮਾਲਦੀਵ 'ਚ ਆਪਣੀ ਪੱਗ ਨਾਲ ਸਨੋਰਕਲਿੰਗ ਕੀਤੀ ਹੈ। ਇਸ ਤੋਂ ਪਹਿਲਾਂ ਵੀ ਹਰਜਿੰਦਰ ਸਿੰਘ ਕੁਕਰੇਜਾ ਆਪਣੀ ਦਸਤਾਰ ਨੂੰ ਅੱਗੇ ਰੱਖਣ ਲਈ ਸਾਲ 2014 ਵਿੱਚ ਆਸਟਰੇਲੀਆ ਵਿਚ ਆਪਣੀ ਪੱਗ ਬੰਨ੍ਹ ਕੇ ਸਕਾਈਡਾਈਵ ਕਰਨ ਵਾਲਾ ਪਹਿਲਾ ਸਿੱਖ ਅਤੇ ਅੰਤਾਲਿਆ, ਤੁਰਕੀ ਵਿੱਚ ਸਾਲ 2016 'ਚ ਆਪਣੀ ਪੱਗ ਨਾਲ ਸਕੂਬਾ-ਡਾਈਵ ਕਰਨ ਵਾਲਾ



ਪਹਿਲਾ ਸਿੱਖ ਬਣਿਆ ਸੀ। ਹਰਜਿੰਦਰ ਦਾ ਉਦੇਸ਼ ਸਿੱਖ ਦਸਤਾਰ ਅਤੇ ਹੋਰ ਸਾਰੇ ਧਾਰਮਿਕ ਚਿੰਨ੍ਹਾਂ ਪ੍ਰਤੀ ਨਿਰੰਤਰ ਦਿਲਚਸਪੀ ਅਤੇ ਸਤਿਕਾਰ ਪੈਦਾ ਕਰਨਾ ਹੈ। ਉਹ ਆਪਣੀ ਦਸਤਾਰ ਨਾਲ ਹਿੰਦ ਮਹਾਸਾਗਰ ਵਿੱਚ ਸਨੋਰਕਲਿੰਗ ਕਰਨ ਵਾਲਾ ਪਹਿਲਾ ਸਿੱਖ ਬਣ ਗਿਆ ਹੈ। ਇਸ ਸਬੰਧੀ ਗੱਲਬਾਤ ਕਰਦੇ ਹੋਏ ਕੁਕਰੇਜਾ ਨੇ ਦੱਸਿਆ ਕਿ ਦਸਤਾਰ ਨਾਲ ਸਨੋਰਕਲਿੰਗ ਅਸੰਭਵ ਲੱਗਦਾ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਹਿੰਦ ਮਹਾਸਾਗਰ ਦੀਆਂ ਮੱਛੀਆਂ ਵਿਚਾਲੇ ਪੂਰੀ ਪੱਗ ਦੇ ਨਾਲ ਮਨੋਰੰਜਕ ਸਨੋਰਕਲਿੰਗ ਕਰਨ ਦਾ ਆਨੰਦ ਮਾਣਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਨੋਰਕਲਿੰਗ ਦਾ ਸੁਨੇਹਾ ਹੈ ਕਿ ਦਸਤਾਰ ਵਾਲਾ ਜੀਵਨ ਬਿਨਾਂ ਕਿਸੇ ਰੁਕਾਵਟ ਦੇ ਇੱਕ ਵਧੀਆ ਜੀਵਨ ਹੈ।

# ਸਰਬ ਨੌਜਵਾਨ ਸਭਾ ਵਲੋਂ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਦਾ ਦੌਰਾ ਐਨਆਰਆਈ ਸੁੱਖੀ ਬਾਠ ਨੇ ਕੀਤਾ



**ਫਗਵਾੜਾ 14 ਅਕਤੂਬਰ (ਬੀਕੇ ਰੱਤੂ)**– ਸਰਬ ਨੌਜਵਾਨ ਸਭਾ ਰਜਿ। ਫਗਵਾੜਾ ਵਲੋਂ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਵਿਖੇ ਅੱਜ ਸ੍ਰੀ ਸੁੱਖੀ ਬਾਠ ਮੁੱਖ ਸੰਚਾਲਕ, ਪੰਜਾਬ ਭਵਨ ਸਰੀ, ਕੈਨੇਡਾ ਦਾ ਪਹੁੰਚਣ ਤੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਨਿੱਘਾ ਸਵਾਗਤ ਕੀਤਾ ਗਿਆ। ਸੁੱਖੀ ਬਾਠ ਨੇ ਫੇਰੀ ਦੌਰਾਨ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸੁਖਾਵੇਂ ਜੀਵਨ ਲਈ ਜ਼ਿੰਦਗੀ ਦਾ ਟੀਚਾ ਮਿੱਥੇ ਬਿਨ੍ਹਾਂ ਸਫ਼ਲਤਾ ਹਾਸਲ ਨਹੀਂ ਕੀਤੀ ਜਾ ਸਕਦੀ। ਉਹਨਾਂ ਨੇ ਆਪਣੀ ਜ਼ਿੰਦਗੀ ਦੇ ਤਜੁਰਬੇ ਸਾਂਝੇ ਕਰਦਿਆਂ ਕਿਹਾ ਕਿ ਉਹ ਬਿਲਕੁਲ ਸਧਾਰਨ ਕਿਸਾਨ ਪਰਿਵਾਰ ਵਿਚੋਂ ਉੱਠ ਕੇ ਜ਼ਿੰਦਗੀ 'ਚ ਵੱਡੀਆਂ ਮੰਜ਼ਿਲਾਂ ਤੈਅ ਕਰ ਚੁੱਕੇ ਹਨ ਅਤੇ ਕੈਨੇਡਾ ਦੇ ਕਾਰੋਬਾਰੀਆਂ 'ਚ ਇੱਕ ਵਿਸ਼ੇਸ਼ ਸਥਾਨ ਬਣਾਇਆ ਹੈ। ਇਹ ਸਾਰਾ ਕੁੱਝ ਟੀਚਾ ਮਿੱਥ ਕੇ ਕੀਤੀ ਮਿਹਨਤ ਸਦਕਾ ਹੀ ਸੰਭਵ ਹੋਇਆ ਹੈ। ਉਹਨਾ ਨੇ ਸਰੀ ਵਿਖੇ ਕਰਵਾਈ ਗਈ ਲੇਖਕਾਂ ਦੀ ਕਾਨਫਰੰਸ ਦਾ ਵੀ ਜ਼ਿਕਰ ਕੀਤਾ, ਜਿਹੜੀ ਉਹਨਾਂ ਦੀ ਸਰਪ੍ਰਸਤੀ ਹੇਠ ਪੰਜਾਬ ਭਵਨ ਸਰੀ ਵਿਖੇ ਕਰਵਾਈ ਗਈ। ਇਸ ਮੌਕੇ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਸੁੱਖੀ ਬਾਠ ਦੇ ਸਫ਼ਲ ਜੀਵਨ ਦੀ ਚਰਚਾ ਕਰਦਿਆਂ ਉਹਨਾ ਨੂੰ ਸਫ਼ਲ ਕਾਰੋਬਾਰੀ ਅਤੇ ਸਮਾਜ ਸੇਵਕ ਹੋਣ 'ਤੇ ਵਧਾਈ ਦਿੱਤੀ ਅਤੇ ਸਭਾ ਦੀਆਂ ਸਰਗਰਮੀਆਂ ਬਾਰੇ ਵਿਚਾਰ ਸਾਂਝੇ ਕੀਤੇ। ਹੁਸਨ ਲਾਲ ਜਨਰਲ ਮੈਨੇਜਰ ਜੇਸੀਟੀ ਮਿਲਜ਼ ਨੇ ਕਿਹਾ ਕਿ ਸੁੱਖੀ ਬਾਠ ਜਿਹੀ ਸਖ਼ਸ਼ੀਅਤ ਸਮਾਜ ਦਾ ਚਾਨਣ ਮੁਨਾਰਾ ਹਨ ਅਤੇ ਨੌਜਵਾਨ ਲੜਕੇ-ਲੜਕੀਆਂ ਲਈ ਪ੍ਰੇਰਨਾ ਸਰੋਤ ਹਨ।

ਇਸ ਮੌਕੇ ਡਾ: ਵਿਜੇ ਕੁਮਾਰ ਜਨਰਲ ਸਕੱਤਰ, ਕੈਸ਼ੀਅਰ ਡਾ: ਕੁਲਦੀਪ ਸਿੰਘ, ਜਗਜੀਤ ਸੇਠ ਮੈਨੇਜਰ, ਨਰਿੰਦਰ ਸੈਣੀ, ਰਾਜ ਬਸਰਾ, ਲੇਖਕ ਡਾ: ਰਵਿੰਦਰ ਭਾਟੀਆ ਬੰਬੇ, ਪ੍ਰੀਤ ਹੀਰ ਜਲੰਧਰ, ਅਸ਼ੋਕ ਸ਼ਰਮਾ, ਸਤਪ੍ਰਕਾਸ਼ ਸੱਗੂ, ਰਮੇਸ਼ ਧੀਰ, ਸਾਹਿਬਜੀਤ ਸਾਬੀ, ਮਨਦੀਪ ਸਿੰਘ, ਜਸ਼ਨ ਮਹਿਰਾ, ਹਰਵਿੰਦਰ ਸਿੰਘ, ਮੈਡਮ ਸੁਖਜੀਤ ਕੌਰ, ਮੈਡਮ ਤਨੂੰ, ਮੈਡਮ ਪੂਜਾ ਸੈਣੀ, ਮੈਡਮ ਟੀਸ਼ਾ, ਸਾਂਤੀ, ਜੈਸਮੀਨ, ਸ਼ਮਾ ਰਾਣੀ, ਮੀਨਾ ਰਾਣੀ, ਸੋਨੂੰ, ਆਸ਼ਾ, ਤਾਹਿਰਾ, ਰੇਖਾ, ਰਜਨੀ ਬਾਲਾ, ਰਜੀ, ਰਾਜਵਿੰਦਰ, ਸੁਖਵਿੰਦਰ, ਵੰਦਨਾ, ਸਿਮਰਨ, ਨੇਹਾ, ਅਨੂ, ਹਰ ਕੋਮਲ, ਅਕਾਂਸ਼ਾ, ਅੰਜਲੀ, ਸੋਨੀਆ, ਪ੍ਰਿਆ, ਕੋਮਲ, ਰੇਖਾ ਨਾਰੰਗ, ਮੀਨਾਕਸ਼ੀ, ਸੰਧਿਆ ਕੁਮਾਰੀ ਆਦਿ ਹਾਜਰ ਸਨ।

# ਲਵਲੀ ਨਿਰਮਾਣ ਅਤੇ ਪ੍ਰਵੀਨ ਭਾਰਟਾ ਦਾ ਗੀਤ "ਲੋਕਟ ਵਨਸ ਅਗੇਨ" ਖੂਬ ਚਰਚਾ 'ਚ- ਹਰੀਸ਼ ਸੰਤੋਖਪੁਰੀ

**ਫਗਵਾੜਾ (ਬੀਕੇਰੱਤੂ)**– ਪੰਜਾਬੀ ਸੰਗੀਤ ਦੇ ਖੇਤਰ ਵਿੱਚ ਅੰਤਰ - ਰਾਸ਼ਟਰੀ ਪੱਧਰ ਤੇ ਨਾਮਣਾ ਖੱਟਣ ਵਾਲੇ ਗਾਇਕ ਲਵਲੀ ਨਿਰਮਾਣ ਅਤੇ ਗਾਇਕਾ ਪ੍ਰਵੀਨ ਭਾਰਟਾ ਜਿਨ੍ਹਾਂ ਦੀ ਸੁਰੀਲੀ ਆਵਾਜ ਵਿੱਚ ਤਕਰੀਬਨ 17 ਕੁ ਸਾਲ ਪਹਿਲਾਂ ਲੋਕਟ ਗੀਤ ਰਿਲੀਜ ਹੋਇਆ ਤੇ ਬਹੁਤ ਹੀ ਮਕਬੂਲ ਹੋਇਆ ਜਿਸਨੂੰ ਅੱਜ ਤੱਕ ਸਰੋਤਿਆਂ ਵਲੋਂ ਸੁਣਿਆ ਜਾ ਰਿਹਾ ਹੈ। ਇੱਕ ਵਾਰ ਫੇਰ ਲਵਲੀ ਨਿਰਮਾਣ ਅਤੇ ਪ੍ਰਵੀਨ ਭਾਰਟਾ ਦੀ ਅਵਾਜ ਵਿੱਚ ਲੋਕਟ ਵਨਸ ਅਗੇਨ ਦੇ ਨਾਮ ਹੇਠ ਇੱਕ ਬਹੁਤ ਹੀ ਪਿਆਰਾ ਗੀਤ ਐਚ ਐਸ ਟਿਊਨਸ ਦੇ ਬੈਨਰ ਹੇਠ ਪ੍ਰੋਜੈਕਟ ਡਾਇਰੈਕਟਰ ਸ਼ਰਨ ਦੀ ਦੇਖ ਰੇਖ ਵਿੱਚ ਵਰਲਡ ਵਾਈਡ ਰਿਲੀਜ ਕੀਤਾ ਗਿਆ ਹੈ। ਇਸ ਗੀਤ ਦੇ ਪ੍ਰੋਡਿਊਸਰ ਅਤੇ ਪ੍ਰਸਿੱਧ ਗੀਤਕਾਰ ਹਰੀਸ਼ ਸੰਤੋਖਪੁਰੀ ਨੇ ਜਾਣਕਾਰੀ ਦਿ-ਦਿਆਂ ਦੱਸਿਆ ਕਿ ਲਵਲੀ ਨਿਰਮਾਣ ਅਤੇ ਪ੍ਰਵੀਨ ਭਾਰਟਾ ਦੀ ਅਵਾਜ ਵਿੱਚ ਪਿਛਲੇ ਦਿਨੀਂ ਸੋਸ਼ਲ ਸਾਈਟਾਂ ਤੇ ਰਿਲੀਜ ਹੋਏ ਗੀਤ ਲੋਕਟ ਵਨਸ ਅਗੇਨ ਨੂੰ ਸਰੋਤਿਆਂ ਵਲੋਂ ਖੂਬ ਪਿਆਰ ਮਿਲ ਰਿਹਾ ਹੈ। ਇਸ ਗੀਤ ਦੇ ਬੋਲਾਂ ਨੂੰ ਬਹੁਤ ਹੀ ਵਧੀਆ ਅੰਦਾਜ ਵਿੱਚ ਪ੍ਰਸਿੱਧ ਗੀਤਕਾਰ ਵਿੱਕੀ ਧਾਲੀਵਾਲ ਨੇ ਲਿਖਿਆ ਹੈ ਤੇ ਇਸ ਦਾ ਸੰਗੀਤ ਪ੍ਰਸਿੱਧ ਸੰਗੀਤਕਾਰ ਲਾਡੀ ਗਿੱਲ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਤਿਆਰ ਕੀਤਾ ਹੈ। ਲੋਕਟ ਵਨਸ ਅਗੇਨ ਗੀਤ ਦੀ ਵੀਡੀਓ ਪ੍ਰਸਿੱਧ ਵੀਡੀਓ ਡਾਇਰੈਕਟਰ ਜੱਸ ਪੇਸੀ ਦੀ ਨਿਰਦੇਸ਼ਨਾ ਹੇਠ ਬਹੁਤ ਹੀ ਸੁੰਦਰ ਲੋਕੇਸ਼ਨਾਂ ਤੇ ਫਿਲਮਾਂਕਣ ਕੀਤਾ ਗਿਆ ਹੈ। ਪ੍ਰੋਡਿਊਸਰ ਹਰੀਸ਼ ਸੰਤੋਖਪੁਰੀ ਨੇ ਅੱਗੇ ਦੱਸਿਆ ਕਿ ਇਸ ਗੀਤ ਦੀ ਵੀਡੀਓ ਵਿੱਚ ਮੁੱਖ ਭੂਮਿਕਾ ਪ੍ਰਸਿੱਧ ਮਾਡਲ ਮਾਹੀ ਸ਼ਰਮਾ ਤੇ ਲਾਡੀ ਗਿੱਲ ਨੇ ਨਿਭਾਈ ਹੈ ਜੋ ਸਰੋਤਿਆਂ ਵਲੋਂ ਖੂਬ ਪਸੰਦ ਕੀਤੀ ਜਾ ਰਹੀ ਹੈ। ਲੋਕਟ ਵਨਸ ਅਗੇਨ ਗੀਤ ਨੂੰ ਸਰੋਤੇ ਜਲਦੀ ਹੀ ਪੰਜਾਬੀ ਟੀਵੀ ਚੈਨਲਾਂ ਤੇ ਵੀ ਦੇਖ ਸਕਣਗੇ। ਉਮੀਦ ਹੈ ਸਰੋਤੇ ਲਵਲੀ ਨਿਰਮਾਣ ਅਤੇ ਪ੍ਰਵੀਨ ਭਾਰਟਾ ਦੇ ਪਹਿਲੇ ਲੋਕਟ ਗੀਤ ਵਾਂਗ ਹੀ ਇਸ ਗੀਤ ਲੋਕਟ ਵਨਸ ਅਗੇਨ ਨੂੰ ਪਿਆਰ ਬਖਸਣਗੇ।



# ਸੰਘਰਸ਼ਸ਼ੀਲ ਅਧਿਆਪਕਾਂ ਪ੍ਰਤੀ ਸਿੱਖਿਆ ਮੰਤਰੀ ਪੰਜਾਬ ਹਰਜੋਤ ਬੈਂਸ ਵੱਲੋਂ ਦਿੱਤੇ ਗਏ ਬਿਆਨ ਦੀ ਸਖ਼ਤ ਆਲੋਚਨਾ

**ਲਸਾੜਾ/ ਉੜਾਪੜ (ਬੱਗਾ ਸੇਲਕੀਆਣਾ)–** ਪੰਜਾਬ ਦੇ ਸਿੱਖਿਆ ਮੰਤਰੀ ਸ ਹਰਜੋਤ ਸਿੰਘ ਬੈਂਸ ਦਾ ਸੰਘਰਸ਼ਸ਼ੀਲ ਅਧਿਆਪਕਾਂ ਪ੍ਰਤੀ ਦਿੱਤਾ ਗਿਆ ਬਿਆਨ ਕਿ "ਧਰਨਾ ਦੇਣ ਵਾਲੀ ਜੱਥੇਬੰਦੀ ਨਾਲ ਉਹ ਮੀਟਿੰਗ ਨਹੀਂ ਕਰਨਗੇ" ਅੱਜ ਦੇ ਅਖ਼ਬਾਰਾਂ ਵਿੱਚ ਛਪਿਆ ਹੈ , ਇਲੈਕਟ੍ਰਾਨਕ ਮੀਡੀਏ ਅਤੇ ਸੋਸ਼ਲ ਮੀਡੀਏ ਵਿੱਚ ਬੜੀ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ । ਇਸ ਬਿਆਨ ਨੂੰ ਗੰਭੀਰਤਾ ਨਾਲ ਲੈਂਦਿਆਂ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ , ਐਕਟਿੰਗ ਜਨਰਲ ਸਕੱਤਰ ਪ੍ਰਵੀਨ ਕੁਮਾਰ ਲੁਧਿਆਣਾ ਅਤੇ ਸੂਬਾਈ ਸਲਾਹਕਾਰ ਪ੍ਰੇਮ ਚਾਵਲਾ ਨੇ ਕਿਹਾ ਕਿ ਸਿੱਖਿਆ ਮੰਤਰੀ ਪੰਜਾਬ ਦਾ ਇਹ ਬਿਆਨ ਲੋਕਤੰਤਰੀ ਹੱਕਾਂ ਤੇ ਛਾਪਾ ਹੈ। ਰਾਜ ਭਾਗ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰ ਪਿਛਲੇ 10 -12 ਸਾਲਾਂ ਤੋਂ ਹੁਕਮਰਾਨ ਅਕਾਲੀ ਬੀਜੇਪੀ ਗੱਠਜੋੜ ਤੇ ਕਾਂਗਰਸ ਪਾਰਟੀ ਦੇ ਖ਼ਿਲਾਫ਼ ਲਗਾਤਾਰ ਧਰਨੇ , ਰੈਲੀਆਂ ਤੇ ਮੁਜ਼ਾਹਰੇ ਕਰਦੇ ਰਹੇ ਹਨ। ਧਰਨਾ ਦੇਣਾ ਤੇ ਰੈਲੀਆਂ ਕਰਨਾ ਕਿਸੇ ਵੀ ਵਿਅਕਤੀ ਤੇ ਜੱਥੇਬੰਦੀ ਦਾ ਸ਼ੌਕ ਨਹੀਂ ਹੁੰਦਾ ਬਲਕਿ ਮਜਬੂਰੀ ਹੁੰਦੀ ਹੈ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਅਨੇਕਾਂ ਚੋਣ ਵਾਅਦੇ ਕੀਤੇ ਸਨ ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਪੰਜਾਬ ਦੇ ਰਾਜ ਭਾਗ ਤੇ ਕਾਬਜ਼ ਹੋਣ ਤੋਂ ਬਾਅਦ 7 ਮਹੀਨਿਆਂ ਦੇ ਅੰਦਰ ਮੁਲਾਜ਼ਮਾਂ ਦੀਆਂ ਸਾਰੀਆਂ ਮੰਗਾਂ ਨੂੰ ਵਿਸਾਰ ਕੇ ਰੱਖਿਆ ਹੋਇਆ ਹੈ। ਆਗੂਆਂ ਨੇ ਕਿਹਾ ਕਿ ਇਨ੍ਹਾਂ ਧਰਨਿਆਂ ਮੁਜ਼ਾਹਰਿਆਂ ਨੂੰ ਲੋਕਾਂ ਦੇ ਮਸਲੇ ਹੱਲ ਕਰਕੇ ਰੋਕ ਲਾਈ ਜਾ ਸਕਦੀ ਹੈ ਨਾ ਕਿ ਅਜਿਹੇ ਚਿਤਾਵਨੀ ਭਰੇ ਬਿਆਨ ਦੇ ਕੇ।



ਆਗੂਆਂ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਪੰਜਾਬ ਸਰਕਾਰ ਦੇ ਵੱਖ ਵੱਖ ਮੰਤਰੀਆਂ ਵੱਲੋਂ ਮਲਾਜ਼ਮਾਂ, ਪੈਨਸ਼ਨਰਾਂ ਅਤੇ ਅਧਿਆਪਕਾਂ ਦੇ ਮਸਲਿਆਂ ਨੂੰ ਲੈ ਕੇ ਸਬੰਧਤ ਜੱਥੇਬੰਦੀਆਂ ਨਾਲ ਕੀਤੀਆਂ ਜਾਣ ਵਾਲੀਆਂ ਮੀਟਿੰਗਾਂ ਵਿੱਚ ਲਏ ਗਏ ਫੈਸਲੇ ਠੋਸ ਰੂਪ ਵਿੱਚ ਲਾਗੂ ਨਹੀ ਹੋ ਰਹੇ ਜਿਸ ਕਰਕੇ ਲੋਕਾਂ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਆਪਣੇ ਮਸਲੇ ਹੱਲ ਕਰਵਾਉਣ ਲਈ ਸੰਘਰਸ਼ਾਂ ਦਾ ਰਾਹ ਅਖਤਿਆਰ ਕਰਨਾ ਪੈ ਰਿਹਾ ਹੈ।

# SYL ਮੁੱਦੇ 'ਤੇ ਕੇਜਰੀਵਾਲ ਆਪਣਾ ਸਟੈਂਡ ਸਪੱਸ਼ਟ ਕਰਨ: ਅਸ਼ਵਨੀ ਸ਼ਰਮਾ

## ਪੰਜਾਬ 'ਚ ਬੇਕਾਬੂ ਨਸ਼ਿਆਂ ਨੂੰ ਲੈ ਕੇ ਅਸ਼ਵਨੀ ਸ਼ਰਮਾ ਨੇ ਭਗਵੰਤ ਮਾਨ ਅਤੇ ਕੇਜਰੀਵਾਲ ਨੂੰ ਲਾਈ ਲਤਾੜ






**ਚੰਡੀਗੜ੍ਹ 15 ਅਕਤੂਬਰ–** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਅੱਜ ਭਾਜਪਾ ਹੈੱਡਕੁਆਰਟਰ ਚੰਡੀਗੜ੍ਹ ਵਿਖੇ ਉਲੀਕੀ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਛੇ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ, ਪਰ ਸਰਕਾਰ ਵੱਲੋਂ ਜਨਤਾ ਨਾਲ ਕੀਤਾ ਗਿਆ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ। ਪੰਜਾਬ ਵਿੱਚ ਕਾਨੂੰਨ-ਵਿਵਸਥਾ ਨਾਂ ਦੀ ਕੋਈ ਚੀਜ਼ ਨਹੀਂ ਹੈ। ਸੂਬੇ ਵਿੱਚ ਦੇਸ਼-ਵਿਰੋਧੀ ਤਾਕਤਾਂ ਸਿਰ ਚੁੱਕ ਰਹੀਆਂ ਹਨ। ਆਮ ਆਦਮੀ ਪਾਰਟੀ ਨੇ ਪੰਜਾਬ ਦਾ ਮਾਹੌਲ ਅਜਿਹਾ ਬਣਾ ਦਿੱਤਾ ਹੈ ਕਿ ਸੂਬੇ ਦਾ ਹਰ ਵਿਅਕਤੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਅਤੇ ਸੂਬੇ ਦੇ ਲੋਕਾਂ ਨੂੰ ਰੱਬ ਦੇ ਭਰੋਸੇ ਛੱਡ ਕੇ ਦੂਜੇ ਰਾਜਾਂ ਵਿੱਚ ਚੋਣ-ਪ੍ਰਚਾਰ ਕਰਨ ਵਿੱਚ ਮਸਤ ਹਨ।

ਅਸ਼ਵਨੀ ਸ਼ਰਮਾ ਨੇ ਪੰਜਾਬ 'ਚ ਨਸ਼ਿਆਂ ਕਾਰਨ ਰੋਜ਼ਾਨਾ ਹੋ ਰਹੀਆਂ ਮੌਤਾਂ 'ਤੇ ਭਗਵੰਤ ਮਾਨ ਸਰਕਾਰ ਦੀ ਕਾਰਜਸ਼ੈਲੀ 'ਤੇ ਸਵਾਲ ਚੁੱਕਦੇ ਹੋਏ ਕਿਹਾ ਕਿ ਅੱਜ ਪੰਜਾਬ ਦੇ ਘਰ-ਘਰ ਰਾਸ਼ਨ ਤਾਂ ਨਹੀਂ ਪੁੱਜਦਾ, ਪਰ ਨਸ਼ੇ ਦੀ ਹੋਮ ਡਿਲੀਵਰੀ ਘਰ-ਘਰ ਹੋ ਰਹੀ ਹੈ। ਪੰਜਾਬ ਵਿੱਚ ਅੱਜ ਨੌਜਵਾਨ ਹੀ ਨਹੀਂ ਸਗੋਂ ਮੁਟਿਆਰਾਂ ਵੀ ਨਸ਼ੇ 'ਚ ਡਿਗਦੀਆਂ-ਢਹਿੰਦੀਆਂ ਸ਼ਰੇਆਮ ਸੜਕਾਂ 'ਤੇ ਨਜ਼ਰ ਆਉਣ ਲੱਗ ਪਈਆਂ ਹਨ, ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ। ਪੰਜਾਬ ਵਿੱਚ ਨਸ਼ਿਆਂ ਦੀਆਂ ਘਟਨਾਵਾਂ ਦਿਨੋਂ-ਦਿਨ ਵੱਧ ਰਹੀਆਂ ਹਨ। ਇਸਦਾ ਸਪਸ਼ਟ ਮਤਲਬ ਇਹ ਹੈ ਕਿ ਭਗਵੰਤ ਮਾਨ ਅਤੇ ਕੇਜਰੀਵਾਲ ਦੋਵੇਂ ਪੰਜਾਬ ਵਿੱਚ ਨਸ਼ੇ ਨੂੰ ਰੋਕਣ ਵਿੱਚ ਅਸਫਲ ਸਾਬਤ ਹੋਏ ਹਨ। ਪੰਜਾਬ ਵਿੱਚੋਂ ਕੁਝ ਹੀ ਦਿਨਾਂ ਵਿੱਚ ਨਸ਼ਿਆਂ ਦੇ ਖਾਤਮੇ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲੇ ਭਗਵੰਤ ਮਾਨ ਅਤੇ ਕੇਜਰੀਵਾਲ ਹੁਣ ਇਸ ਮੁੱਦੇ 'ਤੇ ਗੱਲ ਕਰਨ ਤੋਂ ਵੀ ਕੰਨੀ ਕਤਰਾਉਂਦੇ ਹਨ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਐਸਵਾਈਐਲ ਮੁੱਦੇ 'ਤੇ ਆਪਣੀ ਪਾਰਟੀ ਦਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਐਸਵਾਈਐਲ ਮੁੱਦੇ 'ਤੇ ਪੰਜਾਬ ਭਾਜਪਾ ਦਾ ਸਟੈਂਡ ਬਿਲਕੁਲ ਸਪੱਸ਼ਟ ਹੈ, ਅਸੀਂ ਪੰਜਾਬ ਦੇ ਪਾਣੀ ਦੀ ਇੱਕ ਬੂੰਦ ਵੀ ਬਾਹਰ ਨਹੀਂ ਜਾਣ ਦੇਵਾਂਗੇ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਭਗਵੰਤ ਮਾਨ ਸਿਰਫ਼ ਨੌਕਰੀਆਂ ਦੇ ਐਲਾਨ ਕਰ ਰਹੇ ਹਨ, ਪਰ ਪੰਜਾਬ ਦੇ ਬੇਰੁਜ਼ਗਾਰਾਂ ਨੂੰ ਨੌਕਰੀਆਂ ਨਹੀਂ ਮਿਲ ਰਹੀਆਂ, ਸਰਕਾਰੀ ਮੁਲਾਜ਼ਮਾਂ ਨੂੰ ਤਨਖਾਹ ਨਹੀਂ ਮਿਲ ਰਹੀ। ਭਗਵੰਤ ਮਾਨ ਦੇ ਪਿਛਲੇ 6 ਮਹੀਨਿਆਂ ਦੇ ਕਾਰ-ਜਕਾਲ ਦੌਰਾਨ ਸੂਬੇ 'ਚ ਕੋਈ ਕੰਮ ਨਹੀਂ ਹੋ ਰਿਹਾ, ਸਿਰਫ ਪ੍ਰਦਰਸ਼ਨ ਹੀ ਹੋ ਰਹੇ ਹਨ। ਆਪਣੀਆਂ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੀਆਂ ਜਥੇਬੰਦੀਆਂ ਦੀ ਆਵਾਜ਼ ਨੂੰ ਦਬਾਉਣ ਲਈ ਪੰਜਾਬ ਸਰਕਾਰ ਵੱਲੋਂ ਉਨ੍ਹਾਂ 'ਤੇ ਲਾਠੀਚਾਰਜ ਕੀਤਾ ਜਾ ਰਿਹਾ ਹੈ।

ਅਸ਼ਵਨੀ ਸ਼ਰਮਾ ਨੇ ਪ੍ਰੈਸ ਕਾਨਫਰੰਸ ਤੋਂ ਬਾਅਦ ਕਈ ਪਾਰਟੀਆਂ ਦੇ ਆਗੂਆਂ ਨੂੰ ਭਾਜਪਾ ਪਰਿਵਾਰ ਦਾ ਸਿਰੋਪਾ ਦੇ ਕੇ ਪਾਰਟੀ ਵਿੱਚ ਸ਼ਾਮਲ ਕਰਵਾਇਆ। ਡਾ: ਸੁਭਾਸ਼ ਸ਼ਰਮਾ (ਸੂਬਾ ਜਨਰਲ ਸਕੱਤਰ) ਇਸ ਸਬੰਧੀ ਜਾਣਕਾਰੀ ਦਿੰਦਿਆਂ ਨੇ ਕਿਹਾ ਕਿ ਭਾਜਪਾ ਲੁਧਿਆਣਾ ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਸਿੰਘਲ ਦੀ ਅਗਵਾਈ ਹੇਠ ਅੱਜ ਭਾਜਪਾ ਪਰਿਵਾਰ ਵਿੱਚ ਲੁਧਿਆਣਾ ਤੋਂ ਕੌਂਸਲਰ ਪ੍ਰਭਜੋਤ ਕੌਰ, ਬੀ।ਸੀ। ਕਮਿਸ਼ਨ ਪੰਜਾਬ ਦੇ ਸਾਬਕਾ ਪ੍ਰਧਾਨ ਨਿਰਮਲ ਸਿੰਘ, ਸੇਵਾਮੁਕਤ ਐਸ।ਪੀ। ਪੰਜਾਬ ਪੁਲਿਸ ਦੇ ਸਤੀਸ਼ ਮਲਹੋਤਰਾ, ਸ਼੍ਰੋਮਣੀ ਅਕਾਲੀ ਦਲ ਦੇ ਪੀਏਸੀ ਮੈਂਬਰ ਬਲਜਿੰਦਰ ਸਿੰਘ ਪਨੇਸਰ, ਸ਼੍ਰੋਮਣੀ ਅਕਾਲੀ ਦਲ ਦੇ ਗੈਰ-ਨਿਵਾਸੀ ਵਿੰਗ ਦੇ ਪ੍ਰਧਾਨ ਰਾਜੇਸ਼ ਮਿਸ਼ਰਾ, ਲੁਧਿਆਣਾ ਦੇ ਸਾਬਕਾ ਕੌਂਸਲਰ ਰਾਧਾ ਕ੍ਰਿਸ਼ਨ, ਐਂਟੀ ਨਾਰਕੋਟਿਕ ਸੈੱਲ ਸਮਾਣਾ ਦੇ ਚੇਅਰਮੈਨ ਗੁਰਸੇਵਕ ਸਿੰਘ ਦਿਓਲ, ਲੁਧਿਆਣਾ ਦੇ ਸਾਬਕਾ ਕੌਂਸਲਰ ਸੁਮਿਤ ਮਲਹੋਤਰਾ, ਯੂਥ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਵਿਸ਼ਾਲ ਤਿਆਗੀ, ਸਾਬਕਾ ਪੁਲਿਸ ਇੰਸਪੈਕਟਰ ਹਰਜਿੰਦਰ ਸਿੰਘ ਰੀਟਾ, ਲੁਧਿਆਣਾ ਤੋਂ ਇੰਜੀਨੀਅਰ ਤੇ ਸਮਾਜ ਸੇਵੀ ਹਰਕੰਵਲਦੀਪ ਸਿੰਘ ਆਪਣੇ ਸਾਥੀਆਂ ਸਮੇਤ ਭਾਜਪਾ ਪਰਿਵਾਰ 'ਚ ਸ਼ਾਮਿਲ ਹੋਏ ਹਨ।

ਅਸ਼ਵਨੀ ਸ਼ਰਮਾ ਅਤੇ ਡਾ: ਸੁਭਾਸ਼ ਸ਼ਰਮਾ ਨੇ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਏ ਸਾਰੇ ਨਵੇਂ ਮੈਂਬਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਾਰੇ ਨਵੇਂ ਮੈਂਬਰਾਂ ਨੂੰ ਪਾਰਟੀ ਵਿੱਚ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਉਹ ਸਾਰੇ ਜ਼ਮੀਨੀ ਵਰਕਰ ਅਤੇ ਲੋਕਾਂ ਦੇ ਵਿੱਚ ਰਹਿਣ ਵਾਲੇ ਲੋਕ ਹਨ ਅਤੇ ਉਹ ਭਾਜਪਾ ਦੀ ਵਿਚਾਰਧਾਰਾ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਨੂੰ ਆਪਣੇ-ਆਪਣੇ ਖੇਤਰਾਂ ਵਿੱਚ ਘਰ-ਘਰ ਲੈ ਕੇ ਭਾਜਪਾ ਨੂੰ ਹੋਰ ਮਜ਼ਬੂਤ ਕਰਨਗੇ। ਇਸ ਮੌਕੇ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ, ਸੂਬਾ ਖਜ਼ਾਨਚੀ ਗੁਰਦੇਵ ਸ਼ਰਮਾ ਦੇਬੀ, ਪਰਮਿੰਦਰ ਸਿੰਘ ਬਰਾੜ, ਗੁਰਪ੍ਰੀਤ ਕਾਂਗੜ, ਜਨਾਰਦਨ ਸ਼ਰਮਾ ਆਦਿ ਹਾਜ਼ਰ ਸਨ।

# ਵਿਸ਼ਵ ਚੈਂਪੀਅਨਸ਼ਿਪ: ਭਾਰਤੀ ਨਿਸ਼ਾਨੇਬਾਜ਼ਾਂ ਨੇ ਪੰਜਵਾਂ ਸੋਨ ਤਗ਼ਮਾ ਜਿਤਿਆ



**ਕਾਹਿਰਾ–** ਇੱਥੇ ਆਈ ਐੱਸ ਐੱਸ ਐੱਫ ਵਿਸ਼ਵ ਚੈਂਪੀਅਨਸ਼ਿਪ ਵਿੱਚ ਭਾਰਤ ਦੇ ਰੁਦਰਕਸ਼ ਬਾਲਾਸਾਹਿਬ ਪਾਟਿਲ, ਕਿਰਨ ਅੰਕੁਸ਼ ਜਾਧਵ ਅਤੇ ਅਰਜੁਨ ਬਬੂਤਾ ਦੀ ਤਿੱਕੜੀ ਨੇ ਪੁਰਸ਼ 10 ਮੀਟਰ ਏਅਰ ਰਾਈਫਲ ਮੁਕਾਬਲੇ ਦੇ ਫਾਈਨਲ ਵਿੱਚ ਚੀਨ ਨੂੰ 16-10 ਨਾਲ ਹਰਾ ਕੇ ਸੋਨ ਤਗ਼ਮਾ ਜਿੱਤਿਆ ਹੈ। ਚੈਂਪੀਅਨਸ਼ਿਪ ਵਿੱਚ ਭਾਰਤ ਦਾ ਇਹ ਪੰਜਵਾਂ ਸੋਨ ਤਗ਼ਮਾ ਹੈ। ਫਾਈਨਲ ਵਿਚ ਭਾਰਤੀ ਟੀਮ ਨੇ ਸ਼ਾਨਦਾਰ ਸ਼ੁਰੂਆਤ ਕਰਦਿਆਂ 14-2 ਲੀਡ ਹਾਸਲ ਕੀਤੀ। ਚੀਨ ਦੀ ਟੀਮ ਨੇ ਵਾਪਸੀ ਕਰਦਿਆਂ ਅਗਲੀਆਂ ਚਾਰ ਸੀਰੀਜ਼ ਜਿੱਤ ਕੇ ਸਕੋਰ 10-14 ਕਰ ਦਿੱਤਾ ਪਰ ਭਾਰਤੀ ਨਿਸ਼ਾਨੇਬਾਜ਼ਾਂ ਨੇ ਅਗਲੀ ਸੀਰੀਜ਼ ਜਿੱਤ ਕੇ ਸੋਨ ਤਗ਼ਮਾ ਆਪਣੇ ਨਾਂ ਕਰ ਲਿਆ। ਰੁਦਰਕਸ਼ ਦਾ ਸੀਨੀਅਰ ਪੱਧਰ 'ਤੇ ਆਪਣੀ ਪਹਿਲੀ ਵਿਸ਼ਵ ਚੈਂਪੀਅਨਸ਼ਿਪ ਵਿੱਚ ਹੀ ਇਹ ਦੂਜਾ ਸੋਨ ਤਗ਼ਮਾ ਹੈ। ਉਸ ਨੇ ਪਹਿਲਾਂ 10 ਮੀਟਰ ਰਾਈਫਲ ਵਿੱਚ ਵਿਅਕਤੀਗਤ ਮੁਕਾਬਲੇ ਵਿੱਚ ਵੀ ਸੋਨ ਤਗ਼ਮਾ ਜਿੱਤਿਆ ਸੀ। ਇਸੇ ਦੌਰਾਨ ਮਹਿਲਾ 10 ਮੀਟਰ ਏਅਰ ਪਿਸਟਲ ਟੀਮ ਨੇ ਵੀ ਸੋਨ ਤਗ਼ਮੇ ਲਈ ਮੁਕਾਬਲੇ ਵਿੱਚ ਜਗ੍ਹਾ ਬਣਾ ਲਈ ਹੈ ਜਿਸ ਨਾਲ ਭਾਰਤ ਦਾ ਇੱਕ ਹੋਰ ਤਗ਼ਮਾ ਪੱਕਾ ਹੋ ਗਿਆ ਹੈ।

# ਦਿੱਲੀ ਵਿਚ ਕੇਜਰੀਵਾਲ ਸਰਕਾਰ ਪੰਜਾਬੀ ਭਾਸ਼ਾ ਨਾਲ ਕਰ ਰਹੀ ਮਤਰੇਆ ਵਿਹਾਰ

**ਨਵੀਂ ਦਿੱਲੀ–** ਰਾਜਧਾਨੀ ਦਿੱਲੀ ਵਿਚ ਪੰਜਾਬੀ ਬੋਲੀ ਨੂੰ ਅਧਿਕਾਰਤ ਤੌਰ 'ਤੇ ਦੂਜੀ ਰਾਜ ਭਾਸ਼ਾ ਦਾ ਦਰਜਾ ਮਿਲਿਆ ਹੋਇਆ ਹੈ ਪਰ ਬੇਹੱਦ ਹੈਰਾਨੀ ਦੀ ਗੱਲ ਹੈ ਕਿ ਦਿੱਲੀ ਦੇ 90 ਫੀਸਦੀ ਸਰਕਾਰੀ ਸਕੂਲਾਂ ਵਿਚ ਪੰਜਾਬੀ ਬੋਲੀ ਦੇ ਅਧਿਆਪਕ ਹੀ ਮੌਜੂਦ ਨਹੀਂ ਹਨ।ਹਾਲਾਂਕਿ ਪੰਜਾਬੀ ਬੋਲੀ ਦੇ ਪ੍ਰਚਾਰ ਪ੍ਰਸਾਰ ਦੇ ਨਾਂਅ 'ਤੇ ਵਿੱਤੀ ਵਰ੍ਹੇ 2021-22 ਵਿਚ 40 ਕਰੋੜ ਰੁਪਏ ਦਾ ਬਜਟ ਦਿੱਲੀ ਸਰਕਾਰ ਤੋਂ ਪ੍ਰਾਪਤ ਕਰਨ ਵਾਲੀ ਪੰਜਾਬੀ ਅਕਾਦਮੀ ਵਲੋਂ ਇਕਰਾਰਨਾਮਾ ਆਧਾਰ ਉਤੇ 71 ਅਤੇ ਆਰਜ਼ੀ ਆਧਾਰ ਉਤੇ 185 ਪੰਜਾਬੀ ਅਧਿਆਪਕਾਂ ਲਗਾਈਆਂ ਗਈਆਂ ਹਨ। ਇਸ ਹਿਸਾਬ ਨਾਲ ਦਿੱਲੀ ਦੇ ਕੁੱਲ 2795 ਸਰਕਾਰੀ ਸਕੂਲਾਂ ਵਿਚੋਂ ਸਿਰਫ 256 ਸਕੂਲਾਂ ਵਿਚ ਹੀ ਪੰਜਾਬੀ ਅਕਾਦਮੀ ਵਲੋਂ ਪੰਜਾਬੀ ਪੜ੍ਹਾਉਣ ਲਈ ਅਧਿਆਪਕ ਮੁਹੱਈਆ ਕਰਵਾਏ ਜਾ ਰਹੇ ਹਨ। ਉਪਰੋਕਤ ਸਾਰੀ ਜਾਣਕਾਰੀ ਸੂਚਨਾ ਦੇ ਅਧਿਕਾਰ (ਆਰਟੀਆਈ) ਰਾਹੀਂ ਪ੍ਰਾਪਤ ਹੋਈ ਹੈ। ਪੰਜਾਬੀ ਬੋਲੀ ਕਾਰਕੁੰਨ ਡਾ ਪਰਮਿੰ-ਦਰਪਾਲ ਸਿੰਘ ਵਲੋਂ ਦਾਇਰ ਆਰਟੀਆਈ 'ਚ ਪੁੱਛੇ 8 ਸਵਾਲਾਂ ਦੇ ਜਵਾਬ ਦੇਣ ਦੀ ਥਾਂ ਇਸ ਆਰਟੀਆਈ ਨੂੰ ਪੰਜਾਬੀ ਅਕਾਦਮੀ ਕੋਲ ਭੇਜ ਦਿੱਤਾ ਸੀ। ਡਾ ਪਰਮਿੰਦਰਪਾਲ ਸਿੰਘ ਨੇ ਦੱਸਿਆ ਕਿ ਪੱਕੇ ਪੰਜਾਬੀ ਭਾਸ਼ਾ ਅਧਿਆਪਕਾਂ ਦੀ ਮੌਜੂਦਗੀ ਅਤੇ ਭਰਤੀ ਬਾਰੇ ਪੁੱਛੇ ਗਏ ਸਵਾਲਾਂ ਦਾ ਜਵਾਬ ਦੇਣ ਤੋਂ ਪੰਜਾਬੀ ਅਕਾਦਮੀ ਦਾ ਰਵੱਈਆ ਨਾ-ਪੱਖੀ ਭਰਿਆ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਦਿੱਲੀ ਸਰਕਾਰ ਨੇ ਸਿੱਖਿਆ ਵਿਭਾਗ ਦੇ ਸਾਰੇ ਸਕੂਲਾਂ ਵਿਚ ਇਕ ਪੰਜਾਬੀ ਅਤੇ ਇਕ ਉਰਦੂ ਅਧਿਆਪਕ ਰੱਖਣ ਦੇ ਇਸ਼ਤਿਹਾਰ ਅਖ਼ਬਾਰਾਂ ਵਿਚ ਛਪਵਾਏ ਸਨ ਪਰ 5 ਸਾਲ ਲੰਘਣ ਤੋਂ ਬਾਅਦ ਵੀ 90 ਫੀਸਦੀ ਸਕੂਲਾਂ ਵਿਚ ਪੰਜਾਬੀ ਅਧਿਆਪਕ ਮੌਜੂਦ ਨਹੀਂ ਹਨ। ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਤੋਂ ਪੰਜਾਬੀ ਅਕਾਦਮੀ ਦਾ ਪਿਛਲੇ 15 ਸਾਲ ਦਾ ਖਾਤਿਆਂ ਦਾ ਆਡਿਟ ਕਰਵਾਉਣ ਦੀ ਮੰਗ ਵੀ ਕੀਤੀ ਹੈ।



# ਪ੍ਰਸਿੱਧ ਗਾਇਕ ਅਤੇ ਅਦਾਕਾਰ ਸਤਿੰਦਰ ਸਰਤਾਜ ਨੇ ਖੇਤਰੀ ਸਰਸ ਮੇਲੇ ਨੂੰ ਬਣਾਇਆ ਯਾਦਗਾਰੀ





**ਸੰਗਰੂਰ, (ਦਲਜੀਤ ਕੌਰ ਭਵਾਨੀਗੜ੍ਹ)–** ਬੀਤੀ ਰਾਤ ਗਾਇਕ ਅਤੇ ਅਦਾਕਾਰ ਸਤਿੰਦਰ ਸਰਤਾਜ ਨੇ ਗੀਤ ਸੰਗੀਤ ਨਾਲ ਅਜਿਹਾ ਰੰਗ ਬੰਨ੍ਹਿਆ ਕਿ ਖੇਤਰੀ ਸਰਸ ਮੇਲਾ ਹਜ਼ਾਰਾਂ ਦਰਸ਼ਕਾਂ ਦੀ ਸਦੀਵੀ ਯਾਦ ਦਾ ਹਿੱਸਾ ਬਣ ਗਿਆ। ਦੂਰੋਂ ਨੇੜਿਓਂ ਹਜ਼ਾਰਾਂ ਸੰਗੀਤ ਪ੍ਰੇਮੀਆਂ ਨੇ ਲਗਭਗ ਦੋ ਘੰਟੇ ਸਤਿੰਦਰ ਸਰਤਾਜ ਦੇ ਵਿਲੱਖਣ ਅੰਦਾਜ਼ ਦਾ ਆਨੰਦ ਮਾਣਿਆ ਅਤੇ ਉਸ ਨੇ ਵੀ ਦਰਸ਼ਕਾਂ ਦੇ ਜ਼ਬਰਦਸਤ ਹੁੰਗਾਰੇ ਤੋਂ ਉਤਸ਼ਾਹਿਤ ਹੁੰਦਿਆਂ ਫਰਮਾਇਸ਼ ਅਨੁਸਾਰ ਗੀਤ ਗਾਏ।

ਅੱਜ ਖੇਤਰੀ ਸਰਸ ਮੇਲਾ ਸੰਗਰੂਰ-2022 ਦੇ 9ਵੇਂ ਦਿਨ ਆਯੋਜਿਤ ਇਸ ਸਟਾਰ ਨਾਈਟ ਮੌਕੇ ਸਤਿੰਦਰ ਸਰਤਾਜ ਨੇ ਆਪਣੇ ਪ੍ਰਸਿੱਧ ਗੀਤਾਂ ਸਾਈਂ, ਯਾਮ੍ਹਾ, ਗੁਰਮੁਖੀ ਦਾ ਬੇਟਾ, ਤੇਰੇ ਵਾਸਤੇ, ਇਕੋ ਮਿੱਕੋ ਆਦਿ ਨਾਲ ਸਰੋਤਿਆਂ ਨੂੰ ਆਨੰਦਮਈ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਜਤਿੰਦਰ ਜੋਰਵਾਲ, ਐਸ। ਐਸਪੀ ਸ ਮਨਦੀਪ ਸਿੰਘ ਸਿੱਧੂ, ਮੁੱਖ ਮੰਤਰੀ ਦੇ ਓ।ਐਸ।ਡੀ। ਰਾਜਵੀਰ ਸਿੰਘ ਤੇ ਪ੍ਰੋ ਉਂਕਾਰ ਸਿੰਘ, ਵਧੀਕ ਡਿਪਟੀ ਕਮਿਸ਼ਨਰ ਸ਼੍ਰੀ ਵਰਜੀਤ ਵਾਲੀਆ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ ਅਨਮੋਲ ਸਿੰਘ ਧਾਲੀਵਾਲ ਨੇ ਵੀ ਸਰਤਾਜ ਦੇ ਪ੍ਰੋਗਰਾਮ ਦਾ ਆਨੰਦ ਮਾਣਿਆ। ਡਿਪਟੀ ਕਮਿਸ਼ਨਰ ਸ਼੍ਰੀ ਜਤਿੰਦਰ ਜੋਰਵਾਲ ਨੇ ਸਰਸ ਮੇਲੇ ਦੌਰਾਨ ਲੋਕਾਂ ਵੱਲੋਂ ਦਿੱਤੇ ਗਏ ਭਰਵੇਂ ਹੁੰਗਾਰੇ ਲਈ ਧੰਨਵਾਦ ਕੀਤਾ।

# ਪ੍ਰੈੱਸ ਦੀ ਅਜ਼ਾਦੀ ਅਤੇ ਚੁਣੌਤੀਆਂ ਵਿਸ਼ੇ ਉੱਤੇ ਸੈਮੀਨਾਰ ਕਰਵਾਇਆ

## ਲੋਕ ਸੰਪਰਕ ਵਿਭਾਗ ਵੱਲੋਂ ਜਲਦ ਕੀਤਾ ਜਾਵੇਗਾ ਐਕਰੀਡੇਸ਼ਨ ਕਮੇਟੀ ਦਾ ਗਠਨ- ਅਮਨ ਅਰੋੜਾ













**ਚੰਡੀਗੜ੍ਹ–** ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਅਤੇ ਚੰਡੀਗੜ੍ਹ ਐਂਡ ਹਰਿਆਣਾ ਜਰਨਲਿਸਟਸ ਯੂਨੀਅਨ ਵੱਲੋਂ ਪ੍ਰੈੱਸ ਦੀ ਅਜ਼ਾਦੀ ਅਤੇ ਚੁਣੌਤੀਆਂ ਵਿਸ਼ੇ ਉੱਤੇ ਸੈਕਟਰ 16 ਸਥਿਤ ਪੰਜਾਬ ਕਲਾ ਭਵਨ ਵਿਖੇ ਸੈਮੀਨਾਰ ਕਰਵਾਇਆ ਗਿਆ। ਕ੍ਰਮਵਾਰ ਦੋਵੇਂ ਯੂਨੀਅਨਾਂ ਦੇ ਪ੍ਰਧਾਨ ਬਲਬੀਰ ਸਿੰਘ ਜੰਡੂ ਅਤੇ ਰਾਮ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਕਰਵਾਏ ਇਸ ਸੈਮੀਨਾਰ ਵਿੱਚ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਪੰਜਾਬ ਦੇ ਮੰਤਰੀ ਅਮਨ ਅਰੋੜਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਜਦਕਿ ਜਰਨਲਿਸਟਸ ਯੂਨੀਅਨ ਦੇ ਸਕੱਤਰ ਜਨਰਲ ਬਲਵਿੰਦਰ ਸਿੰਘ ਜੰਮੂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਉੱਘੇ ਚਿੰਤਕ ਡਾ ਪਿਆਰੇ ਲਾਲ ਗਰਗ ਅਤੇ ਸੀਨੀਅਰ ਪੱਤਰਕਾਰ ਹਮੀਰ ਸਿੰਘ ਸੈਮੀਨਾਰ ਦੇ ਮੁੱਖ ਬੁਲਾਰੇ ਸਨ।

ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਮੀਡੀਆ ਲੋਕਤੰਤਰ ਦਾ ਚੌਥਾ ਥੰਮ੍ਹ ਹੈ ਅਤੇ ਇਸ ਨੂੰ ਸਮਾਜ ਦਾ ਸ਼ੀਸ਼ਾ ਵੀ ਕਿਹਾ ਜਾਂਦਾ ਹੈ। ਇਸ ਕਰਕੇ ਸਮਾਜ ਅਤੇ ਦੇਸ਼ ਨੂੰ ਤਰੱਕੀ ਦੀਆਂ ਹੋਰ ਉੱਚੀਆਂ ਬੁਲੰਦੀਆਂ ਉਤੇ ਪਹੁੰਚਾਉਣ ਵਿੱਚ ਮੀਡੀਆ ਦੀ ਭੂਮਿਕਾ ਬੇਹੱਦ ਅਹਿਮ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪਿਛਲੇ ਲੰਬੇ ਸਮੇਂ ਭੰਗ ਹੋਈ ਐਕਰੀਡੀਸ਼ਨ ਕਮੇਟੀ ਮੁੜ ਗਠਿਤ ਕਰਨ ਲਈ ਲਗਭਗ ਤਿਆਰੀ ਕਰ ਲਈ ਗਈ ਹੈ। ਯੂਨੀਅਨ ਵੱਲੋਂ ਸੌਂਪੇ ਗਏ ਮੰਗ ਪੱਤਰ ਬਾਰੇ ਸ੍ਰੀ ਅਰੋੜਾ ਨੇ ਕਿਹਾ ਕਿ ਬਹੁਤ ਜਲਦ ਪੱਤਰਕਾਰ ਭਾਈਚਾਰੇ ਲਈ ਖੁਸ਼ਖਬਰੀ ਲੈ ਕੇ ਆਵਾਂਗੇ। ਇੰਡੀਅਨ ਜਰਨਲਿਸਟਸ ਯੂਨੀਅਨ ਦੇ ਸਕੱਤਰ ਜਨਰਲ ਬਲਵਿੰਦਰ ਸਿੰਘ ਜੰਮੂ ਨੇ ਵਰਕਿੰਗ ਜਰਨਲਿ-ਸਟਸ ਐਕਟ ਨੂੰ



ਖ਼ਤਮ ਕੀਤੇ ਜਾਣ ਬਾਰੇ ਗੰਭੀਰ ਚਿੰਤਾ ਪ੍ਰਗਟਾਈ ਅਤੇ ਕਰੋਨਾ ਕਾਲ ਵਿੱਚ ਹੋਰਨਾਂ ਸ਼੍ਰੇਣੀਆਂ ਦੀ ਤਰ੍ਹਾਂ ਮੀਡੀਆ ਨੂੰ ਕਰੋਨਾ ਯੋਧੇ ਗਰਦਾਨ ਕੇ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਪੱਤਰਕਾਰਾਂ ਨੂੰ ਮੁਆਵਜ਼ੇ ਦੇਣ ਦੀ ਮੰਗ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਪੱਤਰਕਾਰਾਂ ਲਈ ਪੈਨਸ਼ਨ ਸਕੀਮ, ਮੁਫ਼ਤ ਬੱਸ ਸਫ਼ਰ ਸਕੀਮ ਸ਼ੁਰੂ ਕਰਨ ਅਤੇ ਐਕਰੀਡੇਸ਼ਨ ਕਮੇਟੀ ਗਠਿਤ ਕਰਨ ਦੀ ਮੰਗ ਕੀਤੀ। ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਆਪਣੇ ਭਾਸ਼ਣ ਵਿੱਚ ਦੱਸਿਆ ਕਿ ਕਿਸ ਪ੍ਰਕਾਰ ਕਾਰਪੋਰੇਟ ਸੈਕਟਰ ਨੇ ਮੀਡੀਆ ਨੂੰ ਪ੍ਰਭਾਵਿਤ ਕੀਤਾ ਅਤੇ ਇੱਥੋਂ ਤੱਕ ਕਿ



ਦੇਸ਼ ਦੀ ਜੁਡੀਸ਼ੀਅਰੀ ਵੀ ਪ੍ਰਭਾਵਿਤ ਹੋ ਚੁੱਕੀ ਹੈ। ਅਜਿਹੇ ਦੌਰ ਵਿੱਚ ਸਿਰ ਤਲ਼ੀ ਉਤੇ ਰੱਖ ਕੇ ਪੱਤਰਕਾਰੀ ਕਰਨੀ ਪੈ ਰਹੀ ਹੈ। ਪ੍ਰੈੱਸ ਦੀ ਅਜ਼ਾਦੀ ਦਾ ਦਾਇਰਾ ਲਗਾਤਾਰ ਸੁੰਗੜਦਾ ਜਾ ਰਿਹਾ ਹੈ ਅਤੇ ਪੱਤਰਕਾਰਾਂ ਲਈ ਰੈਗੂਲਰ ਨੌਕਰੀ ਦਾ ਸਿਸਟਮ ਖ਼ਤਮ ਹੋ ਚੁੱਕਾ ਹੈ। ਰਾਮ ਸਿੰਘ ਬਰਾੜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ਼ੋਸ਼ਲ ਮੀਡੀਆ ਦੇ ਇਸ ਯੁੱਗ ਵਿੱਚ ਕਿਸ ਪ੍ਰਕਾਰ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਕਾਹ.ਲ ਵਿੱਚ ਗਲਤ ਖ਼ਬਰਾਂ ਪਰੋਸੀਆਂ ਜਾ ਰਹੀਆਂ ਹਨ ਅਤੇ ਆਮ ਜਨਤਾ ਦਾ ਨੁਕਸਾਨ ਕੀਤਾ ਜਾ ਰਿਹਾ ਹੈ। ਡਾ ਪਿਆਰੇ ਲਾਲ ਗਰਗ ਨੇ ਪੱਤਰਕਾਰਾਂ ਨੂੰ ਆਪਣੀ ਸਹੀ ਡਿਊਟੀ ਨਿਭਾਉਣ ਲਈ ਕਿਹਾ।

ਸਕੱਤਰ ਜਨਰਲ ਪਾਲ ਸਿੰਘ ਨੌਲੀ ਨੇ ਪੱਤਰਕਾਰ ਭਾਈਚਾਰੇ ਦੀਆਂ ਮੁੱਖ ਮੰਗਾਂ ਬਾਰੇ ਸੈਮੀਨਾਰ ਵਿੱਚ ਮੌਜੂਦ ਮੁੱਖ ਮਹਿਮਾਨ ਨੂੰ ਵਿਸਥਾਰ ਨਾਲ ਦੱਸਿਆ। ਇਸ ਤੋਂ ਪਹਿਲਾਂ ਸੈਮੀਨਾਰ ਦੀ ਸ਼ੁਰੂਆਤ ਵਿੱਚ ਪ੍ਰੀਤਮ ਰੁਪਾਲ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਮੰਚ ਸੰਚਾਲਕ ਦੀ ਭੂਮਿਕਾ ਪੰਜਾਬ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੇ ਮੀਤ ਪ੍ਰਧਾਨ ਜੈ ਸਿੰਘ ਛਿੱਬਰ ਵੱਲੋਂ ਨਿਭਾਈ ਗਈ। ਅੰਤ ਵਿੱਚ ਬਲਬੀਰ ਸਿੰਘ ਜੰਡੂ ਵੱਲੋਂ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਮੁੱਖ ਮਹਿਮਾਨ ਸਮੇਤ ਹੋਰਨਾਂ ਸ਼ਖਸੀਅਤਾਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਵੀ ਕੀਤਾ ਗਿਆ।

**– ਅਮਰਜੀਤ ਸਿੰਘ ਨਿੱਝਰ**

# ਸਾਂਸਦ ਮਨੀਸ਼ ਤਿਵਾੜੀ ਵਲੋਂ ਜਿੰਮ ਦੇ ਕਮਰੇ ਲਈ ਦੋ ਲ਼ੱਖ ਰੁਪਏ ਦਾ ਕੀਤਾ ਚੈਕ ਭੇਂਟ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਬਲਾਕ ਔੜ ਦੇ ਪਿੰਡ ਨੰਗਲ ਜੱਟਾਂ ਵਿਖੇ ਜਿੰਮ ਦੇ ਕਮਰੇ ਵਾਸਤੇ ਸ਼੍ਰੀ ਮਨੀਸ਼ ਤਿਵਾੜੀ ਸੰਸਦ ਮੈਂਬਰ ਲੋਕ ਸਭਾ ਹਲਕਾ ਸ਼੍ਰੀ ਆਨੰਦਪੁਰ ਸਾਹਿਬ ਵਲੋਂ ਸਰਪੰਚ ਮਨਜਿੰਦਰ ਕੋਰ ਨੂੰ ਦੋ ਲੱਖ ਰੁਪਏ ਦਾ ਚੈਕ ਦਿਤਾ ਗਿਆ ਅਤੇ ਆਪਣੇ ਸੰਬੋਧਨ ਚ ਸ਼੍ਰੀ ਮਨੀਸ਼ ਤਿਵਾੜੀ ਨੇ ਅਿਖਆ ਕਿ ਕਾਂਗਰਸ ਨੇ ਆਪਣੇ ਕਾਰਜਕਾਲ ਦੋਰਾਨ ਨੋਜਵਾਨਾ ਨੂੰ ਖੇਡਾਂ ਨਾਲ ਜੋੜਨ ਲਈ ਖੇਡ ਸਟੇਡੀਅਮ, ਜਿੰਮ ਅਤੇ ਸਪੋਰਟਸ ਕਿੱਟਾਂ ਵਾਸਤੇ ਕਰੋੜਾਂ ਰੁਪਏ ਦੀਆਂ ਗ੍ਰਾਟਾਂ ਦੇ ਕੇ ਚੰਗਾ ਨੇਕ ਕਾਰਜ ਕੀਤਾ ਗਿਆ ਸੀ ਤਾਂ ਜੋ ਸਾਡੇ ਨੋਜਵਾਨ ਪੀੜੀ ਖੇਡਾਂ ਵੱਲ ਕੇਂਦਰਿਤ ਰਹੇ ਪਰ ਹੁਣ ਪਿਛਲੇ ਛੇ ਕੁ ਮਹੀਨੇ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਨੂੰ ਕੰਗਾਲੀ ਵੱਲ ਧੱਕ ਦਿਤਾ ਅੱਜ ਦੇਖਿਆ ਜਾਵੇ ਤਾਂ ਸੂਬੇ ਦੇ ਸਰਕਾਰੀ ਅਦਾਰਿਆ ਦੇ, ਮੁਲਾਜਮ ਆਪਣੇ ਹੱਕਾਂ ਵਾਸਤੇ ਧਰਨੇ, ਹੜਤਾਲਾਂ ਤੇ ਪ੍ਰਦਰਸ਼ਨ ਕਰ ਰਹੇ ਹਨ ਜਿਸ ਕਾਰ ਸੂਬੇ ਦੇ ਲੋਕਾਂ ਦੀ ਖਜਲ ਖੁਆਰੀ ਹੋ ਰਹੀ ਹੈ ਜਿਸ ਕਾਰਨ ਲੋਕ ਆਪ ਨੂੰ ਵੋਟਾਂ ਪਾਕੇ ਪਛਤਾ ਰਹੇ ਹਨ ਅੱਜ ਸੂਬੇ ਚ ਨਸ਼ਾ, ਰਿਸ਼ਵਤਖੋਰੀ, ਲੁੱਟਾਂਖੋਹਾਂ ਤੇ ਗੈਂਗਸਟਾਰ ਦਾ ਬੋਲਬਾਲਾ ਹੈ ਸ਼ਰੇਆਮ ਫਿਰੋਤੀਆਂ ਦੇ ਨਾਮ ਤੇ ਜਾਨੋਮਾਰਨ ਦੀਆਂ ਧਮਕੀਆਂ ਦਿਤੀਆ ਜਾ ਰਹੀਆਂ ਹਨ ਤੇ ਸੂਬੇ ਦੀ ਅਮਨ ਸ਼ਾਂਤੀ ਬਿਲਕੁਲ ਭੰਗ ਹੋ



ਚੁੱਕੀ ਹੈ ਲੋਕ ਅੱਜ ਵੀ ਕਾਂਗਰਸ ਦੇ ਕਾਰਜ ਕਾਲ ਨੂੰ ਯਾਦ ਕਰ ਰਹੇ ਹਨ ਉਨਾ ਕਿਹਾ ਆਮ ਆਦਮੀ ਪਾਰਟੀ ਦੀ ਸਰਕਾਰ ਫੇਲ ਸਾਬਿਤ ਹੋਈ ਹੈ ਤਿਵਾੜੀ ਨੇ ਆਖਿਆ ਕਿ ਗੁਜਰਾਤ, ਹਿਮਾਚਲ ਚ ਚੋਣਾਂ ਹੋਣ ਜਾ ਰਹੀਆਂ ਹਨ ਤੇ ਸੁਬੇ ਦੇ ਮੁਖ ਮੰਤਰੀ ਭਗਵੰਤ ਮਾਨ ਸਾਹਿਬ ਸਰਕਾਰੀ ਖਰਚੇ ਤੇ ਆਪਣੀ ਸਮੁੱਚੀ ਲੀਡਰਸ਼ਿੱਪ ਨੂੰ ਲੈਕੇ ਉਥੇ ਪਹੁੰਚੇ ਹੋਏ ਹਨ ਤੇ ਇਨਾ ਲੀਡਰਾਂ ਦਾ ਗੁਜਰਾਤ ਅਤੇ ਹਿਮਾਚਲ ਚੋਣਾਂ ਨਾਲ ਕੀ ਸਬੰਧ ਹੈ ਇੱਧਰ ਪੰਜਾਬ ਦੇ ਲੋਕ ਇਸ ਸਰਕਾਰ ਤੋ ਰੱਜ ਕੇ ਦੁਖੀ ਹਨ ਉਨਾ ਕਿਹਾ ਕਿ ਦੇਸ਼ ਦੇ ਬਦਲਾਅ ਲਈ 2024 ਚ ਹੋ ਰਹੀਆਂ ਲੋਕ ਸਭਾ ਚੋਣਾਂ ਚ ਕਾਂਗਰਸ ਦੀ ਸ਼ਾਨਦਾਰ ਜਿੱਤ ਲਈ ਬਹੁਤ ਜਲਦ ਨੁਕੜ ਮੀਟਿੰਗਾਂ ਕੀਤੀਆ ਜਾਣਗੀਆਂ ਤੇ ਲੋਕਾ ਨੂੰ ਕਾਗਰਸ ਨਾਲ ਜੋੜਨ ਲਈ ਸ਼੍ਰੀ ਰਾਹੁਲ ਗਾਂਧੀ ਵਲੋਂ ਭਾਰਤ ਜੋੜੋ ਯਾਤਰਾ,,ਦੀ ਰੈ.ਲੀ ਸ਼ੁਰੂ ਹੋਈ ਹੈ ਉਸ ਨਾਲ ਲੋਕਾ ਨੂੰ ਭਾਜਪਾ ਦੀਆਂ ਦੇਸ਼ ਪ੍ਰਤੀ ਮਾੜੀਆਂ ਰਣਨੀਤੀਆਂ ਬਾਰੇ ਜਾਗਰੁਕ ਕੀਤਾ ਜਾ ਰਿਹਾ ਹੈ ਤੇ ਆਉਣ ਵਾਲਾ ਸਮਾਂ ਕਾਂਗਰਸ ਦਾ ਹੋਵੇਗਾ ਇਸ ਮੋਕੇ ਸੰਸਦ ਮਨੀਸ਼ ਤਿਵਾੜੀ ਦਾ ਵਿਸ਼ੇਸ ਸਨਮਾਨ ਕੀਤਾ ਗਿਆ ਇਸ ਮੋਕੇ ਸਤਵੀਰ ਸਿੰਘ ਪੱਲੀ ਝਿੱਕੀ ਸਾ.ਚੇਅਰਮੈਨ ਯੋਜਨਾ ਬੋਰਡ,ਸਰਪੰਚ ਮਨਜਿੰਦਰ ਕੋਰ ਤੇ ਸਮੁੱਚੀ ਪੰਚਾਇਤ ਵਲੋਂ ਗ੍ਰਾਟ ਦੇਣ ਤੇ ਧੰਨਵਾਦ ਕੀਤਾ ਗਿਆ ਇਸ ਮੋਕੇ ਸਰਪੰਚ ਮਨਜਿੰਦਰ ਕੋਰ,ਅਜਮੇਰ ਸਿੰਘ ਧਾਲੀਵਾਲ,ਸੱਤਪਾਲ ਸਿੰਘ ,ਮੱਖਣ ਸਿੰਘ ਸਾਰੇ ਸਾਬਕਾ ਸਰਪੰਚ, ਚਰਨਜੀਤ ਕੋਰ, ਬਲਜਿੰਦਰ ਕੋਰ, ਕੁਲਵਿੰਦਰ ਸਿੰਘ, ਚਰਨਜੀਤ ਸਿੰਘ ਸਾਰੇ ਪੰਚਾਇਤ, ਮੈਂਬਰ, ਤੀਰਥ ਸਿੰਘ ਬੁਰਜ,ਗੁਰਪ੍ਰੀਤ ਸਿੰਘ ਬਾਂਸਲ, ਕਸ਼ਮੀਰ ਸਿੰਘ, ਦੇਵ ਰਾਜ ਰਣਜੀਤ ਸਿੰਘ ਬੁਰਜ, ਤਰਸੇਮ ਲਾਲ, ਹਰਬਲਾਸ ਭੱਟੀ, ਸ਼ਮਸ਼ੇਰ ਸਿੰਘ, ਪ੍ਰਮਿੰਦਰ ਸਿੰਘ ਸਰਪੰਚ ਖੁਰਦਾਂ ਤੋਂ ਇਲਾਵਾ ਸਪੋਰਟਸ ਕਲੱਬਾਂ ਦੇ ਮੈਬਰ ਸਾਹਿਬਾਨ ਤੇ ਪਿੰਡ ਵਾਸੀ ਹਾਜਰ ਸਨ।

# ਟੀ-20 ਮਹਿਲਾ ਏਸ਼ੀਆ ਕੱਪ: ਸ੍ਰੀਲੰਕਾ ਨੂੰ ਹਰਾ ਕੇ ਭਾਰਤ ਸੱਤਵੀਂ ਵਾਰ ਚੈਂਪੀਅਨ







**ਸਿਲਹਟ–** ਭਾਰਤ ਨੇ ਅੱਜ ਇੱਥੇ ਸ੍ਰੀਲੰਕਾ ਨੂੰ ਇੱਕਪਾਸੜ ਮੈਚ ਵਿੱਚ ਅੱਠ ਵਿਕਟਾਂ ਨਾਲ ਹਰਾ ਕੇ ਸੱਤਵੀਂ ਵਾਰ ਮਹਿਲਾ ਟੀ-20 ਏਸ਼ੀਆ ਕੱਪ ਜਿੱਤ ਲਿਆ। ਪਿਛਲੇ 14 ਸਾਲਾਂ 'ਚ ਪਹਿਲੀ ਵਾਰ ਫਾਈਨਲ ਖੇਡ ਰਹੀ ਸ੍ਰੀਲੰਕਾ ਦੀ ਟੀਮ ਪਹਿਲਾਂ ਬੱਲੇਬਾਜ਼ੀ ਕਰਦਿਆਂ ਨੌਂ ਵਿਕਟਾਂ ਦੇ ਨੁਕਸਾਨ 'ਤੇ 65 ਦੌੜਾਂ ਹੀ ਬਣਾ ਸਕੀ। ਭਾਰਤ ਨੇ ਸਮ੍ਰਿਤੀ ਮੰਧਾਨਾ (ਨਾਬਾਦ 51) ਦੀ ਪਾਰੀ ਦੀ ਬਦੌਲਤ ਇਹ ਟੀਚਾ 8.3 ਓਵਰਾਂ ਵਿੱਚ ਦੋ ਵਿਕਟਾਂ ਗੁਆ ਕੇ 71 ਦੌੜਾਂ ਬਣਾ ਕੇ ਪੂਰਾ ਕਰ ਲਿਆ।

ਸ੍ਰੀਲੰਕਾ ਦੀ ਕਪਤਾਨ ਚਮਾਰੀ ਅਟਾਪੱਟੂ ਤੀਜੇ ਓਵਰ 'ਚ ਰਨ ਆਊਟ ਹੋ ਗਈ, ਜਿਸ ਮਗਰੋਂ ਇੱਕ ਤੋਂ ਬਾਅਦ ਇੱਕ ਵਿਕਟਾਂ ਡਿੱਗਦੀਆਂ ਗਈਆਂ। ਇੱਕ ਸਮੇਂ ਸ੍ਰੀਲੰਕਾ ਸਿਰਫ 32 ਦੌੜਾਂ 'ਤੇ ਅੱਠ ਵਿਕਟਾਂ ਗੁਆ ਚੁੱਕੀ ਸੀ ਅਤੇ ਅਜਿਹਾ ਲੱਗ ਰਿਹਾ ਸੀ ਕਿ ਟੀਮ 50 ਦੌੜਾਂ ਵੀ ਨਹੀਂ ਬਣਾ ਸਕੇਗੀ ਪਰ ਰਾਣਾਵੀਰਾ ਨੇ 22 ਗੇਂਦਾਂ ਵਿੱਚ ਨਾਬਾਦ 18 ਦੌੜਾਂ ਬਣਾ ਕੇ ਟੀਮ ਨੂੰ ਨਮੋਸ਼ੀ ਤੋਂ ਬਚਾਇਆ। ਭਾਰਤੀ ਗੇਂਦਬਾਜ਼ਾਂ ਨੇ ਅਨੁਸ਼ਾਸਨ 'ਚ ਰਹਿ ਕੇ ਗੇਂਦਬਾਜ਼ੀ ਕੀਤੀ ਪਰ ਸ਼ਾਟ ਦੀ ਖ਼ਰਾਬ ਚੋਣ ਕਾਰਨ ਸ੍ਰੀਲੰਕਾ ਨੂੰ ਜ਼ਿਆਦਾ ਨੁਕਸਾਨ ਝੱਲਣਾ ਪਿਆ। ਭਾਰਤ ਵੱਲੋਂ ਸ਼ੈਫਾਲੀ ਵਰਮਾ ਨੇ 4, ਸਮ੍ਰਿਤੀ ਮੰਧਾਨਾ ਨੇ ਨਾਬਾਦ 51, ਜੈਮੀਮਾ ਰੌਡਰਿਗਜ਼ ਨੇ 2 ਅਤੇ ਕਪਤਾਨ ਹਰਮਨਪ੍ਰੀਤ ਕੌਰ ਨੇ ਨਾਬਾਦ 14 ਦੌੜਾਂ ਬਣਾਈਆਂ।

# ਭਗਵੰਤ ਮਾਨ ਵੱਲੋਂ ਦੇਸ਼ ਦੇ ਸਭ ਤੋਂ ਵੱਡੇ ਬਾਇਓ ਪਲਾਂਟ ਦਾ ਉਦਘਾਟਨ

**ਲਹਿਰਾਗਾਗਾ–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਨਾਲ ਅੱਜ ਇੱਥੇ 20 ਏਕੜ ਰਕਬੇ ਵਿਚ 230 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤਾ ਦੇਸ਼ ਦਾ ਸਭ ਤੋਂ ਵੱਡਾ ਬਾਇਓ ਐਨਰਜੀ ਪਲਾਂਟ ਲੋਕਾਂ ਨੂੰ ਸਮਰਪਿਤ ਕੀਤਾ ਹੈ।

ਇਸ ਮੌਕੇ ਸੂਬੇ ਲਈ ਇਤਿਹਾਸਕ ਦਿਨ ਕਰਾਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਉਪਰਾਲਾ ਸੂਬੇ 'ਚੋਂ ਝੋਨੇ ਦੀ ਪਰਾਲੀ ਸਾੜਨ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਰਾਹ ਪੱਧਰਾ ਕਰੇਗਾ। ਉਨ੍ਹਾਂ ਕਿਹਾ ਕਿ ਵਰਬਾਇਓ ਗਰੁੱਪ ਦਾ ਸੂਬੇ ਨਾਲ ਮਜ਼ਬੂਤ ਰਿਸ਼ਤਾ ਹੈ ਕਿਉਂਕਿ ਇਸ ਦੀ ਭਾਰਤੀ ਸਹਾਇਕ ਕੰਪਨੀ ਵਰਬਾਇਓ ਇੰਡੀਆ ਪ੍ਰਾਈਵੇਟ ਲਿਮਟਿਡ ਨੇ ਭਾਰਤ ਦਾ ਸਭ ਤੋਂ ਵੱਡਾ ਬਾਇਓਫਿਊਲ (ਬਾਇਓਮੀਥੇਨ/ਬਾਇਓ-ਸੀਐੱਨਜੀ) ਉਤਪਾਦਨ ਯੂਨਿਟ ਸਥਾਪਤ ਕੀਤਾ ਹੈ, ਜੋ ਬਾਇਓ-ਸੀਐੱਨਜੀ ਦੀ 33 ਟੀਪੀਡੀ (ਟਨ ਪ੍ਰਤੀ ਦਿਨ) ਅਤੇ 550 ਟੀਪੀਡੀ (ਪ੍ਰਤੀ ਸਾਲ) ਦੀ ਸਮਰੱਥਾ ਵਾਲਾ ਪ੍ਰਾਜੈਕਟ ਹੈ। ਉਨ੍ਹਾਂ ਕਿਹਾ ਕਿ 80,000 ਕਿਊਬਿਕ ਮੀਟਰ ਪ੍ਰਤੀ ਦਿਨ ਦੀ ਸਮਰੱਥਾ ਵਾਲਾ ਪ੍ਰਾਜੈਕਟ ਬਾਇਓਗੈਸ ਪੈਦਾ ਕਰੇਗਾ, ਜੋ ਪਰਾਲੀ ਸਾੜਨ ਦੀ ਸਮੱਸਿਆ ਨੂੰ ਹੱਲ ਕਰਨ ਦਾ ਵਧੀਆ ਤਰੀਕਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਯੂਨਿਟ ਵਿਚ ਸਾਲਾਨਾ 1.30 ਲੱਖ ਟਨ ਪਰਾਲੀ ਦੀ ਖਪਤ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਯੂਨਿਟ ਨਾਲ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਕਾਰਨ ਪੈਦਾ ਹੋਣ ਵਾਲੇ 1.50 ਲੱਖ ਮੀਟਰਿਕ ਟਨ ਦੂਸ਼ਿਤ ਤੱਤ ਅਤੇ 20,000 ਮੀਟਰਿਕ ਟਨ ਫਲਾਈ ਐਸ਼ ਦੀ ਸਾਲਾਨਾ ਕਮੀ ਲਿਆਉਣ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਯੂਨਿਟ 1000 ਨੌਜਵਾਨਾਂ ਨੂੰ ਰੁਜ਼ਗਾਰ ਵੀ ਦੇਵੇਗਾ ਅਤੇ 5000 ਤੋਂ ਵੱਧ ਪਰਿਵਾਰਾਂ ਨੂੰ ਲਾਭ ਪਹੁੰਚੇਗਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਵਰਬਾਇਓ ਗਰੁੱਪ ਨੇ ਸੂਬੇ ਵਿੱਚ ਅਜਿਹੇ ਹੋਰ ਪਲਾਂਟ ਸਥਾਪਤ ਕਰਨ ਵਿਚ ਵੀ ਗਹਿਰੀ ਦਿਲਚਸਪੀ ਦਿਖਾਈ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਪ੍ਰਾਜੈਕਟ ਸਫ਼ਲ ਹੋ ਜਾਂਦਾ ਹੈ ਤਾਂ ਵਰਬਾਇਓ ਗਰੁੱਪ ਵੱਲੋਂ ਸੂਬੇ ਵਿਚ ਅਜਿਹੇ 10 ਹੋਰ ਪਲਾਂਟ ਸਥਾਪਤ ਕੀਤੇ ਜਾਣਗੇ।

# ਯੂਕੇ ਵਿੱਚ ਸਹਾਇਤਾ ਪ੍ਰਾਪਤ ਮੌਤ ਦੇ ਅਧਿਕਾਰ ਨੂੰ ਕਾਨੂੰਨੀ ਰੂਪ ਦੇਣ ਵਾਲਾ ਪਹਿਲਾ ਖਿੱਤਾ ਬਣੇਗਾ ਸਕਾਟਲੈਂਡ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਅਸਿਸਟਡ ਡਾਈਂਗ ਫਾਰ ਟਰਮਿਨਲੀ ਇਲ ਅਡਲਟਸ (ਸਕਾਟਲੈਂਡ) ਬਿੱਲ ਸਕਾਟਲੈਂਡ ਨੂੰ ਯੂਕੇ ਵਿੱਚ ਆਪਣੀ ਜ਼ਿੰਦਗੀ ਖਤਮ ਕਰਨ ਦੇ ਅਧਿਕਾਰ ਨੂੰ ਕਾਨੂੰਨੀ ਰੂਪ ਦੇਣ ਲਈ ਸਭ ਤੋਂ ਪਹਿਲਾਂ ਬਣਾ ਦੇਵੇਗਾ। ਸਕਾਟਿਸ਼ ਲਿਬਰਲ ਡੈਮੋਕਰੇਟ ਐਮਐਸਪੀ ਲਿਆਮ ਮੈਕਆਰਥਰ ਨੇ ਸਤੰਬਰ ਦੇ ਸ਼ੁਰੂ ਵਿੱਚ ਸੰਸਦ ਵਿੱਚ ਇੱਕ ਅੰਤਮ ਪ੍ਰਸਤਾਵ ਦਾਇਰ ਕੀਤਾ, ਉਸ ਲਈ ਘੱਟੋ-ਘੱਟ 18 ਐਮਐਸਪੀਜ਼ ਤੋਂ ਕਰਾਸ-ਪਾਰਟੀ ਸਮਰਥਨ ਪ੍ਰਾਪਤ ਕਰਨ ਲਈ 30 ਦਿਨਾਂ ਦੀ ਵਿੰਡੋ ਦੀ ਸ਼ੁਰੂਆਤ ਕੀਤੀ।

ਲਿਆਮ ਨੇ ਇਹ ਟੀਚਾ ਅੰਤਿਮ ਪ੍ਰਸਤਾਵ ਦਾਇਰ ਕੀਤੇ ਜਾਣ ਦੇ ਦੋ ਘੰਟਿਆਂ ਦੇ ਅੰਦਰ ਹੀ ਪ੍ਰਾਪਤ ਕਰ ਗਿਆ ਸੀ। ਜਿਸ ਦੇ ਫਲਸਰੂਪ ਉਸਨੂੰ 36 ਐਮ ਐਸ ਪੀਜ਼ ਕੋਲੋਂ ਸਮਰਥਨ ਪ੍ਰਾਪਤ ਹੋਇਆ। ਇੱਕ ਚੌਥਾਈ ਤੋਂ ਵੱਧ ਮੈਂਬਰਾਂ ਨੇ ਸਹਾਇਕ ਮਰਨ ਵਾਲੇ ਬਿੱਲ ਲਈ ਵੋਟ ਪਾਈ। ਹੁਣ ਇਸ ਗੱਲ ਦੀ ਪੁਸ਼ਟੀ ਹੋ ਗਈ ਹੈ ਕਿ ਮੈਕਆਰਥਰ ਕੋਲ ਅਸਿਸਟਡ ਡਾਈਂਗ ਫਾਰ ਟਰਮੀਨਲੀ ਇਲ ਅਡਲਟਸ (ਸਕਾਟਲੈਂਡ) ਬਿੱਲ ਨੂੰ ਸੰਸਦ ਵਿੱਚ ਪੇਸ਼ ਕਰਨ ਦਾ ਅਧਿਕਾਰ ਹੈ ਤੇ ਸਕਾਟਲੈਂਡ ਯੂਕੇ ਵਿੱਚ ਆਪਣੀ ਜ਼ਿੰਦਗੀ ਖਤਮ ਕਰਨ ਦੇ ਅਧਿਕਾਰ ਨੂੰ ਕਾਨੂੰਨੀ ਰੂਪ ਦੇਣ ਵਾਲਾ ਪਹਿਲਾ




ਖਿੱਤਾ ਬਣ ਜਾਵੇਗਾ।

ਤਜਵੀਜ਼ਾਂ ਦਾ ਉਦੇਸ਼ ਅੰਤਮ ਤੌਰ 'ਤੇ ਬਿਮਾਰ, ਮਾਨਸਿਕ ਤੌਰ 'ਤੇ ਸਮਰੱਥ ਬਾਲਗਾਂ ਲਈ ਸਹਾਇਤਾ ਮੌਤ ਦੇ ਅਧਿਕਾਰ ਨੂੰ ਪੇਸ਼ ਕਰਦਾ ਇਹ ਬਿੱਲ ਹੋਲੀਰੂਡ ਦੁਆਰਾ ਦੋ ਵਾਰ ਰੱਦ ਕੀਤਾ ਗਿਆ ਸੀ। ਇਹ ਬਿੱਲ ਸਤੰਬਰ ਵਿੱਚ ਸਹਾਇਤਾ ਪ੍ਰਾਪਤ ਮੌਤ 'ਤੇ ਜਨਤਕ ਸਲਾਹ-ਮਸ਼ਵਰੇ ਤੋਂ ਬਾਅਦ ਪ੍ਰਕਾਸ਼ ਵਿੱਚ ਆਇਆ ਹੈ, ਜਿਸ ਨੇ ਰਿਕਾਰਡ 14,038 ਜਵਾਬ ਪ੍ਰਾਪਤ ਕੀਤੇ ਹਨ। ਇਹਨਾਂ ਜਵਾਬ ਦੇਣ ਵਾਲੇ ਲੋਕਾਂ ਵਿੱਚੋਂ 75% ਤੋਂ ਵੱਧ ਲੋਕਾਂ ਨੇ ਬਿੱਲ ਦੇ ਹੱਕ ਵਿੱਚ ਪੂਰਾ ਸਮਰਥਨ ਪ੍ਰਗਟ ਕੀਤਾ ਹੈ ਜਦਕਿ ਹੋਰ 2% ਨੇ ਕਾਨੂੰਨ ਵਿੱਚ ਤਬਦੀਲੀ ਦਾ ਅੰਸ਼ਕ ਤੌਰ 'ਤੇ ਸਮਰਥਨ ਕੀਤਾ।

ਮੈਕਆਰਥਰ ਹੁਣ ਇੱਕ ਬਿੱਲ ਦਾ ਖਰੜਾ ਤਿਆਰ ਕਰਨ ਲਈ ਸਕਾਟਿਸ਼ ਸੰਸਦ ਦੀ ਗੈਰ-ਸਰਕਾਰੀ ਬਿੱਲ ਯੂਨਿਟ ਨਾਲ ਕੰਮ ਕਰੇਗਾ, ਜਿਸਦਾ ਉਦੇਸ਼ 2023 ਦੇ ਸ਼ੁਰੂ ਵਿੱਚ ਸੰਸਦ ਵਿੱਚ ਪੇਸ਼ ਕਰਨਾ ਹੈ।

ਲਿਆਮ ਮੈਕਆਰਥਰ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ "ਮੈਂ ਹੁਣ ਇੱਕ ਸੁਰੱਖਿਅਤ, ਮਜ਼ਬੂਤ ਅਤੇ ਹਮਦਰਦ ਬਿੱਲ ਨੂੰ ਅੱਗੇ ਲਿਆਉਣ ਲਈ ਸੰਸਦ ਵਿੱਚ ਸਹਿਯੋਗੀਆਂ ਨਾਲ ਨਿੱਠ ਕੇ ਕੰਮ ਕਰ ਸਕਦਾ ਹਾਂ।

# ਸਕਾਟਲੈਂਡ: ਕੋਰੋਨਾ ਕਾਲ 'ਚ ਸਿਹਤ ਕਾਮਿਆਂ ਦੀ ਅਣਥੱਕ ਮਿਹਨਤ ਨੂੰ ਮਿਲਿਆ ਮਾਣ



**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਕੋਰੋਨਾ ਮਹਾਮਾਰੀ ਦੇ ਦੌਰਾਨ ਅਣਥੱਕ ਕੰਮ ਕਰਨ ਵਾਲੇ ਸਿਹਤ ਸੰਭਾਲ ਕਰਮਚਾਰੀਆਂ ਨੂੰ ਸਮਰਪਿਤ ਸਕਾਟਲੈਂਡ ਵਿੱਚ ਪਹਿਲੀ ਯਾਦਗਾਰ ਦਾ ਉਦਘਾਟਨ ਕੀਤਾ ਗਿਆ ਹੈ। ਸਿਹਤ ਕਰਮਚਾਰੀਆਂ ਦੀ ਨਿਸ਼ਕਾਮ ਸੇਵਾ ਨੂੰ ਸਮਰਪਿਤ ਚਾਰ ਕਾਂਸੀ ਦੀਆਂ ਮੂਰਤੀਆਂ ਐਡਿਨਬਰਾ ਦੇ ਰਾਇਲ ਕਾਲਜ ਆਫ਼ ਸਰਜਨਸ ਵਿਖੇ ਲਗਾਈਆਂ ਗਈਆਂ ਹਨ ਜੋ ਉਹਨਾਂ ਸਾਰੇ ਸਿਹਤ ਸੰਭਾਲ ਕਰਮਚਾਰੀਆਂ ਦੀ ਕੁਰਬਾਨੀ ਦੀ ਯਾਦ ਦਿਵਾਉਂਦੀਆਂ ਹਨ ਜਿਨ੍ਹਾਂ ਨੇ ਜਨਤਾ ਦੀ ਸੁਰੱਖਿਆ ਲਈ ਕੰਮ ਕੀਤਾ। ਰਾਇਲ ਕਾਲਜ ਆਫ਼ ਸਰਜਨਸ ਵਿੱਚ ਲੱਗੀਆਂ ਇਹ ਚਾਰ ਕਾਂਸੀ ਦੀਆਂ ਮੂਰਤੀਆਂ ਇੱਕ ਸਥਾਨਕ ਕਲਾਕਾਰ ਦੁਆਰਾ ਬਣਾਈਆਂ ਗਈਆਂ ਹਨ।

ਇਸ ਬਾਰੇ ਬੋਲਦਿਆਂ ਪ੍ਰੋਫੈਸਰ ਮਾਈਕਲ ਗ੍ਰਿਫਿਨ ਨੇ ਕਿਹਾ ਕਿ ਕੋਰੋਨਾ ਦਾ ਸਮਾਂ ਹਰ ਕਿਸੇ ਲਈ ਦੁਖਦਾਈ ਸਮਾਂ ਸੀ ਅਤੇ ਇਹ ਤਸਵੀਰਾਂ ਨਿਰਾਸ਼ਾ, ਥਕਾਵਟ ਆਦਿ ਨੂੰ ਦਰਸਾਉਂਦੀਆਂ ਹਨ ਜੋ ਉਸ ਸਮੇਂ ਸਿਹਤ ਸੰਭਾਲ ਕਰਮਚਾਰੀ ਇੱਕ ਸ਼ਿਫਟ ਦੇ ਅੰਤ ਵਿੱਚ ਮਹਿਸੂਸ ਕਰਦੇ ਸਨ।

****

# "ਈਲਿੰਗ ਟੂਗੈਦਰ ਆਨਰਜ਼ ਆਫਟਰਨੂਨ ਟੀ" ਸਮਾਗਮ ਦੌਰਾਨ ਵੋਇਸ ਆਫ ਵੂਮੈਨ ਦੇ ਕੋਵਿਡ ਦੌਰਾਨ ਕੰਮਾਂ ਦੀ ਸ਼ਲਾਘਾ

**ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)** ਈਲਿੰਗ ਕੌਂਸਲ ਦੇ ਉੱਚ ਅਧਿਕਾਰੀਆਂ ਤੇ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਕੋਵਿਡ ਦੌਰਾਨ ਲੋਕਾਂ ਦੀ ਨਿਸ਼ਕਾਮ ਸੇਵਾ ਕਰਨ ਵਾਲੀਆਂ ਸੰਸਥਾਵਾਂ ਦੀ ਸਲਾਹੁਤਾ ਲਈ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿਸ ਦੌਰਾਨ ਵੱਖ ਵੱਖ ਸੰਸਥਾਵਾਂ ਦੇ ਅਣਥੱਕ ਕਾਰਜਾਂ ਸੰਬੰਧੀ ਲੋਕਾਂ ਨੂੰ ਜਾਣੂੰ ਕਰਵਾਇਆ ਗਿਆ। ਇਸ ਸਮਾਗਮ ਵਿੱਚ ਲੰਡਨ ਦੀ ਨਾਮਵਰ ਸੰਸਥਾ ਵੋਇਸ ਆਫ ਵੂਮੈਨ ਨੂੰ ਵੀ ਬੇਹੱਦ ਮਾਣ ਸਤਿਕਾਰ ਦਿੱਤਾ ਗਿਆ। ਮੰਚ ਤੋਂ ਪ੍ਰਸਾਰਿਤ ਹੁੰਦੇ ਵੀਡੀਓ ਰਾਹੀਂ ਹੋਰਨਾਂ ਸੰਸਥਾਵਾਂ ਦੇ ਨਾਲ ਨਾਲ ਵੋਇਸ ਆਫ ਵੂਮੈਨ ਦੇ ਕੋਵਿਡ ਦੌਰਾਨ ਕੀਤੇ ਕਾਰਜਾਂ ਦਾ ਵੀ ਵਿਸਥਾਰ ਨਾਲ ਉਲੇਖ ਕੀਤਾ ਗਿਆ। ਲੰਡਨ ਬਾਰੋਅ ਆਫ ਈਲਿੰਗ ਦੇ ਡਿਪਟੀ ਲੈਫਟੀਨੈਂਟ ਰਿਚਰਡ ਕਾਰਨਿਕੀ, ਮੇਅਰ ਸ੍ਰੀਮਤੀ ਮਹਿੰਦਰ ਕੌਰ ਮਿੱਢਾ, ਮੈਂਬਰ ਪਾਰਲੀਮੈਂਟ ਵੀਰੇਂਦਰ ਸ਼ਰਮਾ ਆਦਿ ਵੱਲੋਂ ਵੋਇਸ ਆਫ ਵੂਮੈਨ ਦੀ ਚੇਅਰਪਰਸਨ ਸੁਰਿੰਦਰ ਕੌਰ ਨੂੰ ਆਪਣੀਆਂ ਸਾਥਣਾਂ ਨਾਲ ਰਲ ਕੇ ਕੀਤੇ ਵਡੇਰੇ ਕਾਰਜਾਂ ਲਈ ਧੰਨਵਾਦ ਕਰਦਿਆਂ ਸ਼ਾਬਾਸ਼ ਵੀ ਦਿੱਤੀ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀਮਤੀ ਸੁਰਿੰਦਰ ਕੌਰ ਨੇ ਕਿਹਾ ਕਿ ਇਹ ਮਾਣ ਸਨਮਾਨ ਇਕੱਲਿਆਂ ਹਾਸਲ ਕਰਨੇ ਬਹੁਤ ਮੁਸ਼ਕਿਲ ਹਨ। ਵੋਇਸ ਆਫ ਵੂਮੈਨ ਦੀਆਂ ਸਮੂਹ ਅਣਥੱਕ ਮਿਹਨਤੀ ਬੀਬੀਆਂ ਦੀ ਲਗਨ ਤੇ



ਮਿਹਨਤ ਦਾ ਨਤੀਜਾ ਹੀ ਹੈ ਕਿ ਭਾਈਚਾਰੇ ਦੇ ਵੱਡੇ ਮੰਚਾਂ ਤੋਂ ਮੋਹ ਸਤਿਕਾਰ ਮਿਲਿਆ ਹੈ। ਉਹਨਾਂ ਕਿਹਾ ਕਿ ਅਜਿਹੇ ਮਾਣ ਸਨਮਾਨ ਤੁਹਾਡੀ ਜ਼ਿੰਮੇਵਾਰੀ ਵਿੱਚ ਵਾਧਾ ਕਰਦੇ ਹਨ ਤੇ ਅਸੀਂ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਹੋਰ ਵਧੇਰੇ ਸਮਰਪਣ ਭਾਵਨਾ ਨਾਲ ਲੋਕਪੱਖੀ ਸਮਾਜ ਸੇਵੀ ਕਾਰਜ ਕਰਦੇ ਰਹਾਂਗੇ।

# ਦਇਆ ਦੇ ਸਾਗਰ ਤ੍ਰੈਕਾਲਦਰਸ਼ੀ ਭਗਵਾਨ ਵਾਲਮੀਕਿ ਜੀ

ਤ੍ਰੈਕਾਲਦਰਸ਼ੀ ਭਗਵਾਨ ਵਾਲਮੀਕਿ ਜੀ ਦਾ ਆਗਮਨ ਸਮੁੱਚੀ ਮਾਨਵਤਾ ਦੀ ਭਲਾਈ ਵ ਸਤੇ ਹੋਇਆ। ਭਗਵਾਨ ਵਾਲਮੀਕਿ ਜੀ ਦੁਆਰਾ ਉਨ੍ਹਾਂ ਦੀ ਕਲਮ ਤੋਂ ਉਚਾਰੇ ਗਏ ਇਨ੍ਹਾਂ ਮਹਾਨ ਗ੍ਰੰਥਾਂ ਜਿਨ੍ਹਾਂ ਵਿਚ ਰਮਾਇਣ, ਯੋਗ ਵਸ਼ਿਸ਼ਟ, ਅਕਸ਼ਰਲਕਸ਼ ਅਤੇ ਹੋਰ ਗ੍ਰੰਥਾਂ ਵਿੱਚ ਮਨੁੱਖੀ ਜੀਵਨ ਨੂੰ ਉੱਚਾ ਚੁੱਕਣ ਵਾਸਤੇ ਬੜੀ ਵਡਮੁੱਲੀ, ਅਧੁਨਿਕ ਅਤੇ ਵਿਗਿਆਨਕ ਜਾਣਕਾਰੀ ਮਿਲਦੀ ਹੈ।

ਉੱਘੇ ਵਿਦਵਾਨ ਡਾ। ਲੇਖ ਰਾਜ ਪਰਵਾਨਾ ਅਨੁਸਾਰ ਅਕਸ਼ਰਲਕਸ਼ ਗ੍ਰੰਥ ਤੋਂ ਪਤਾ ਲੱਗਦਾ ਹੈ ਕਿ ਇਸ ਮਹਾਨ ਗ੍ਰੰਥ ਵਿੱਚ 135 ਵਿਸ਼ਿਆਂ ਬਾਰੇ ਸਵਿਸਥਾਰ ਵਿਆਖਿਆ ਦਿੱਤੀ ਗਈ ਹੈ। ਇਨ੍ਹਾਂ ਵਿਸ਼ਿਆਂ ਵਿੱਚ ਗਣਿਤ ਦੀਆਂ ਪ੍ਰਣਾਲੀਆਂ, ਵਿਗਿਆਨ ਦੇ ਵਿਕਾਸ ਤੇ ਫਾਰਮੂਲੇ ਅਤੇ ਵਸਤੂ ਸ਼ਾਸਤਰ ਦੀ ਮਹਿਕ ਮਿਲਦੀ ਹੈ। ਤਾਰਾ ਵਿਗਿਆਨ, ਕਾਵਿ ਸ਼ਾਸਤਰ ਭਵਿੱਸ਼ਬਾਣੀ ਸੂਤਰਾਂ ਵੱਲ ਵੀ ਪੂਰੀ ਜਾਣਕਾਰੀ ਪ੍ਰਾਪਤ ਹੋਣ ਦਾ ਸਬੂਤ ਮਿਲਦਾ ਹੈ।

ਜੇਕਰ ਉਹ ਸੰਸਾਰ ਦੇ ਪਹਿਲੇ ਕਵੀ ਹਨ, ਪਹਿਲੇ ਕਲਾਕਾਰ ਅਤੇ ਪਹਿਲੇ ਸੰਗੀਤਕਾਰ ਅਤੇ ਯੁੱਧ-ਸਮਰਾਟ ਜੁਗਤੀਆਂ ਦੇ ਮਾਲਕ ਰਹੇ ਹਨ ਤਾਂ ਫਿਰ ਕਾਵਿ-ਸੰਸਾਰ ਦੇ ਮਸਲਿਆਂ ਬਾਰੇ, ਛੰਦ-ਬੰਦੀ ਬਾਰੇ ਅਤੇ ਰੂਪ ਤੇ ਕਲਾ ਬਾਰੇ ਵੀ ਉਨ੍ਹਾਂ ਦਾ ਗ੍ਰੰਥ ਜ਼ਰੂਰੀ ਹੋਵੇਗਾ ਜੋ ਅਜੇ ਉਪਲੱਬਧ ਨਹੀਂ ਹੋ ਰਿਹਾ, ਪਰ ਇਸ ਗੱਲ ਨੂੰ ਵਿਦਵਾਨਾਂ ਨੇ ਜ਼ਰੂਰ ਪ੍ਰਵਾਨ ਕਰ ਲਿਆ ਹੈ ਕਿ ਇਸ ਮਹਾਨ ਰਹਿਬਰ ਦੀ ਸਮੂਹ ਕਲਾ ਪ੍ਰਚੰਡਤਾ, ਅਧਿਆਤਮਕ ਗਿਆਨ ਅਤੇ ਵਿਗਿਆਨ ਤੋਂ ਉਨ੍ਹਾਂ ਦੇ ਸਮਕਾਲੀ ਸਮਾਜ ਨੂੰ ਜ਼ਰੂਰ ਗਿਆਨ ਹੋਇਆ ਹੋਵੇਗਾ।

ਇਸ ਪ੍ਰਕਾਰ ਭਗਵਾਨ ਵਾਲਮੀਕਿ ਜੀ ਮਹਾਰਾਜ ਨੇ ਸਾਡੇ ਜੀਵਨ ਨੂੰ ਅਰੋਗ, ਚਿੰਤਾਮੁਕਤ, ਅਨੰਦਮਈ, ਤੰਦਰੁਸਤ, ਲੰਬਾ ਤੇ ਸੁਖਾਲਾ ਜੀਵਨ ਬਨਾਉਣ ਦਾ ਭਰਪੂਰ ਯਤਨ ਕੀਤਾ ਹੈ। ਉਨ੍ਹਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਵਿੱਚ ਏਨੀ ਗਹਿਰ ਗੰਭੀਰਤਾ ਹੈ ਕਿ ਆਮ ਮਨੁੱਖ ਦੇ ਸਮਝ ਵਿੱਚ ਨਹੀਂ ਆ ਸਕਦੀ। ਇਹੀ ਕਾਰਨ ਹੈ ਕਿ ਅੱਜ ਤਕ ਅਸੀਂ ਉਨ੍ਹਾਂ ਸਿੱਖਿਆਵਾਂ ਤੋਂ ਬਹੁਤ ਦੂਰ ਹਾਂ। ਇਸ ਕਰਕੇ ਅੱਜ ਲੋੜ ਹੈ ਕਿ ਕੌਮੀ ਪੱਧਰ ਵਿਦਵਾਨਾਂ, ਬੁੱਧੀਜੀਵੀਆਂ ਦਾ ਇੱਕ ਵੱਡਾ ਸੰਗਠਨ ਬਣਾਇਆ ਜਾਵੇ ਜਿਹੜਾ ਭਗਵਾਨ ਵਾਲਮੀਕ ਜੀ ਮਹਾਰਾਜ ਦੀਆਂ ਰਚਨਾਵਾਂ ਨੂੰ ਸਰਲ ਰੂਪ ਅਤੇ ਵੱਖ-ਵੱਖ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕਰਕੇ ਜਨ-ਜਨ ਤੱਕ ਪਹੁੰਚਾਉਣ ਦਾ ਕੰਮ ਕਰੇ।



ਰਮਾਇਣ ਦੇ ਯੁੱਧ ਕਾਂਡ ਵਿਚ ਭਗਵਾਨ ਮਹਾਂਰਿਸ਼ੀ ਵਾਲਮੀਕਿ ਜੀ ਨੇ ਮਨੁੱਖ ਨੂੰ ਸੁੰਦਰ ਵਿਚਾਰਾਂ ਨਾਲ ਜਾਗ੍ਰਿਤ ਕੀਤਾ ਹੈ, ਜਿਨ੍ਹਾਂ ਵਿਚਾਰਾਂ ਤੇ ਅਮਲ ਕਰਕੇ ਮਨੁੱਖ ਸਹਿਜ ਅਵਸਥਾ ਪ੍ਰਾਪਤ ਕਰ ਸਕਦਾ ਹੈ। ਸ੍ਰੀ ਗੁਰਦੇਵ ਲਾਲ ਸੁਰੀਲਾ ਜੀ ਦੀ ਪੁਸਤਕ "ਰਾਮਾਇਣ ਰਸ" ਵਿੱਚ ਭਗਵਾਨ ਵਾਲਮੀਕਿ ਜੀ ਮਹਾਰਾਜ ਜੀ ਦੀਆਂ ਸਿੱਖਿਆਵਾਂ ਦਾ ਵਰਣਨ ਮਿਲਦਾ ਹੈ ਜਿਸ ਦੇ ਕੁਝ ਅੰਸ਼ ਇਸ ਪ੍ਰਕਾਰ ਹਨ:---

1-- ਸਾਰਿਆਂ ਨਾਲ ਸਲਾਹ ਕਰਕੇ ਕੰਮ ਕਰਨ ਵਾਲਾ ਉੱਤਮ, ਇਕੱਲਾ ਹੀ ਆਪਣੇ ਆਪ ਵਿਚਾਰ ਕਰਕੇ ਕੰਮ ਕਰਨ ਵਾਲਾ ਮੱਧਮ, ਜੋ ਬਿਨਾਂ ਗੁਣ ਦੋਸ਼ ਵਿਚਾਰੇ ਕੰਮ ਸ਼ੁਰੂ ਕਰ ਦੇਵੇ ਉਹ ਨੀਚ ਪੁਰਸ਼ ਹੁੰਦਾ ਹੈ। ਅ 5/7-9

2-- ਬੇਅਕਲ ਮੂਰਖਾਂ ਲਈ ਖਿਮਾ ਉਚਿੱਤ ਨਹੀਂ ਕਿਉਂ ਜੋ ਉਹ ਖਿਮਾ ਨੂੰ ਕਮਜ਼ੋਰੀ ਸਮਝ ਲੈਂਦੇ ਹਨ। ਅ - 21/20

3-- ਰੋਹ ਭਰੇ ਵਿਸ਼ੈਲੇ ਸੱਪ ਨਾਲ ਤਾਂ ਕੋਈ ਰਹਿ ਸਕਦਾ ਹੈ ਕਿੰਤੂ ਅਜਿਹੇ ਆਦਮੀ ਨਾਲ ਕਦੀ ਨਾ ਰਹੋ ਜੋ ਮਿੱਤਰ ਅਖਵਾ ਕੇ ਦੁਸ਼ਮਣ ਦੀ ਸੇਵਾ ਕਰ ਰਿਹਾ ਹੋਵੇ। ਅ-16/2

4-- ਸੁਆਰਥੀ ਸਾਕਦਾਰ ਹਮੇਸ਼ਾਂ ਦੂਸਰੇ ਨੂੰ ਅਪਮਾਨਿਤ ਕਰਦੇ ਹਨ ਤੇ ਮੁਸੀਬਤ ਪੈਣ ਤੇ ਖ਼ੁਸ਼ੀ ਮਨਾਉਂਦੇ ਹਨ। ਉਹ ਆਪਣਾ ਦਿਲ ਛਪਾ ਕੇ ਹਰ ਤਰ੍ਹਾਂ ਭਿਆਨਕ ਹੁੰਦੇ ਹਨ। ਅ-16/3-5

5---ਰੰਜਿਸ਼ ਕਾਰਨ ਸਾਕਦਾਰ ਹੀ ਦੁਸ਼ਮਣ ਨੂੰ ਭੇਦ ਦੇ ਕੇ ਆਪਣਿਆਂ ਨੂੰ ਫੜਾ ਦਿੰਦੇ ਹਨ। ਅ-16/7,8

6-- ਜਿਵੇਂ ਭੌਰਾ ਫੁੱਲਾਂ ਦਾ ਤਾਂ ਰਸ ਪੀਂਦਾ ਹੈ ਪਰ ਉੱਥੇ ਟਿਕਦਾ ਨਹੀਂ ਉਸੇ ਤਰ੍ਹਾਂ ਦੁਸ਼ਟ ਲੋਕਾਂ ਵਿੱਚ ਮਿੱਤਰਤਾ ਵਾਲਾ ਪਿਆਰ ਟਿਕਦਾ ਨਹੀਂ ਹੈ। ਅ-16/13

7--ਜਿਵੇਂ ਹਾਥੀ ਨਹਾ ਕੇ ਧੂੜ ਨਾਲ ਮੁੜ ਦੇਹੀ ਗੰਦੀ ਕਰ ਲੈਂਦਾ ਹੈ ਉਸੇ ਤਰ੍ਹਾਂ ਦੁਸ਼ਟ ਦੀ ਮਿੱਤਰਤਾ ਵੀ ਮੁੜ ਗੰਦਾ ਕਰ ਦੇਣ ਵਾਲੀ ਹੁੰਦੀ ਹੈ। ਅ-16/15

8--ਮਿੱਠੀਆਂ ਗੱਲਾਂ ਕਰਨ ਵਾਲੇ ਮਨੁੱਖ ਤਾਂ ਆਸਾਨੀ ਨਾਲ ਮਿਲ ਜਾਂਦੇ ਹਨ ਪਰ ਸੁਣਨ ਵਿੱਚ ਕੌੜੀ ਕਿੰਤੂ ਨਤੀਜੇ ਵੱਲੋਂ ਹਿਤਕਾਰੀ ਗੱਲ ਕਹਿਣ ਵਾਲੇ ਘੱਟ ਹੀ ਮਿਲਦੇ ਹਨ। ਅ-16/21

9--ਗੱਲਾਂ ਗੱਲਾਂ ਵਿੱਚ, ਆਵਾਜ਼ ਦੇ ਭੇਦ ਨਾਲ, ਮਨੁੱਖ ਦੀ ਸਾਫ਼ ਨੀਅਤ ਜਾਂ ਬੁਰੀ ਨੀਤ ਦਾ ਪਤਾ ਲੱਗ ਜਾਂਦਾ ਹੈ। ਅ -17/61

10--ਮੁਸੀਬਤ ਸਮੇਂ ਆਪਣਿਆਂ ਨੂੰ ਛੱਡਣ ਵਾਲਾ ਮਨੁੱਖ ਭਰੋਸੇਯੋਗ ਨਹੀਂ ਹੁੰਦਾ। ਅ-18/5-7

11-- ਬੁੱਧੀਮਾਨ ਲੋਕ ਗੁਜਰੀ ਬਾਤ ਦਾ ਵਾਰ-ਵਾਰ ਦੁੱਖ ਨਹੀਂ ਕਰਦੇ। ਉਹ ਹੁਣ ਤੇ ਆਉਣ ਵਾਲੇ ਸਮੇਂ ਉੱਤੇ ਵਿਚਾਰ ਕਰਦੇ ਹਨ। ਅ 63/25

ਮਹਾਨ ਰਹਿਬਰ ਦੇ ਪ੍ਰਗਟ ਦਿਵਸ ਦੀਆਂ ਸਾਰੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

**- ਚਰਨਜੀਤ ਸਿੰਘ ਬਿਨਪਾਲਕੇ ਜਨਰਲ ਸਕੱਤਰ**
**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ।)**
**ਮੁੱਖ ਦਫ਼ਤਰ ਬਿਨਪਾਲਕੇ (ਭੋਗਪੁਰ) ਜ਼ਿਲ੍ਹਾ ਜਲੰਧਰ**

# ਸਰਬਪੱਖੀ ਗਿਆਨ ਦੇ ਪੁੰਜ - ਮਹਾਰਿਸ਼ੀ ਵਾਲਮੀਕਿ



ਜਗਦੀਸ਼ ਰਾਏ
91-94631-32719

ਮਨੁੱਖ ਆਪਣੇ ਜੀਵਨ ਕਾਲ ਵਿੱਚ ਕੀਤੇ ਕਰਮਾਂ, ਵਿਚਾਰਾਂ ਅਤੇ ਵਿਚਾਰਧਾਰਾ ਕਾਰਣ ਭਾਵ ਸਮੁੱਚੀ ਜੀਵਨ ਸ਼ੈਲੀ ਕਾਰਣ ਸਮਾਜ ਵਿੱਚ ਯਾਦ ਕੀਤਾ ਜਾਂਦਾ ਹੈ।ਆਮ ਲੋਕ ਆਪਣੇ ਪਰਿਵਾਰ ਦੀਆਂ ਇੱਕ-ਦੋ ਪੀੜ੍ਹੀਆਂ ਤੱਕ ਹੀ ਸਿਮਟ ਕੇ ਰਹਿ ਜਾਂਦੇ ਹਨ ਅਤੇ ਬਹੁਤ ਘੱਟ ਹੁੰਦੇ ਹਨ ਜਿਹੜੇ ਪਰਿਵਾਰਕ ਦਾਇਰੇ ਚੋਂ ਬਾਹਰ ਨਿਕਲ ਕੇ ਸਮੁੱਚੇ ਸਮਾਜ ਦੇ ਨਾਇਕ ਬਣ ਜਾਂਦੇ ਹਨ, ਯੁਗ ਪੁਰਸ਼ ਬਣ ਜਾਂਦੇ ਹਨ। ਉਨ੍ਹਾਂ ਵਿੱਚ ਹੀ ਆਉਂਦਾ ਹੈ ਸਿਰਮੌਰ ਵਿਅਕਤੀਤਵ, ਆਦਿ ਕਵੀ, ਮਹਾਰਿਸ਼ੀ ਵਾਲਮੀਕਿ। ਜਿਸ ਯੁੱਗ ਵਿੱਚ ਇਨ੍ਹਾਂ ਦਾ ਜਨਮ ਹੋਇਆ ਉਹ ਸਮਾਂ ਲੋਕਤੰਤਰਿਕ ਨਹੀਂ ਸੀ।ਲੋਕ ਕਬੀਲਿਆਂ ਵਿੱਚ ਰਹਿੰਦੇ ਸਨ ਅਤੇ ਕਬੀਲਿਆਂ ਦੇ ਆਪਸੀ ਯੁੱਧ ਆਮ ਜਹੀ ਗਲ ਸੀ। ਆਪਣੇ ਕਬੀਲੇ ਨੂੰ ਲੁੱਟ ਖਸੁੱਟ ਤੋਂ ਬਚਾਉਣ ਲਈ ਅਤੇ ਆਤਮ ਰੱਖਿਆ ਲਈ ਖੂੰਖਾਰ ਅਤੇ ਯੁੱਧ ਕਲਾ ਵਿੱਚ ਨਿਪੁੰਣ ਹੋਣਾ ਮੁੱਢਲੀ ਲੋੜ ਸੀ। ਬਚਪਨ ਤੋਂ ਯੁਵਾ ਅਵਸਥਾ ਤੱਕ ਪਹੁੰਚਦੇ ਪਹੁੰਚਦੇ ਵਾਲਮੀਕਿ ਜੀ ਅਸਤਰ ਵਿੱਦਿਆ ਵਿੱਚ ਬੇ ਜੋੜ ਬਣ ਚੁੱਕੇ ਸਨ। ਵਿਰੋਧੀ ਕਬੀਲਿਆਂ ਤੋਂ ਆਪਣੇ ਕਬੀਲੇ ਦੀ ਰੱਖਿਆ ਲਈ ਉਨ੍ਹਾਂ ਵਲੋਂ ਕੀਤੇ ਗਏ ਮੁਕਾਬਲਿਆਂ ਨੂੰ ਗਲਤ ਰੰਗ ਦੇ ਕੇ ਅਤੇ ਉਨ੍ਹਾਂ ਦੇ ਲਾ ਮਿਸਾਲ ਵਿਅਕਤੀਤਵ ਨੂੰ ਗੰਧਲਾ ਕਰਨ ਲਈ ਉਨ੍ਹਾਂ ਨੂੰ ਡਾਕੂ ਦੀ ਸੰਗਿਆ ਦੇਣ ਦੀ ਘਿਨਾਉਣੀ ਕੋਸ਼ਿਸ਼ ਕੀਤੀ ਗਈ ਹੈ। ਜੋ ਕਿ ਨਿਰਮੂਲ ਹੈ। ਸਮਾਜ ਨੂੰ ਲੰਬੇ ਸਮੇਂ ਤੋਂ ਵਰਗਾਂ ਵਿੱਚ ਵੰਡਿਆ ਹੋਇਆ ਹੈ ਅਤੇ ਸਮਾਜਿਕ ਸਮਾਨਤਾ ਨਾ ਹੋਣ ਕਰਕੇ ਹੇਠਲੇ ਵਰਗ ਦੇ ਕਿਸੇ ਵੀ ਖੇਤਰ ਵਿੱਚ ਸਮਰੱਥ ਵਿਅਕਤੀਆਂ ਨੂੰ ਅਯੋਗ ਅਤੇ ਕਮਜੋਰ ਸਿੱਧ ਕਰਨ ਲਈ ਹਰ ਘਟੀਆ ਤੋਂ ਘਟੀਆ ਹਥਕੰਡਾ ਵਰਤਿਆ ਜਾਂਦਾ ਰਿਹਾ ਹੈ। ਅਜਿਹਾ ਹੀ ਉੱਚ ਕੋਟੀ ਦੇ ਯੋਧਾ ਮਹਾਰਿਸ਼ੀ ਵਾਲਮੀਕਿ ਨਾਲ ਵੀ ਹੋਇਆ ਹੈ। ਪਰ ਹੁਣ ਵਿੱਦਿਆ ਦੇ ਪਸਾਰ ਕਾਰਣ ਕਲਮ ਕਿਸੇ ਵਿਸ਼ੇਸ਼ ਹੱਥਾਂ ਚੋਂ ਬਾਹਰ ਆਕੇ ਤਰਕਸ਼ੀਲ ਅਤੇ ਯੋਗ ਹੱਥ ਵਿੱਚ ਵੀ ਆ ਗਈ ਹੈ ਭਾਵੇਂ ਉਹ ਸਮਾਜਿਕ ਤੌਰ ਤੇ ਅਜੇ ਵੀ ਪਿਛੜੇ ਹੋਏ ਹੋ ਸਕਦੇ ਹਨ। ਖੁਸ਼ੀ ਦੀ ਗੱਲ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਰਾਜੀਵ ਭੱਲਾ ਨੇ ਇਕ ਕੇਸ ਦਾ ਫੈਸਲਾ ਦਿੰਦਿਆਂ ਹੋਇਆਂ ਲੰਬੀ ਬਹਿਸ ਤੋਂ ਬਾਦ ਸਪਸ਼ਟ ਲਿਖਿਆ ਹੈ ਕਿ ਮਹਾਰਿਸ਼ੀ ਵਾਲਮੀਕਿ ਡਾਕੂ ਨਹੀਂ ਸਨ। ਉਸਨੇ ਲਿਖਿਆ ਹੈ ਕਿ ਵੈਦਿਕ ਕਾਲ ਤੋਂ ਲੈ ਕੇ ਈਸਵੀ ਸੰਮਤ ਤੋਂ 900 ਸਾਲ ਬਾਦ ਤੱਕ ਉਨ੍ਹਾਂ ਨੂੰ ਕਦੇ ਵੀ ਡਾਕੂ ਨਹੀਂ ਗਰਦਾਨਿਆ ਗਿਆ ਹੈ। ਪੰਜਾਬੀ ਯੂਨੀਵਰਸਟੀ ਪਟਿਆਲਾ ਦੀ ਮਹਾਰਿਸ਼ੀ ਵਾਲਮੀਕਿ ਚੇਅਰ ਦੀ ਉਸ ਸਮੇਂ ਦੀ ਮੁਖੀ ਮੰਜੁਲਾ ਸਹਿਦੇਵ ਵਲੋਂ ਕੀਤੀ ਗਈ ਖੋਜ ਨੂੰ ਵੀ ਜੱਜ ਨੇ ਅਧਾਰ ਬਣਾਇਆ ਹੈ।

ਜਿੱਥੇ ਉਹ ਇਕ ਮਹਾਨ ਯੋਧਾ ਸਨ ਉਥੇ ਖਗੋਲ ਵਿਗਿਆਨੀ ਅਤੇ ਜਿਓਤਿਸ਼ਚਾਰੀਆ ਵੀ ਸਨ। ਅਧਿਆਤਮਕ ਭੁੱਖ ਦੀ ਪੂਰਤੀ ਲਈ ਉਹ ਜੰਗਲ ਵਿੱਚ ਇਕਾਂਤ ਵਿੱਚ ਬੈਠ ਕੇ ਭਗਤੀ ਕਰਿਆ ਕਰਦੇ ਸਨ। ਇਕ ਵਾਰੀ ਲੰਬਾ ਸਮਾਂ ਭਗਤੀ ਵਿੱਚ ਬੈਠਣ ਕਾਰਣ ਉਨ੍ਹਾਂ ਦਾ ਸ਼ਰੀਰ ਮਿੱਟੀ ਵਿੱਚ ਦਬ ਗਿਆ ਅਤੇ ਮਿੱਟੀ ਵਿੱਚ ਸਿਓਂਕ ਲਗ ਗਈ। ਜਿਸ ਨੂੰ ਸੰਸਕ੍ਰਿਤ ਵਿੱਚ ਵਾਲਮੀਕਿ ਕਿਹਾ ਜਾਂਦਾ ਹੈ। ਸਾਲਾਂ ਬੱਧੀ ਭਗਤੀ ਚੋਂ ਉੱਠਣ ਤੋਂ ਬਾਦ ਉਨ੍ਹਾਂ ਨੂੰ ਵਿਸ਼ੇਸ਼ਣ ਦੇ ਤੌਰ ਤੇ ਵਾਲਮੀਕਿ ਕਿਹਾ ਜਾਣ ਲੱਗ ਪਿਆ। ਅੱਗੇ ਤੋਂ ਉਨ੍ਹਾਂ ਦੇ ਵੰਸ਼ਜਾਂ ਨੂੰ ਵੀ ਵਾਲਮੀਕਿ ਕਿਹਾ ਜਾਂਦਾ ਹੈ।ਸਮਾਧੀ ਚੋਂ ਬਾਹਰ ਆਕੇ ਉਨ੍ਹਾਂ ਨੇ ਸੰਸਕ੍ਰਿਤ ਭਾਸ਼ਾ ਵਿੱਚ ਪ੍ਰੇਮ ਅਤੇ ਮਾਨਵਤਾ ਦੇ ਪ੍ਰਚਾਰ ਲਈ ਕਾਵਿ ਰਚਨਾ ਸ਼ੁਰੂ ਕੀਤੀ।ਉਨ੍ਹਾ ਨੇ ਰਾਜਾ ਰਾਮਚੰਦਰ ਦੇ ਜੀਵਨ ਨੂੰ ਦਰਸਾਉਂਦੇ ਮਹਾਕਾਵਿ "ਰਾਮਾਇਣ" ਦੀ ਰਚਨਾ ਕੀਤੀ ਜੋ ਕਿ ਸੰਸਕ੍ਰਿਤ ਭਾਸ਼ਾ ਵਿੱਚ ਹੈ। ਇਸ ਵਿੱਚ ਚੌਵੀ ਹਜ਼ਾਰ ਦੋਹੇ ਹਨ ਅਤੇ ਇਸ ਦੇ ਸੱਤ ਕਾਂਡ ਹਨ। ਇਨਾਂ ਨੂੰ ਆਦਿ ਕਵੀ ਦੀ ਵਿਸ਼ੇਸ਼ ਉਪਾਧੀ ਵੀ ਦਿੱਤੀ ਗਈ ਹੈ।

ਇੱਕ ਯੋਧਾ, ਅਧਿਆਤਮਵਾਦੀ, ਵਿਗਿਆਨੀ ਦੇ ਨਾਲ ਉਹ ਇੱਕ ਅਦਰਸ਼ ਅਧਿਆਪਕ ਵੀ ਸਨ। ਇੱਕ ਵਧੀਆ ਆਚਰਣ ਦੀ ਮਾਲਕ, ਅਯੋਧਿਆ ਦੀ ਰਾਣੀ ਸੀਤਾ ਜਿਸ ਨੂੰ ਰਾਜਾ ਰਾਮਚੰਦਰ ਵਲੋਂ ਗਰਭ ਅਵਸਥਾ ਵਿੱਚ ਆਪਣੇ ਰਾਜ ਚੋਂ ਬਾਹਰ ਕੱਢ ਦਿੱਤਾ ਗਿਆ, ਉਸ ਨੂੰ ਰਿਸ਼ੀ ਜੀ ਨੇ ਆਪਣੇ ਆਸ਼ਰਮ ਵਿੱਚ ਆਪਣੀ ਪੁੱਤਰੀ ਦੀ ਤਰ੍ਹਾਂ ਰੱਖਿਆ। ਜਿਸ ਨੂੰ ਸ਼ਰਣ ਨਹੀਂ ਬਲਕਿ ਔਰਤ ਜਾਤਿ ਦਾ ਸਨਮਾਨ ਕਿਹਾ ਜਾ ਸਕਦਾ ਹੈ। ਉਨ੍ਹਾਂ ਦੇ ਆਸ਼ਰਮ ਵਿੱਚ ਹੀ ਸੀਤਾ ਨੇ ਦੋ ਬੱਚਿਆਂ ਲਵ ਅਤੇ ਕੁਸ਼ ਨੂੰ ਜਨਮ ਦਿੱਤਾ। ਇਨ੍ਹਾਂ ਬੱਚਿਆ ਨੂੰ ਰਿਸ਼ੀ ਜੀ ਨੇ ਅਸਤਰ ਅਤੇ ਸ਼ਸਤਰ ਵਿੱਦਿਆ ਨਾਲ ਇੰਨੇ ਯੋਗ ਬਣਾ ਦਿੱਤਾ ਕਿ ਉਹ ਰਾਮ ਚੰਦਰ ਦੀ ਮਜਬੂਤ ਫੌਜ ਨੂੰ ਹਰਾਉਣ ਵਿੱਚ ਸਫਲ ਹੋ ਸਕੇ। ਇਸ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਉਹ ਆਪ ਕਿੰਨੇ ਮਹਾਨ ਯੋਧਾ ਅਤੇ ਇੱਕ ਅਦਰਸ਼ ਅਧਿਆਪਕ ਸਨ। ਉਨ੍ਹਾਂ ਦੇ ਜੀਵਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਯੋਗਤਾ ਕਿਸੇ ਸਿਫਾਰਿਸ਼ ਦੀ ਮੁਹਥਾਜ ਨਹੀਂ ਹੁੰਦੀ।

ਉਨ੍ਹਾਂ ਦੇ ਵੰਸ਼ਜ ਵਾਲਮੀਕਿ ਸਮਾਜ ਨੂੰ ਉਨ੍ਹਾਂ ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ ਅਤੇ ਉਨ੍ਹਾ ਤੋਂ ਮਾਰਗ ਦਰਸ਼ਨ ਲੈ ਕੇ ਉਨ੍ਹਾਂ ਵਾਲੇ ਸਾਦਗੀ, ਸਰਲਤਾ, ਬਹਾਦਰੀ, ਸਮਾਨਤਾ, ਅਧਿਆਤਮਵਾਦ, ਮਾਨਵ ਪ੍ਰੇਮ ਦੀ ਭਾਵਨਾ ਵਾਲੇ ਗੁਣਾਂ ਨਾਲ ਓਤ ਪ੍ਰੋਤ ਹੋਣ ਦੀ ਲੋੜ ਹੈ, ਨਾ ਕਿ ਹੀਣ ਭਾਵ ਵਿੱਚ ਰਹਿ ਕੇ ਹੀ ਜੀਵਨ ਬਤੀਤ ਕਰਨਾ। ਇਸ ਵਿੱਚ ਕੋਈ ਛੱਕ ਨਹੀਂ ਕਿ ਸਦੀਆਂ ਤੋਂ ਦਬਾਏ ਜਾਣ ਕਾਰਣ ਮਾਨਸਿਕਤਾ ਕਮਜੋਰ ਹੋ ਜਾਂਦੀ ਹੈ ਅਤੇ ਇਸ ਚੋਂ ਆਪਣੇ ਆਪ ਨੂੰ ਬਾਹਰ ਕੱਢ ਕੇ ਸਮਾਨ ਹੋਣ ਲਈ ਯੋਗ ਬਣਨਾ ਕੋਈ ਸੌਖਾ ਕੰਮ ਨਹੀਂ ਹੁੰਦਾ।

ਪਰ ਅਜਿਹਾ ਸੋਚ ਕੇ ਹਾਲਾਤਾਂ ਨਾਲ ਸਮਝੌਤਾ ਕਰਦੇ ਰਹਿਣਾ ਵੀ ਬੁਜ਼ਦਿਲਾਂ ਦਾ ਕੰਮ ਹੈ। ਵਿਚਾਰਨ ਦੀ ਗੱਲ ਹੈ ਕਿ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਤੌਰ ਤੇ ਸਮਾਨਤਾ ਕਿਵੇਂ ਆ ਸਕਦੀ ਹੈ। ਇਸ ਲਈ ਸੱਭ ਤੋਂ ਮੁੱਢਲੀ ਲੋੜ ਹੈ ਆਪਣੇ ਆਪ ਨੂੰ ਸਿੱਖਿਅਤ ਕਰਨਾ, ਵਿਵੇਕ ਜਗਾਉਣਾ ਹੈ।ਇਸ ਨਾਲ ਹੀ ਅੰਧਵਿਸ਼ਵਾਸ ਨੂੰ ਖਤਮ ਕੀਤਾ ਜਾ ਸਕਦਾ ਹੈ, ਜੋ ਕਿ ਵਿਕਾਸ ਦੇ ਰਸਤੇ ਵਿੱਚ ਸੱਭ ਤੋਂ ਵੱਡੀ ਰੁਕਾਵਟ ਹੈ। ਸਖਤ ਮਿਹਨਤੀ ਜਮਾਤ ਅੰਧਵਿਸ਼ਵਾਸ ਅਤੇ ਕਮਜੋਰ ਮਨੋਬਲ ਕਰਕੇ ਹੇਠਲੇ ਪੱਧਰ ਦਾ ਜੀਵਨ ਜੀਉਣ ਲਈ ਮਜਬੂਰ ਹੋਈ ਪਈ ਹੈ। ਆਤਮ ਵਿਸ਼ਵਾਸ, ਸਿੱਖਿਆ, ਦ੍ਰਿੜ੍ਹ ਇਰਾਦਾ, ਮਜਬੂਤ ਆਰਥਿਕਤਾ ਅਤੇ ਮੁਕਾਬਲੇ ਦੀ ਭਾਵਨਾ ਤੋਂ ਬਿਨਾ ਸਫਲਤਾ ਸੰਭਵ ਨਹੀਂ।

ਜਿੱਥੇ ਵਿਕਸਿਤ ਸਮਾਜ ਦੀ ਨੈਤਿਕ ਜਿੰਮੇਦਾਰੀ ਹੈ ਕਿ ਉਹ ਸਮਾਜਿਕ ਸਮਾਨਤਾ ਲਈ ਯਤਨ ਕਰੇ, ਉੱਥੇ ਪਿਛੜੇ ਹੋਏ ਸਮਾਜ ਲਈ ਇਹ ਬਹੁਤ ਜਰੂਰੀ ਬਣ ਜਾਂਦਾ ਹੈ ਕਿ ਉਹ ਆਪਣੇ ਵਿਕਾਸ ਵਿੱਚ ਆ ਰਹੀਆਂ ਰੁਕਾਵਟਾਂ ਨੂੰ ਜੜ੍ਹੋਂ ਪੁੱਟ ਸੁੱਟੇ। ਰਿਸ਼ੀ ਵਾਲਮੀਕਿ ਦੇ ਵੰਸ਼ ਚੋਂ ਕ੍ਰਾਂਤੀਕਾਰੀ ਮਾਤਾਦੀਨ ਵਾਲਮੀਕਿ ਦੀ 1857 ਦੀ ਸਵਤੰਤਰਤਾ ਸੰਗਰਾਮ ਵਿੱਚ ਸ਼ਹੀਦੀ, ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦਾ ਆਪਣੇ ਸਿਰ ਧੜ ਦੀ ਬਾਜ਼ੀ ਲਗਾ ਕੇ, ਗੁਰੂ ਤੇਗ ਬਹਾਦਰ ਜੀ ਦਾ ਸਿਰ ਚਾਂਦਨੀ ਚੌਕ ਚੋਂ ਬਹਾਦਰੀ ਨਾਲ ਚੁੱਕ ਕੇ ਸ਼੍ਰੀ ਅਨੰਦਪੁਰ ਸਾਹਿਬ ਪਹੁੰਚਣਾ ਆਪਣੇ ਆਪ ਵਿੱਚ ਮਿਸਾਲ ਹਨ। ਮਹਾਰਿਸ਼ੀ ਜੀ ਦੇ ਪਦ ਚਿੰਨਾਂ ਤੇ ਚਲਦੇ ਹੋਏ ਇਸ ਸਮਾਜ ਨੇ ਬਹੁਤ ਹੀ ਸਫਲ ਅਧਿਆਪਕ, ਡਾਕਟਰ, ਵਕੀਲ, ਜੱਜ, ਰਾਜਨੇਤਾ, ਵਿਓਪਾਰੀ ਅਤੇ ਕਲਾਕਾਰ ਪੈਦਾ ਕੀਤੇ ਹਨ।ਪਰ ਇਹ ਸੰਖਿਆ ਅਜੇ ਬਹੁਤ ਛੋਟੀ ਹੈ। ਉੱਪਰ ਉਠ ਚੁੱਕੇ ਲੋਕਾਂ ਦਾ ਫਰਜ਼ ਬਣਦਾ ਹੈ ਕਿ ਬਾਕੀਆਂ ਨੂੰ ਵੀ ਅਵਸਰ ਪ੍ਰਦਾਨ ਕਰਨ। ਵਧੀਆ ਜੀਵਨ ਸ਼ੈਲੀ ਦੀ ਕਲਪਨਾ ਕਰਨੀ ਚਾਹੀਦੀ ਹੈ ਅਤੇ ਇਸ ਨੂੰ ਸਾਰਥਿਕ ਬਣਾਉਣ ਲਈ ਅਣਥੱਕ ਯਤਨ ਕਰਦੇ ਰਹਿਣ ਦੀ ਲੋੜ ਹੈ ਨਾ ਕਿ ਸਰਕਾਰਾਂ ਕੋਲੋਂ ਆਟਾ ਦਾਲ ਅਤੇ ਬਿਜਲੀ ਦੀ ਭੀਖ ਲੈ ਕੇ ਸੰਤੁਸ਼ਟ ਹੋ ਜਾਣ ਤੱਕ ਹੀ ਆਪਣੇ ਆਪ ਨੂੰ ਸੀਮਤ ਕਰ ਲੈਣਾ ਚਾਹੀਦਾ ਹੈ।

ਵਿਚਾਰਾਂ ਵਿੱਚ ਸਾਕਾਰਾਤਮਕ ਬਦਲਾਓ ਹੀ ਮਹਾਂਰਿਸ਼ੀ ਵਾਲਮੀਕਿ ਜੀ ਦਾ ਸਹੀ ਅਰਥਾਂ ਵਿੱਚ ਸਨਮਾਨ ਹੋਵੇਗਾ ਨਾ ਕਿ ਸਾਲ ਵਿੱਚ ਇੱਕ ਦਿਨ ਉਨ੍ਹਾਂ ਨੂੰ ਕੇਵਲ ਰਸਮੀ ਤੌਰ ਤੇ ਯਾਦ ਕਰ ਲੈਣਾ। ਉਨ੍ਹਾਂ ਦੇ ਜਨਮ ਦਿਨ ਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਲੋਕਾਂ ਨੂੰ ਸੰਜੀਦਗੀ ਨਾਲ ਸਵੈ ਪੜਚੋਲ ਕਰਨ ਦੀ ਲੋੜ ਹੈ ਅਤੇ ਮਾਨਵਵਾਦੀ ਸੋਚ ਰੱਖਣ ਵਾਲੇ ਸੱਭ ਲੋਕਾਂ ਨੂੰ ਬਹੁਤ ਬਹੁਤ ਵਧਾਈ।

# ਮੁੱਖ ਮੰਤਰੀ ਭਗਵੰਤ ਮਾਨ ਤੇ ਕੇਂਦਰੀ ਮੰਤਰੀ ਹਰਦੀਪ ਪੁਰੀ ਵੱਲੋਂ ਦੇਸ਼ ਦਾ ਸਭ ਤੋਂ ਵੱਡਾ ਬਾਇਓ ਐਨਰਜੀ ਪਲਾਂਟ ਲੋਕਾਂ ਨੂੰ ਸਮਰਪਿਤ

**ਭੁਟਾਲ ਕਲਾਂ (ਸੰਗਰੂਰ) (ਦਲਜੀਤ ਕੌਰ ਭਵਾਨੀਗੜ੍ਹ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਨਾਲ ਅੱਜ ਇੱਥੇ 20 ਏਕੜ ਰਕਬੇ ਵਿਚ 230 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤੇ ਦੇਸ਼ ਦੇ ਸਭ ਤੋਂ ਵੱਡੇ ਬਾਇਓ ਐਨਰਜੀ ਪਲਾਂਟ ਲੋਕਾਂ ਨੂੰ ਸਮਰਪਿਤ ਕੀਤਾ।

ਅੱਜ ਦੇ ਇਸ ਮੌਕੇ ਨੂੰ ਸੂਬੇ ਲਈ ਇਤਿਹਾਸਕ ਦਿਨ ਕਰਾਰ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਉਪਰਾਲਾ ਸੂਬੇ ਵਿੱਚੋਂ ਝੋਨੇ ਦੀ ਪਰਾਲੀ ਸਾੜਨ ਦੀ ਸਮੱਸਿਆ ਨੂੰ ਖਤਮ ਕਰਨ ਲਈ ਰਾਹ ਪੱਧਰਾ ਕਰੇਗਾ। ਉਨ੍ਹਾਂ ਕਿਹਾ ਕਿ ਵਰਬੀਓ ਗਰੁੱਪ ਦਾ ਸੂਬੇ ਨਾਲ ਮਜ਼ਬੂਤ ਰਿਸ਼ਤਾ ਹੈ ਕਿਉਂਕਿ ਇਸ ਦੀ ਭਾਰਤੀ ਸਹਾਇਕ ਕੰਪਨੀ ਵਰਬੀਓ ਇੰਡੀਆ ਪ੍ਰਾਈਵੇਟ ਲਿਮਟਿਡ ਨੇ ਭਾਰਤ ਦਾ ਸਭ ਤੋਂ ਵੱਡਾ ਬਾਇਓਫਿਊਲ (ਬਾਇਓਮੀਥੇਨ/ਬਾਇਓ-ਸੀਐਨਜੀ) ਉਤਪਾਦਨ ਯੂਨਿਟ ਸਥਾਪਤ ਕੀਤਾ ਹੈ ਜੋ ਬਾਇਓ-ਸੀਐਨਜੀ।



ਦੀ 33 ਟੀਪੀਡੀ। (ਟਨ ਪ੍ਰਤੀ ਦਿਨ) ਅਤੇ 550 ਟੀ।ਪੀ।ਡੀ। (ਪ੍ਰਤੀ ਸਾਲ) ਦੀ ਸਮਰਥਾ ਵਾਲਾ ਪ੍ਰਾਜੈਕਟ ਹੈ। ਉਨ੍ਹਾਂ ਕਿਹਾ ਕਿ 80,000 ਕਿਊਬਕ ਮੀਟਰ ਪ੍ਰਤੀ ਦਿਨ ਦੀ ਸਮਰੱਥਾ ਵਾਲਾ ਪ੍ਰੋਜੈਕਟ ਬਾਇਓਗੈਸ ਪੈਦਾ ਕਰੇਗਾ ਜੋ ਪਰਾਲੀ ਸਾੜਨ ਦੀ ਸਮੱਸਿਆ ਨੂੰ ਹੱਲ ਕਰਨ ਦਾ ਵਧੀਆ ਤਰੀਕਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਯੂਨਿਟ ਵਿਚ ਸਾਲਾਨਾ 1,30 ਲੱਖ ਟਨ ਪਰਾਲੀ ਦੀ ਖਪਤ ਹੋਵੇਗੀ ਜਿਸ ਨਾਲ ਪਰਾਲੀ ਦੀ ਗੰਭੀਰ ਸਮੱਸਿਆ ਤੋਂ ਨਿਜਾਤ ਪਾਉਣ ਵਿਚ ਮਦਦ ਮਿਲੇਗੀ। ਮੁੱਖ ਮੰਤਰੀ ਨੇ ਕਿਹਾ ਕਿ 20 ਏਕੜ ਰਕਬੇ ਵਿੱਚ ਸਥਾਪਿਤ ਇਸ ਯੂਨਿਟ ਨਾਲ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਕਾਰਨ ਪੈਦਾ ਹੋਣ ਵਾਲੇ 1।50 ਲੱਖ ਮੀਟ੍ਰਿਕ ਟਨ ਦੂਸ਼ਿਤ ਤੱਤ ਅਤੇ 20,000 ਮੀਟਰਿਕ ਟਨ ਫਲਾਈ ਐਸ਼ ਦੀ ਸਾਲਾਨਾ ਕਮੀ ਲਿਆਉਣ ਵਿੱਚ ਮਦਦ ਮਿਲੇਗੀ। ਉਨ੍ਹਾਂ ਅੱਗੇ ਕਿਹਾ ਕਿ ਇਹ ਯੂਨਿਟ 1000 ਨੌਜਵਾਨਾਂ ਨੂੰ ਰੁਜ਼ਗਾਰ ਵੀ ਦੇਵੇਗਾ ਅਤੇ 5000 ਤੋਂ ਵੱਧ ਪਰਿਵਾਰਾਂ ਨੂੰ ਲਾਭ ਪਹੁੰਚੇਗਾ। ਭਗਵੰਤ ਮਾਨ ਨੇ ਦੱਸਿਆ ਕਿ ਬਾਇਓ ਮੈਨਿਊਰ ਨਾਲ ਭਰਪੂਰ ਮਿੱਟੀ ਦਾ 2150 ਏਕੜ ਰਕਬਾ ਹੋਵੇਗਾ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਵਰਬੀਓ ਗਰੁੱਪ ਨੇ ਸੂਬੇ ਵਿਚ ਅਜਿਹੇ ਹੋਰ ਪਲਾਂਟ ਸਥਾਪਤ ਕਰਨ ਵਿਚ ਵੀ ਗਹਿਰੀ ਦਿਲਚਸਪੀ ਦਿਖਾਈ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਪ੍ਰਾਜੈਕਟ ਸਫਲ ਹੋ ਜਾਂਦਾ ਹੈ ਤਾਂ ਵਰਬੀਓ ਗਰੁੱਪ ਵੱਲੋਂ ਸੂਬੇ ਵਿਚ ਅਜਿਹੇ 10 ਹੋਰ ਪਲਾਂਟ ਸਥਾਪਤ ਕੀਤੇ ਜਾਣਗੇ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਉਦੇਸ਼ ਪੰਜਾਬ ਨੂੰ ਪਰਾਲੀ ਸਾੜਨ ਦੀ ਸਮੱਸਿਆ ਤੋਂ ਮੁਕਤ ਸੂਬਾ ਬਣਾਉਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਣਕ ਅਤੇ ਝੋਨੇ ਦੇ ਫਸਲੀ ਚੱਕਰ ਨਾਲ ਪੰਜਾਬ ਨੂੰ ਫਸਲਾਂ ਦੀ ਰਹਿੰਦ-ਖੂੰਹਦ ਖਾਸ ਕਰਕੇ ਝੋਨੇ ਦੀ ਪਰਾਲੀ ਅਤੇ ਰਹਿੰਦ-ਖੂਹੰਦ ਦੇ ਨਿਪਟਾਰੇ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਦੀ ਕਿਸੇ ਹੋਰ ਕੰਮ ਲਈ ਵਰਤੋਂ ਨਹੀਂ ਕੀਤੀ ਜਾ ਸਕਦੀ।

# ਸਿੱਖ ਮੁਗਲ, ਪਹਿਲੀ ਜੰਗ (15 ਮਈ 1628)



ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁਗਲ ਬਾਦਸ਼ਾਹ ਜਹਾਂਗੀਰ ਨਾਲ ਸਬੰਧ ਬੜੀ ਪਰਖ ਪ੍ਰਣਾਲੀ ਵਿਚੋਂ ਲੰਘੇ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੇ ਤਲਬ ਕੀਤਾ ਤਾਂ ਗੁਰਾਂ ਨੇ ਜਾਣ ਲਿਆ ਸੀ ਕਿ ਸਿੱਖਾਂ ਨੂੰ ਆਉਣ ਵਾਲੇ ਸਮੇਂ ਵਿਚ ਜ਼ੁਲਮ ਦੇ ਟਾਕਰੇ ਲਈ ਹਥਿਆਰ ਚੁੱਕਣੇ ਪੈਣਗੇ। ਉਹਨਾਂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਸੌਂਪਦਿਆਂ ਹਦਾਇਤ ਕੀਤੀ ਕਿ ਗੁਰਗੱਦੀ ਤੇ ਹਥਿਆਰਬੰਦ ਹੋ ਕੇ ਰਹਿਣਾ ਅਤੇ ਫੌਜ ਵੀ ਰੱਖਣੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਤੇ ਬੈਠਦਿਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਕ ਮੀਰੀ ਦੀ ਇਕ ਪੀਰੀ ਦੀ। ਇਕ ਆਤਮਕ ਅਗਵਾਈ ਲਈ, ਦੂਸਰੀ ਸੰਸਾਰਕ ਅਗਵਾਈ ਵਾਸਤੇ। ਗੁਰੂ ਜੀ ਨੇ ਭੇਟਾ ਵਿਚ ਚੰਗੇ ਘੋੜੇ, ਚੰਗੇ ਸ਼ਸ਼ਤਰ ਅਤੇ ਸੁਡੌਲ ਜਵਾਨੀਆਂ ਦੀ ਮੰਗ ਰੱਖੀ। ਗੁਰਮੁਖਾਂ ਨੂੰ ਸਰੀਰਕ ਤੌਰ ਤੇ ਤੰਦਰੁਸਤ ਹੋ ਕੇ ਘੋੜ ਸਵਾਰੀ ਅਤੇ ਸ਼ਸ਼ਤਰ ਵਿੱਦਿਆ ਵਿਚ ਨਿਪੁੰਨ ਹੋਣ ਦਾ ਉਪਦੇਸ਼ ਦਿੱਤਾ। ਕੌਮ ਉਸਾਰੀ ਦੇ ਕਾਰਜਾਂ ਵਿਚ ਅੰਮ੍ਰਿਤਸਰ ਨੂੰ ਆਤਮ ਨਿਰਭਰ ਅਤੇ ਸਵੈ-ਰੱਖਿਅਕ ਬਣਾਉਣ ਲਈ 'ਲੋਹਗੜ੍ਹ' ਦਾ ਕਿਲਾ ਸਥਾਪਤ ਕੀਤਾ। ਸੂਰਬੀਰਤਾ ਦਾ ਪ੍ਰਤੀਕ ਅਕਾਲ ਤਖਤ ਸਾਹਿਬ ਦਾ ਨਿਰਮਾਣ ਕੀਤਾ। ਧਾਰਮਿਕ ਗੁਰਮਤਿ ਉਪਦੇਸ਼ ਦੇ ਨਾਲ ਕੌਮ ਵਿਚ ਬੀਰ ਰਸ ਵੀ ਭਰਿਆ। ਗੁਰੂ ਜੀ ਸੰਗਤਾਂ ਨੂੰ ਮਿਲ-ਜੁਲ ਕੇ ਰਹਿਣ ਦਾ ਉਪਦੇਸ਼ ਦਿੰਦੇ । ਮਤਭੇਦ ਹੋ ਜਾਣ ਤੇ ਗੁਰੂ ਜੀ ਖੁਦ ਫੈਸਲੇ ਕਰਦੇ। ਗੁਰੂ ਜੀ ਨੇ 52 ਯੋਧਿਆਂ ਦੀ ਨਿੱਜੀ ਫੌਜ ਭਰਤੀ ਕਰ ਲਈ। ਬਕਾਇਦਾ ਤੌਰ ਤੇ ਫੌਜੀ ਖਾਲਸਾ ਹੋਣ ਦਾ ਐਲਾਨ ਕੀਤਾ। ਯੋਧੇ ਗੁਰੂ ਜੀ ਵਾਸਤੇ ਮਰ ਮਿਟਣ ਨੂੰ ਤਿਆਰ ਰਹਿੰਦੇ। ਫੌਜੀ ਸਿਖਲਾਈ ਨਾਲ ਕੌਮ ਵਿਚ ਸੂਰਬੀਰਤਾ ਦੀ ਨਵੀਂ ਜਾਨ ਭਰੀ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਮੁਗਲ ਬਾਦਸ਼ਾਹ ਜਹਾਂਗੀਰ ਦੇ ਈਰਖਾਲੂ ਅਹਿਲਕਾਰਾਂ ਨੇ ਉਸਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਜੀ ਨੇ ਫੌਜ ਰੱਖ ਲਈ ਹੈ। ਨਗਰੇ ਵੱਜਦੇ, ਨਿਸ਼ਾਨ ਸਾਹਿਬ ਝੂਲਦੇ, ਤਖਤ ਤੇ ਬੈਠਦੇ, ਸ਼ਿਕਾਰ ਖੇਡਦੇ, ਲੋਕਾਂ ਦੇ ਫੈਸਲੇ ਆਪ ਕਰਦੇ। ਫੌਜੀ ਦਸਤੇ ਰਾਤ ਨੂੰ ਮਿਸਾਲਾਂ ਬਾਲ ਕੇ ਗਸ਼ਤ ਕਰਦੇ। ਬਾਦਸ਼ਾਹਾਂ ਵਾਲੀ ਠਾਠ-ਬਾਠ ਬਣਾ ਲਈ ਹੈ। ਉਹ ਰਾਜਸੀ ਤੌਰ ਤੇ ਮਜ਼ਬੂਤ ਹੋ ਰਹੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦਾ ਬਦਲਾ ਲੈਣਗੇ। ਇਸ ਬਾਗੀ ਤਾਕਤ ਨੂੰ ਹੁਣੇ ਦਬਾਅ ਦੇਣਾ ਚਾਹੀਦਾ ਹੈ।

ਬਾਦਸ਼ਾਹ ਨੇ ਸਿੱਖਾਂ ਦੀ ਤਾਕਤ ਦਾ ਭੇਦ ਜਾਨਣ ਲਈ ਗੁਰੂ ਜੀ ਨਾਲ ਬਣਾ ਲਈ। ਗੁਰੂ ਜੀ ਨੂੰ ਜਾਨਣ ਤੇ ਉਸਨੇ ਭਾਂਪ ਲਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਭੈਅ-ਭੀਤ ਨਹੀਂ ਕੀਤਾ। ਉਹ ਤਾਂ ਹੋਰ ਮਜ਼ਬੂਤ ਹੋ ਰਹੇ ਹਨ। ਬਾਦਸ਼ਾਹ ਨੇ ਗੁਰੂ ਜੀ ਦੀ ਵਧਦੀ ਤਾਕਤ ਨੂੰ ਦਬਾਉਣ ਲਈ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਦਿੱਤਾ। ਉਥੇ ਪਹਿਲਾਂ ਹੀ 52 ਰਾਜੇ ਕੈਦ ਸਨ। ਉਹਨਾਂ ਦਾ ਜੀਵਨ ਬੜੀ ਮਾੜੀ ਹਾਲਤ ਵਿਚ ਸੀ। ਗੁਰੂ ਜੀ ਨੇ ਉਹਨਾਂ ਦੀ ਖੁਰਾਕ ਅਤੇ ਪੁਸ਼ਾਕ ਦਾ ਚੰਗਾ ਪ੍ਰਬੰਧ ਕਰਵਾ ਲਿਆ। ਉਹ ਗੁਰੂ ਜੀ ਦੇ ਸਤਿਸੰਗੀ ਬਣ ਗਏ। ਗੁਰੂ ਜੀ ਕੈਦ ਲੰਮੇਰੀ ਹੁੰਦਿਆਂ ਵੇਖ ਸਿੰਘ ਰੋਹ ਵਿਚ ਆ ਗਏ। ਬਾਦਸ਼ਾਹ ਨੇ ਹਾਲਾਤ ਵੇਖ ਕੇ ਗੁਰੂ ਜੀ ਨੂੰ ਰਿਹਾਅ ਕਰਨ ਦਾ ਮਨ ਬਣਾਇਆ। ਪਰ ਗੁਰੂ ਜੀ ਨੇ ਕਿਹਾ ਕਿ ਸਾਡੇ ਨਾਲ 52 ਰਾਜਸੀ ਕੈਦੀ ਵੀ ਰਿਹਾਅ ਕੀਤੇ ਜਾਣ ਤਾਂ ਬਾਦਸ਼ਾਹ ਨੇ 52 ਰਾਜਿਆਂ ਨੂੰ ਵੀ ਰਿਹਾਅ ਕਰ ਦਿੱਤਾ। ਰਿਹਾਈ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਪੁੱਜੇ ਤਾਂ ਸ਼ਹਿਰ ਨਿਵਾਸੀਆਂ ਨੇ ਦੀਪਮਾਲਾ ਕਰਕੇ ਗੁਰੂ ਜੀ ਦਾ ਸਵਾਗਤ ਕੀਤਾ। 'ਬੰਦੀ ਛੋੜ ਦਾਤਾ' ਕਹਿ ਕੇ ਸਨਮਾਨਿਆ।

ਬਾਦਸ਼ਾਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਬਾਦਸ਼ਾਹ ਨੂੰ ਨਿਸ਼ਚਾ ਹੋ ਗਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਲਈ ਉਸਨੂੰ ਗੁੰਮਰਾਹ ਕੀਤਾ ਗਿਆ ਹੈ। ਉਸਨੇ ਦੋਸ਼ੀਆਂ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਸੰਗਤਾਂ ਨੇ ਉਹਨਾਂ ਨੂੰ ਸਜ਼ਾ ਦੇ ਦਿੱਤੀ। ਗੁਰੂ ਜੀ ਦੇ ਸਬੰਧ ਬਾਦਸ਼ਾਹ ਜਹਾਂਗੀਰ ਨਾਲ ਸੁਖਾਵੇਂ ਹੋ ਗਏ। ਗੁਰੂ ਜੀ ਨੇ ਮੌਕੇ ਵੇਖ ਕੇ ਗੁਰਮਤਿ ਪ੍ਰਚਾਰ ਕੀਤਾ। ਦੂਸਰ ਧਰਮਾਂ ਦੇ ਲੋਕ ਹਿੰਦੂ ਮੁਸਲਮਾਨ ਵੀ ਗੁਰੂ ਜੀ ਨਾਲ ਆਣ ਪੁੱਜੇ। ਗੁਰੂ ਜੀ ਨੇ ਕਈ ਨਗਰ ਵਸਾਏ। ਸਿੱਖ ਧਰਮ ਫੈਲਾਉਣ ਦੇ ਉਸਾਰੂ ਯਤਨ ਕੀਤੇ। ਨਵੰਬਰ 8, 1627 ਵਿਚ ਬਾਦਸ਼ਾਹ ਜਹਾਂਗੀਰ ਦੀ ਮੌਤ ਹੋ ਗਈ। ਉਸਦਾ ਪੁੱਤਰ ਸ਼ਾਹਜਹਾਨ 6 ਫਰਵਰੀ 1628 ਨੂੰ ਤਖਤ 'ਤੇ ਬੈਠਾ।

ਉਸਨੇ ਬੜੀ ਸਖਤ ਧਾਰਮਿਕ ਨੀਤੀ ਅਪਣਾਈ। ਉਸਨੇ ਦੂਸਰੇ ਧਰਮਾਂ ਦੇ ਪ੍ਰਚਾਰ ਤੇ ਪਾਬੰਦੀ ਲਗਾ ਦਿੱਤੀ। ਉਸਨੂੰ ਇਸ ਗੱਲ ਦੀ ਈਰਖਾ ਸੀ ਕਿ ਮੁਸਲਮਾਨ ਵੀ ਸਿੱਖ ਧਰਮ ਵਿਚ ਜਾ ਰਹੇ ਹਨ। ਉਸਨੇ ਹਿੰਦੂਆਂ ਦੇ ਮੰਦਰ ਢਾਹ ਕੇ ਮਸਜਿਦਾਂ ਬਣਾ ਲਈਆਂ। ਦੂਸਰੇ ਧਰਮਾਂ ਦੇ ਨਵੇਂ ਅਸਥਾਨ ਬਣਾਉਣ ਦੀ ਮਨਾਹੀ ਕਰ ਦਿੱਤੀ। ਸਿੱਖ ਧਰਮ ਦੀ ਡੱਬੀ ਬਜ਼ਾਰ ਲਾਹੌਰ ਵਿਚ ਬਣੀ ਬਾਉਲੀ ਨੂੰ ਪੂਰ ਦਿੱਤਾ। ਲੰਗਰ ਦੀ ਥਾਂ ਮਸੀਤ ਬਣਾ ਲਈ। ਸਿੱਖਾਂ ਦਾ ਰੋਹ ਜਾਗਣਾ ਕੁਦਰਤੀ ਸੀ। ਮੁਗਲ ਹਕੂਮਤ ਵੀ ਸਿੱਖਾਂ ਨਾਲ ਜੰਗ ਦਾ ਬਹਾਨਾ ਲੱਭ ਰਹੀ ਸੀ।

ਜੰਗ ਉਦੋਂ ਸ਼ੁਰੂ ਹੋਈ ਕਿ ਸਿੱਖਾਂ ਦਾ ਜਥਾ ਸ਼ਿਕਾਰ ਖੇਡਦਾ ਉਸ ਅਸਥਾਨ ਤੇ ਪੁੱਜ ਗਿਆ, ਜਿੱਥੇ ਬਾਦਸ਼ਾਹ ਸ਼ਾਹਜਹਾਨ ਵੀ ਸ਼ਿਕਾਰ ਖੇਡ ਰਿਹਾ ਸੀ। ਸ਼ਾਹੀ ਬਾਜ਼ ਸਿੰਘਾਂ ਦੇ ਜਥੇ ਵਿਚ ਆ ਗਿਆ। ਬਾਦਸ਼ਾ ਦੀ ਸ਼ਿਕਾਰੀ ਟੋਲੀ ਬੜੇ ਰੋਅਬ ਨਾਲ ਸ਼ਾਹੀ ਸ਼ਹਿ ਤੇ ਬਾਜ਼ ਵਾਪਸ ਮੰਗਣ ਆਈ। ਸਿੰਘਾਂ ਨੇ ਕਿਹਾ ਕਿ ਬਾਜ਼ ਆਪ ਆਇਆ ਹੈ ਜੋ ਮੋੜਨਾ ਨਹੀਂ ਬਣਦਾ। ਨਾਲੇ ਅਸੀਂ ਤੁਹਾਨੂੰ ਜਾਣਦੇ ਨਹੀਂ ਕਿ ਇਹ ਬਾਜ਼ ਤੁਹਾਡਾ ਹੈ। ਬਾਦਸ਼ਾਹ ਦੇ ਸ਼ਿਕਾਰੀ ਟੋਲੇ ਨੇ ਇਸ ਬਾਰੇ ਲਾਹੌਰ ਦੇ ਗਵਰਨਰ ਕੁਲੀਜ਼ ਖਾਨ ਕੋਲ ਜਾ ਕੇ ਸ਼ਿਕਾਇਤ ਕੀਤੀ। ਉਸਨੇ ਬਹਾਨੇ ਨਾਲ ਸਿੰਘਾਂ ਨੂੰ ਖਤਮ ਕਰਨ ਲਈ 7 ਹਜ਼ਾਰ ਦੀ ਫੌਜ ਅੰਮ੍ਰਿਤਸਰ ਤੇ ਹਮਲਾ ਕਰਨ ਲਈ ਭੇਜ ਦਿੱਤੀ।


15 ਮਈ 1628 ਨੂੰ ਹਮਲੇ ਦੀ ਖਬਰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮਿਲੀ ਤਾਂ ਉਹਨਾਂ ਨੇ ਸਿੰਘਾਂ ਨੂੰ ਟਾਕਰਾ ਕਰਨ ਲਈ ਕਿਹਾ। ਤਿੰਨ ਦਿਨਾਂ ਬਾਅਦ ਗੁਰੂ ਜੀ ਦੀ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਅੰਮ੍ਰਿਤਸਰ ਵਿਖੇ ਹੋਣਾ ਤੈਅ ਸੀ ਗੁਰੂ ਜੀ ਨੇ ਵਿਆਹ ਦੀ ਜਗ੍ਹਾ ਝਬਾਲ ਤੈਅ ਕਰਕੇ ਪਰਿਵਾਰ ਨੂੰ ਉਥੇ ਭੇਜ ਦਿੱਤਾ।

ਸਿੱਖ ਮੁਗਲਾਂ ਦੀ ਇਹ ਪਹਿਲੀ ਜੰਗ ਪਿਪਲੀ ਸਾਹਿਬ ਹੁਣ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਥਾਨ ਤੇ ਹੋਈ। ਦੋਹਾਂ ਪਾਸਿਆਂ ਤੋਂ ਯੋਧਿਆਂ ਨੇ ਜੰਗੀ ਜੌਹਰ ਦਿਖਾਏ। ਸਿੰਘ ਯੋਧੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਅਣਖ ਤੇ ਆਜ਼ਾਦੀ ਲਈ ਡਟ ਗਏ। ਇਕ ਖੋਖਲੀ ਲੱਕੜ ਦੀ ਬਣੀ ਤੋਪ ਦੀ ਵਰਤੋਂ ਕੀਤੀ ਗਈ। ਜੋ ਖੇਮਕਰਨ ਦੇ ਮੋਹਰੀ ਕਾਰੀਗਰ ਨੇ ਬਣਾਈ ਸੀ। ਦੁਸ਼ਮਣ ਵੱਲੋਂ ਮੁਖਲਿਸ ਖਾਂ ਬੜੇ ਜੋਸ਼ ਨਾਲ ਮੈਦਾਨ ਪੁੱਜਾ, ਉਸਨੂੰ ਸ਼ਾਹੀ ਫੌਜ ਤੇ ਬੜਾ ਮਾਣ ਸੀ। ਸਿੱਖਾਂ ਵੱਲੋਂ ਜੰਗ ਦੀ ਕਮਾਨ ਗੁਰੂ ਜੀ ਨੇ ਖੁਦ ਸੰਭਾਲ ਲਈ ਉਹਨਾਂ ਦਾ ਸਾਥ ਦੇ ਰਹੇ ਸਨ ਸੂਰਬੀਰ ਯੋਧੇ ਭਾਈ ਬਿਧੀ ਸਿੰਘ, ਭਾਈ ਜੇਠਾ, ਪੈਂਦੇ ਖਾਂ ਆਦਿ।

ਪਹਿਲੇ ਦਿਨ ਦੀ ਜੰਗ ਮੁਕਾਬਲੇ ਦੀ ਸੀ। ਦੂਸਰੇ ਦਿਨ ਮੁਕਾਬਲਾ ਹੋਰ ਸਖਤ ਹੋ ਗਿਆ। ਤੀਸਰੇ ਦਿਨ ਵੱਡੇ ਪੱਧਰ ਤੇ ਕਤਲੇਆਮ ਹੋਇਆ, ਜਿਸ ਵਿਚ ਵੈਰੀ ਦਾ ਵੱਡਾ ਨੁਕਸਾਨ ਹੋਇਆ। ਮੇਕਾਲਿਫ ਅਨੁਸਾਰ ਇਹ ਜੰਗ ਅੰਮ੍ਰਿਤਸਰ ਤੋਂ ਚਾਰ ਮੀਲ ਦੱਖਣ ਦੇ ਘੇਰੇ ਵਿਚ ਹੋਈ। ਜਿੱਤ ਦੀ ਯਾਦਗਾਰ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਹੈ।

ਫੈਸਲਾਕੁੰਨ ਜੰਗ ਵਿਚ ਮੁਗਲ ਸੈਨਾ ਦੀ ਗਿਣਤੀ ਕਿਤੇ ਵੱਧ ਸੀ। ਅੰਤ ਵਿਚ ਗੁਰੂ ਜੀ ਦੇ ਖੰਡੇ ਨਾਲ ਮੁਖਲਿਸ ਖਾਂ ਟੋਟੇ-ਟੋਟੇ ਹੋ ਗਿਆ। ਉਸਦੇ ਮਰਦਿਆਂ ਹੀ ਉਸਦੀ ਫੌਜ ਜੰਗ ਦੇ ਮੈਦਾਨ ਵਿਚੋਂ ਭੱਜ ਗਈ। ਮੁਗਲ ਫੌਜ ਨੇ ਸ਼ਹਿਰ ਨੂੰ ਲੁੱਟ ਲਿਆ। ਜੰਗ ਖਤਮ ਹੋਣ ਤੇ ਗੁਰੂ ਜੀ ਝਬਾਲ ਗਏ, ਜਿੱਥੇ ਬੀਬੀ ਵੀਰੋ ਜੀ ਦਾ ਵਿਆਹ ਚੌਧਰੀ ਭਾਈ ਲੰਗਾਹ ਦੇ ਘਰ ਹੋਇਆ। ਇਹ ਸਿੱਖ ਮੁਗਲਾਂ ਦੀ ਪਹਿਲੀ ਜੰਗ ਵਜੋਂ ਇਤਿਹਾਸ ਵਿਚ ਦਰਜ ਹੋਈ ਹੈ। ਸਿੰਘਾਂ ਦੀ ਅਸਾਵੀਂ ਫੌਜ ਤੇ ਜਿੱਤ ਹੋਈ।

# ਰਾਸ਼ਟਰਪਤੀ ਅਬਰਾਹਿਮ ਲਿੰਕਨ (1861-1867) ਜਦੋਂ ਆਪਣੇ ਬੇਟੇ ਰੋਬਰਟ ਨੂੰ ਪਹਿਲੇ ਦਿਨ ਸਕੂਲ ਭੇਜ ਰਹੇ ਸਨ



ਰਾਸ਼ਟਰਪਤੀ ਅਬਰਾਹਿਮ ਲਿੰਕਨ (1861-1867) ਜਦੋਂ ਆਪਣੇ ਬੇਟੇ ਰੋਬਰਟ ਨੂੰ ਪਹਿਲੇ ਦਿਨ ਸਕੂਲ ਭੇਜਣ ਲੱਗਾ ਤਾਂ ਸਕੂਲ ਦੀ ਪ੍ਰਿੰਸੀਪਲ ਦੇ ਨਾਮ ਇੱਕ ਚਿੱਠੀ ਲਿਖ ਭੇਜੀ.. ਵਿਚ ਲਿਖਿਆ ਸੀ ਕੇ :

1. ਮੇਰੇ ਪੁੱਤ ਦਾ ਇਹ ਸਕੂਲ ਵਿਚ ਪਹਿਲਾ ਦਿਨ ਹੈ..ਥੋੜਾ ਘਬਰਾਵੇਗਾ.. ਨਰਵਸ ਵੀ ਹੋਵੇਗਾ.. ਕਿਰਪਾ ਕਰਕੇ ਖਿਆਲ ਰਖਿਓ ਕਿਤੇ ਘਬਰਾ ਕੇ ਉਸ ਰਾਹ ਤੋਂ ਨਾ ਖਿੜਕ ਜਾਵੇ ਜਿਹੜਾ ਇਸਨੂੰ ਦੁਨੀਆ ਦੇ ਅਣਗਿਣਤ ਯੁੱਧਾਂ, ਤ੍ਰਾਸਦੀਆਂ, ਮੁਸ਼ਕਿਲਾਂ ਅਤੇ ਹੋਰ ਤਲਖ਼ ਹਕੀਕਤਾਂ ਤੋਂ ਜਾਣੂ ਕਰਵਾਏਗਾ!

2. ਇਸਨੂੰ ਵਿਸ਼ਵਾਸ਼, ਹਿੰਮਤ ਅਤੇ ਪਿਆਰ ਮੁਹੱਬਤ ਵਾਲੀ ਜਿੰਦਗੀ ਜਿਉਣ ਦਾ ਧਾਰਨੀ ਬਣਾਇਓ!

3. ਇਸਨੂੰ ਦਸਿਓ ਕੇ ਹਰੇਕ ਦੁਸ਼ਮਣ ਵਿਚ ਇੱਕ ਦੋਸਤ ਛੁਪਿਆ ਹੁੰਦਾ ਹੈ। ਹਰੇਕ ਭੈੜੇ ਇਨਸਾਨ ਵਿਚ ਇਕ ਚੰਗਾ ਕਿਰਦਾਰ ਛੁਪਿਆ ਹੁੰਦਾ ਏ ਅਤੇ ਹਰੇਕ ਭ੍ਰਿਸ਼ਟ ਰਾਜਨੈਤਿਕ ਦਾ ਇੱਕ ਇਮਾਨਦਾਰ ਪਹਿਲੂ ਵੀ ਹੁੰਦਾ ਏ।

4. ਇਸਨੂੰ ਇਹ ਵੀ ਦਸਿਓ ਕੇ ਬਿਨਾ ਮੇਹਨਤ ਜਮੀਨ ਤੋਂ ਚੁੱਕੇ ਹੋਏ ਪੰਜ ਰੁਪਈਆਂ ਨਾਲੋਂ ਮੇਹਨਤ ਨਾਲ ਕਮਾਇਆ ਹੋਇਆ ਇੱਕ ਰੁਪਈਆ ਕਈ ਦਰਜੇ ਬੇਹਤਰ ਹੁੰਦਾ ਏ।

5. ਨਕਲ ਮਾਰ ਕੇ ਪਾਸ ਹੋਣ ਨਾਲੋਂ ਇਮਾਨਦਾਰੀ ਨਾਲ ਪਰਚਾ ਪਾ ਕੇ ਫੇਲ ਹੋ ਜਾਣਾ ਕਈ ਦਰਜੇ ਬੇਹਤਰ ਹੁੰਦਾ ਏ

6. ਇਸਨੂੰ ਜਿੰਦਗੀ ਦੇ ਅਸਲ ਮੁਕਾਬਲਿਆਂ ਵਿਚ ਮਿਲੀ ਹੋਈ ਹਾਰ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਵੀ ਸਿਖਾਇਓ ਅਤੇ ਇਹ ਵੀ ਸਿੱਖਿਆ ਦਿਓ ਕੇ ਜਿੱਤ ਨੂੰ ਦਿਮਾਗ ਤੇ ਹਾਵੀ ਹੋਣ ਤੋਂ ਕਿੱਦਾਂ ਬਚਣਾ ਏ!

7. ਇਸ ਨੂੰ ਇਹ ਵੀ ਸਿਖਾਇਓ ਕੇ ਚੰਗੇ ਲੋਕਾਂ ਨਾਲ ਨਿਮਰਤਾ ਨਾਲ ਕਿੱਦਾਂ ਪੇਸ਼ ਆਉਣਾ ਏ ਅਤੇ ਸਖਤ ਅਤੇ ਜਾਲਿਮ ਲੋਕਾਂ ਨੂੰ ਓਹਨਾ ਦੀ ਚਾੜੀ ਹੋਈ ਭਾਜੀ ਵਾਪਿਸ ਕਿੱਦਾਂ ਮੋੜਨੀ ਏ!

8. ਇਸਨੂੰ ਕਿਤਾਬ ਦੀ ਮਹੱਤਤਾ ਬਾਰੇ ਜਰੂਰ ਦਸਿਓ..ਇਹ ਵੀ ਦੱਸਿਓਂ ਕੇ ਅਸਮਾਨੀ ਉੱਡਦੇ ਪਰਿੰਦਿਆਂ ਦੀ ਉਡਾਣ ਦਾ ਅਸਲੀ ਰਹੱਸ ਕੀ ਹੁੰਦਾ ਏ.. ਨਿਖਰੀ ਹੋਈ ਧੁੱਪ ਵਿਚ ਉੱਡਦੀ ਹੋਈ ਸ਼ਹਿਦ ਦੀ ਮੱਖੀ ਅਤੇ ਪਹਾੜੀ ਦੀ ਢਲਾਣ ਤੇ ਉੱਗਿਆ ਹੋਇਆ ਖ਼ੂਬਸੂਰਤ ਫੁਲ ਇਨਸਾਨ ਨੂੰ ਕਿਹੜਾ ਸੁਨੇਹਾ ਦੇਣਾ ਲੋਚਦੇ ਨੇ!

9. ਇਸ ਨੂੰ ਇਹ ਵੀ ਦੱਸਿਓਂ ਕੇ ਆਪਣੇ ਮਨ ਵਿਚ ਉਪਜਦੇ ਹੋਏ ਹਾਂ ਪੱਖੀ ਵਿਚਾਰਾਂ ਵਿਚਾਰਾਂ ਦੀ ਪ੍ਰੋੜਤਾ ਕਿਦਾਂ ਕਰਦੇ ਰਹਿਣਾ ਏ ਅਤੇ ਉਹ ਵੀ ਓਦੋਂ ਜਦੋਂ ਸਾਰੀ ਦੁਨੀਆ ਤੁਹਾਨੂੰ ਝੂਠੇ ਸਾਬਤ ਕਰਨ ਤੇ ਤੁਲੀ ਹੋਵੇ।

10. ਇਸਨੂੰ ਇਸ ਤਰਾਂ ਸਿਖਿਅਤ ਕਰਿਓਂ ਕੇ ਇਹ ਜਿੰਦਗੀ ਵਿਚ ਬਿਨਾ ਸੋਚਿਆਂ ਸਮਝਿਆ ਭੀੜ ਦਾ ਹਿੱਸਾ ਨਾ ਬਣ ਜਾਇਆ ਕਰੇ ਅਤੇ ਹਮੇਸ਼ਾਂ ਸੱਚ ਦੇ ਮਾਰਗ ਤੇ ਚਲਦਿਆਂ ਹੋਇਆ ਆਪਣਾ ਰਸਤਾ ਖੁਦ ਬਣਾਵੇ!

11. ਇਸਨੂੰ ਇਹ ਤਾਕੀਦ ਵੀ ਚੰਗੀ ਤਰਾਂ ਕਰਿਓ ਕੇ ਇਹ ਦੁਨੀਆ ਦੀ ਭੀੜ ਵਿਚ ਹਰੇਕ ਦੀ ਗੱਲ ਸੁਣਨ ਦੇ ਕਾਬਿਲ ਬਣੇ ਪਰ ਹਰੇਕ ਸੁਣੀ ਹੋਈ ਗੱਲ ਨੂੰ ਸੱਚ ਦੀ ਕਸਵੱਟੀ ਤੇ ਪਰਖ ਕੇ ਹੀ ਆਪਣੀ ਜਿੰਦਗੀ ਵਿਚ ਅਪਣਾਵੇ।

12. ਇਸਨੂੰ ਇਸ ਗੱਲ ਦੀ ਵੀ ਸਮਝ ਹੋਣੀ ਚਾਹੀਦੀ ਏ ਕੇ ਆਪਣੇ ਟੈਲੈਂਟ ਅਤੇ ਦਿਮਾਗ਼ ਵਿਚੋਂ ਉਪਜਦੇ ਹੋਏ ਵਿਚਾਰਾਂ ਨੂੰ ਕਿਸੇ ਪਾਰਖੂ ਅਤੇ ਕਦਰ ਕਰਨ ਵਾਲੇ ਅੱਗੇ ਕਿੱਦਾਂ ਪੇਸ਼ ਕਰਨਾ ਏ ਅਤੇ ਆਪਣੇ ਦਿਲ ਅਤੇ ਜਮੀਰ ਨੂੰ ਵਿਕ-ਊ ਹੋਣ ਤੋਂ ਕਿਦਾਂ ਬਚਾਉਣਾ ਏ।

13. ਕੋਸ਼ਿਸ਼ ਕਰਿਓ ਕੇ ਇਹ ਸਬਰ ਸੰਤੋਖ ਵਾਲਾ ਇਨਸਾਨ ਹੋਣ ਦੇ ਨਾਲ ਨਾਲ ਇਕ ਬਹਾਦੁਰ ਮਨੁੱਖ ਵੀ ਬਣੇ ਅਤੇ ਇਸਦਾ ਆਪਣੇ ਆਪ ਵਿਚ ਅਟੁੱਟ ਵਿਸ਼ਵਾਸ਼ ਵੀ ਬਣਿਆ ਰਹੇ..ਕਿਓਂਕੇ ਜਿਸ ਇਨਸਾਨ ਦਾ ਆਪਣੇ ਆਪ ਤੇ ਪੂਰਾ ਵਿਸ਼ਵਾਸ਼ ਬਣਿਆ ਰਹਿੰਦਾ ਏ ਉਹ ਕਦੀ ਵੀ ਮਨੁੱਖਤਾ ਅਤੇ ਰੱਬ ਨੂੰ ਆਪਣੇ ਦਿਲ ਤੋਂ ਦੂਰ ਨਹੀਂ ਹੋਣ ਦਿੰਦਾ!

ਦੋਸਤੋ ਇਸ ਮਹਾਨ ਹਸਤੀ ਵੱਲੋਂ ਲਗਪਗ ਦੋ ਸਦੀਆਂ ਪਹਿਲਾਂ ਆਪਣੀ ਔਲਾਦ ਪ੍ਰਤੀ ਪ੍ਰਕਟ ਕੀਤੇ ਗਏ ਇਹਨਾਂ ਵਿਚਾਰਾਂ ਨੂੰ ਵਰਤਮਾਨ ਪੀੜੀ ਦੇ ਅਧਿਆਪਕਾਂ ਅਤੇ ਮਾਪਿਆਂ ਤੱਕ ਪੁਚਾਉਣ ਦੀ ਬੜੀ ਹੀ ਜਿਆਦਾ ਲੋੜ ਹੈ.. ਆਪ ਵੀ ਪੜੋ ਤੇ ਦੂਜਿਆਂ ਨੂੰ ਪੜਾਓ

(ਪੰਜਾਬੀ ਅਨੁਵਾਦ) ਹਰਪ੍ਰੀਤ ਸਿੰਘ ਜਵੰਦਾ
Forwarded by Rajinder Gangar


# ਹਿਮਾਚਲ ਚੋਣਾਂ- ਭਾਜਪਾ ਨੇ ਜਾਰੀ ਕੀਤੀ 62 ਉਮੀਦਵਾਰਾਂ ਦੀ ਪਹਿਲੀ ਸੂਚੀ

**ਸ਼ਿਮਲਾ–** ਭਾਜਪਾ ਨੇ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ 62 ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ। ਇਸ 'ਚ ਮੁੱਖ ਮੰਤਰੀ ਜੈਰਾਮ ਠਾਕੁਰ ਸਮੇਤ ਕਈ ਹੋਰ ਨੇਤਾਵਾਂ ਦੇ ਨਾਂ ਸ਼ਾਮਿਲ ਹਨ। ਹਿਮਾਚਲ ਪ੍ਰਦੇਸ਼ ਵਿੱਚ 12 ਨਵੰਬਰ ਨੂੰ ਵੋਟਾਂ ਪੈਣੀਆਂ ਹਨ। ਭਾਜਪਾ ਹਾਈਕਮਾਂਡ ਨੇ ਦੋ ਮੰਤਰੀਆਂ ਦੇ ਹਲਕੇ ਬਦਲ ਦਿੱਤੇ ਹਨ ਅਤੇ ਇਕ ਮੰਤਰੀ ਦੀ ਟਿਕਟ ਕੱਟੀ ਹੈ। 11 ਵਿਧਾਇਕਾਂ ਦੀਆਂ ਟਿਕਟਾਂ ਕੱਟੀਆਂ ਗਈਆਂ ਹਨ। ਸਰਕਾਰ ਦੇ ਸਭ ਤੋਂ ਸੀਨੀਅਰ ਮੰਤਰੀ ਮਹਿੰਦਰ ਸਿੰਘ ਠਾਕੁਰ ਦਾ ਨਾਂ ਸੂਚੀ ਵਿੱਚੋਂ ਗਾਇਬ ਹੈ। ਹਾਲਾਂਕਿ ਉਨ੍ਹਾਂ ਦੇ ਪੁੱਤਰ ਨੂੰ ਧਰਮਪੁਰ ਹਲਕੇ ਤੋਂ ਟਿਕਟ ਦਿੱਤੀ ਗਈ ਹੈ।

ਪਾਰਟੀ ਨੇ ਜੈਰਾਮ ਸਰਕਾਰ ਵਿੱਚ ਦੋ ਤਾਕਤਵਰ ਮੰਨੇ ਜਾਂਦੇ ਮੰਤਰੀਆਂ ਦੇ ਹਲਕੇ ਵੀ ਬਦਲ ਦਿੱਤੇ ਹਨ। ਭਾਜਪਾ ਨੇ ਸ਼ਿਮਲਾ ਜ਼ਿਲ੍ਹੇ ਦੇ ਸੀਨੀਅਰ ਆਗੂ ਸੁਰੇਸ਼ ਭਾਰਦਵਾਜ, ਜੋ ਰਾਜਧਾਨੀ ਤੋਂ ਲੰਬੇ ਸਮੇਂ ਤੋਂ ਚੋਣ ਪਾਰੀ ਖੇਡ ਰਹੇ ਹਨ, ਨੂੰ ਕੁਸੁਮਪਟੀ ਤੋਂ ਮੈਦਾਨ 'ਚ ਉਤਾਰਿਆ ਗਿਆ ਹੈ। ਇਸੇ ਤਰ੍ਹਾਂ ਕਾਂਗੜਾ ਤੋਂ ਪਾਰਟੀ ਦੇ ਆਗੂ ਅਤੇ ਦਬੰਗ ਮੰਤਰੀ ਰਾਕੇਸ਼ ਪਠਾਨੀਆ ਦਾ ਵੀ ਹਲਕਾ ਵੀ ਬਦਲ ਦਿੱਤਾ ਗਿਆ ਹੈ, ਇਸ ਵਾਰ ਉਨ੍ਹਾਂ ਨੂੰ ਨੂਰਪੁਰ ਦੀ ਬਜਾਏ ਫਤਿਹਪੁਰ ਤੋਂ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ।

ਭਾਜਪਾ ਹਾਈਕਮਾਂਡ ਨੇ 11 ਮੌਜੂਦਾ ਵਿਧਾਇਕਾਂ ਦੀਆਂ ਟਿਕਟਾਂ ਕੱਟ ਦਿੱਤੀਆਂ ਹਨ ਅਤੇ ਦੋ ਮੰਤਰੀਆਂ ਦੇ ਵਿਧਾਨ ਸਭਾ ਹਲਕੇ ਬਦਲ ਦਿੱਤੇ ਹਨ। ਇੱਕ ਮੰਤਰੀ ਦੀ ਟਿਕਟ ਕੱਟ ਕੇ ਪੁੱਤਰ ਨੂੰ ਦਿੱਤੀ ਗਈ ਹੈ। ਭਾਜਪਾ ਨੇ ਪੰਜ ਔਰਤਾਂ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ। ਭਾਜਪਾ ਨੇ ਐਸਸੀ ਵਰਗ ਦੇ 11 ਅਤੇ ਐਸਟੀ ਦੇ ਅੱਠ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਹਨ। ਭਰਮੌਰ, ਚੰਬਾ, ਜਵਾਲੀ, ਧਰਮਸ਼ਾਲਾ, ਆਨੀ, ਕਾਰਸੋਗ, ਦਰੰਗ, ਸਰਕਾਘਾਟ, ਭੋਰੰਜ, ਬਿਲਾਸਪੁਰ ਦੇ ਵਿਧਾਇਕਾਂ ਦੀਆਂ ਟਿਕਟਾਂ ਕੱਟੀਆਂ ਗਈਆਂ ਹਨ। ਮੁੱਖ ਮੰਤਰੀ ਜੈਰਾਮ ਠਾਕੁਰ ਦਾ ਨਾਂ ਸੂਚੀ 'ਚ ਪਹਿਲੇ ਨੰਬਰ 'ਤੇ ਹੈ। ਚੁਰਾਹ ਤੋਂ ਹੰਸਰਾਜ ਦੀ ਟਿਕਟ ਵੀ ਫਾਈਨਲ ਹੋ ਗਈ ਹੈ। ਪਾਰਟੀ ਨੇ ਮੁੜ ਇੰਦੌਰਾ ਤੋਂ ਰੀਟਾ ਧੀਮਾਨ 'ਤੇ ਭਰੋਸਾ ਜਤਾਇਆ ਹੈ। ਧਰਮਸ਼ਾਲਾ ਤੋਂ ਵਿਧਾਇਕ ਵਿਸਾਲ ਨੇਹਰੀਆ ਦੀ ਟਿਕਟ ਕੱਟ ਦਿੱਤੀ ਗਈ ਹੈ ਤੇ ਰਾਕੇਸ਼ ਚੌਧਰੀ ਨੂੰ ਉਮੀਦਵਾਰ ਬਣਾਇਆ ਗਿਆ ਹੈ।


ਭਾਜਪਾ ਨੇ ਸਾਬਕਾ ਮੰਤਰੀ ਨਰਿੰਦਰ ਬਰਾਗਟਾ ਦੇ ਪੁੱਤਰ ਚੇਤਨ ਬਰਾਗਟਾ ਨੂੰ ਵੀ ਉਮੀਦਵਾਰ ਬਣਾਇਆ ਹੈ। ਇੱਥੇ ਪਾਰਟੀ ਨੇ ਆਪਣੇ ਸੰਵਿਧਾਨ ਤੋਂ ਹਟ ਹੋ ਕੇ ਟਿਕਟ ਦਿੱਤੀ ਹੈ। ਉੱਥੇ ਹੀ ਧਰਮਪੁਰ ਤੋਂ ਵੀ ਮੰਤਰੀ ਪਿਤਾ ਨੂੰ ਹਟਾਉਣ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਰੱਜਤ ਠਾਕੁਰ ਨੂੰ ਉਮੀਦਵਾਰ ਬਣਾਇਆ ਗਿਆ ਹੈ।





Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html




**My Struggle in Life:**

Das Pawar, Ishwar: 9781682131558:

Amazon.com: Book

https://www.amazon.com/Struggle-Life-Ishwar-Das-Pawar/dp/1682131556

# ਦੀਵਾਲੀ ਬਾਰੇ ਵਿਸਥਾਰਥ ਤੇ ਜਥਾਰਥ ਵਿਆਖਿਆ



**ਅਵਤਾਰ ਸਿੰਘ ਮਿਸ਼ਨਰੀ**
510-432-5827

ਦੀਵਾਲੀ ਨਾਲ ਸਬੰਧਤ ਦੀਵੇ, ਤੇਲ ਅਤੇ ਲਛਮੀ ਪੂਜਾ-ਦੀਪ ਸੰਸਕ੍ਰਿਤ, ਦੀਪਕ ਹਿੰਦੀ, ਦੀਵਾ, ਦਿਵਾਲੀ ਪੰਜਾਬੀ, ਲਛਮੀ ਅਤੇ ਪੂਜਾ ਸੰਸਕ੍ਰਿਤ ਦੇ ਸ਼ਬਦ ਹਨ। ਹਿੰਦੀ ਵਿੱਚ ਦੀਪਾਵਲੀ ਅਤੇ ਪੰਜਾਬੀ ਵਿੱਚ ਦੀਵਾਲੀ ਕਿਹਾ ਜਾਂਦਾ ਹੈ। ਲਛਮੀ ਧੰਨ ਦੌਲਤ ਅਤੇ ਪੂਜਾ ਪੂਜਨ ਨੂੰ ਕਹਿੰਦੇ ਹਨ। ਦੀਵੇ ਓਦੋਂ ਤੋਂ ਹੀ ਜਗਾਏ ਜਾ ਰਹੇ ਹਨ ਜਦੋਂ ਤੋਂ ਤੇਲ ਜਾਂ ਘਿਓ ਹੋਂਦ ਵਿੱਚ ਆਏ ਨੇ ਕਿਉਂਕਿ-ਬਿਨ ਤੇਲ ਦੀਵਾ ਕਿਉਂ ਜਲੇ॥(੨੫) ਚਾਰ ਬੱਤੀਆਂ ਵਾਲੇ ਦੀਵੇ ਨੂੰ ਚਰਾਗ ਕਿਹਾ ਜਾਂਦਾ ਹੈ। ਗੁਰਬਾਣੀ ਵਿੱਚ ਵੀ ਚਰਾਗ ਦਾ ਜਿਕਰ ਹੈ-ਬਲਿਓ ਚਰਾਗੁ ਅੰਧਿਆਰ ਮਹਿ।।॥(੧੩੮੭) ਚਰਾਗ ਰੋਸ਼ਨੀ ਅਤੇ ਅੰਧਿਆਰ ਹਨੇਰੇ ਦਾ ਪ੍ਰਤੀਕ ਹੈ। ਅੰਧਕਾਰ ਅਤੇ ਚਰਾਗ ਦੀਵੇ ਵੀ ਕਈ ਪ੍ਰਕਾਰ ਦੇ ਹਨ। ਇੱਕ ਕੁਦਰਤੀ ਹਨੇਰਾ ਜੋ ਸੂਰਜ-ਚੰਦ ਅਤੇ ਰੋਸ਼ਨੀ ਦੀ ਅਣਹੋਂਦ, ਦਿਨ ਤੋਂ ਬਾਅਦ ਰਾਤ ਸਮੇਂ ਹੁੰਦਾ ਹੈ। ਦੂਜੇ ਅੰਧੇਰੇ ਅਗਿਆਨਤਾ, ਵਹਿਮ-ਭਰਮ, ਕਰਮਕਾਂਡ, ਬੇਅਕਲ, ਹੰਕਾਰ, ਬਲਹੀਨਤਾ, ਮੰਦੇ ਕਰਮ, ਔਰਤ-ਮਰਦ ਵਿਤਕਰਾ, ਕਲਪਿਤ ਨਰਕ-ਸਵਰਗ, ਅੰਧ-ਵਿਸ਼ਵਾਸ਼, ਮਿਥਿਹਾਸ, ਜਾਤ-ਪਾਤ, ਅਤੇ ਛੂਆ-ਛਾਤ ਆਦਿ। ਦੀਵਾ ਬਲਣਾ ਜਾਂ ਜਗਣਾ ਰੋਸ਼ਨੀ ਦਾ ਪ੍ਰਤੀਕ ਹੈ। ਗੁਰੂ ਨਾਨਕ ਗਿਆਨ ਦਾ ਸੂਰਜ, ਸੱਚ ਦਾ ਚਰਾਗ, ਤਰਕ ਦਾ ਦਿਨ ਅਤੇ ਸ਼ੁਭ ਕਰਮਾਂ ਦਾ ਚਾਨਣ ਸਨ ਤਾਂ ਹੀ ਉਨ੍ਹਾਂ ਨੂੰ "ਬਲਿਓ ਚਰਾਗੁ ਅੰਧਿਆਰ ਮਹਿ" ਕਿਹਾ ਗਿਆ ਹੈ। ਦੀਵਾਲੀ-ਦੀਵਿਆਂ ਵਾਲੀ, ਦੀਵਿਆਂ ਦੀ ਪਾਲ ਜੋ ਇਕੱਠੇ ਬਲ ਕੇ ਵੱਧ ਰੋਸ਼ਨੀ ਕਰਦੇ ਹਨ। ਵਿਦਿਆ ਵੀ ਚਾਨਣ ਅਤੇ ਤੀਜਾ ਨੇਤਰ ਹੈ। ਦੁਨੀਆਂ ਦੀਆਂ ਸਾਰੀਆਂ ਕੌਮਾਂ ਅਤੇ ਬੋਲੀਆਂ ਵੀ ਵਿਦਿਆ ਦੀ ਪਾਲ, ਸਰਬਸਾਂਝੀਵਾਲਤਾ ਦੀ ਰੋਸ਼ਨੀ ਦਾ ਪ੍ਰਤੀਕ ਹਨ। ਇਸ ਕਰਕੇ ਜਦੋਂ ਤੋਂ ਵੀ ਮਨੁੱਖ ਨੂੰ ਸੋਝੀ ਆਈ, ਉਸ ਨੇ ਰੋਸ਼ਨੀ ਦੇ ਦੀਵੇ ਬਾਲੇ ਹਨ। ਮਿਥਿਹਾਸਕ ਤੌਰ ਤੇ ਹਿੰਦੂਆਂ ਵਿੱਚ ਦੀਵਾਲੀ, ਸ੍ਰੀ ਰਾਮ ਚੰਦਰ ਦੇ ੧੪ ਸਾਲ ਦਾ ਬਨਵਾਸ ਕੱਟ ਕੇ, ਅਯੁੱਧਿਆ ਆਉਣ ਦੀ ਖੁਸ਼ੀ ਵਿੱਚ ਮਨਾਈ ਅਤੇ ਲਛਮੀ ਪੂਜਨ ਕੀਤਾ ਜਾਂਦਾ ਹੈ। ਜਰਾ ਸੋਚੋ! ਕੀ ਰਾਮ ਚੰਦਰ ਦੇ ਬਨਵਾਸ ਕੱਟ ਕੇ ਆਉਣ ਤੋਂ ਪਹਿਲਾਂ, ਲੋਕ ਖੁਸ਼ੀ ਦੇ ਦੀਵੇ ਨਹੀਂ ਬਾਲਦੇ ਸਨ? ਹਾਂ ਪਹਿਲੇ ਵੀ ਲੋੜ ਅਤੇ ਖੁਸ਼ੀ ਵੇਲੇ ਦੀਵਾਲੀਆਂ ਜਗਦੀਆਂ ਸਨ। ਇੱਕ ਮਨੌਤ ਅਨੁਸਾਰ ਲਛਮੀ ਧੰਨ ਦੌਲਤ ਦੀ ਦੇਵੀ ਜੋ ਪੁਰਾਣਾ ਵਿੱਚ ਵਿਸ਼ਨੂੰ ਦੀ ਇਸਤਰੀ ਲਿਖੀ ਹੈ। ਇਸ ਨੂੰ ਕਾਮ ਦੀ ਮਾਤਾ ਮੰਨਿਆਂ ਅਤੇ ਸਮੁੰਦਰ ਰਿੜਕਣ ਤੋਂ ਇਸ ਦਾ ਪ੍ਰਗਟ ਹੋਣਾ ਕਲਪਿਆ ਹੈ। ਇਸੇ ਲਈ ਇਸ ਦਾ ਨਾਮ ਇੰਦਰਾ ਅਤੇ ਜਲਧਿਜਾ ਵੀ ਹੈ। ਇਸ ਦੇ ਹੱਥ ਵਿੱਚ ਕਮਲ ਹੋਣ ਕਰਕੇ ਇਸ ਦਾ ਨਾਂ ਪਦਮਾਂ ਵੀ ਪ੍ਰਸਿੱਧ ਹੈ (ਮਹਾਨ ਕੋਸ਼-੧੦੫੫) ਡਾ। ਰਤਨ ਸਿੰਘ ਜੱਗੀ "ਗੁਰੂ ਗ੍ਰੰਥ ਵਿਸ਼ਵਕੋਸ਼" ਦੇ ਸਫਾ ੪੬੧ ਤੇ ਲਿਖਦੇ ਹਨ ਕਿ ਲਛਮੀ ਚਾਰ ਭੁਜਾਵਾਂ ਵਾਲੀ ਸੁੰਦਰਤਾ ਦੀ ਸਾਕਾਰ ਮੂਰਤੀ ਹੈ। ਇਸਦੇ ਹੱਥ ਵਿੱਚ ਕਮਲ ਫੜਿਆ ਹੁੰਦਾ ਅਤੇ ਇਸ ਦਾ ਆਪਣਾ ਕੋਈ ਮੰਦਿਰ ਜਾਂ ਧਰਮ-ਧਾਮ ਨਹੀਂ ਪਰ ਇਸ ਨੂੰ ਧੰਨ ਅਤੇ ਚੰਗੀ ਕਿਸਮਤ ਦੀ ਦੇਵੀ ਮੰਨ ਲੈਣ ਨਾਲ, ਇਸ ਦੀ ਪੂਜਾ ਹੁੰਦੀ ਰਹਿੰਦੀ ਹੈ। ਦੀਵਾਲੀ ਵਾਲੇ ਦਿਨ ਤਾਂ ਇਸ ਦੀ ਉਚੇਚੀ ਪੂਜਾ ਹੁੰਦੀ ਅਤੇ ਇਹ ਵਿਸ਼ਵਾਸ਼ ਕੀਤਾ ਜਾਂਦੈ ਕਿ ਦਿਵਾਲੀ ਵਾਲੇ ਦਿਨ, ਲਛਮੀ ਦੇਵੀ ਹਰ ਘਰ ਦੇ ਅੰਦਰ ਜਾਂਦੀ ਹੈ। ਇਸ ਲਈ ਲੋਕੀਂ ਆਪਣਾ ਘਰ-ਬਾਰ ਸਜਾ, ਸਾਰੀ ਰਾਤ ਦੀਵੇ ਬਾਲ, ਇਸ ਦੇ ਆਉਣ ਦੀ ਇੰਤਜਾਰ ਕਰਦੇ ਅਤੇ ਵਕਤ ਪਾਸ ਕਰਨ ਲਈ ਜੂਆ ਆਦਿ ਵੀ ਖੇਡਦੇ ਹਨ। ਇਸ ਮਨੌਤ ਦਾ ਨਕਾਰਾਤਮਕ ਜ਼ਿਕਰ ਭਗਤ ਤ੍ਰਿਲੋਚਨ ਜੀ ਨੇ ਵੀ ਕੀਤਾ ਹੈ-ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਸਰਪ ਜੋਨਿ ਵਲਿ ਵਲਿ ਅਉਤਰੈ॥੧॥(੫੨੬)



ਸਿੱਖਾਂ ਵਿੱਚ ਵੀ ਇਹ ਪ੍ਰਚੱਲਤ ਕਰ ਦਿੱਤਾ ਗਿਆ ਕਿ ਜਦ ਛੇਵੇਂ ਗੁਰੂ ਹਰਗੋਬਿੰਦ ਸਾਹਿਬ, ਗੁਵਾਲੀਅਰ ਦੇ ਕਿਲੇ ਚੋਂ ਰਿਹਾ ਹੋ ਕੇ, ਅੰਮ੍ਰਿਤਸਰ ਆਏ ਤਾਂ ਸਿੱਖਾਂ ਨੇ ਇਸ ਖੁਸ਼ੀ ਵਿੱਚ ਦੀਪਮਾਲਾ ਕੀਤੀ। ਅੱਜ ਕੱਲ੍ਹ ਇਸ ਦਿਨ ਨੂੰ, ਬੰਦੀ ਛੋੜ ਦਿਵਸ ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ। ਇਤਿਹਾਸ ਨੂੰ ਪੜ੍ਹਨ ਅਤੇ ਵਾਚਨ ਵਾਲੇ ਲੋਕ ਜਾਣਦੇ ਨੇ ਕਿ ਭੱਟ ਵਹੀਆਂ ਅਨੁਸਾਰ ਗੁਰੂ ਹਰਗੋਬਿੰਦ ਸਾਹਿਬ ਤਾਂ ਦੀਵਾਲੀ ਤੋਂ ਕਈ ਮਹੀਨੇ ਪਿੱਛੋਂ, ਫਰਵਰੀ ਦੇ ਅੰਤ 'ਤੇ ਅੰਮ੍ਰਿਤਸਰ ਪੁੱਜੇ ਸਨ। ਦੂਜਾ ਬਾਬਰ ਦੀ ਕੈਦ ਵਿੱਚ, ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੂੰ ਰੱਖਿਆ ਗਿਆ ਜਿੱਥੇ ਚੱਕੀਆਂ ਪੀਹਣ ਦੀ ਸਜਾ ਭੁਗਤ ਰਹੇ ਲੋਕਾਂ ਨੂੰ ਬਾਬਰ ਦੀ ਬੰਦੀ ਵਿੱਚੋਂ ਛੁਡਾਇਆ ਸੀ। ਪਹਿਲੇ ਬੰਦੀ ਛੋੜ ਤਾਂ "ਜ਼ਾਹਰ ਪੀਰ ਜਗਤ ਗੁਰ ਬਾਬਾ" ਗੁਰੂ ਨਾਨਕ ਸਾਹਿਬ ਹਨ। ਓਸ ਪਹਿਲੇ ਬੰਦੀ ਛੋੜ ਦਾਤੇ ਦਾ "ਬੰਦੀ ਛੋੜ ਦਿਵਸ" ਕਿਉਂ ਵਿਸਾਰ ਦਿੱਤਾ ਗਿਆ ਤੇ ਸਿੱਖਾਂ ਦੇ ਤਿਉਹਾਰ ਅਤੇ ਗੁਰ ਪੁਰਬ ਹਿੰਦੂਆਂ ਨਾਲ ਮਿਲਗੋਭਾ ਕਿਉਂ ਕੀਤੇ ਗਏ ਹਨ? ਜਿਵੇਂ ਗੁਰੂ ਨਾਨਕ ਸਹਿਬ ਦਾ ਪ੍ਰਕਾਸ਼ ਵੈਸਾਖ ਦੀ ਥਾਂ ਕੱਤਕ ਦੀ ਪੂਰਨਮਾਸ਼ੀ, ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਦਿਵਸ ਦੀ ਥਾਂ, ਹਜ਼ੂਰ ਸਾਹਿਬ ਦਸਹਿਰਾ ਮਨੌਣਾ, ਸ੍ਰੀ ਕੇਸਗੜ੍ਹ ਸਾਹਿਬ ਵੈਸਾਖੀ ਦੀ ਥਾਂ ਹੋਲਾ ਅਤੇ ਸ੍ਰੀ ਮੁਕਤਸਰ ਸਾਹਿਬ ਗਰਮੀਆਂ ਵਿਖੇ ਹੋਏ ਯੁੱਧ ਦਾ ਦਿਨ ਛੱਡ ਕੇ, ਮਾਘੀ ਮਨਾਉਣਾ ਆਦਿਕ। ਹੋਰ ਤਾਂ ਹੋਰ ਅੱਜ ਬਹੁਤੇ ਗੁਰਦੁਆਰਿਆਂ ਵਿੱਚ-ਥਿਤਿ ਵਾਰ ਸੇਵਹਿ ਮੁਗਧ ਗਵਾਰ॥(੮੪੩) ਗੁਰੂ ਦੇ ਇਸ ਹੁਕਮ ਉਲਟ ਪੂਰਨਮਾਸ਼ੀ, ਮੱਸਿਆ ਅਤੇ ਸੰਗ੍ਰਾਂਦ ਆਦਿ ਹਿੰਦੂ ਪੁਰਬ ਬੜੀ ਧੂੰਮ-ਧਾਮ ਨਾਲ ਮਨਾਏ ਜਾਂਦੇ ਹਨ। ਮਿਲਗੋਭਾ ਕੀਤੇ ਗਏ ਇਤਿਹਾਸ ਨੂੰ ਗੁਰਮਤਿ ਦੀ ਰੋਸ਼ਨੀ ਵਿੱਚ ਦੁਬਾਰਾ ਵਾਚਨ ਅਤੇ ਲਿਖਣ ਦੀ ਅਤਿਅੰਤ ਲੋੜ ਹੈ। ਸਿੱਖ ਨੇ ਗੁਰੂ ਤੋਂ ਰੋਸ਼ਨੀ ਲੈਣੀ ਨਾਂ ਕਿ ਮਿਥਿਹਾਸਕ ਗ੍ਰੰਥਾਂ ਤੇ ਸੋ ਕਾਲਡ ਕਹਾਣੀਆਂ ਦੇ ਅੰਧੇਰੇ ਵਿੱਚ ਹੀ ਫਸੇ ਰਹਿਣਾ ਹੈ। ਗੁਰਮਤਿ ਵਿੱਚ ਲਛਮੀ ਪੂਜਾ ਨੂੰ ਕੋਈ ਥਾਂ ਨਹੀਂ ਸਗੋਂ-ਪੂਜਹੁ ਰਾਮੁ ਏਕੁ ਹੀ ਦੇਵਾ॥ਸਾਚਾ ਨਾਵਣੁ ਗੁਰ ਕੀ ਸੇਵਾ॥(ਕਬੀਰ-੪੮੪) ਪੂਜਹੁ ਭਾਵ ਸਤਿਕਾਰ ਨਾਲ ਮੰਨੋ ਕਿ ਇਕ ਰਵਿਆ ਰਾਮ ਹੀ (ਦੇਵਾ) ਪ੍ਰਕਾਸ਼ ਰੂਪ ਤੇ ਅਸਲੀ ਇਸ਼ਨਾਨ ਗੁਰੂ ਦੀ ਸੇਵਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਤਾਂ ਹਰ ਵੇਲੇ ਗੁਰਬਾਣੀ ਗਿਆਨ ਦੀ ਦੀਵਾਲੀ ਜਗਦੀ ਰਹਿੰਦੀ, ਵਾਤਵਰਣ ਸਵੱਸ਼ ਤੇ ਸਾਫ ਹੁੰਦਾ, ਗੁਰਬਾਣੀ ਮਨ ਨੂੰ ਸ਼ਾਤ ਕਰਦੀ ਅਤੇ ਉਖੜਿਆ ਮਨ ਵੀ ਟਿਕ ਜਾਂਦਾ ਹੈ। ਇਸੇ ਕਰਕੇ ਗੁਰੂ ਸਾਹਿਬਾਨਾਂ ਨੇ ਆਪਣੇ ਮਜੂਦਾ ਸਰੀਰਕ ਜੀਵਨ ਸਮੇਂ, ਇਸ ਪਵਿੱਤ੍ਰ ਗਿਆਨ ਦੇ ਸੋਮੇਂ ਅਤੇ ਸਰਬ-ਸਾਂਝੇ ਅਸਥਾਨ ਨੂੰ ਯੁੱਧ ਦਾ ਅਖਾੜਾ ਨਹੀਂ ਬਣਾਇਆ ਸਗੋਂ ਸਾਰੇ ਜੰਗ-ਯੁੱਧ ਬਾਹਰ ਹੀ ਲੜੇ। ਫਿਰ ਕੀ ਐਸੇ ਸਾਫ-ਸੁਥਰੇ ਤੇ ਮਨ ਦੇ ਟਿਕਾ ਵਾਲੇ ਪਵਿੱਤ੍ਰ ਥਾਂ ਤੇ ਅਤਸ਼ਬਾਜੀ ਦਾ ਜ਼ਹਿਰ ਅਤੇ ਵਾਤਾਵਰਣ ਨੂੰ ਗੰਧਲਾ ਕਰਨ ਵਾਲੇ ਪਟਾਕੇ ਚਲਾਉਣੇ ਅਤੇ ਕੀ ਸਿੱਖਾਂ ਨੂੰ ਇਸ ਦਿਨ ਕਰੋੜਾਂ ਰੁਪਿਆ ਭੰਗ ਦੇ ਭਾੜੇ ਫੂਕਣਾ ਚਾਹੀਦਾ ਹੈ? ਗੁਰੂ ਤਾਂ ਲੋੜਵੰਦਾਂ ਦੀ ਮਦਦ ਕਰਦੇ ਇਸੇ ਕਰਕੇ ਧੜਾ-ਧੜ ਲੋਕ, ਅਧੁਨਿਕ ਵਿਗਿਆਨਕ ਅਤੇ ਅਗਾਂਹ ਵਧੂ ਸਿੱਖ ਧਰਮ ਨੂੰ ਅਪਣਾਈ ਜਾ ਰਹੇ ਸਨ। ਕੀ ਗੁਰੂ ਜੀ ਅਜਿਹੇ ਦੀਵਾਲੀਆਂ, ਦਸਹਿਰਿਆਂ ਵਾਲੇ ਅਡੰਬਰ ਰਚ, ਲੋਕਾਂ ਨੂੰ ਪ੍ਰਭਾਵਿਤ ਕਰਕੇ ਸਿੱਖ ਬਣਾਉਂਦੇ ਸਨ? ਹਾਂ ਜੇ ਥੋੜੇ ਬਹੁਤੇ ਪਟਾਕੇ ਚਲਾਉਣੇ ਹੀ ਨੇ ਤਾਂ ਸ਼ਹਿਰ ਦੇ ਬਾਹਰਵਾਰ, ਕੋਈ ਨਵੇਕਲੀ ਜਗ੍ਹਾ ਹੋਣੀ ਚਾਹੀਦੀ ਹੈ। ਦੇਖੋ! ਅਮਰੀਕਾ ਵਿਖੇ ਵੀ ਲੋਕ "ਫੋਰਥ ਜੁਲਾਈ" ਨੂੰ ਅਬਾਦੀ ਤੋਂ ਦੂਰ, ਸੁਰੱਖਿਅਤ ਥਾਵਾਂ 'ਤੇ ਸੌਫਟ ਅਤਸ਼ਬਾਜੀ ਚਲਾਉਂਦੇ ਨੇ ਜੋ ਧੂੰਆਂ ਤੇ ਖੜਕਾ ਘੱਟ ਅਤੇ ਰੋਸ਼ਨੀ ਵੱਧ ਕਰਦੀ ਹੈ।

ਦੀਵਾਲੀ ਬਾਲਣ ਲਈ ਸਭਿਅਕ ਢੰਗ ਅਪਨਾਉਣਾ ਚਾਹੀਦਾ ਹੈ। ਪੈਸੇ ਦਾ ਬਚਾ ਕਰਕੇ, ਲੋੜਵੰਦ ਜੋ ਢਿੱਡੋਂ ਭੁੱਖੇ, ਸਰੀਰੋਂ ਨੰਗੇ, ਛੱਤੋਂ ਵਾਂਝੇ, ਫੁੱਟ ਪਾਥਾਂ ਜਾਂ ਹਨੇਰੀਆਂ ਝੁੱਗੀਆਂ ਵਿੱਚ, ਦਿਨ ਕਟੀ ਕਰ ਰਹੇ ਨੇ, ਓਥੇ ਭੋਜਨ, ਪਾਣੀ ਅਤੇ ਰੋਸ਼ਨੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਮਠਾਈਆਂ ਵਿੱਚ ਰਹਿੰਦ-ਖੂੰਹਦ ਦੀ ਥਾਂ ਸ਼ੁੱਧ ਅਤੇ ਨਰੋਏ ਪਦਾਰਥ ਹੀ ਵਰਤਨੇ ਚਾਹੀਦੇ ਹਨ। ਇਸ ਦਿਨ ਸ਼ਰਾਬਾਂ ਪੀਣੀਆਂ ਅਤੇ ਜੂਏ ਖੇਲ੍ਹਣੇ ਕਿੱਧਰ ਦੀ ਖੁਸ਼ੀ ਅਤੇ ਸਭਿਅਤਾ ਹੈ? ਸਿੱਖਾਂ ਨੂੰ ਇਹ ਦਿਨ ਗਿਆਨ ਦੇ ਚਰਾਗ ਵਜੋਂ ਹੀ ਮਨਾਉਣਾ ਚਾਹੀਦਾ ਹੈ ਕਿਉਂਕਿ ਗਿਆਨ ਦੇ ਚਰਾਗ ਹੀ ਬੁਝੇ ਹੋਏ ਮਨ ਦੇ ਦੀਵਿਆਂ ਨੂੰ ਜਗਾ ਸਕਦੇ ਹਨ। ਜਿਵੇਂ 1000 ਵਾਟ ਦੇ ਬਲਬ ਸਾਹਮਣੇ 100 ਵਾਟ ਦੀ ਕੀ ਵੁਕਤ ਹੈ? ਚਰਾਗ ਦੀ ਥਾਂ ਛੋਟੇ ਦੀਵੇ ਦੀ, ਇਵੇਂ ਹੀ "ਸ਼ਬਦ ਗੁਰੂ ਗ੍ਰੰਥ ਰੂਪ ਗਿਆਨ ਸੂਰਜ" ਦੀ ਥਾਂ ਹੋਰ ਕਿੱਸੇ ਕਹਾਣੀਆਂ, ਕੋਈ ਵੁਕਤ ਨਹੀਂ ਰੱਖਦੀਆਂ। ਸਿੱਖਾਂ ਨੂੰ ਇਸ ਦਿਨ ਗੁਰਬਾਣੀ ਅਰਥਾਂ ਦੀਆਂ ਪੋਥੀਆਂ, ਗੁਰਮਤਿ ਫਿਲਾਸਫੀ ਦੀਆਂ ਕਿਤਾਬਾਂ ਅਤੇ ਗੁਰਬਾਣੀ ਦੀ ਕਸਵੱਟੀ 'ਤੇ ਪਰਖੇ ਸ਼ੁੱਧ ਇਤਿਹਾਸ ਦੀਆਂ ਪੁਸਤਕਾਂ, ਸੀਡੀਆਂ, ਅਧੁਨਿਕ ਮੀਡੀਏ ਦੇ ਦੀਵੇ, ਮਹਿੰਗੇ ਪਟਾਕਿਆਂ ਅਤੇ ਵੰਨ-ਸੁਵੰਨੀਆਂ ਮਠਿਆਈਆਂ ਦੀ ਥਾਂ ਵੰਡਣੇ ਚਾਹੀਦੇ ਨੇ ਨਾਂ ਕਿ "ਦੀਵਾਲੀ ਕੀ ਰਾਤ ਦੀਵੇ ਬਾਲੀਅਨ" ਵਾਲੀ ਤੁਕ ਹੀ ਰਟੀ ਜਾਣੀ ਚਾਹੀਦੀ ਹੈ ਜੋ ਭਾਈ ਗੁਰਦਾਸ ਜੀ ਨੇ ਕਿਸੇ ਹੋਰ ਭਾਵ ਵਿੱਚ ਅਜਿਹੀਆਂ ਕਈ ਹੋਰ ਉਦਾਹਰਣਾ ਦੇ ਕੇ ਸਮਝਾਉਂਦਿਆਂ ਲਿਖੀ ਸੀ। ਗੁਰਮਤਿ ਨਾਲ, ਲਛਮੀ ਪੂਜਨ ਵਾਲੀ ਦੀਵਾਲੀ ਦਾ ਕੋਈ ਸਬੰਧ ਨਹੀਂ ਸਗੋਂ ਕਿਰਤ ਕਰਕੇ ਲਛਮੀ ਪੈਦਾ ਕਰਨੀ ਜਾਂ ਕਮਾਉਣੀ ਚਾਹੀਦੀ ਹੈ। ਲਛਮੀ ਤਾਂ ਹੱਥਾਂ ਦੀ ਕਿਰਤ ਹੈ ਨਾਂ ਕਿ ਕੋਈ ਮਿਥਿਹਾਸਕ ਦੇਵੀ ਜੋ ਸਾਡੇ ਰਾਤ ਨੂੰ ਘਰ ਦੇ ਦਰਵਾਜੇ ਖੁੱਲ੍ਹੇ ਰੱਖਣ ਨਾਲ ਹੀ ਅੰਦਰ ਆਉਂਦੀ ਹੈ। ਐਸਾ ਹੁੰਦਾ ਹੋਵੇ ਤਾਂ ਗਰੀਬ ਲੋਕ ਜਿਨ੍ਹਾਂ ਦੇ ਕੋਈ ਘਰ ਘਾਟ ਨਹੀਂ ਜਾਂ ਟੁੱਟੀਆਂ-ਫੁੱਟੀਆਂ ਖੁੱਲ੍ਹੀਆਂ ਝੁੱਗੀਆਂ ਹੀ ਹੁੰਦੀਆਂ ਨੇ, ਕਥਿਤ ਲਛਮੀ ਓਥੇ ਪਹਿਲੇ ਕਿਉਂ ਨਹੀਂ ਜਾਂਦੀ? ਕਹਿੰਦੇ ਨੇ ਕਿ ਸ੍ਰੀ ਕ੍ਰਿਸ਼ਨ ਜੀ ਗਰੀਬ ਬਿਦਰ ਦੇ ਘਰ ਅਤੇ ਸ੍ਰੀ ਰਾਮ ਚੰਦ ਜੀ ਗਰੀਬ ਭੀਲਣੀ ਕੋਲ ਗਏ ਸਨ। ਗੁਰੂ ਨਾਨਕ ਸਾਹਿਬ ਜੀ ਦਾ ਤਾਂ ਅਕੱਟ ਸਬੂਤ ਇਤਿਹਾਸ ਕਿ ਉਹ ਮਲਕ ਭਾਗੋ ਦੇ ਮਹਿਲ ਤੇ ਪਕਵਾਨ ਛੱਡ, ਇੱਕ ਗਰੀਬ ਕਿਰਤੀ ਭਾਈ ਲਾਲੋ ਦੇ ਘਰ ਗਏ। ਉਨ੍ਹਾਂ ਨੇ ਗੁਰਬਾਣੀ ਵਿੱਚ ਵੀ ਲਿਖਿਆ ਹੈ ਕਿ-ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚੁ॥ ਨਾਨਕ ਤਿਨ ਕੇ ਸੰਗਿ ਸਾਥ ਵਡਿਆਂ ਸਿਉਂ ਕਿਆ ਰੀਸ॥(੧੫)

ਲਛਮੀ ਕੋਈ ਦੇਵੀ ਨਹੀਂ ਸਗੋਂ ਹੱਥਾਂ ਦੀ ਕਿਰਤ ਜੋ ਮਿਹਨਤ ਕਰਨ ਨਾਲ ਹੀ ਪ੍ਰਾਪਤ ਹੁੰਦੀ ਨਾਂ ਕਿ ਘਰ ਦੇ ਦਰਵਾਜੇ ਖੁੱਲ੍ਹੇ ਰੱਖਣ ਦੇ ਵਹਿਮ ਨਾਲ, ਖੁੱਲ੍ਹੇ ਦਰਵਾਜਿਆਂ ਵਿੱਚ ਤਾਂ ਸਗੋਂ ਕਈ ਵਾਰ ਕੁੱਤੇ ਬਿੱਲੇ ਅਤੇ ਚੋਰ ਆ ਵੜਦੇ ਨੇ ਜੋ ਖਾ ਪੀ ਕੇ ਘਰ ਵਿੱਚ ਪਈ ਲਛਮੀ ਨੂੰ ਵੀ ਲੁੱਟ ਲੈ ਜਾਂਦੇ ਹਨ। ਪਾਠਕ ਜਨੋ! ਗੁਰਮਤਿ ਇੱਕ ਆਲਮਗੀਰ ਮੱਤ ਹੈ ਜੋ ਮਿੱਥਾਂ ਦੀ ਥਾਂ ਤੱਥਾਂ ਨੂੰ ਮਾਨਤਾ ਦਿੰਦਾ ਹੈ। ਆਓ ਗੁਰਬਾਣੀ ਗਿਆਨ ਦੇ ਦੀਵੇ ਬਾਲ ਕੇ ਮਨ ਦੀਆਂ ਬੁਝੀਆਂ ਬੱਤੀਆਂ ਨੂੰ ਬਾਲੀਏ ਜੋ ਹੋਰਨਾਂ ਨੂੰ ਵੀ ਗਿਆਨ ਦੀ ਰੋਸ਼ਨੀ ਦੇ ਸੱਕਣ। ਪੰਜਾਬੀ ਦੀ ਕਹਾਵਤ ਹੈ "ਸਦਾ ਦੀਵਾਲੀ ਸਾਧ ਕੀ ਅੱਠੇ ਪਹਿਰ ਬਸੰਤ" ਸਾਧ ਭਲਾ ਪੁਰਖ ਨਾਂ ਕਿ ਭੇਖਧਾਰੀ।

ਇਹ ਸੀ ਥੋੜੀ ਜਿਹੀ ਵਿਚਾਰ ਦੀਵੇ, ਦੀਵਾਲੀ, ਲਛਮੀ ਪੂਜਾ ਅਤੇ ਗੁਰਮਤਿ ਬਾਰੇ ਜਿਸ ਨੂੰ ਪਾਠਕ ਜਨ, ਗੁਰਬਾਣੀ ਅਤੇ ਗੁਰ ਇਤਿਹਾਸ ਦੇ ਸੰਦਰਭ ਵਿੱਚ ਵਾਚਨ ਦੀ ਕ੍ਰਿਪਾਲਤਾ ਕਰਨ। ਗੁਰੂ ਗਿਆਨ ਦੀ ਰੋਸ਼ਨ ਜੋਤ ਨਾਲ, ਆਪਣੇ ਦਿਲਾਂ ਦੇ ਦੀਵੇ ਜਗਾਉਣ ਜੋ ਮਾਇਕ ਪਦਾਰਥਾਂ ਦੀ ਹਵਾ ਤੇ ਵਿਸ਼ੇ ਵਿਕਾਰਾਂ ਦੇ ਝੱਖੜਾਂ ਨੇ ਬੁਝਾ ਦਿੱਤੇ ਨਾਂ ਕਿ ਲਛਮੀ ਪੂਜਾ ਲਈ ਬੂਹੇ ਖੁੱਲ੍ਹੇ ਰੱਖ ਕੇ ਜਗਾਏ ਬਾਹਰੀ ਦੀਵਿਆਂ, ਬਰੂਦੀ ਪਟਾਕਿਆਂ, ਮਿਲਾਵਟੀ ਬਜਾਰੀ ਜਹਿਰੀਲਆਂ ਮਿਠਿਆਈਆਂ ਅਤੇ ਮਾਰੂ ਨਸ਼ਿਆਂ ਦਾ ਸੇਵਨ, ਲੱਖਾਂ ਕਰੋੜਾਂ ਰੁਪਈਆ ਹਰ ਸਾਲ ਬਰਬਾਦ ਕਰਕੇ, ਹਾਦਸਿਦਆਂ ਵਿੱਚ ਗਰੀਬਾਂ ਦੀਆਂ ਝੁੱਗੀਆਂ ਤੇ ਕਿਰਸਾਨਾਂ ਦੀਆਂ ਅਨਾਜ ਨਾਲ ਭਰੀਆਂ ਫਸਲਾਂ ਸਾੜਨ ਦਾ ਕਾਰਨ ਬਣਨਾ ਦੀਵਾਲੀ ਮਨਾਉਣੀ ਹੈ।

# ਦਲਿਤ ਸਿੱਖ ਇਤਿਹਾਸ ਦੀ ਸਮਝ / ਪੜ੍ਹਚੋਲ ਕਰਦਿਆਂ



ਅਨੁਵਾਦ: ਮੰਗਤ ਰਾਮ



ਡਾ. ਰਾਜ ਕੁਮਾਰ ਹੰਸ
rajkhans@gmail.com

ਉੱਤਰੀ ਭਾਰਤ ਵਿੱਚ ਚੌਧਵੀਂ ਅਤੇ ਪੰਦਰਵੀਂ ਸਦੀ ਦੀ ਸ਼ਕਤੀਸ਼ਾਲੀ, ਜਾਤ-ਪਾਤ ਵਿਰੋਧੀ ਸੰਤ ਪ੍ਰੰਪਰਾ ਵਿੱਚੋਂ ਉਪਜਿਆ, ਗੁਰੂ ਨਾਨਕ (1469-1539) ਅਤੇ ਉਸਦੇ ਵਾਰਿਸਾਂ ਦਾ ਪੰਥ ਸਿੱਖ਼ਃ ਸੋਲ੍ਹਵੀਂ ਅਤੇ ਸਤਾਰਵੀਂ ਸਦੀ ਦੇ ਪੰਜਾਬ ਵਿੱਚ ਸੰਸਥਾਗਤ ਧਰਮ ਵਜੋਂ ਵਿਕਸਿਤ ਹੋਇਆ। ਇਹ ਅਛੂਤਾਂ ਅਤੇ ਨੀਵੀਆਂ ਜਾਤਾਂ ਦੀ ਸਤਿਕਾਰਯੋਗ ਹਸਤੀ ਦੀ ਇੱਛਾ ਖਾਤਰ ਇਕੱਠੇ ਹੋਣ ਲਈ ਸਾਂਝੀ ਅਵਾਜ਼ ਬਣ ਗਿਆ। ਉਪ-ਮਹਾਂਦੀਪ ਦੇ ਨਵੇਂ ਅਤੇ ਕ੍ਰਾਂਤੀਕਾਰੀ ਧਰਮ ਵਜੋਂ ਸਿੱਖ ਧਰਮ ਨੇ ਕਈ ਉਚਾਣਾਂ-ਨਿਵਾਣਾਂ ਦੇਖੀਆਂ ਹਨ। ਸਤਾਰਵੀਂ ਸਦੀ ਵਿੱਚ ਆ ਕੇ ਪੰਜਾਬ ਦੇ ਦਲਿਤ ਇਸ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋ ਗਏ ਅਤੇ ਇਸਦੇ ਸਾਂਝੀਵਾਲਤਾ ਵਾਲੇ ਸੰਦੇਸ਼ ਵਿੱਚ ਇਹਨਾਂ ਨੂੰ ਬਰਾਬਰੀ ਤੇ ਮਾਣ-ਤਾਣ ਦਿਖਾਈ ਦਿੱਤਾ। ਪਰ ਅਠਾਰਵੀਂ ਸਦੀ ਦੀ ਆਖਰੀ ਚੌਥਾਈ ਅਤੇ ਉੱਨੀਵੀਂ ਸਦੀ ਦੇ ਇਸਦੀ ਗਿਣਤੀ ਚ ਵਾਧੇ ਤੇ ਵਿਕਾਸ ਦੀ ਪ੍ਰਕਿਰਿਆ ਵਾਲੇ ਪਹਿਲੇ ਅੱਧ ਵਿੱਚ ਇਸਦੇ ਸਿਆਸੀ ਢਾਂਚੇ ਵਿੱਚ ਜਾਤੀਵਾਦ ਅਤੇ ਛੂਤਛਾਤ ਮੁੜ ਆ ਵੜਿਆ, ਜਿਸਤੋਂ ਮਹਾਨ ਗੁਰੂਆਂ ਨੇ ਆਪਣੇ ਸਿੱਖਾਂ ਨੂੰ ਮੁਕਤ ਕਰਨ ਦਾ ਤਹੱਈਆ ਕੀਤਾ ਸੀ।

ਭਾਰਤੀ ਪ੍ਰੰਪਰਾ ਦਾ ਧਰਮ ਹੋਣ ਕਾਰਨ, ਪਿਛਲੇ ਸੌ ਸਾਲਾਂ ਵਿੱਚ ਸਿੱਖ ਧਰਮ ਨੇ ਦੁਨੀਆਂ ਭਰ ਦੇ ਵਿਦਵਾਨਾਂ ਦਾ ਤੇ ਛੂਤਛਾਤ ਦੇ ਉਭਾਰ ਦੇ ਨਤੀਜੇ ਵਜੋਂ ਦਲਿਤ ਸਿੱਖਾਂ ਸਾਹਮਣੇ ਪੇਸ਼ ਆਈਆਂ ਰੁਕਾਵਟਾਂ ਤੇ ਮੁਸ਼ਕਿਲਾਂ ਦੀ ਗੱਲ ਕਰਦਾ ਹੈ।ਇਹ ਭਾਗ ਸਿੱਖ ਸੁਧਾਰਵਾਦੀਆਂ ਦੀ ਸਿੱਖਾਂ ਅੰਦਰ ਮੁੜ ਪਰਤ ਆਈ ਛੂਤਛਾਤ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਦੀ ਵੀ ਗੱਲ ਕਰਦਾ ਹੈ।

**ਸਿੱਖੀ ਵਿੱਚ ਬਰਾਬਰਤਾ ਅਤੇ ਜਾਤਪਾਤੀ ਦਰਜੇਬੰਦੀ:**

ਬਹੁਤ ਸਾਰੇ ਦਲਿਤਾਂ ਦਾ ਬੁੱਧ ਧਰਮ, ਇਸਲਾਮ, ਈਸਾਈ ਧਰਮ ਅਤੇ ਸਿੱਖੀ ਵਿੱਚ ਧਰਮ ਪਰਿਵਰਤਨ ਦਾ ਕਾਰਨ ਸਮਾਨਤਾ ਅਤੇ ਮਨੁੱਖੀ ਸ਼ਾਨ ਦੀ ਬਹਾਲੀ ਦੀ ਖਾਹਿਸ਼ ਸੀ। ਹਿੰਦੂ ਧਰਮ ਵਿੱਚ ਇਹ ਅਨਹੋਣੀ ਗੱਲ ਹੈ। ਡਾ. ਬੀ ਆਰ. ਅੰਬੇਦਕਰ ਦਾ ਵਿਸ਼ਵਾਸ਼ ਸੀ ਕਿ ਬੁਰਜ਼ੂਆ ਰਾਸ਼ਟਰਵਾਦ, ਗਣਤੰਤਰਵਾਦ ਅਤੇ ਪ੍ਰੰਪਰਾਗਤ ਮਾਰਕਸਵਾਦ ਨੇ ਜਾਤ ਅਤੇ ਛੂਤਛਾਤ ਦੀ ਸਮੱਸਿਆ ਦਾ ਕੋਈ ਵਿਹਾਰਿਕ ਹੱਲ ਨਹੀਂ ਸੁਝਾਇਆ। ਇਸ ਲਈ ਉਹ ਧਰਮ ਵੱਲ ਚੜ੍ਹਦੀ ਕਲਾ ਚ ਰਹਿਣ ਤੇ ਆਤਮਿਕ ਸਕੂਨ ਲਈ ਮੁੜੇ। ਬੋਧੀ ਹੋਣ ਤੋਂ ਪਹਿਲਾਂ ਡਾ. ਅੰਬੇਦਕਰ ਨੇ ਆਪਣੇ ਸਾਥੀਆਂ ਨਾਲ ਸਿੱਖੀ ਵਿੱਚ ਸ਼ਾਮਿਲ ਹੋਣ ਦੇ ਵਿਕਲਪ ਬਾਰੇ ਵੀ ਸੋਚਿਆ ਸੀ। ਇਸ ਤਰ੍ਹਾਂ ਉਹਨਾਂ ਨੇ ਇਸ ਉਪ-ਮਹਾਂਦੀਪ ਦੇ ਦਲਿਤਾਂ ਲਈ ਵੀ ਇਹ ਰਾਹ ਖੋਲ੍ਹਿਆ। ਵੀਹਵੀਂ ਸਦੀ ਦੇ ਇੱਕ ਚੰਗੇ ਵਿਦਵਾਨ ਹੋਣ ਦੇ ਨਾਤੇ ਉਹਨਾਂ ਨੇ ਗੈਰ-ਹਿੰਦੂ ਧਰਮਾਂ ਵੱਲ ਮੁੜਨ ਤੋਂ ਪਹਿਲਾਂ ਬੜੀ ਗਹੁ ਨਾਲ ਅਜਿਹੇ ਕਦਮ ਦੀਆਂ ਬਾਰੀਕੀਆਂ ਦਾ ਲੇਖਾ-ਜੋਖਾ ਕੀਤਾ। ਉਹ ਸਿੱਖੀ ਦੇ ਸ਼ਕਤੀਸ਼ਾਲੀ ਬ੍ਰਾਹਮਣਵਾਦ-ਵਿਰੋਧੀ ਸਿਧਾਂਤਾਂ ਅਤੇ ਵਿਹਾਰ ਪ੍ਰਤੀ ਸੁਚੇਤ ਸਨ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਸਾਂ ਵਿੱਚੋਂ ਛੇ ਗੁਰੂ ਸਾਹਿਬਾਨਾਂ ਦੇ ਨਾਲ ਹੀ ਵੱਖ-ਵੱਖ ਸਮਾਜਿਕ, ਨਸਲੀ ਤੇ ਧਾਰਮਿਕ ਪਿਛੋਕੜ ਵਾਲੇ ਪੰਦਰ੍ਹਾਂ ਸਿੱਖ ਸੰਤਾਂ ਤੇ ਪੰਦਰ੍ਹਾਂ ਹੀ ਗੈਰ-ਸਿੱਖ ਸੰਤ ਕਵੀਆਂ ਦੀ ਬਾਣੀ ਵੀ ਦਰਜ ਹੈ। ਇਹਨਾਂ ਵਿੱਚ the sense that it resists all systems of oppression and injustice, especially perpetrated on the poor. ਗੁਰੂ ਗ੍ਰੰਥ ਸਾਹਿਬ ਵਿਚ ਦਰਸਾਈ ਮੁਕਤੀ ਦੀ ਸਿੱਖਿਆ ਬੜੇ ਜ਼ੋਰਦਾਰ ਸ਼ਬਦਾਂ ਚ ਥੁੜ੍ਹਾਂ ਮਾਰਿਆਂ ਤੇ ਥੋਪੇ ਗਏ ਦਾਬੇ ਤੇ ਅਨਿਆਂ ਦੀ ਵਿਵਸਥਾ ਨੂੰ ਨਕਾਰਦੀ ਹੈ।ਦੱਬਿਆਂ ਕੁਚਲਿਆਂ ਦੇ ਹੱਕ ਵਿੱਚ ਅਵਾਜ਼ ਉਠਾਉਣ ਕਾਰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਮੁਕਤੀ ਦਰਸ਼ਨ ਹੈ। ਮੁਕਤੀ ਦਰਸ਼ਨ ਦੀ ਇਹ ਮਿਸਾਲ ਗੁਰੂ ਨਾਨਕ ਦੇਵ ਜੀ ਜੋ ਆਪ ਖੱਤਰੀ ਜਾਤ ਨਾਲ ਸਬੰਧਿਤ ਸਨ, ਭਾਰਤੀ ਸਮਾਜਿਕ ਦਰਜੇਬੰਦੀ ਦੇ ਸਭ ਤੋਂ ਨੀਵਿਆਂ, ਦਲਿਤਾਂ ਨਾਲ ਆਪਣੀ ਪਛਾਣ ਸਥਾਪਿਤ ਕਰਦੇ ਹੋਏ ਕਹਿੰਦੇ ਹਨ:


ਨੀਚਾਂ ਅੰਦਰਿ ਨੀਚ ਜਾਤ, ਨੀਚੀ ਹੂੰ ਅਤਿ ਨੀਚ,
ਨਾਨਕ ਤਿਨ ਕੇ ਸੰਗ ਸਾਥ, ਵੱਡਿਆਂ ਸਿਓਂ ਕਿਆ ਰੀਸ,
ਜਿਥੇ ਨੀਚ ਸਮਾਲੀਐ, ਤਿਥੇ ਨਦਰਿ ਤੇਰੀ ਬਖਸੀਸ॥

ਸਿੱਖ ਗੁਰੂਆਂ ਨੇ ਹਿੰਦੂ ਜਾਤ ਪ੍ਰਥਾ ਨੂੰ ਵੰਗਾਰਣ ਲਈ ਅਛੂਤਾਂ ਨੂੰ ਆਪਣੇ ਕਲਾਵੇ ਵਿੱਚ ਲਿਆ। ਉਹਨਾਂ ਨੇ ਹਿੰਦੂ ਸਮਾਜਿਕ ਤੇ ਸਿਆਸੀ ਦਰਜੇਬੰਦੀ ਵਾਲੀ ਵਿਵਸਥਾ ਨੂੰ ਨਕਾਰਿਆ। ਇਸ ਪ੍ਰਥਾ ਦਾ ਖਾਤਮਾ 1699 ਵਿੱਚ ਦਸਵੇਂ ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸਾ ਪੰਥ ਦੀ ਸਥਾਪਨਾ ਨਾਲ ਪੂਰਨ ਤੌਰ ਤੇ ਹੋ ਗਿਆ। ਮੁਕਤੀ ਦੇ ਲੰਬੇ ਅਮਲ ਅਤੇ ਦਰਸ਼ਨ ਵਿੱਚੋਂ ਅਜਿਹੀ ਇਤਿਹਾਸਿਕ ਤਾਕਤ ਸਾਹਮਣੇ ਆਈ ਜਿਸਨੇ ਅਛੂਤਾਂ ਨੂੰ ਮੁਕਤੀ ਦੇ ਇਸ ਸੰਘਰਸ਼ ਵਿੱਚ ਨਾਲ ਹੀ ਨਹੀਂ ਰਲਾਇਆ ਬਲਕਿ ਸਿੱਖੀ ਵਿੱਚੋਂ ਛੂਤਛਾਤ ਨੂੰ ਖਤਮ ਕਰਨ ਵਿੱਚ ਵੀ ਸਫ਼ਲ ਹੋਈ। ਇਹ ਅਲੱਗ ਮਸਲਾ ਹੈ ਕਿ ਅਠਾਰਵੀਂ ਸਦੀ ਦੇ ਅੱਧ ਵਿੱਚ ਛੂਤਛਾਤ ਸਿੱਖੀ ਵਿੱਚ ਦੁਬਾਰਾ ਆ ਵੜੀ ਤੇ ਉੱਨੀਵੀਂ ਸਦੀ ਵਿੱਚ ਇਹ ਹੋਰ ਵੀ ਜ਼ੋਰ ਫੜ ਗਈ।

ਸਭ ਤੋਂ ਵੱਡੀ ਗੱਲ, ਪੰਜਾਬ ਅਤੇ ਸਿੱਖ ਅਧਿਐਨ ਨੂੰ ਸਾਂਝੀ ਰਸੋਈ ਵਿੱਚੋਂ ਲੰਗਰ ਛਕਾਉਂਦੇ-ਭਾਵੇਂ ਉਹ ਜੱਟ, ਮਿਰਾਸੀ, ਮੁਸਲਿਮ, ਬ੍ਰਾਹਮਣ, ਖੱਤਰੀ, ਦੁਕਾਨਦਾਰ, ਭੰਗੀ, ਨਾਈ, ਧੋਬੀ, ਮਛੇਰੇ ਜਾਂ ਤਰਖਾਣ ਹੋਣ।"ਡ ਗੁਰੂਆਂ ਦੀ ਬਾਣੀ ਨੂੰ ਧਿਆਨ ਨਾਲ ਪੜ੍ਹਨ ਬਾਅਦ ਮੈਕਲੋਅਡ ਨੇ ਕਿਹਾ ਕਿ ਗੁਰੂਆਂ ਨੇ "ਵਰਨ ਦੇ ਸਿਧਾਂਤ ਨੂੰ ਸਵੀਕਾਰ ਕੀਤਾ, ਪਰ ਕਦੇ ਵੀ ਉੱਚੇ-ਨੀਵੇਂ ਦਰਜੇ ਦੀ ਸੋਚ ਅਨੁਸਾਰ ਨਹੀਂ। ਮੁਕਤੀ ਪ੍ਰਾਪਤੀ ਲਈ ਉਹ ਸਾਰੇ ਇੱਕੋ ਜਿਹੇ ਸਨ ਅਤੇ ਇਸ ਸਬੰਧੀ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਅਤੇ ਉਹਨਾਂ ਤੋਂ ਅਗਲੇ ਗੁਰੂਆਂ ਨੇ ਸਿੱਖਾਂ ਚ ਹਿੰਦੂ ਵਰਨ ਵਿਵਸਥਾ ਦੇ ਖਾਤਮੇ ਦਾ ਪ੍ਰਚਾਰ ਕੀਤਾ।" ਪਰ ਸਿੱਖਾਂ ਵਿੱਚ ਪ੍ਰਚੱਲਿਤ ਅਤੇ ਨਿਰੰਤਰ ਚੱਲਦੀ ਛੂਆ ਛੂਤ ਲਈ, ਮੈਕਲੋਅਡ 'ਸਿੱਖੀ ਵਿੱਚ ਜਾਤਪਾਤ ਦਾ ਸਿਧਾਂਤ' ਦੀ ਗੱਲ ਸ਼ੁਰੂ ਕਰਦਾ ਹੈ ਜਿਹੜਾ ਉਸ ਅਨੁਸਾਰ ਸੱਚੀਂ ਹੀ ਦਰਜੇਬੰਦੀ ਵਾਲਾ ਹੈ; ਪਰ ਉਹ ਇਸ ਦਰਜੇਬੰਦੀ ਨੂੰ ਆਰਥਿਕ ਤਾਕਤ (ਘੱਟੋ-ਘੱਟ) ਤੇ ਵਿਅਕਤੀਗੱਤ ਜਾਤੀਆਂ ਦੇ ਅਕਾਰ ਦੇ ਅਧਾਰ ਤੇ ਉਸਰਿਆ ਦੱਸਦਾ ਹੈ। ਇਹ ਇਸਨੂੰ ਰਵਾਇਤੀ ਜਾਤ ਦੇ ਸਿਧਾਂਤ ਤੋਂ ਵੱਖਰਾ ਦਰਸਾਉਂਦਾ ਹੈ। ਇਸ ਵਿੱਚ ਨਿੱਕੀ ਜਿਹੀ ਛੋਟ (ਅਸਲ 'ਚ ਵੱਡੀ)...ਉੱਚ ਜਾਤੀਏ ਸਿੱਖਾਂ ਵਲੋਂ ਦਲਿਤ ਸਿੱਖਾਂ ਨਾਲ ਆਮ ਵਰਤੋਂ-ਵਿਹਾਰ ਹੈ। ਇਸਦਾ ਸਿੱਧਾ ਸਬੂਤ ਮਹਾਨ ਦਲਿਤ ਸਿੱਖ ਭਾਈ ਜੈਤਾ



ਖੇਜ ਮਜਦੂਰ ਵਿੱਚ ਤਬਦੀਲ ਹੋਏ ਦਲਿਤ ਸਿੱਖ



ਸਿੱਖੀ ਵਿੱਚ ਬਰਾਬਰਤਾ ਅਤੇ ਜਾਤਪਾਤੀ ਦਰਜੇਬੰਦੀ



ਖੇਜ ਮਜਦੂਰ ਵਿੱਚ ਤਬਦੀਲ ਹੋਏ ਦਲਿਤ

ਧਿਆਨ ਆਪਣੇ ਵੱਲ ਖਿੱਚਿਆ ਹੈ। ਪਿਛਲੇ ਪੰਜਾਹ ਸਾਲਾਂ ਵਿੱਚ ਸਿੱਖ ਧਰਮ ਤੇ ਇਸਦੇ ਇਤਿਹਾਸ ਅਤੇ ਸਮਾਜ ਬਾਰੇ ਮਾਣ ਕਰਨ ਯੋਗ ਸਾਹਿਤ ਲਿਖਿਆ ਗਿਆ ਹੈ। ਅਕਾਦਮਿਕ ਇਤਿਹਾਸਕਾਰਾਂ ਦੇ ਨਾਲ-ਨਾਲ ਸਮਾਜ ਸ਼ਾਸਤਰੀ ਤੇ ਲੇਖਕ, ਪੰਥ ਸੇਵਕ ਤੇ ਅਫ਼ਸਰ ਵੀ ਇਸ ਖੇਤਰ ਵਿੱਚ ਆਏ ਤੇ ਸਿੱਖ ਇਤਿਹਾਸ ਵਿੱਚ ਜ਼ਿਕਰਯੋਗ ਵਾਧਾ ਕੀਤਾ। ਪੱਛਮੀ ਮੁਲਕਾਂ ਚੋਂ ਉੱਠੇ ਪੰਜਾਬੀ ਤੇ ਸਿੱਖ ਡਾਇਸਪੋਰਾ ਨੇ ਸਿੱਖ ਧਰਮ ਦੇ ਵੱਖ-ਵੱਖ ਪਹਿਲੂਆਂ ਦੇ ਸਾਹਿਤ ਦੀ ਇਸ ਵੱਡੀ ਢੇਰੀ ਚ ਹੋਰ ਵੀ ਯੋਗਦਾਨ ਪਾਇਆ ਹੈ।

ਇਹ ਸਿੱਖੀ ਦੀ ਸਾਂਝੀਵਾਲਤਾ ਦੀ ਸ਼ਕਤੀਸ਼ਾਲੀ ਸਿਧਾਂਤਕ ਪੁਜੀਸ਼ਨ ਕਾਰਨ ਹੋਵੇ ਜਾਂ ਜੱਟ ਸਿੱਖਾਂ ਦੇ ਦਾਬੇ ਕਾਰਨ, ਦਰਅਸਲ ਸਿੱਖੀ ਵਿੱਚ ਜਾਤ ਅਤੇ ਅਛੂਤ ਦੇ ਮੁੱਦੇ ਵੱਲ ਬਹੁਤ ਹੀ ਘੱਟ ਧਿਆਨ ਦਿੱਤਾ ਗਿਆ ਹੈ; ਉੱਤੋਂ ਦੀ ਇਹਨਾਂ ਦੇ ਬੰਦਿਆਂ ਦੇ ਅਕਾਦਮਿਕ ਕੰਮਾਂ ਤੇ ਹੀ ਗੌਰ ਹੁੰਦੀ ਹੈ। ਸਿੱਖੀ ਦੀ ਮੁੱਖਧਾਰਾ ਦੀ ਚਰਚਾ ਵਿੱਚ ਦਲਿਤਾਂ ਵਲੋਂ ਸਿੱਖ ਪ੍ਰੰਪਰਾ ਵਿੱਚ ਪਾਏ ਸ਼ਾਨਦਾਰ ਯੋਗਦਾਨ ਵੱਲ ਮਾਮੂਲੀ ਧਿਆਨ ਦਿੱਤਾ ਜਾਂਦਾ ਹੈ। ਦਲਿਤ ਸਿੱਖ ਇਤਿਹਾਸਕਾਰ, ਨਿਰੰਜਨ ਆਰਿਫ਼ੀ ਸਿੱਖ ਇਤਿਹਾਸਕਾਰਾਂ ਦੇ ਇਸ ਦੁਜੈਲੇ ਨਜ਼ਰੀਏ ਤੋਂ ਦੁਖੀ ਹੈ। ਉਹ ਲਿਖਦਾ ਹੈ," ਜੇ ਸਿੱਖ ਇਤਿਹਾਸਕਾਰ ਇਮਾਨਦਾਰੀ ਨਾਲ ਨਿਰਪੱਖ ਰਹਿ ਕੇ ਇਤਿਹਾਸ ਨੂੰ ਇਤਿਹਾਸ ਲੇਖਣ ਦੀ ਦ੍ਰਿਸ਼ਟੀ ਤੋਂ ਹੀ ਅੰਕਤ ਕਰਦੇ ਤਾਂ ਅੱਜ ਦੇ ਆਮ ਪਾਠਕ ਬਹੁਤ ਸਾਰੇ ਵਿਸ਼ਿਆਂ ਦੇ ਭੰਬਲ-ਭੂਸੇ ਵਿੱਚ ਨਾ ਪੈਂਦਾ।" ਸਿੱਖਾਂ ਅਤੇ ਸਿੱਖ ਗੁਰੂਆਂ ਦੇ ਇਤਿਹਾਸਿਕ ਅਤੇ ਸ਼ਰਧਾਮਈ ਕੰਮਾਂ ਦੀ ਪੜ੍ਹਤ ਤੇ ਉਹਨਾਂ ਦੇ ਅਧਿਐਨ ਦੇ ਅਧਾਰ ਤੇ ਆਰਿਫ਼ੀ ਚਾਹੁੰਦਾ ਹੈ ਕਿ "ਸਿੱਖ ਇਤਿਹਾਸ ਮੁੱਢ ਤੋਂ ਹੀ ਦੁਬਾਰਾ ਲਿਖਿਆ ਜਾਣਾ ਚਾਹੀਦਾ ਹੈ ਜਿਸ ਵਿੱਚੋਂ ਸਭ ਕਰਾਮਾਤਾਂ, ਕਰਿਸ਼ਮੇ ਕੱਢ ਕੇ ਇਤਿਹਾਸ ਨੂੰ ਵਿਗਿਆਨਿਕ ਤੇ ਵਿਸ਼ਲੇਸ਼ਣਾਤਮਿਕ ਸੇਧ ਦਿੱਤੀ ਜਾਵੇ।" ਸਿੱਖ ਇਤਿਹਾਸ ਵਿਚਲੇ ਦਲਿਤ ਨਾਇਕਾਂ ਦੀ ਖੋਜ ਕਰਦਿਆਂ ਤੇ 1993 ਵਿੱਚ ਰੰਘਰੇਟਿਆਂ ਜਾਂ ਮਜ਼ਹਬੀਆਂ (ਅਛੂਤਾਂ) ਦੇ ਇਤਿਹਾਸ ਦਾ ਪਹਿਲਾ ਭਾਗ ਪੂਰਾ ਕਰਦਿਆਂ ਆਰਿਫ਼ੀ ਨੂੰ ਸਿੱਖ ਇਤਿਹਾਸ ਵਿਚਲੇ ਇਹਨਾਂ ਮਸਲਿਆਂ ਦੀ ਪੂਰੀ ਸਮਝ ਆਈ। ਸਿੱਖੀ ਚ ਬਰਾਬਰੀ ਦੇ ਸਿਧਾਂਤ ਕਾਰਨ ਇਹ ਅਧਿਆਇ ਸਭ ਤੋਂ ਪਹਿਲਾਂ ਦਲਿਤਾਂ ਦੀ ਸਿੱਖੀ ਵੱਲ ਵੱਡੀ ਖਿੱਚ ਦੀ ਗੱਲ ਕਰਦਾ ਹੈ। ਦੂਸਰਾ, ਸਿੱਖ ਰਵਾਇਤ ਵਿਚ ਭੁੱਲ-ਭੁਲਾ ਦਿੱਤੇ ਗਏ ਦਲਿਤ ਸਿੱਖਾਂ ਦੇ ਸ਼ਾਨਦਾਰ ਵੇਲਿਆਂ ਦੀ, ਉਹਨਾਂ ਦੇ ਨਾਇਕਾਂ ਤੇ ਉਹਨਾਂ ਦੀਆਂ ਪ੍ਰਾਪਤੀਆਂ ਦੇ ਵੱਖ-ਵੱਖ ਪਹਿਲੂਆਂ ਦੀ ਗੱਲ ਕਰਦਾ ਹੈ। ਆਖਰ 'ਚ ਆਰਿਫ਼ੀ, ਅਠਾਰਵੀਂ ਸਦੀ ਦੇ ਪਹਿਲੇ ਅੱਧ ਤੋਂ ਬਾਅਦ ਸਿੱਖਾਂ ਚ ਪਰਤ ਆਈ ਹਿੰਦੂਵਾਦੀ ਜਾਤੀ ਪ੍ਰਥਾ ਮੁਸਲਿਮ ਸੂਫ਼ੀ ਸ਼ੇਖ ਫ਼ਰੀਦ ਵੀ ਸ਼ਾਮਿਲ ਹੈ। ਇਹ ਇਸ ਪਵਿੱਤਰ ਗ੍ਰੰਥ ਨੂੰ ਸੰਸਾਰ ਦੇ ਬਾਕੀ ਧਰਮਾਂ ਦੇ ਗ੍ਰੰਥਾਂ ਦੇ ਇਤਿਹਾਸ ਵਿੱਚ ਵੱਖਰੀ ਪਛਾਣ ਪ੍ਰਦਾਨ ਕਰਦਾ ਹੈ। 1450 ਸਫ਼ਿਆਂ ਦਾ ਇਹ ਗ੍ਰੰਥ ਅਧਿਆਤਮਿਕ ਗਿਆਨ, ਜੀਵਨ ਜਾਚ ਅਤੇ ਮਨੁੱਖੀ ਜਾਤੀ ਦੀ ਮੁਕਤੀ ਤੇ ਸ਼ਕਤੀ ਦੀ ਸਿੱਖਿਆ ਦਿੰਦਾ ਹੈ। ਇਸ ਗ੍ਰੰਥ ਦੇ ਸੰਦੇਸ਼ ਦੇ ਸਿੱਟੇ ਤੇ ਪੁੱਜਣ ਲਈ ਲਾਤੀਨੀ ਅਮਰੀਕਾ ਦੇ ਵਿਦਵਾਨ ਐਨਰਿਕ ਡਸੇਲ ਦੇ ਕਹਿਣ ਵਾਂਗ ਇਸਨੂੰ 'ਮੁਕਤੀ ਦਰਸ਼ਨ' ਕਿਹਾ ਜਾ ਸਕਦਾ ਹੈ। ਉਹ ਕਹਿੰਦਾ ਹੈ:

"ਮੁਕਤੀ ਦਰਸ਼ਨ ਅਜਹਿਾ ਸਿੱਖਿਆਦਾਇਕ ਅਮਲ ਹੈ, ਜਿਹੜਾ ਉਸ ਅਮਲ ਵਿੱਚੋਂ ਉਤਪੰਨ ਹੁੰਦਾ ਹੈ ਜਿਸਦੀਆਂ ਜੜ੍ਹਾਂ ਗੁਰੂ-ਸ਼ਿਸ਼, ਵਿਦਵਾਨ ਤੇ ਲੋਕਾਈ ਦੀ ਨੇਤਾ ਨਾਲ ਜੁੜੀਆਂ ਹੋਈਆਂ ਹਨ। ਇਹ ਸਿਆਸੀ ਅਮਲ (ਤੇ ਮਿਲਾਪ) ਦੇ ਅਮਲ ਵਿੱਚੋਂ ਨਿਸ਼ਚਿਤ ਹੋਇਆ ਹੈ। ਇਸ ਸਿੱਖਿਆਦਾਇਕ ਅਮਲ ਦਾ ਨਤੀਜਾ ਵਿਹਾਰਿਕ ਤੇ ਸੋਚਮਈ ਹੈ। ਵਿਹਾਰਿਕ ਕਰਮ, ਦਾਰਸ਼ਨਿਕਾਂ ਦੇ ਕਾਵਿਕ ਵਿਦਵਤਾ ਭਰਪੂਰ ਕਾਰਜ, ਗਿਆਨ ਦੀ ਭਾਲ ਕਰਨ ਤੇ ਉਸ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰਦੇ ਹਨ; ਇੱਕ ਅਜਿਹੀ ਵਿਵਸਥਾ ਵਿੱਚ ਵੀ ਜਿੱਥੇ ਹਰ ਚੀਜ਼ ਨੂੰ ਨਕਾਰਾਤਮਿਕ ਨਜ਼ਰੀਏ ਤੋਂ ਦੇਖਿਆ ਜਾਵੇ ਤੇ ਨਿਆਂ ਦੀ ਘਾਟ ਹੋਵੇ। ਇਸੇ ਕਾਰਨ ਇਹ ਮੁਕਤੀ ਦੀ ਵਿਸ਼ਲੇਸ਼ਣੀ ਵਿਧੀ ਹੈ। ਇਹ ਤਾਂ ਬੜੇ ਜਬ੍ਹੇ ਨਾਲ ਗਰੀਬਾਂ, ਦਬਾਇਆਂ ਹੋਇਆਂ ਦੀ ਗੱਲ ਕਰਦਾ ਹੈ, ਤੇ ਸਿਸਟਮ ਚ ਬੱਝੇ ਹੋਏ ਸਮੁੱਚ ਦੇ ਅੰਧ-ਵਿਸ਼ਵਾਸ਼ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਨਾਲ ਹੀ ਮੁਕਤੀਦਾਤਿਆਂ ਦੇ ਧੌਂਸਮਈ ਵਤੀਰੇ ਕਾਰਨ ਇਸਦੇ ਖਾਤਮੇ ਵੱਲ ਵਧਣ ਦੀ ਭਵਿੱਖਬਾਣੀ ਵੀ ਕਰਦਾ ਹੈ।

ਇਸ 'ਸਿੱਖਿਆਦਾਇਕ' ਅਮਲ ਨੂੰ ਮੰਨਦਿਆਂ ਸਿੱਖੀ ਸ਼ਬਦ, ਸਿੱਖ, ਗੁਰੂ ਅਤੇ ਚੇਲੇ ਦੇ ਆਪਸੀ ਸਬੰਧ ਦੀ ਗੱਲ ਕਰਦੀ ਹੈ।ਸਾਰੀ ਸਿੱਖ ਲਹਿਰ ਗੁਰੂਆਂ ਦੀ ਲੋਕਾਈ ਨਾਲ ਨੇੜਤਾ, ਗੁਰੂ ਅਤੇ ਉਸਦੇ ਚੇਲਿਆਂ ਵਿਚਲੇ ਸਜੀਵ ਤੇ ਸਹਿਜ ਸਬੰਧਾਂ ਦੀ ਲਹਿਰ ਸੀ। ਸਿੱਖ ਦਰਸ਼ਨ ਚ ਦੋਹਾਂ ਦਾ ਮੇਲ (ਆਪੇ ਗੁਰ ਚੇਲਾ) ਭਾਰਤੀ ਪ੍ਰੰਪਰਾ ਚ ਕ੍ਰਾਂਤੀਕਾਰੀ ਪੁਜੀਸ਼ਨ ਨੂੰ ਪਹੁੰਚ ਜਾਂਦਾ ਹੈ। ਜੇ.ਪੀ.ਐਸ. ਓਬਰਾਏ ਗੁਰੂ ਗੋਬਿੰਦ ਸਿੰਘ (1666-1708) ਜੀ ਸਬੰਧੀ ਬੜੇ ਢੁੱਕਵੇਂ ਸ਼ਬਦਾਂ 'ਚ ਕਹਿੰਦਾ ਹੈ: ਉਸਿੱਖਾਂ ਦੇ ਦਸਵੇਂ ਗੁਰੂ...ਆਪਣੇ ਚੇਲਿਆਂ ਦੇ ਚੇਲੇ ਬਣ ਗਏ। ਉਹਨਾਂ ਸਮਿਆਂ ਚ ਗੁਰੂ-ਚੇਲੇ ਦੇ ਸਬੰਧਾਂ ਦਾ ਅਜਿਹਾ ਅਕਸ ਕ੍ਰਾਂਤੀਕਾਰੀ ਕਦਮ ਸੀ"। The pedagogy of liberation epitomized in Guru Granth Sahib also turns out to be "magisterial" in ਨਾਲ ਸਬੰਧਿਤ ਸਾਹਿਤ ਵਿੱਚ ਸਿੱਖੀ ਵਿਚਲੇ ਜਾਤਪਾਤੀ ਭੇਦਭਾਵ ਦੀ ਅਣਦੇਖੀ ਕੀਤੀ ਗਈ। ਪਰ ਸਮਾਜ ਸ਼ਾਸ਼ਤਰੀ ਤੇ ਦੂਸਰੀਆਂ ਤੱਥ ਅਧਾਰਿਤ ਖੋਜਾਂ ਦੇ ਅਧਿਐਨ ਨੇ ਸਿੱਖਾਂ ਅੰਦਰ ਪ੍ਰਚੱਲਤ ਜਾਤਪਾਤ ਅਤੇ ਛੂਆ ਛਾਤ ਦੀ ਗੱਲ ਸਾਹਮਣੇ ਲਿਆਂਦੀ ਹੈ। ਪਿਛਲੀਆਂ ਪੰਜਾਹ ਸਾਲਾਂ ਦੀਆਂ ਲਿਖਤਾਂ ਨੂੰ ਖੰਗਾਲਦਿਆਂ ਇਸ ਸ਼ਰਮਨਾਕ ਤੱਥ ਤੋਂ ਮੁੱਕਰਣਾ ਜਾਂ ਇਸਤੋਂ ਅੱਖਾਂ ਮੀਟਣਾ ਸੰਭਵ ਨਹੀਂ ਹੈ। ਡਬਲਿਊ. ਐਚ. ਮੈਕਲੋਅਡ ਨੇ ਪੰਜਾਹ ਸਾਲ ਦੇ ਸਿੱਖ ਇਤਿਹਾਸ ਦਾ ਅਧਿਐਨ ਕਰਨ ਪਿੱਛੋਂ ਇਸ ਗੱਲ ਦਾ ਖੁਲਾਸਾ ਕੀਤਾ ਹੈ:

ਸਿੱਖ ਇਤਿਹਾਸ ਤੇ ਧਰਮ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਿੱਖ ਸਮਾਜ ਦੇ ਯਥਾਰਥਕ ਵਿਵਹਾਰ ਨੂੰ ਸਮਝਣਾ ਜ਼ਰੂਰੀ ਹੈ। ਇੱਥੇ ਆ ਕੇ ਜਾਤ ਅਹਿਮ ਹੋ ਜਾਂਦੀ ਹੈ। ਸਿੱਖ ਸਮਾਜ ਨੂੰ ਸਮਝਣ ਲਈ ਸਾਨੂੰ ਪੰਥ ਤੇ ਪੈਂਦੇ ਜਾਤ ਦੇ ਪ੍ਰਭਾਵ ਨੂੰ ਸਮਝਣਾ ਪੈਣਾ ਹੈ। ਸਿੱਖ ਧਰਮ ਦੇ ਭਵਿੱਖੀ ਵਿਕਾਸ ਨੂੰ ਸਮਝਣ ਲਈ, ਸਿੱਖਾਂ ਵਲੋਂ ਜਾਤਪਾਤ ਦੇ ਵਿਹਾਰਕ ਰੂਪ ਨੂੰ ਸਮਝਣਾ ਜ਼ਰੂਰੀ ਹੈ। ਸਮਾਜ ਸ਼ਾਸ਼ਤਰੀ ਪਹਿਲਾਂ ਹੀ ਇਸਨੂੰ ਮੰਨਦੇ ਹਨ, ਭਾਵੇਂ ਕਿ ਉਹਨਾਂ ਦੀਆਂ ਕੁਝ ਕਿਤਾਬਾਂ ਜਾਂ ਲੇਖ ਇਸ ਵਰਤਾਰੇ ਦੀ ਗੋਲਮੋਲ ਗੱਲ ਕਰਦੇ ਜਾਂ ਇਸਦੀ ਬਿਲਕੁਲ ਹੀ ਅਣਦੇਖੀ ਕਰਦੇ ਹਨ। ਇਤਿਹਾਸਕਾਰਾਂ ਲਈ ਵੀ ਇਹ ਬਹੁਤ ਜ਼ਰੂਰੀ ਹੈ। ਬਗੈਰ ਇਸਦੇ ਸਾਡੀ ਸਿੱਖ ਪੰਥ ਅਤੇ ਧਰਮ ਦੀ ਸਮਝ ਅਧੂਰੀ ਹੋਵੇਗੀ।

ਆਪਣੀ ਕਥਨੀ ਤੇ ਕਰਨੀ ਦੇ ਪੂਰੇ, ਗੁਰੂ ਆਪਣੇ ਸੰਦੇਸ਼ ਦੀ ਆਦਰਸ਼ ਮਿਸਾਲ ਬਣ ਗਏ। ਗੁਰੂ ਨਾਨਕ ਨੂੰ ਲੱਗਦਾ ਸੀ ਕਿ ਲੋਕਾਂ ਦੇ ਦੁੱਖਾਂ ਦਾ ਅਸਲੀ ਕਾਰਨ ਉਹਨਾਂ ਨਾਲ ਜਾਤੀ ਭੇਦਭਾਵ ਤੇ ਵਖਰੇਵੇਂ ਕਾਰਨ ਸੀ। ਜਾਤੀ ਵਖਰੇਵਿਆਂ ਤੇ ਮੱਤਭੇਦਾਂ ਨੂੰ ਦੂਰ ਕਰਨ ਲਈ ਉਹਨਾਂ ਨੇ ਸੰਗਤ ਤੇ ਪੰਗਤ ਦਾ ਸੰਕਲਪ ਪੇਸ਼ ਕੀਤਾ। ਇਸ ਤਰ੍ਹਾਂ ਦਸਾਂ ਗੁਰੂਆਂ ਨੇ ਵਰਨ ਤੇ ਜਾਤ ਦੇ ਵਖਰੇਵੇਂ ਨੂੰ ਮਿਟਾਉਣ ਲਈ ਜ਼ਰੂਰੀ ਕਦਮ ਚੁੱਕੇ। ਉੱਚੇ ਦਰਜੇ ਜਾਂ ਉੱਚੀ ਜਾਤ ਨੂੰ ਕੋਈ ਖਾਸ ਥਾਂ ਨਹੀਂ ਸੀ ਦਿੱਤੀ। ਪੰਗਤ ਨੂੰ ਖਾਸ ਤੌਰ ਤੇ ਉਤਸ਼ਾਹਿਤ ਕੀਤਾ ਗਿਆ ਤੇ ਗੁਰੂ ਅਮਰਦਾਸ ਨੇ ਇਸਨੂੰ ਹੋਰ ਮਜ਼ਬੂਤ ਕੀਤਾ। ਉਹਨਾਂ ਨੇ ਸੰਗਤ ਵਿੱਚ ਆਉਣ ਲਈ ਹਰੇਕ ਲਈ ਲੰਗਰ ਛਕਣਾ ਜ਼ਰੂਰੀ ਕਰ ਦਿੱਤਾ। ਕੱਟੜ ਬ੍ਰਾਹਮਣ ਅਤੇ ਖੱਤਰੀ ਇਸ ਤੋਂ ਏਨਾ ਡਰ ਗਏ ਕਿ ਉਹਨਾਂ ਨੇ ਅਕਬਰ ਨੂੰ ਸ਼ਿਕਾਇਤ ਕਰ ਦਿੱਤੀ: "ਗੋਇੰਦਵਾਲ ਵਿੱਚ ਗੁਰੂ ਅਮਰਦਾਸ (1479-1574) ਨੇ ਹਿੰਦੂਆਂ ਦੀਆਂ ਧਾਰਮਿਕ ਤੇ ਸਮਾਜਿਕ ਰੀਤਾਂ ਦਾ ਤਿਆਗ ਕਰਕੇ ਚਾਰ ਵਰਨਾਂ ਦੇ ਫ਼ਰਕ ਨੂੰ ਖਤਮ ਕਰ ਦਿੱਤਾ ਹੈ। ਉਹ ਆਪਣੇ ਸਾਰੇ ਚੇਲਿਆਂ ਨੂੰ ਇੱਕੋ ਪੰਗਤ ਵਿੱਚ ਬਿਠਾਕੇ ਉਹਨਾਂ (1657-1704 ) ਦੀ ਮਹਾਂ ਕਾਵਿਕ ਰਚਨਾ 'ਸ਼੍ਰੀ ਗੁਰ ਕਥਾ' ਤੋਂ ਮਿਲ ਜਾਂਦਾ ਹੈ, ਜਿਹੜੀ ਉਹਨਾਂ ਨੇ ਖਾਲਸੇ ਦੀ ਸਾਜਨਾ ਤੋਂ ਬਾਅਦ ਅਤੇ ਆਪਣੀ ਮੌਤ (1704) ਤੋਂ ਪਹਿਲਾਂ ਰਚੀ ਸੀ। ਖਾਲਸੇ ਦੀ ਸਥਾਪਨਾ ਤੋਂ ਬਾਅਦ ਭਾਈ ਜੈਤੇ ਨੂੰ ਨਵਾਂ ਨਾਂ ਜੀਵਨ ਸਿੰਘ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਦੁਆਰਾ 1699 ਵਿੱਚ ਸਿੱਖਾਂ ਨੂੰ ਨਵੀਂ ਪਹਿਚਾਣ ਦਿੱਤੀ ਗਈ ਸੀ (ਪਰ ਮੈਂ ਉਸਦਾ ਦਲਿਤ ਨਾਂਅ ਹੀ ਵਰਤਾਂਗਾ)। ਉਹਨਾਂ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਦੇ ਸਿੱਖ ਵਰਨ ਤੇ ਜਾਤ ਦੇ ਵਖਰੇਵਿਆਂ ਨੂੰ ਨਹੀਂ ਮੰਨਦੇ, ਬਲਕਿ ਉਹ ਚੰਗੇ ਕਰਮਾਂ ਨੂੰ ਹੀ ਚੰਗਾ ਵਰਨ ਮੰਨਦੇ ਹਨ।" ਮੈਕਲੋਅਡ ਦੀ ਸਿੱਖ ਰਹਿਤਨਾਮਿਆਂ ਪ੍ਰਤੀ ਸੋਚ ਦੇ ਉਲਟ ਇਹ ਰਹਿਤਨਾਮੇ ਜਾਤਪਾਤ ਦੀ ਬਹੁਤੀ ਗੱਲ ਨਹੀਂ ਕਰਦੇ। ਭਾਈ ਜੈਤਾ ਦੀ 'ਸ਼੍ਰੀ ਗੁਰ ਕਥਾ' ਵਿਚਲੀ ਰਹਿਤ, ਜਾਤ ਦੇ ਤਿੱਖੇ ਵਿਰੋਧ ਨਾਲ ਸ਼ੁਰੂ ਹੁੰਦੀ ਹੈ:

ਅਬ ਰਹਿਤ ਸੁਨਹੁ ਗੁਰ ਸਿੰਘਨ ਕੀ
ਹਰਿ ਧਿਆਨ ਧਰੇ ਉਰ ਜੁਧ ਚਿਤਾਰੇ।
ਜਬ ਆਰਿਤ ਅਇ ਪੁਕਾਰ ਕਰਹਿ
ਨਿਜ ਸੁਖ ਤਜੇ ਤਿਨ ਦੂਖ ਨਿਵਾਰੇ।
ਨਹਿ ਜਾਤ ਸੁਜਾਤ ਬਿਚਾਰ ਕਰਹਿ
ਅਬ ਪੂਤ ਖੁਦਾਇ ਜਨਾਹਿ ਸਬਾਰੇ।
ਰਹੁ ਰਤਿ ਗਹਿ ਨਹਿ ਬਿਪਰਨ ਕੀ
ਅਰ ਗੁਰਮਤਿ ਪ੍ਰਾਪਤ ਮੋਖ ਦੁਆਰ।

**ਸਿੱਖੀ ਵਿੱਚ ਦਲਿਤਾਂ ਦਾ ਪ੍ਰਵੇਸ਼**

ਕਿਉਂਕਿ ਬਹੁਤਾ ਸਿੱਖ ਇਤਿਹਾਸ ਤੇ ਧਰਮ ਦਲਿਤਾਂ ਬਾਰੇ ਗੱਲ ਨਹੀਂ ਕਰਦਾ ਇਸ ਲਈ ਜੋਹਨ ਵੈਬਸਟਰ ਦੀ ਲੀਹ ਪਾਊ "ਦਲਿਤ ਇਤਿਹਾਸਕ ਪਹੁੰਚ" ਬਹੁਤ ਲਾਭਦਾਇਕ ਹੈ।ਜਦੋਂ ਉਸਨੇ 1992 ਵਿੱਚ "ਦਲਿਤ ਈਸਾਈ: ਇੱਕ ਇਤਿਹਾਸ" ਦਾ ਪਹਿਲਾ ਐਡੀਸ਼ਨ ਛਾਪਿਆ ਤਾਂ ਉਹ ਇਸ ਗੈਰ ਹਿੰਦੂ ਧਰਮ ਵਿੱਚ ਆਪਣੇ 'ਦਲਿਤ' ਸਿਧਾਂਤ ਨੂੰ ਬੜੀ ਗਹਿਰਾਈ ਨਾਲ ਘੋਖ ਰਿਹਾ ਸੀ ਅਤੇ ਆਪਣੇ ਨਵੇਂ ਲੇਖ ਵਿੱਚ ਸਿੱਖ ਇਤਿਹਾਸ ਦੀਆਂ ਮੁਸ਼ਕਿਲਾਂ ਦੀ ਗੱਲ ਕਰਦਾ ਹੈ। ਉਹਨਾਂ ਅਨੁਸਾਰ,"ਦਲਿਤ ਇਤਿਹਾਸਕ ਪਹੁੰਚ, ਦੋ ਧਾਰਨਾਵਾਂ ਤੇ ਟਿਕੀ ਹੋਈ ਹੈ। ਪਹਿਲੀ ਧਾਰਨਾ ਦਲਿਤ ਸ਼ਕਤੀ ਦੀ ਹੈ। ਇਸ ਵਿੱਚ ਦਲਿਤ ਸਿੱਖ ਉੱਭਰਕੇ ਸਾਹਮਣੇ ਆਉਂਦੇ ਤੇ ਇਤਿਹਾਸ ਦੇ ਮੁੱਖ ਐਕਟਰ ਤੇ ਸਿਰਜਕ ਬਣਦੇ ਹਨ; ਇਸ ਲਈ ਇਤਿਹਾਸਕਾਰ ਉਹਨਾਂ ਤੇ ਕੇਂਦਰਿਤ ਹੋਣਗੇ, ਉਹਨਾਂ ਦੇ ਵਿਚਾਰਾਂ, ਉਹਨਾਂ ਦੇ ਸੰਘਰਸ਼, ਉਹਨਾਂ ਦੇ ਕੰਮਾਂ ਤੇ। ਦੂਸਰੀ, ਸਮਾਜ ਦਾ ਵਿਰੋਧਭਾਸੀ ਨਜ਼ਰੀਆ ਕਿ ਜਾਤ ਸਿਰਫ਼ ਭਾਰਤੀ

(ਬਾਕੀ ਅਗਲੇ ਸਫੇ 'ਤੇ)

# ਦਲਿਤ ਸਿੱਖ ਇਤਿਹਾਸ ਦੀ ਸਮਝ / ਪੜ੍ਹਚੋਲ ਕਰਦਿਆਂ

(ਸਫਾ 22 ਦੀ ਬਾਕੀ)

ਸਮਾਜ ਦਾ ਬਹੁਤ ਮਹੱਤਵਪੂਰਨ ਵਿਰੋਧ ਹੀ ਨਹੀਂ, ਇਤਿਹਾਸ ਦੀ ਸਮਝ ਲਈ ਬੜੀ ਅਹਿਮ ਮਿਸਾਲ ਵੀ ਪ੍ਰਦਾਨ ਕਰਦੀ ਹੈ।

ਸਿੱਖ ਇਤਿਹਾਸ ਅਤੇ ਪ੍ਰੰਪਰਾ ਸਬੰਧੀ ਅੰਗਰੇਜ਼ੀ ਵਿੱਚ ਦਲਿਤ ਨਜ਼ਰੀਏ ਤੋਂ ਕੋਈ ਲਿਖਤ ਨਹੀਂ ਹੈ। ਬਹੁਤੀਆਂ ਇਤਿਹਾਸਿਕ ਲਿਖਤਾਂ ਵੈਬਸਟਰ ਦੀ 'ਸਿੱਖ ਇਤਿਹਾਸਿਕ ਪਹੁੰਚ' ਦਾ ਝਲਕਾਰਾ ਮਾਤਰ ਹੀ ਹਨ। ਸਿਰਫ਼ ਪੰਜਾਬੀ 'ਚ ਉਪਲਬਧ ਕੁਝ ਕੁ ਪੁਸਤਕਾਂ -ਜੋ ਕਿ ਸਾਰੀਆਂ ਪੇਸ਼ਾਵਰ ਇਤਿਹਾਸਕਾਰਾਂ ਦੁਆਰਾ ਨਹੀਂ ਲਿਖੀਆਂ ਗਈਆਂ- ਉਹ ਹੀ ਦਲਿਤ ਨਜ਼ਰੀਏ ਤੋਂ ਲਿਖੀਆਂ ਗਈਆਂ ਲੱਗਦੀਆਂ ਹਨ। ਸਥਾਪਿਤ ਇਤਿਹਾਸਿਕ ਲਿਖਤਾਂ ਨੂੰ ਸਿਰਫ਼ ਉੱਚ ਜਾਤੀ ਦੇ ਇਤਿਹਾਸਾਂ ਤੋਂ ਬਿਨ੍ਹਾਂ ਕੁਝ ਵੀ ਨਾ ਹੋਣ ਕਾਰਨ ਨਕਾਰਦਿਆਂ ਐਸ. ਐਲ. ਵਿਰਦੀ ਦਲਿਤ ਇਤਿਹਾਸ ਦੀ ਲੋੜ ਤੇ ਜ਼ੋਰ ਦਿੰਦਾ ਹੈ। "ਭਾਰਤੀ ਸਮਾਜ ਨੂੰ ਅੱਜ ਐਸੇ ਇਤਿਹਾਸ ਦੀ ਜ਼ਰੂਰਤ ਹੈ, ਜੋ ਸਮਾਜ ਵਿੱਚ ਇਨਕਲਾਬੀ ਚੇਤਨਾ ਪੈਦਾ ਕਰ ਸਕੇ। ਸਮਾਜ ਪ੍ਰੀਵਰਤਨ ਦੀ ਭਾਵਨਾ ਨੂੰ ਪੈਦਾ ਕਰ ਸਕੇ ਕਿਉਂਕਿ ਸਮਾਜ ਪ੍ਰੀਵਰਤਨ ਲਈ ਇਤਿਹਾਸ ਦੀ ਬੜੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਜਿਸ ਸਮਾਜ ਦਾ ਜੈਸਾ ਇਤਿਹਾਸ ਹੋਵੇਗਾ, ਉਸ ਸਮਾਜ ਦਾ ਸਵਰੂਪ ਵੀ ਵੈਸਾ ਹੀ ਹੋਵੇਗਾ। ਇਸ ਦ੍ਰਿਸ਼ਟੀ ਤੋਂ ਦਲਿਤ ਇਤਿਹਾਸ ਦੀ ਬੜੀ ਮਹੱਤਵਪੂਰਨ ਭੂਮਿਕਾ ਹੈ। ਭਾਰਤੀ ਸਮਾਜ ਵਿੱਚ ਇਨਕਲਾਬ ਦਾ ਦੂਸਰਾ ਨਾਂ ਦਲਿਤ ਇਤਿਹਾਸ ਹੀ ਹੈ।"

ਸ਼ਮਸ਼ੇਰ ਸਿੰਘ ਅਸ਼ੋਕ ਨੇ ਇੰਗਲੈਂਡ ਵਸਦੇ ਦਲਿਤ ਸਿੱਖ ਐਸ. ਕੇ. ਨਈਅਰ ਦੇ ਕਹਿਣ ਤੇ 'ਮਜ਼੍ਹਬੀਆਂ ਦਾ ਇਤਿਹਾਸ' ਲਿਖਿਆ। ਪੰਜਾਬ ਸਰਕਾਰ ਦੇ ਮਾਲ ਮਹਿਕਮੇ ਦੇ ਮੁਲਾਜ਼ਿਮ ਨਿਰੰਜਣ ਆਰਫ਼ਿ ਨੇ ਵੱਡੀ ਖੋਜ ਬਾਅਦ ਦਲਿਤ ਸਿੱਖਾਂ ਦੇ ਇਤਿਹਾਸ ਦੀ ਵੱਡੀ ਕਿਤਾਬ ਲਿਖੀ। ਉਹ ਰੰਘਰੇਟਿਆਂ ਜਾਂ ਸਿੱਖ ਬਣੇ ਮਜ਼੍ਹਬੀਆਂ ਦਾ ਪੰਜਵੇਂ ਗੁਰੂ ਅਰਜਨ ਦੇਵ (1563-1606) ਦੇ ਸਮੇਂ ਤੋਂ ਹੀ ਵੇਰਵਾ ਦਿੰਦਾ ਹੈ। ਆਰਫ਼ਿ ਅਠਾਰਵੀਂ ਸਦੀ ਤੋਂ ਮਿਲਦੇ ਇਤਿਹਾਸ ਵਿੱਚੋਂ ਬੜੀ ਮਿਹਨਤ ਨਾਲ ਦਲਿਤਾਂ ਨਾਲ ਸਬੰਧਿਤ ਸੂਚਨਾਵਾਂ ਇਕੱਤਰ ਕਰਦਾ ਹੈ। ਇਸ ਸੰਸਕਰਣ ਵਿੱਚ ਉਹ ਉੱਨੀਵੀਂ ਸਦੀ ਦੇ ਅੱਧ ਤੱਕ ਦੇ ਰੰਘਰੇਟਿਆਂ ਬਾਰੇ ਬੜੀ ਹੈਰਾਨੀਜਨਕ ਜਾਣਕਾਰੀ ਦਿੰਦਾ ਹੈ, ਉਨ੍ਹਾਂ ਦੇ ਨਾਂਅ, ਉਹਨਾਂ ਦੀ ਅਵਾਜ਼ ਬਣਦਾ ਤੇ ਉਹਨਾਂ ਦੀ ਵਿਅਕਤੀਗੱਤ ਅਤੇ ਸਮੂਹਿਕ ਸ਼ਮੂਲੀਅਤ ਨੂੰ ਖਾਲਸੇ ਦੇ ਵਿਕਾਸ ਵਿੱਚ ਸਹਾਈ ਹੁੰਦਿਆਂ ਤੇ ਵਡਿਆਉਂਦਿਆ।





ਬੇਘਰ ਹੋਈ ਦਲਿਤ ਨਾਰੀ ਤਰਸਯੋਗ ਸਥਿਤੀ ਵਿੱਚ

ਇਹ ਸੱਚ ਕਿ ਬਹੁਤ ਸਾਰੇ ਦਲਿਤ ਜਿਹੜੇ ਵਖਰੇਵੇਂ ਅਤੇ ਨਿਰਾਦਰ ਤੋਂ ਮੁਕਤੀ ਚਾਹੁੰਦੇ ਸਨ, ਉਹ ਖਾਲਸੇ ਸਜ ਗਏ। ਉਹਨਾਂ ਦੀ ਸਿੱਖ ਸਮਾਜ ਵਿੱਚ ਆਦਰਯੋਗ ਦਰਜੇ ਦੀ ਉਦਾਹਰਣ ਇਹ ਹੈ ਕਿ ਉਹਨਾਂ ਵਿੱਚੋਂ ਕਈ ਦਲਿਤ ਪਰਿਵਾਰਾਂ ਨਾਲ ਗੁਰੂਆਂ ਦੇ ਖਾਸ ਸਬੰਧ ਸਨ।ਖਾਸ ਪਰਿਵਾਰ ਭਾਈ ਜੈਤੇ ਹੋਰਾਂ ਦਾ ਸੀ। ਉਹਨਾਂ ਦਾ ਪੜਦਾਦਾ, ਭਾਈ ਕਲਿਆਣਾ ਅੰਮ੍ਰਿਤਸਰ ਲਾਗਲੇ ਕੱਥੂਨੰਗਲ ਪਿੰਡ ਦਾ ਵਸਨੀਕ ਸੀ। ਉਹ ਅਕਬਰ ਦੇ ਸਮੇਂ ਸਿੱਖ ਬਣਿਆ ਸੀ। ਉਸਨੇ ਪੰਜਵੇਂ ਤੇ ਛੇਵੇਂ ਗੁਰੂ ਦੀ ਬਹੁਤ ਸੇਵਾ ਕੀਤੀ। ਉਹਨਾਂ ਦਾ ਪੁੱਤਰ ਸੁੱਖਭਾਨ ਦਿੱਲੀ ਚਲਾ ਗਿਆ ਤੇ ਇੱਕ ਵੱਡਾ ਸੰਗੀਤਕਾਰ ਬਣਿਆ ਤੇ ਨੇੜਲੇ ਪਿੰਡ ਰਾਏਸੀਨਾ ਵਿੱਚ ਆਪਣੇ ਬਾਪ ਦੇ ਨਾਂਅ ਤੇ ਸੰਗੀਤ ਸਕੂਲ ਚਲਾਇਆ ਜਿਸਦਾ ਨਾਂਅ ਉਹਨਾਂ ਨੇ ਕਲਿਆਣ ਆਸ਼ਰਮ ਰੱਖਿਆ। ਕਲਿਆਣ ਆਸ਼ਰਮ ਬਾਅਦ ਵਿੱਚ ਕਲਿਆਣੇ ਦੀ ਧਰਮਸ਼ਾਲਾ ਕਰਕੇ ਪ੍ਰਸਿੱਧ ਹੋਇਆ ਤੇ ਦਿੱਲੀ ਜਾਣ ਵਾਲੇ ਸਿੱਖ ਯਾਤਰੀ ਉੱਥੇ ਠਹਿਰਦੇ। ਸੁੱਖਭਾਨ ਦਾ ਪੁੱਤਰ, ਜੱਸਭਾਨ ਵੀ ਬਹੁਤ ਵਧੀਆ ਸੰਗੀਤਕਾਰ ਤੇ ਦਿੱਲੀ ਦਾ ਨਾਂਅ ਵਾਲਾ ਸਿੱਖ ਸੀ। ਉਹ ਸੱਤਵੇਂ ਤੇ ਅੱਠਵੇਂ ਗੁਰੂ ਦੇ ਨੇੜੇ ਸੀ। ਜੱਸਭਾਨ ਦੇ ਦੋ ਪੁੱਤਰ, ਆਗਿਆ ਰਾਮ ਤੇ ਸਦਾਨੰਦ ਨੇ ਦਿੱਲੀ ਦੀਆਂ ਸਿੱਖ ਸੰਗਤਾਂ ਲਈ ਗੁਰਬਾਣੀ ਗਾਇਣ ਜਾਰੀ ਰੱਖਿਆ। ਸਦਾਨੰਦ ਬਹੁਤ ਵਧੀਆ ਗਵੱਈਆ ਤੇ ਗੁਰੂ ਤੇਗ ਬਹਾਦਰ (1621-75) ਦਾ ਸੰਗੀ ਸੀ। ਗੁਰੂਆਂ ਨਾਲ ਐਨੀ ਪਰਿਵਾਰਿਕ ਨੇੜਤਾ ਨੇ ਹੀ ਭਾਈ ਜੈਤੇ ਨੂੰ 1675 ਦੇ ਉਸ ਮਾਰ-ਵੱਢ ਵਾਲੇ ਔਖੇ ਸਮਿਆਂ ਵਿੱਚ ਨੌਵੇਂ ਗੁਰੂ ਦਾ ਸੀਸ ਦਿੱਲੀ ਤੋਂ ਆਨੰਦਪੁਰ ਲਿਆਉਣ ਲਈ ਉਤਸ਼ਾਹਿਤ ਕੀਤਾ। ਬੜੇ ਮੋਹ ਨਾਲ ਛੋਟੇ ਗੁਰੂ ਗੋਬਿੰਦ ਸਿੰਘ (1666-1708) ਨੇ ਭਾਈ ਜੈਤੇ ਨੂੰ ਬੁੱਕਲ ਚ ਲਿਆ ਤੇ ਉਹਨਾਂ ਨੂੰ 'ਰੰਘਰੇਟੇ ਗੁਰੂ ਕੇ ਬੇਟੇ' ਦਾ ਆਸ਼ੀਰਵਾਦ ਦਿੱਤਾ। ਜੈਤਾ ਬੜਾ ਨਿਡਰ ਯੋਧਾ ਸੀ ਤੇ ਉਹ ਗੁਰੂ ਨੂੰ ਏਨਾ ਪਿਆਰਾ ਸੀ ਕਿ ਆਪਣੇ ਚਾਰ ਪੁੱਤਰਾਂ ਤੋਂ ਬਾਅਦ ਗੁਰੂ ਨੇ ਉਹਨਾਂ ਨੂੰ ਪੰਜਵਾਂ ਸਾਹਿਬਜ਼ਾਦਾ ਕਿਹਾ ਸੀ। 1699 ਵਿੱਚ ਖਾਲਸੇ ਦੀ ਸਥਾਪਨਾ ਸਮੇਂ ਉਹਨਾਂ ਦਾ ਨਵਾਂ ਨਾਂਅ ਭਾਈ ਜੀਵਨ ਸਿੰਘ ਰੱਖਿਆ ਗਿਆ। ਉਹ 1704 ਦੀ ਮੁਗਲਾਂ ਨਾਲ ਚਮਕੌਰ ਦੀ ਗਹਿਗੱਚ ਲੜਾਈ ਵਿੱਚ ਸ਼ਹੀਦ ਹੋ ਗਿਆ।

ਸਿੱਖ, ਸਿੱਖ ਗੁਰੂਆਂ, ਨਾਇਕਾਂ ਅਤੇ ਸ਼ਹੀਦਾਂ ਨਾਲ ਸਬੰਧਿਤ ਵਸਤਾਂ ਤੇ ਥਾਵਾਂ ਨੂੰ ਸਾਂਭਣ ਵੱਲ ਬਹੁਤ ਧਿਆਨ ਦਿੰਦੇ ਹਨ, ਪਰ ਉਹਨਾਂ ਨੇ ਇਸ ਮਹਾਨ ਨਾਇਕ ਭਾਈ ਜੈਤੇ ਨੂੰ ਗੌਲਿਆ ਹੀ ਨਹੀਂ। ਭਾਵੇਂ ਕਿ ਉਹਨਾਂ ਨਾਲ ਸਬੰਧਤ ਬਹੁਤ ਥਾਵਾਂ ਤੇ ਗੁਰਦੁਆਰੇ ਬਣ ਗਏ ਹਨ। ਇਹ ਵੀ ਖਬਰਾਂ ਹਨ ਕਿ ਦਲਿਤ ਪਰਿਵਾਰ ਜਿਹੜੇ ਇਹਨਾਂ ਗੁਰਦੁਆਰਿਆਂ ਦੀ ਸਾਂਭ-ਸੰਭਾਲ ਕਰਦੇ ਹਨ ਉਹਨਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਿੰਦਿਆਂ ਵਲੋਂ ਤੰਗ ਕੀਤਾ ਜਾਂਦਾ ਹੈ। ਕਾਨੂੰਨ ਅਨੁਸਾਰ ਇਹ ਕਮੇਟੀ ਸਿੱਖ ਮਸਲਿਆਂ ਦੇ ਪ੍ਰਬੰਧ ਲਈ ਖਾਸ ਕਰਕੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਸਭ ਤੋਂ ਵੱਡੀ ਸੰਸਥਾ ਹੈ। ਭਾਈ ਜੈਤੇ ਨੂੰ ਇਸ ਹੱਦ ਤੱਕ ਅਣਗੌਲਿਆ ਗਿਆ ਹੈ ਕਿ ਕੋਈ ਇਹ ਕਹਿਣ ਜਾਂ ਮੰਨਣ ਲਈ ਵੀ ਤਿਆਰ ਨਹੀਂ ਕਿ ਉਹ ਇੱਕ ਵਿਦਵਾਨ ਕਵੀ ਸੀ। ਉਹਨਾਂ ਦੀ ਮਹਾਂਕਾਵਿਕ ਰਚਨਾ 'ਸ੍ਰੀ ਗੁਰ ਕਥਾ' ਵਿੱਚ ਗੁਰੂ ਗੋਬਿੰਦ ਸਿੰਘ ਦੇ ਜੀਵਨ ਦੇ ਅੱਖੀਂ ਡਿੱਠੇ ਵੇਰਵਿਆਂ ਦਾ ਬਿਆਨ ਹੈ। ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਇਹ ਰਚਨਾ ਸਿੱਖ ਵਿਦਵਾਨਾਂ ਦੇ ਨਜ਼ਰੀਂ ਹੀ ਨਹੀਂ ਚੜੀ, ਜਿਹਨਾਂ ਦੀਆਂ ਸਿੱਖ ਸਾਹਿਤ ਤੇ ਹੋਰ ਚੀਜ਼ਾਂ ਨੂੰ ਭਾਲਣ ਲਈ ਕੀਤੀਆਂ ਜਾਂਦੀਆ ਕੋਸ਼ਿਸ਼ਾਂ ਆਹਲਾ ਦਰਜੇ ਦੀਆਂ ਹਨ। ਸਿਰਫ਼ ਦਲਿਤ ਸਿੱਖ ਪਿਛੋਕੜ ਨੂੰ ਲੱਭਣ ਦੀ ਕੋਸ਼ਿਸ਼ ਵਜੋਂ ਤੇ ਦਲਿਤ ਵਿਦਵਤਾ ਦੇ ਉਭਾਰ ਕਾਰਨ ਹੁਣੇ ਜਿਹੇ ਹੀ ਭਾਈ ਜੈਤੇ ਨਾਲ ਸਬੰਧਤ ਸਾਹਿਤ ਸਾਹਮਣੇ ਆਇਆ ਹੈ।ਜਿਸ ਤਰ੍ਹਾਂ ਭਾਈ ਜੈਤੇ ਨੂੰ ਸਿੱਖ ਧਰਮ ਤੇ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਨਾਲ ਜੋੜਿਆ ਗਿਆ ਇਸ ਤੋਂ ਇਹ ਸਮਝ ਬਣਦੀ ਹੈ ਕਿ ਉਹਨਾਂ ਲਈ ਕਿਸੇ ਹੋਰ ਪਹਿਚਾਣ ਦਾ ਕੋਈ ਅਰਥ ਨਹੀਂ ਹੈ। ਉਹਨਾਂ ਦੀ ਰੰਘਰੇਟਾ ਪਹਿਚਾਣ ਨੇ ਉਹਨਾਂ ਦੀ ਸਿੱਖ ਪਹਿਚਾਣ ਨੂੰ ਨਿਗਲ ਲਿਆ ਹੈ। "ਜੈਤੇ ਤਾਰਨਹਾਰ ਗੁਰ ਤਾਰ ਦੀਏ ਰੰਘਰੇਟੜੇ, ਗੁਰ ਪਾਰਸ ਨੇ ਕਰ ਦੀਏ ਰੰਘਰੇਟੜੇ ਗੁਰ ਬੇਟੜੇ।"

ਸਿੱਖ ਬਣੇ ਦਲਿਤਾਂ ਦੀ ਗਿਣਤੀ ਦਾ ਅੰਦਾਜ਼ਾ ਗੁਰੂ ਦੀ ਸੈਨਾ ਵਿਚਲੀ ਉਹਨਾਂ ਗਿਣਤੀ ਤੋਂ ਲਗਾਇਆ ਜਾ ਸਕਦਾ ਹੈ। ਆਰਫ਼ਿ ਦਲਿਤ ਯੋਧਿਆਂ ਦੇ ਬੜੇ ਹੈਰਾਨੀਜਨਕ ਵੇਰਵੇ ਦਿੰਦਾ ਹੈ। ਉਹਨਾਂ ਵਿੱਚੋਂ ਕੁਝ ਗੁਰੂ ਦੇ 52 ਦਰਬਾਰੀ ਕਵੀਆਂ ਵਿੱਚੋਂ ਵੀ ਸਨ। ਉਹਨਾਂ ਚੋਂ ਨਾਂਅ ਵਾਲੇ ਕਵੀ ਧੰਨਾ ਸਿੰਘ ਘਈ, ਆਲਮ ਸਿੰਘ, ਧੱਕੜ ਸਿੰਘ, ਧਰਮ ਸਿੰਘ, ਗਰਜਾ ਸਿੰਘ, ਮਾਨ ਸਿੰਘ ਅਤੇ ਨਿਗਾਹੀ ਸਿੰਘ ਸਨ। ਅਠਾਰਵੀਂ ਸਦੀ ਦੇ ਅੱਧ ਤੱਕ ਜਦੋਂ ਮੁਗਲਾਂ ਦੇ ਲਗਾਤਾਰ ਅੱਤਿਅਚਾਰਾਂ ਕਾਰਨ ਸਿੱਖਾਂ ਨੇ ਆਪਣੇ ਆਪ ਨੂੰ ਪੰਜ ਜਥਿਆਂ ਵਿੱਚ ਵੰਡ ਲਿਆ, ਤਾਂ ਇਹਨਾਂ ਵਿੱਚੋਂ ਇੱਕ ਨਿਰੋਲ ਮਜ਼੍ਹਬੀਆ ਜਾਂ ਰੰਘਰੇਟਿਆਂ ਦਾ ਜਥਾ ਸੀ ਜਿਸਦਾ ਮੁਖੀ ਬੀਰ ਸਿੰਘ ਰੰਘਰੇਟਾ ਸੀ। ਉਸ ਕੋਲ 1300 ਸਿਪਾਹੀਆਂ ਦੀ ਫੌਜ ਸੀ। ਅਠਾਰਵੀਂ ਸਦੀ ਦੀ ਦਲਿਤ ਇਤਿਹਾਸ ਦੀ ਪੁਨਰਵਿਸ਼ਲੇਸ਼ਣ ਉਸਦੇ ਉਭਾਰ ਦੀ ਗੱਲ ਬੜੇ ਜ਼ੋਰ ਨਾਲ ਕਰਦਾ ਹੈ। ਉਹ ਬੜਾ ਪ੍ਰਭਾਵਸ਼ਾਲੀ ਕਮਾਂਡਰ ਸੀ ਜਿਸਨੂੰ ਜੱਟ ਕਮਾਂਡਰਾਂ ਨੇ ਧੋਖੇ ਨਾਲ ਖਤਮ ਕਰ ਦਿੱਤਾ। ਆਰਫ਼ਿ ਅਨੁਸਾਰ, 1760 ਤੱਕ ਸਿੱਖ ਆਪਣਾ ਅਜ਼ਾਦ ਰਾਜ ਕਾਇਮ ਕਰਨ ਵਿੱਚ ਕਾਮਯਾਬ ਹੋ ਗਏ ਤੇ ਉਹਨਾਂ ਦੇ ਕੁਝ ਕਮਾਂਡਰ ਵੱਖ-ਵੱਖ ਭਾਗਾਂ ਵਿੱਚ ਆਪਣੇ ਵਿਅਕਤੀਗੱਤ ਰਾਜ ਚਾਹੁੰਦੇ ਸਨ ਜਿਸਦਾ ਬੀਰ ਸਿੰਘ ਰੰਘਰੇਟਾ ਨੇ ਵਿਰੋਧ ਕੀਤਾ। ਉਹਨਾਂ ਨੇ ਗੁਰੂ ਦੇ ਹੁਕਮ ਤੇ ਲੋਕਤੰਤਰੀ ਸਿਧਾਂਤਾਂ ਨੂੰ ਮੰਨਣ ਦੀ ਜ਼ਿਦ ਕੀਤੀ ਕਿ ਸੱਤਾ ਸਰਬੱਤ ਖਾਲਸੇ ਕੋਲ ਗੁਰੂ ਪੰਥ ਵਿੱਚ ਨਿਹਿਤ ਰਹਿਣੀ ਚਾਹੀਦੀ ਹੈ। ਚੜ੍ਹਤ ਸਿੰਘ -ਰਣਜੀਤ ਸਿੰਘ ਦਾ ਬਾਬਾ- ਅਤੇ ਬਾਬਾ ਆਲਾ ਸਿੰਘ, ਪਟਿਆਲੇ ਦੇ ਸੰਸਥਾਪਕ ਨੇ ਬੀਰ ਸਿੰਘ ਰੰਘਰੇਟਾ ਨੂੰ ਪਿਸ਼ਾਵਰ ਤੋਂ ਅੰਮ੍ਰਿਤਸਰ ਬੁਲਾਉਣ ਦੀ ਸਾਜ਼ਿਸ਼ ਘੜੀ ਤੇ ਧੋਖੇ ਨਾਲ ਉਸਦੇ ਸੈਨਿਕਾਂ ਤੋਂ ਹਥਿਆਰ ਲੈ ਲਏ (ਕਾਰਨ ਇਹ ਦੱਸਿਆ ਕਿ ਉਹ ਦਰਬਾਰ ਸਾਹਿਬ ਅੰਦਰ ਹਥਿਆਰ ਲੈ ਕੇ ਨਹੀਂ ਆ ਸਕਦੇ) ਤੇ ਉਹਨਾਂ ਨੂੰ ਪੰਜ-ਪੰਜ ਕਰਕੇ ਦਰਬਾਰ ਸਾਹਿਬ ਦੀ ਹੱਦ ਅੰਦਰ ਕਤਲ ਕਰ ਦਿੱਤਾ ਗਿਆ। ਉਹਨਾਂ ਨੂੰ ਪੰਜ-ਪੰਜ ਕਰਕੇ ਹੀ ਅੰਦਰ ਆਉਣ ਦਿੱਤਾ ਗਿਆ ਸੀ। ਉਸਤੋਂ ਬਾਅਦ ਮਜ਼ਹਬੀਆਂ ਨੂੰ ਕੋਈ ਵੀ ਉੱਚੀ ਸੈਨਿਕ ਪਦਵੀ ਨਹੀਂ ਦਿੱਤੀ ਗਈ, ਹਾਲਾਂਕਿ ਉਹਨਾਂ ਦੀ ਸੈਨਿਕ ਤਾਕਤ ਦਾ ਬਹੁਤੀਆਂ ਮਿਸਲਾਂ ਨੇ ਇਸਤੇਮਾਲ ਕੀਤਾ। ਨਿਸ਼ਾਨਵਾਲੀਆ ਮਿਸਲ ਦੀ ਕਮਾਂਡ ਹਿੰਦੂ ਖੱਤਰੀਆਂ ਦੇ ਹੱਥਾਂ ਵਿੱਚ ਹੋਣ ਦੇ ਬਾਵਜੂਦ ਇਸ ਵਿੱਚ ਮਜ਼ਹਬੀ ਸਿੱਖ ਵੱਡੀ ਗਿਣਤੀ ਵਿੱਚ ਸਨ। ਇੱਕ ਹੋਰ ਮਿਸਲ ਡੱਲੇਵਾਲੀਆ ਮਿਸਲ ਵਿੱਚ ਤਾਰਾ ਸਿੰਘ ਘੇਬਾ ਨੇ ਇਸਦੇ ਸੰਸਥਾਪਕ, ਗੁਲਾਬ ਸਿੰਘ ਦੀ ਮੌਤ ਬਾਅਦ ਇਸਦੀ ਕਮਾਂਡ ਸੰਭਾਲੀ। ਉਸਨੇ ਆਪਣੇ ਹੈੱਡਕੁਆਰਟਰ ਰਾਹੋਂ ਤੋਂ ਆਪਣੀ ਮੌਤ (1807) ਤੱਕ ਉੱਥੇ ਰਾਜ ਕੀਤਾ।

ਸਿੱਖ ਲਹਿਰ ਵਿੱਚ ਦਲਿਤਾਂ ਦੀ ਸ਼ਮੂਲੀਅਤ ਬਾਰੇ ਫ਼ਾਰਸੀ ਦੇ ਸਰੋਤਾਂ ਤੋਂ ਵਧੇਰੇ ਜਾਣਕਾਰੀ ਮਿਲਦੀ ਹੈ, ਪਰ ਸਿਆਸੀ ਕਾਰਨਾਂ ਕਰਕੇ ਇਹ ਪੂਰੀ ਤਰ੍ਹਾਂ ਸਿੱਖ ਵਿਰੋਧੀ ਹਨ। ਗੁਰੂ ਗੋਬਿੰਦ ਸਿੰਘ ਦੀ ਮੌਤ ਬਾਅਦ, ਬੰਦਾ ਬਹਾਦਰ (1670-1716) ਨੂੰ ਗੁਰੂ ਨੇ ਮਹਾਂਰਾਸ਼ਟਰ ਤੋਂ ਪੰਜਾਬ ਵਿੱਚ ਸਿੱਖਾਂ ਤੇ ਹੁੰਦੇ ਜ਼ੁਲਮਾਂ ਤੋਂ ਉਹਨਾਂ ਨੂੰ ਬਚਾਉਣ ਲਈ ਭੇਜਿਆ ਸੀ। ਬੰਦਾ ਸਿੰਘ ਸਿੱਖਾਂ ਨੂੰ ਮੁਗਲ ਸੂਬੇਦਾਰਾਂ ਵਿਰੁੱਧ ਲੜਨ ਲਈ ਲਾਮਬੰਦ ਕਰਨ ਵਿੱਚ ਕਾਮਯਾਬ ਹੋ ਗਿਆ। ਮੁਹੰਮਦ ਸ਼ਫ਼ੀ ਵਾਰਿਦ ਬੰਦਾ ਬਹਾਦਰ ਦੀ ਸਰਹੰਦ ਫਤਿਹ ਤੋਂ ਬਾਅਦ ਉਸਦੀਆਂ ਸਮਾਨਤਾ ਦੀਆਂ ਨੀਤੀਆਂ ਦਾ ਡਟਕੇ ਵਿਰੋਧ ਕਰਦਾ ਹੈ: ਵਜ਼ੀਰ ਖਾਨ ਦੇ ਕਤਲ ਬਾਅਦ, ਉਸਨੇ (ਬੰਦਾ ਬਹਾਦਰ) ਕਿਹਾ ਕਿ ਚਾਹੇ ਉਹ ਹਿੰਦੂ ਹੋਵੇ ਜਾਂ ਮੁਸਲਮਾਨ, ਜੋ ਵੀ ਸਿੱਖ ਬਣ ਗਏ, ਉਹ ਇੱਕ ਹੋਣਗੇ ਤੇ ਸਾਰੇ ਇਕੱਠੇ ਲੰਗਰ ਛਕਣਗੇ ਤਾਂ ਕਿ ਉੱਚੇ ਨੀਵੇਂ ਦਾ ਕੋਈ ਫਰਕ ਨਾ ਰਹੇ ਤੇ ਸਾਰੇ ਰਲ-ਮਿਲਕੇ ਰਹਿਣ ਤੇ ਇੱਕਠੇ ਹੋ ਕੇ ਕੰਮ ਕਰਨ। ਇੱਕ ਰਾਜਾ ਤੇ ਭੰਗੀ ਇਕੱਠੇ ਬੈਠਦੇ ਸਨ ਤੇ ਉਹਨਾਂ ਵਿੱਚ ਕੋਈ ਵੈਰ ਭਾਵ ਨਹੀਂ ਸੀ...।

ਜਿੱਥੇ ਇਹ ਹੈਰਾਨੀਜਨਕ ਲੱਗਦਾ ਹੈ ਉੱਥੇ ਇਹ ਰੱਬੀ ਮਾਰ ਵੀ ਲੱਗਦੀ ਹੈ ਕਿ ਇਹਨਾਂ ਇਲਾਕਿਆਂ ਦੇ ਬਾਸ਼ਿੰਦਿਆਂ ਦੀ ਬਹਾਦਰੀ ਕਿੱਧਰ ਚਲੇ ਗਈ ਸੀ। ਭਾਵੇਂ ਉਹ ਨੀਵੀਂ ਜਾਤ ਦਾ ਭੰਗੀ ਹੋਵੇ ਜਾਂ ਚਮਾਰ, ਜਿਹੜੇ ਅਵਰਣ ਸਨ ਭਾਵ ਜਿਹਨਾਂ ਦੀ ਹਿੰਦੁਸਤਾਨ ਵਿੱਚ ਕੋਈ ਜਾਤ ਵੀ ਨਹੀਂ ਸੀ, ਉਹ ਜਦੋਂ ਉਸ (ਬੰਦੇ) ਕੋਲ ਜਾਂਦੇ, ਤਾਂ ਬੰਦਾ ਉਹਨਾਂ ਨੂੰ ਆਪਣੇ ਇਲਾਕੇ ਦਾ ਰਾਜ-ਕਾਜ ਦੇਖਣ ਲਈ ਸਨਦ (ਰਾਜ ਕਰਨ ਦੀ ਪ੍ਰਵਾਨਗੀ) ਭੇਟ ਕਰਦਾ। ਉਹ (ਬੰਦੇ ਦੁਆਰਾ ਨਿਯੁਕਤ ਕਰਮਚਾਰੀ) ਘਰਾਂ ਵਿੱਚ ਪਈਆਂ ਕੀਮਤੀ ਚੀਜ਼ਾਂ ਲਿਆ ਕੇ ਗੁਰੂ ਦੇ ਖਜ਼ਾਨੇ ਵਿੱਚ ਜਮ੍ਹਾਂ ਕਰਾਉਣ ਦਾ ਹੁਕਮ ਦਿੰਦਾ।

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਪੂਰੀ ਅਠਾਰਵੀਂ ਸਦੀ ਵਿੱਚ ਇਹ ਰੁਝਾਨ ਜਾਰੀ ਰਿਹਾ। ਦਲਿਤਾਂ ਦੀ ਸਿੱਖ ਪੰਥ ਅਤੇ ਰਣਜੀਤ ਸਿੰਘ ਦੀ ਫੌਜ ਵਿੱਚ ਗਿਣਤੀ ਜ਼ਿਕਰਯੋਗ ਸੀ। ਸਾਡੇ ਕੋਲ ਗੁਲਾਮ ਅਲੀ ਦੁਆਰਾ 1808 ਵਿੱਚ ਲਿਖੇ ਉੱਤਰੀ ਭਾਰਤ ਦੇ ਅਵਧ ਸੂਬੇ ਦੇ ਇਤਿਹਾਸ ਦੇ ਵੇਰਵੇ ਹਨ। ਉਹ ਕਹਿੰਦਾ ਹੈ:

ਆਖਰ, ਹੁਣ (1808 ਈਸਵੀ) ਤੱਕ ਅਟਕ (ਸਿੰਧੂ) ਨਦੀ ਤੱਕ ਸਾਰਾ ਪੰਜਾਬ ਪ੍ਰਦੇਸ਼ ਅਤੇ ਇਸ ਪਾਸੇ ਮੁਲਤਾਨ ਤੱਕ ਅਤੇ ਸਤਲੁਜ ਦੇ ਕੰਢੇ ਤੋਂ ਲੈ ਕੇ ਕਰਨਾਲ ਤੱਕ... ਇਸ ਪੰਥ ਦੇ ਕਬਜ਼ੇ ਹੇਠ ਹੈ। ਉਹਨਾਂ ਦੇ ਉੱਚੇ ਰੁਤਬੇ ਵਾਲੇ ਨੇਤਾ ਜ਼ਿਆਦਾ-ਤਰ ਨੀਵੀਂਆਂ ਜਾਤਾਂ ਵਿੱਚੋਂ ਸਨ ਜਿਵੇਂ ਕਿ ਤਰਖਾਣ, ਚਮਾਰ ਅਤੇ ਜੱਟ...।

ਉਸ ਸੈਨਾ ਦੇ ਨਾਲ ਜਿਸਨੂੰ ਉਹ ਦਲ ਕਹਿੰਦੇ ਸਨ, ਪੰਜਾਬ ਵਿੱਚ ਸਿੱਖਾਂ ਦੀ ਗਿਣਤੀ ਲੱਖਾਂ ਤੱਕ ਪਹੁੰਚ ਗਈ ਸੀ, ਕਿਉਂਕਿ ਫੇਰੀ ਵਾਲੇ, ਬਿਸਕੁਟ ਬਨਾਉਣ ਵਾਲੇ, ਘਾਹੀ, ਅਨਾਜ ਵੇਚਣ ਵਾਲੇ, ਨਾਈ, ਧੋਬੀ, ਸਾਰੇ ਕੇਸ ਰੱਖਦੇ ਤੇ ਵਾਹਿਗੁਰੂ ਦੀ ਫਤਿਹ ਕਹਿੰਦੇ ਤੇ ਇਕੱਠੇ ਭੋਜਨ ਛਕਦੇ ਸਨ। ਉਹ ਸਿਰਫ਼ ਪੰਜਾਬ ਵਿੱਚ ਹੀ ਨਹੀਂ ਹਨ; ਸ਼ਾਹਜਹਾਨਾਬਾਦ (ਦਿੱਲੀ) ਤੋਂ ਲੈ ਕੇ ਕਲਕੱਤਾ, ਹੈਦਰਾਬਾਦ ਅਤੇ ਚੇਨਾਪਟਨ (ਚੇਨੱਈ) ਭਾਵ ਸਾਰੇ ਹਿੰਦੁਸਤਾਨ ਵਿੱਚ ਸਮੂਹਾਂ ਦੇ ਸਮੂਹ ਇਸ ਪੰਥ ਨਾਲ ਸਬੰਧਿਤ ਹਨ। ਪਰ ਉਹਨਾਂ ਵਿੱਚੋਂ ਬਹੁਤੇ ਵਣਜਾਰੇ ਹਨ ਤੇ ਉਹ ਕਿਸੇ ਉੱਚੀ ਕੁਲ ਵਿੱਚ ਪੈਦਾ ਨਹੀਂ ਹੋਏ।

ਭਾਵੇਂ ਕਿ ਉਹਨਾਂ ਦੇ ਫ਼ੌਜੀ ਰੁਤਬਿਆਂ ਵਿੱਚ ਕਮੀ ਕਰ ਦਿੱਤੀ ਗਈ, ਪਰ ਦਲਿਤ ਸਿੱਖ ਸਿਪਾਹੀਆਂ ਅਤੇ ਲੜਾਕਿਆਂ ਵਜੋਂ ਮਸ਼ਹੂਰ ਰਹੇ। ਉਹਨਾਂ ਦਾ ਪ੍ਰਭਾਵ ਰਣਜੀਤ ਸਿੰਘ ਵੇਲੇ ਵੀ ਬਣਿਆ ਰਿਹਾ ਜਿਸਨੇ ਉਹਨਾਂ ਨੂੰ 1826 ਵਿੱਚ ਦਰਬਾਰ ਸਾਹਿਬ ਦੇ ਵਿਹੜੇ ਵਿੱਚ ਮਜ਼੍ਹਬੀ ਸਿੱਖਾਂ ਦਾ ਬੁੰਗਾ ਬਨਾਉਣ ਦੇ ਸਮਰਥ ਬਣਾਇਆ। ਮਜ਼ਹਬੀ ਬੁੰਗਾ ਬਾਅਦ ਵਿੱਚ ਢਾਹ ਦਿੱਤਾ ਗਿਆ ਤੇ ਉਸਨੂੰ ਗੁਰੂ ਰਾਮਦਾਸ ਲੰਗਰ ਹਾਲ ਵਿੱਚ ਮਿਲਾ ਲਿਆ ਗਿਆ। ਮਜ਼੍ਹਬੀਆਂ ਦਾ ਬੁੰਗਾ ਤਰਨਤਾਰਨ ਦੇ ਪਵਿੱਤਰ ਅਸਥਾਨ ਤੇ ਵੀ ਸੀ। ਪੰਜਾਬ ਦੇ 1849 ਵਿੱਚ ਬਰਤਾਨਵੀ ਕਬਜ਼ੇ ਹੇਠ ਆਉਣ ਕਾਰਨ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਤੋਂ ਮਜ਼੍ਹਬੀ ਸਿੱਖਾਂ ਨੂੰ ਹਟਾ ਕੇ ਇਹਨਾਂ ਦਾ ਪ੍ਰਬੰਧ ਹਿੰਦੂ ਮਹੰਤਾਂ ਨੂੰ ਦੇ ਦਿੱਤਾ ਗਿਆ। ਉਸਤੋਂ ਬਾਅਦ ਹਿੰਦੂ-ਸਿੱਖਾਂ ਦਾ ਇਹਨਾਂ ਧਾਰਮਿਕ ਸਥਾਨਾਂ ਤੇ ਪੂਰੀ ਤਰ੍ਹਾਂ ਕਬਜ਼ਾ ਹੋ ਗਿਆ।

ਸਿਰਜਣਸ਼ੀਲਤਾ, ਖਾਸ ਕਰਕੇ ਸਾਹਿਤਿਕ ਸਿਰਜਣਸ਼ੀਲਤਾ, ਇੱਕ ਹੋਰ ਖੇਤਰ ਹੈ ਜਿੱਥੇ ਸਿੱਖ ਧਰਮ ਨੇ ਦਲਿਤਾਂ ਦੀ ਜ਼ਿੰਦਗੀ ਵਿੱਚ ਹਾਂ-ਪੱਖੀ ਭੂਮਿਕਾ ਨਿਭਾਈ। ਭਾਈ ਜੈਤਾ ਲਿਖਤ 'ਸ੍ਰੀ ਗੁਰ ਕਥਾ' ਦਾ ਪਹਿਲਾਂ ਹੀ ਹਵਾਲਾ ਦਿੱਤਾ ਜਾ ਚੁੱਕਾ ਹੈ। ਇਹ ਮਹਾਂਕਾਵਿ ਅਠਾਰਵੀਂ ਸਦੀ ਦੇ ਸ਼ੁਰੂ ਵਿੱਚ ਰਚਿਆ ਗਿਆ ਸੀ। ਦੂਸਰੇ ਦਲਿਤ ਕਵੀ ਸੰਤ ਵਜ਼ੀਰ ਸਿੰਘ (1790-1859) ਨੇ ਪੰਜਾਬੀ ਤੇ ਬ੍ਰਜ ਦੋਹਾਂ ਭਾਸ਼ਾਵਾਂ ਵਿੱਚ ਤਾਤਵਿਕ, ਆਲੌਕਿਕ ਤੇ ਸਮਾਜਿਕ ਕਾਵਿ ਦੀ ਵਾਹਵਾ ਰਚਨਾ ਕੀਤੀ। ਬਹੁਤ ਸਾਰੇ ਲੋਕ ਉਸਦੇ ਚੇਲੇ ਬਣ ਗਏ ਜਿਹਨਾਂ ਵਿੱਚ ਪੰਜ ਉੱਚ ਜਾਤੀ ਦੇ ਚੇਲੇ ਕਵੀ ਵੀ ਸਨ। ਉਹਨਾਂ ਪੰਜਾਂ ਕਵੀਆਂ ਵਿੱਚੋਂ ਇੱਕ ਸੀ ਨੂਰੰਗ ਦੇਵੀ, ਜਿਹੜੀ ਸੰਤ ਵਜ਼ੀਰ ਸਿੰਘ ਦੀ ਦੇਖ ਰੇਖ ਹੇਠ ਬਣੀ ਪਹਿਲੀ ਪੰਜਾਬੀ ਕਵਿਤਰੀ ਸੀ। ਅਗਲਾ ਦਲਿਤ ਦਾਨਿਸ਼ਵਰ ਲੇਖਕ ਗਿਆਨੀ ਦਿੱਤ ਸਿੰਘ (1852-1901) ਇੱਕ ਕਵੀ, ਅਧਿਆਪਕ, ਵਾਦ-ਵਿਵਾਦ ਦਾ ਸ਼ੌਕੀਨ, ਪੱਤਰਕਾਰ, ਬੁਲਾਰਾ ਤੇ ਪੱਕਾ ਸਿੱਖ ਪ੍ਰਚਾਰਕ ਸੀ , ਜੋ ਸਿੰਘ ਸਭਾ ਲਹਿਰ ਦਾ ਥੰਮ੍ਹ ਸਾਬਿਤ ਹੋਇਆ। ਸਾਧੂ ਦਇਆ ਸਿੰਘ ਆਰਿਫ਼ (1894-1946) ਗੁਰਮੁਖੀ, ਉਰਦੂ, ਅਰਬੀ, ਫ਼ਾਰਸੀ ਤੇ ਸੰਸਕ੍ਰਿਤ ਜ਼ੁਬਾਨਾਂ ਦਾ ਗਿਆਤਾ ਸੀ। ਉਹ ਆਪਣੇ ਵੇਲੇ ਦਾ ਪੰਜਾਬ ਦਾ ਸਭ ਤੋਂ ਜਾਣਿਆ-ਪਹਿਚਾਣਿਆਂ ਦਾਨਿਸ਼ਵਰ ਕਵੀ ਸੀ। ਉਹਨਾਂ ਦੀ ਪਹਿਲੀ ਕਾਵਿ ਰਚਨਾ "ਫ਼ਨਾਹ-ਦਰ-ਮਕਾਨ" ਉਸ ਸਮੇਂ ਛਪ ਗਈ ਸੀ ਜਦੋਂ ਉਹ ਅਜੇ ਵੀਹ ਸਾਲਾਂ ਦਾ ਹੀ ਸੀ। ਉਹ ਰਚਨਾ ਜਿਸ ਨਾਲ ਉਹ ਪੰਜਾਬ ਦੇ ਘਰ-ਘਰ ਜਾਣਿਆ ਜਾਣ ਲੱਗਾ, ਉਹ ਸੀ "ਜ਼ਿੰਦਗੀ ਬਿਲਾਸ", ਜਿਹੜੀ 1916 ਵਿੱਚ ਪੂਰੀ ਹੋਈ ਸੀ। ਇਹ ਉਪਦੇਸ਼ਾਤਮਿਕ ਕਾਵਿ ਸੀ ਜਿਸਨੇ ਲੋਕਾਂ ਦੀ ਸੋਚ ਨੂੰ ਟੁੰਬਿਆ। 'ਜ਼ਿੰਦਗੀ ਬਿਲਾਸ' ਵਾਰਿਸ ਸ਼ਾਹ ਦੀ ਹੀਰ ਤੋਂ ਬਾਅਦ ਸਭ ਤੋਂ ਵਧ ਛਪੀ, ਪੜ੍ਹੀ ਅਤੇ ਸੁਣੀ ਜਾਂਦੀ ਸਾਹਿਤਿਕ ਕਿਰਤ ਸੀ। ਇਹ ਸਭ ਕਿਰਤਾਂ ਪੰਜਾਬ ਦੇ ਸਾਹਿਤ ਦੇ ਇਤਿਹਾਸ ਵਿੱਚੋਂ ਗੁੰਮ ਹੀ ਰਹੀਆਂ। ਵੀਹਵੀਂ ਸਦੀ ਦੇ ਮੁੱਢ ਤੋਂ ਹੀ ਕੁਝ ਦਲਿਤ ਲੇਖਕ ਸਪਸ਼ਟ ਦਲਿਤ ਚੇਤਨਾ ਤਹਿਤ ਲਿਖ ਰਹੇ ਹਨ। ਜਾਤ ਤੇ ਛੂਤਛਾਤ ਨੇ ਸਿੱਖਾਂ ਨੂੰ ਵੀ ਪ੍ਰਭਾਵਿਤ ਕੀਤਾ, ਖਾਸ ਕਰਕੇ ਪਿਛਲੀਆਂ ਦੋ ਸਦੀਆਂ ਵਿੱਚ। ਅਠਾਰਵੀਂ ਸਦੀ ਦੇ ਦੂਜੇ ਅੱਧ ਵਿੱਚ ਸਨਾਤਨ ਸਿੱਖੀ ਭਾਵ ਸਿੱਖੀ ਵਿੱਚ ਹਿੰਦੂ ਜਾਤ ਅਧਾਰਿਤ ਰੀਤਾਂ-ਰਸਮਾਂ ਤੇ ਦਾ ਹੌਲੀ-ਹੌਲੀ ਪ੍ਰਚਲਨ ਹੋ ਰਿਹਾ ਸੀ। ਉਨੀਵੀਂ ਸਦੀ ਦੇ ਅੰਤ ਤੱਕ ਇਸਨੇ ਬਹੁਤ ਭੈੜਾ ਰੂਪ ਅਖ਼ਤਿਆਰ ਕਰ ਲਿਆ। ਸਨਾਤਨ ਸਿੱਖੀ ਦੇ ਚਿੰਨ੍ਹ ਸਭ ਤੋਂ ਪਹਿਲਾਂ ਸਿੱਖ ਗੁਰੂਆਂ ਦੇ ਪੂਰਵਜਾਂ ਸਬੰਧੀ ਲਿਖੇ ਇਤਿਹਾਸ "ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ" ਵਿੱਚ ਮਿਲਦੇ ਹਨ ਜਿਹੜੀ 1769 ਵਿੱਚ ਸਿਰੇ ਚੜੀ। ਛਿੱਬਰ ਜੰਮੂ ਦੇ ਬ੍ਰਾਹਮਣ ਪਰਿਵਾਰ ਨਾਲ ਸਬੰਧਿਤ ਸੀ। ਉਹ ਗੁਰੂ ਗੋਬਿੰਦ ਸਿੰਘ ਦੀ ਤਾਕਤ ਤੇ ਸਫ਼ਲਤਾ ਨੂੰ ਹਿੰਦੂ ਦੇਵੀ-ਦੇਵਤਿਆਂ ਦੀ ਪੂਜਾ ਦੀ ਦੇਣ ਮੰਨਦਾ ਹੈ। ਇਸੇ ਲਈ ਉਹ ਸਿੱਖ ਗੁਰੂਆਂ ਦੇ ਵੇਰਵਿਆਂ ਵਿੱਚ ਬ੍ਰਾਹਮਣਾਂ ਦੀ ਭੂਮਿਕਾ ਨੂੰ ਅਹਿਮ ਥਾਂ ਦਿੰਦਾ ਹੈ। ਆਰਫ਼ਿ ਆਪਣੀ ਕਿਤਾਬ ਦੇ ਸੌ ਤੋਂ ਵੱਧ ਸਫ਼ੇ ਛਿੱਬਰ ਦੀ ਕਿਤਾਬ ਦੀ ਪੁਣਛਾਣ ਲੇਖੇ ਲਾ ਦਿੰਦਾ ਹੈ ਤੇ ਉਸਦੇ ਕੰਮ ਤੋਂ ਖਿਝਕੇ ਕਹਿੰਦਾ ਹੈ ਕਿ ਇਹ ਲਿਖਤ ਸਿੱਖ ਗੁਰੂਆਂ ਦੇ ਦਰਸ਼ਨ ਖਿਲਾਫ਼ ਸਾਜ਼ਿਸ਼ ਹੈ ਕਿਉਂਕਿ ਇਸਦਾ ਉਦੇਸ਼ ਸਿਰਫ਼ ਤੇ ਸਿਰਫ਼ ਬ੍ਰਾਹਮਣੀ ਵਿਚਾਰਾਂ ਦਾ ਪ੍ਰਚਾਰ ਕਰਨਾ ਹੈ। ਇੱਥੋਂ ਤੱਕ ਕਿ ਇਹ ਝੂਠ ਦਾ ਪੁਲੰਦਾ ਹੈ ਜਿਸ ਵਿੱਚ 80-90 ਪ੍ਰਤੀਸ਼ਤ ਤਾਰੀਖਾਂ ਗਲਤ ਹਨ। ਗੁਰੂਆਂ ਦੇ ਸਿਧਾਂਤਾਂ ਅਤੇ ਰਵਾਇਤਾਂ ਤੇ ਬ੍ਰਾਹਮਣੀ ਰੰਗ ਚਾੜਿਆ ਹੋਇਆ ਹੈ। ਇਤਿਹਾਸਕਾਰ ਜੇ. ਐਸ. ਗਰੇਵਾਲ ਵੀ ਛਿੱਬਰ ਦੀ ਲਿਖਤ ਦੀ ਨਿਖੇਧੀ ਕਰਦਾ ਹੈ ਤੇ ਇਸਨੂੰ ਸਿੱਖ ਪ੍ਰੰਪਰਾ ਦਾ ਬ੍ਰਾਹਮਣੀਕਰਨ ਕਰਨਾ ਕਹਿੰਦਾ ਹੈ। ਸੁਚੇਤ ਜਾਂ ਅਚੇਤ ਛਿੱਬਰ ਖਾਲਸੇ ਦੀ ਪ੍ਰੰਪਰਾ ਦਾ ਬ੍ਰਾਹਮਣੀਕਰਨ ਕਰਨ ਦੀ ਲਗਾਤਾਰ ਤੇ ਗੰਭੀਰ ਕੋਸ਼ਿਸ਼ ਕਰਦਾ ਹੈ।"

ਕਿੱਡਾ ਵਿਅੰਗ ਹੈ ਕਿ ਹਿੰਦੂ ਜਾਤ ਕੇਂਦਰਿਤ ਰਹੁ-ਰੀਤਾਂ ਪਹਿਲੇ ਸਿੱਖ ਰਾਜ ਦੇ ਸੰਸਥਾਪਕ ਰਣਜੀਤ ਸਿੰਘ (1780-1839) ਦੇ ਰਾਜ ਵਿੱਚ ਸਿੱਖੀ ਅੰਦਰ ਆਈਆਂ। ਉੱਨੀਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਵੀ ਖਾਲਸੇ ਦੀ ਸਾਂਝੀਵਾਲਤਾ ਵਾਲੀ ਭਾਵਨਾ ਕਾਇਮ ਰਹੀ, ਜਿਵੇਂ ਕਿ ਜੌਹਨ ਮੈਲਕਮ ਨੇ ਕਿਆਸਿਆ ਹੈ,"ਜਿੱਥੇ ਵੀ ਗੁਰੂ ਗੋਬਿੰਦ ਸਿੰਘ ਦੇ ਖਾਲਸੇ ਦਾ ਬੋਲਬਾਲਾ ਹੈ, ਬ੍ਰਹਮਾ ਦੀ ਸੰਸਥਾ ਡਿੱਗ ਜਾਏਗੀ। ਨਵਧਰਮੀਆਂ ਦਾ ਦਾਖਲਾ, ਜਾਤ ਤੇ ਵਖਰੇਵੇਂ ਦਾ ਖਾਤਮਾ, ਸਿਵਾਇ ਗਾਂ ਦੇ ਸਭ ਤਰ੍ਹਾਂ ਦਾ ਮਾਸ ਖਾਣਾ, ਧਾਰਮਿਕ ਪੂਜਾ ਦਾ ਢੰਗ ਤੇ ਸਾਰੇ ਸਿੰਘਾਂ ਦਾ ਹਥਿਆਰਾਂ ਪ੍ਰਤੀ ਪ੍ਰੇਮ, ਇਹ ਸਾਰੇ ਹਿੰਦੂ ਮਿਥਿਹਾਸ ਨਾਲ ਮੇਲ ਨਹੀਂ ਖਾਂਦੇ।ਇਸੇ ਲਈ ਸਿੱਖ ਧਰਮ ਉੱਚ ਜਾਤੀਏ ਹਿੰਦੂਆਂ ਲਈ ਨਿੰਦਿਆਯੋਗ ਹੋ ਗਿਆ ਤੇ ਨਾਲ ਦੀ ਨਾਲ ਇਹ ਬਹੁਤ ਸਾਰੇ ਨੀਵੇਂ ਤਬਕਿਆਂ ਵਿੱਚ ਲੋਕਪ੍ਰਿਯ ਹੋ ਗਿਆ।

ਰਣਜੀਤ ਸਿੰਘ ਦੇ ਇੱਕ ਸਿਪਾਹੀ ਹੈਨਰੀ

(ਬਾਕੀ ਅਗਲੇ ਸਫੇ 'ਤੇ)

# ਦਲਿਤ ਸਿੱਖ ਇਤਿਹਾਸ ਦੀ ਸਮਝ / ਪੜ੍ਹਚੋਲ ਕਰਦਿਆਂ

(ਸਫਾ 23 ਦੀ ਬਾਕੀ)

ਸਟੈਨਬੈਕ ਨੇ ਉਸ ਗੱਲ ਦਾ ਬੜਾ ਚਤੁਰ ਨਿਰੀਖਣ ਕੀਤਾ ਹੈ ਜਿਸ ਵਿੱਚ ਮੈਲਕਮ ਦੇ ਬਿਆਨ ਬਾਅਦ ਬਦਲਾਅ ਆ ਗਿਆ ਸੀ,"ਰਣਜੀਤ ਸਿੰਘ ਦੁਆਰਾ ਗੈਰ-ਜ਼ਿੰਮੇਵਾਰ ਤਰੀਕੇ ਨਾਲ ਸੱਤਾ ਤੇ ਕਬਜ਼ੇ ਨੇ ਕਿਸੇ ਹੱਦ ਤੱਕ ਖਾਲਸੇ ਦੀ ਤਾਕਤ ਨੂੰ ਬਰਬਾਦ ਕਰ ਦਿੱਤਾ।" ਇੱਕ ਹੋਰ ਯੂਰਪੀਨ ਯਾਤਰੀ ਬੈਰਨ ਚਾਰਲਸ ਹਿਊਗਲ ਨੇ ਦੇਖਿਆ ਕਿ ਰਣਜੀਤ ਸਿੰਘ ਦੇ ਸਮੇਂ ਹਿੰਦੂ ਰੀਤਾਂ-ਰਸਮਾਂ ਬੜੀ ਤੇਜ਼ੀ ਨਾਲ ਸਿੱਖ ਸੱਭਿਆਚਾਰ ਅੰਦਰ ਆ ਰਹੀਆਂ ਸਨ, ਜਿਸਨੇ ਇਹ ਵੀ ਨੋਟ ਕੀਤਾ ਕਿ "ਹਰ ਉਸ ਧਰਮ ਵਾਂਗ ਜੋ ਦੇਵਵਾਦ ਵਿੱਚ ਨਿਹਿੱਤ ਸੀ, ਸਿੱਖ ਧਰਮ ਪਹਿਲਾਂ ਹੀ ਭ੍ਰਸ਼ਟ ਹੋ ਗਿਆ ਹੈ: ਮੂਰਤੀ ਪੂਜਾ ਤੇ ਜਾਤਾਂ ਦਾ ਵਖਰੇਵਾਂ ਹੌਲੀ-ਹੌਲੀ ਉਹਨਾਂ ਦੀਆਂ ਮੁਢਲੀਆਂ ਸੰਸਥਾਵਾਂ ਵਿੱਚ ਘਰ ਕਰ ਰਿਹਾ ਹੈ।"

ਮੁਸਲਮਾਨਾਂ ਲਈ ਮੱਕੇ ਵਾਂਗ ਹੀ ਸਵਰਨ ਮੰਦਰ ਸਿੱਖਾਂ ਲਈ ਸਭ ਤੋਂ ਪਵਿੱਤਰ ਸਥਾਨ ਹੈ। ਅਠਾਰਵੀਂ ਸਦੀ ਵਿੱਚ ਇਸਦੀ ਪਵਿੱਤਰਤਾ ਨੂੰ ਬਚਾਉਂਦਿਆਂ ਬਹੁਤ ਜਾਨਾਂ ਚਲੇ ਗਈਆਂ ਸਨ। ਇਸਨੇ ਪੰਜਾਬ ਦੇ ਸਿਆਸੀ ਤੇ ਧਾਰਮਿਕ ਜੀਵਨ ਵਿੱਚ ਏਨੀ ਮਹੱਤਤਾ ਪ੍ਰਾਪਤ ਕਰ ਲਈ ਸੀ ਕਿ ਰਣਜੀਤ ਸਿੰਘ ਨੇ ਗੁਰਮਤੇ ਨੂੰ ਬੰਦ ਕਰਕੇ ਇਸਦਾ ਪ੍ਰਬੰਧਕ ਆਪ ਥਾਪਣ ਦਾ ਹੱਕ ਪ੍ਰਾਪਤ ਕਰ ਲਿਆ। ਇਸੇ ਗੱਲ ਨੂੰ ਪੰਜਾਬ ਦੇ ਇੱਕ ਬਾਅਦ ਦੇ ਸ਼ਾਸ਼ਕ ਲੈਫਟੀਨੈਂਟ ਗਵਰਨਰ ਸਰ ਰਾਬਰਟ ਐਗਰਟਨ ਨੇ ਵੀ 1881 ਵਿੱਚ ਪ੍ਰਬੰਧਕ ਥਾਪਣ ਸਮੇਂ ਜਾਰੀ ਰੱਖਿਆ। ਇਸ ਸਮੇਂ ਤੱਕ ਮਹੰਤ ਪਹਿਲਾਂ ਹੀ ਸਵਰਨ ਮੰਦਿਰ ਦੀ ਹੱਦ ਅੰਦਰ ਆਪਣੀਆਂ ਗੈਰ-ਸਿੱਖ ਪ੍ਰੰਪਰਾਵਾਂ ਸ਼ੁਰੂ ਕਰ ਚੁੱਕੇ ਸਨ ਤੇ ਅੰਮ੍ਰਿਤਸਰ ਡਿਵੀਜ਼ਨ ਦਾ ਕਮਿਸ਼ਨਰ, ਰੌਬਰਟ ਨੀਦਮ ਕੱਸਟ 1858 ਤੱਕ ਇਹ ਅੰਦਾਜ਼ਾ ਲਾ ਲੈਂਦਾ ਸੀ ਕਿ ਇਸ ਧਰਮ ਵਿੱਚ ਅੱਗੇ ਕੀ ਹੋਣ ਵਾਲਾ ਹੈ। ਉਸਨੇ ਦੇਖਿਆ ਕਿ "ਰਾਜ ਵਲੋਂ ਕੋਈ ਮਦਦ ਨਾ ਹੋਣ ਕਾਰਨ ਤੇ ਇਸਦੇ ਰਖਵਾਲਿਆਂ ਵਲੋਂ ਆਪ ਹੀ ਲੁੱਟੇ ਜਾਣ ਕਾਰਨ, ਆਉਣ ਵਾਲੇ ਸਮੇਂ ਵਿੱਚ ਸਵਰਨ ਮੰਦਿਰ ਤਬਾਹ ਹੋ ਜਾਵੇਗਾ; ਬਾਬੇ ਨਾਨਕ ਦੁਆਰਾ ਸ਼ੁਰੂ ਕੀਤੇ ਗਏ ਪੰਥ ਦੀ ਹੋਂਦ ਹੀ ਖਤਮ ਹੋ ਜਾਵੇਗੀ, ਗੁਰੂ ਗੋਬਿੰਦ ਸਿੰਘ ਵਲੋਂ ਸਿਰਜਿਆ ਰਾਸ਼ਟਰਵਾਦ ਖਿੰਡ ਜਾਵੇਗਾ ਅਤੇ ਨਵੇਂ ਤੇ ਕੱਟੜ ਸਿੱਖ ਨਿਰਉਤਸ਼ਾਹੀ ਹੋਣ ਕਾਰਨ ਸਿੱਖ ਧਰਮ ਫੇਰ ਤੋਂ ਆਲਸੀ ਹਿੰਦੂਆਂ ਦੇ ਕਲਾਵੇ ਵਿੱਚ ਚਲਾ ਜਾਵੇਗਾ।" ਸਵਰਨ ਮੰਦਿਰ ਵਿੱਚ ਮੂਰਤੀਆਂ ਰੱਖੀਆਂ ਗਈਆਂ ਤੇ ਦਲਿਤਾਂ ਨੂੰ ਸਰੋਵਰ ਵਿੱਚ ਇਸ਼ਨਾਨ ਕਰਨੋਂ ਰੋਕ ਦਿੱਤਾ ਗਿਆ। 1877 ਵਿੱਚ ਸਵਰਨ ਮੰਦਿਰ ਦੇ ਕਰਮਚਾਰੀਆਂ ਵਿੱਚ ਘਬਰਾਹਟ ਫੈਲ ਗਈ ਜਦੋਂ ਕੁਝ ਮਜ਼ਹਬੀ ਸਿਪਾਹੀਆਂ ਤੇ ਉਹਨਾਂ ਦੇ ਪਰਿਵਾਰਾਂ ਨੇ ਸਰੋਵਰ ਚ ਇਸ਼ਨਾਨ ਕਰਨ ਦੀ ਕੋਸ਼ਿਸ਼ ਕੀਤੀ। ਭਾਰਤੀ ਮਹਾਂਕਾਵਿਾਂ, ਰਹੱਸਵਾਦ, ਭਗਤੀ ਤੇ ਇਸ ਨਾਲ ਸਬੰਧਿਤ ਹੋਰ ਵਿਸ਼ਿਆਂ ਦੇ ਗੰਭੀਰ ਵਿਦਿਆਰਥੀ ਜੌਹਨ ਓਮਾਨ ਕੈਂਬੈਲ ਨੇ ਵੀ ਵੀਂਹਵੀਂ ਸਦੀ ਦੇ ਸ਼ੁਰੂ ਚ ਸਿੱਖ ਧਰਮ ਅੰਦਰ ਆਈ ਗਿਰਾਵਟ ਨੂੰ ਮਹਿਸੂਸ ਕੀਤਾ। ਆਪਣੀਆਂ ਸਵਰਨ ਮੰਦਿਰ ਦੀਆਂ ਬਹੁਤ ਸਾਰੀਆਂ ਫੇਰੀਆਂ ਦੌਰਾਨ ਓਮਾਨ ਨੇ ਇਸਦੀ ਹੱਦ ਅੰਦਰ ਬਹੁਤ ਸਾਰੀਆਂ ਹਿੰਦੂ ਰਸਮਾਂ ਵੱਲ ਧਿਆਨ ਦਿੱਤਾ। ਅਕਾਲ ਬੁੰਗੇ ਸਾਹਮਣੇ ਦੁਸਹਿਰੇ ਦੇ ਤਿਉਹਾਰ ਮੌਕੇ ਬੱਕਰੇ ਵੱਢੇ ਜਾਂਦੇ ਸਨ। ਉਸਨੇ ਦੇਖਿਆ ਕਿ ਸਰੋਵਰ ਦੇ ਉੱਤਰੀ ਸਿਰੇ ਤੇ ਇੱਕ ਬ੍ਰਾਹਮਣ ਗਣੇਸ਼ ਤੇ ਕ੍ਰਿਸ਼ਨ ਦੀਆਂ ਛੋਟੀਆਂ-ਛੋਟੀਆਂ ਮੂਰਤੀਆਂ ਦੀ ਪੂਜਾ ਕਰ ਰਿਹਾ ਸੀ। ਤਲਾਅ ਦੇ ਉੱਤਰੀ-ਪੂਰਬੀ ਸਿਰੇ ਤੇ ਬਣਾਏ ਮੰਦਿਰ ਚ ਸ਼ਿਵਲਿੰਗ ਰੱਖਿਆ ਹੋਇਆ ਸੀ ਤੇ ਪੂਰਬੀ ਸਿਰੇ ਵਾਲੇ ਦੇਵੀ ਦੇ ਮੰਦਿਰ ਵਿੱਚ ਪੁਜਾਰੀ ਵੱਖਰੇ ਤੌਰ ਤੇ ਪੂਜਾ ਕਰ ਰਿਹਾ ਸੀ। ਇਕ ਹੋਰ ਪੁਜਾਰੀ ਨੇ ਸ਼ਿਲਾ ਤੇ ਬਦਰੀਨਾਥ ਦੀ ਤਸਵੀਰ ਰੱਖੀ ਹੋਈ ਸੀ, ਜਦਕਿ ਇੱਕ ਸ਼ਿਲਾ ਤੇ ਤੁਲਸੀ ਦੀ ਪੂਜਾ ਕਰ ਰਿਹਾ ਸੀ। ਕੁਝ ਹੋਰ ਪੁਜਾਰੀ ਬੜੇ ਅਰਾਮ ਨਾਲ ਗੁਰਦੁਆਰੇ ਦੀ ਹੱਦ ਅੰਦਰ ਬੈਠੇ ਸਨ। ਉਹ ਸੰਖ ਨਾਲ ਉੱਚੀਆਂ-ਉੱਚੀਆਂ ਅਵਾਜ਼ਾਂ ਕੱਢ ਰਹੇ ਸਨ, ਜਿਸ ਵਿੱਚੋਂ ਤਿੰਨ ਜਾਂ ਚਾਰ ਅਲੱਗ-ਅਲੱਗ ਤਰ੍ਹਾਂ ਦੀਆਂ ਧੁਨਾਂ ਆ ਰਹੀਆਂ ਸਨ। ਸਵਰਨ ਮੰਦਿਰ ਵਾਲੇ ਅਧਿਆਇ ਦੇ ਆਪਣੇ ਅਖੀਰਲੇ ਪੈਰ੍ਹੇ ਵਿੱਚ ਉਹ ਦੱਸਦਾ ਹੈ ਕਿ ਮੋਹਰੀ ਦਲ ਜੋ ਸਿੰਘ ਸਭਾ ਦੇ ਤਿੱਖੇ ਮੈਂਬਰਾਂ ਵੱਲ ਇਸ਼ਾਰਾ ਕਰਦਾ ਸੀ, ਉਹ 1905 ਵਿੱਚ ਹਿੰਦੂ ਮੂਰਤੀਆਂ ਨੂੰ ਹਟਾਉਣ ਵਿੱਚ ਕਾਮਯਾਬ ਰਹੇ। ਪਰ ਉਹ ਲਿਖਦਾ ਹੈ, "ਤਦ ਵੀ ਅਖੀਰਲੇ ਸਾਲ (1907) ਵਿੱਚ ਸਪਸ਼ਟ ਤੌਰ ਤੇ ਇੱਕ ਬਹੁਤ ਹੀ ਸਿਆਣੇ ਸਿਵਲ ਤੇ ਮਿਲਟਰੀ ਗਜ਼ਟੀਅਰ ਲਾਹੌਰ ਦੇ ਲੇਖਕ ਨੇ ਇਸ ਸਚਾਈ ਤੇ ਅਫ਼ਸੋਸ ਜ਼ਾਹਿਰ ਕੀਤਾ ਕਿ ਸਿੱਖੀ ਅਤੇ ਹਿੰਦੂਵਾਦ ਵਿੱਚ ਖਾਸ ਫ਼ਰਕ ਘਟ ਰਹੇ ਹਨ। ਇਹ ਇਸ ਗੱਲ ਵੱਲ ਇਸ਼ਾਰਾ ਸੀ ਜਿਸ ਤੇ ਮੈਂ ਕੁਝ ਸਾਲ ਪਹਿਲਾਂ ਆਪਣੇ ਤੌਰ ਤੇ ਹੀ ਪਹੁੰਚਿਆ ਸੀ।

ਜਾਤੀ ਨਿਰਾਦਰ ਤੇ ਛੂਆ ਛੂਤ ਹਿੰਦੂ ਧਰਮ ਦਾ ਕੇਂਦਰੀ ਥੀਮ ਹੈ। ਕਿਸੇ ਵਿਅਕਤੀ, ਸੰਸਥਾ ਜਾਂ ਵਿਚਾਰਧਾਰਾ ਵਲੋਂ ਇਸਤੇ ਸਵਾਲ ਕਰਨ ਵਾਲੇ ਨੂੰ ਦੁਸ਼ਮਣ ਸਮਝਕੇ ਉਸਨੂੰ ਖਤਮ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਜਾਂਦੀ। 1920 ਵਿੱਚ ਏ. ਈ. ਬਾਰਸਟੋਅ ਨੇ ਲਿਖਿਆ ਕਿ ਸਿੱਖ ਧਰਮ ਦੇ ਵਿਰੋਧ ਵਿੱਚ 'ਹਿੰਦੂ ਧਰਮ ਨੇ ਆਪਣੇ ਲਚਕੀਲੇ ਸੁਭਾਅ ਕਾਰਨ ਸਿੱਖੀ ਦੇ ਵੱਡੇ ਹਿੱਸੇ ਨੂੰ ਦੁਆਰਾ ਆਪਣੇ ਆਪ ਵਿੱਚ ਜਜ਼ਬ ਕਰ ਲਿਆ ਸੀ, ਜਿਵੇਂ ਕਿ ਪਹਿਲਾਂ ਇਸਨੇ ਬੁੱਧ ਧਰਮ ਨੂੰ ਜਜ਼ਬ ਕੀਤਾ ਸੀ ਬਜਾਇ ਇਸਦੇ ਕਿ ਇਹ ਧਰਮ ਜਾਤ ਅਤੇ ਬ੍ਰਾਹਮਣ ਧਰਮ ਦੀ ਸਰਵਉੱਚਤਾ ਦਾ ਡਟਕੇ ਵਿਰੋਧ ਕਰਦਾ ਸੀ। ਵਿਦਵਾਨ ਤੇ ਸੁੱਘੜ ਭਗਤ ਲਕਸ਼ਮਨ ਸਿੰਘ (1863-1944) ਜੋ ਨਵਾਂ-ਨਵਾਂ ਸਿੱਖ ਬਣਿਆ ਸੀ ਦਾ ਵਿਸ਼ਵਾਸ਼ ਸੀ ਕਿ ਸਿੱਖ ਨਸਲ ਦਾ ਬ੍ਰਾਹਮਣੀਕਰਨ ਸਿੱਖ ਰਾਜ ਦੀ ਸਥਾਪਨਾ ਤੋਂ ਬਾਅਦ ਹੋਇਆ। ਉੱਚ ਜਾਤੀ ਦੇ ਹਿੰਦੂਆਂ ਨੇ ਨਵੀਂ ਸ਼ਕਤੀ ਨਾਲ ਰਲਣ ਵਿੱਚ ਪਹਿਲ ਕੀਤੀ ਤੇ ਉਹਨਾਂ 'ਚ ਸਮਝੌਤਾ ਹੋ ਗਿਆ ਜਿਸ ਰਾਹੀਂ ਸਿੱਖਾਂ ਨੇ ਆਪਣੇ ਕ੍ਰਾਂਤੀਕਾਰੀ ਪ੍ਰੋਗਰਾਮ ਦਾ ਤਿਆਗ ਕਰ ਦਿੱਤਾ। ਸਿੱਖਾਂ ਨੇ ਆਪਣੀ ਅਲੱਗ ਪਹਿਚਾਣ ਤਿਆਗਣੀ ਸ਼ੁਰੂ ਕਰ ਦਿੱਤੀ। ਖੁਸ਼ਵੰਤ ਸਿੰਘ ਇਹ ਮੰਨਣ ਵਿੱਚ ਬੜਾ ਬੇਬਾਕ ਹੈ ਕਿ "ਸਿੱਖੀ ਜਾਤ ਪ੍ਰਥਾ ਨੂੰ ਤੋੜਨ ਵਿੱਚ ਸਫ਼ਲ ਨਹੀਂ ਹੋਈ...ਤੇ ਉੱਚੀ ਜਾਤੀ ਦੇ ਸਿੱਖਾਂ ਨੇ ਅਛੂਤ ਸਿੱਖਾਂ ਨਾਲ ਖਾਣ-ਪੀਣ ਤੋਂ ਇਨਕਾਰ ਕਰ ਦਿੱਤਾ ਤੇ ਪਿੰਡਾਂ ਵਿੱਚ ਉਹਨਾਂ ਲਈ ਵੱਖਰੇ ਖੂਹ ਬਣਾ ਦਿੱਤੇ।"

ਸਾਡੇ ਕੋਲ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਦੀਆਂ ਅਖ਼ਬਾਰਾਂ ਦੇ ਕੁਝ ਹਵਾਲੇ ਹਨ ਜਿਹੜੇ ਸਿੱਖੀ ਦੇ ਹਿੰਦੂਕਰਨ ਨਾਲ ਆਈਆਂ ਸਮੱਸਿਆਵਾਂ ਦਾ ਸਬੂਤ ਦਿੰਦੇ ਹਨ। ਦਲਿਤ ਸਿੱਖਾਂ ਨੇ ਜਾਂ ਤਾਂ ਆਰੀਆ ਸਮਾਜੀਆਂ ਵਲੋਂ ਪ੍ਰਚਾਰੇ ਜਾਂਦੇ ਜਾਤਪਾਤ ਰਹਿਤ ਅਖੌਤੀ ਹਿੰਦੂ ਵੈਦਿਕ ਧਰਮ ਨੂੰ ਮੰਨਣਾ ਸ਼ੁਰੂ ਕਰ ਦਿੱਤਾ ਜਾਂ ਫਿਰ ਈਸਾਈ ਬਨਣ ਲੱਗੇ। ਇਸਨੇ ਸਿੱਖ ਸੁਧਾਰਕਾਂ ਨੂੰ ਜਾਤੀ ਨਾਬਰਾਬਰੀ ਦੇ ਮੁੱਦੇ ਤੇ ਗੱਲ ਕਰਨ ਤੇ ਇਸ ਤੂਫ਼ਾਨ ਨੂੰ ਕੁਝ ਕੁ ਠੱਲਣ ਲਈ ਮਜ਼ਬੂਰ ਕੀਤਾ। ਸਿੰਘ ਸਭਾਵਾਂ ਨੇ ਇਹ ਪ੍ਰਕਿਰਿਆ ਸ਼ੁਰੂ ਕੀਤੀ, ਪਰ ਜਾਤੀ ਵਖਰੇਵੇਂ ਮਨਾਂ ਵਿੱਚ ਡੂੰਘੇ ਧਸੇ ਹੋਣ ਕਾਰਨ ਇਸ ਨਾਲ ਕੋਈ ਫਰਕ ਨਹੀਂ ਪਿਆ। ਸਿੱਖ ਪ੍ਰੈਸ ਨੇ ਇਸ ਮਸਲੇ ਨੂੰ ਬੜੀ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦਿੱਤਾ। ਇੱਕ ਸੰਪਾਦਕੀ ਜਿਸਦਾ ਟਾਇਟਲ ਸੀ "ਈਸਾਈ ਹੋਣ ਦੇ ਕਾਰਨ" ਜੋ ਪੰਜਾਬ ਦਰਪਨ ਦੇ 10 ਅਕਤੂਬਰ 1917 ਦੇ ਅੰਕ ਵਿੱਚ ਛਪਿਆ ਸੀ ਰਾਹੀਂ ਸਿੱਖਾਂ ਨੂੰ ਆਪਣੇ ਤੌਰ-ਤਰੀਕਿਆਂ ਵਿੱਚ ਸੁਧਾਰ ਕਰਨ ਲਈ ਕਿਹਾ ਗਿਆ ਸੀ।

ਪਿਛਲੇ ਅੱਠ ਮਹੀਨਿਆਂ ਵਿੱਚ 1600 ਹਿੰਦੂ ਈਸਾਈ ਬਣ ਗਏ ਹਨੜ ਇਸ ਮਿਸ਼ਨ ਲਈ ਪਾਦਰੀਆਂ ਨੇ ਆਪਣੇ ਮਿਸ਼ਨ ਕਾਲਜਾਂ ਦੀਆਂ ਪ੍ਰੋਫੈਸਰੀਆਂ ਤੱਕ ਤਿਆਗ ਦਿੱਤੀਆਂ, ਜਿਵੇਂ ਉਹਨਾਂ ਨੇ ਆਪਣੀਆਂ ਚਰਚਾਂ ਵਿੱਚ ਮਿਲਦੀਆਂ ਸਹੂਲਤਾਂ ਨੂੰ ਛੱਡਿਆ ਸੀ। ਇਸਦੀ ਸਿੱਖ ਸਮਾਜ ਨਾਲ ਤੁਲਨਾ ਕਰੋ: ਹਜ਼ਾਰਾਂ ਨਵੇਂ ਬਣੇ ਸਿੱਖ ਜਿਹਨਾਂ ਨੂੰ ਮਜ਼ਹਬੀ, ਰਾਮਦਾਸੀਏ ਤੇ ਸਾਜ਼ਾਂ ਤੇ ਬਾਣੀ ਗਾਉਣ ਵਾਲੇ ਬਾਸਿਠ ਕਿਹਾ ਜਾਂਦਾ ਸੀ। ਪਰ ਉੱਚੀ ਜਾਤੀ ਦੇ ਸਿੱਖ ਹਮੇਸ਼ਾਂ ਉਹਨਾਂ ਤੇ ਜ਼ੁਲਮ ਕਰਦੇ ਜੋ ਸਿਰਫ਼ ਰੋਜ਼ੀ-ਰੋਟੀ ਲਈ ਆਪਣੀ ਮਿਹਨਤ ਕਰਦੇ ਸਨੜ ਤੇ ਅਨਪੜ੍ਹ ਸਿੱਖ ਇਹਨਾਂ ਨੂੰ ਮੁਸਲਮਾਨਾਂ ਨਾਲੋਂ ਵੀ ਵੱਧ ਨਫ਼ਰਤ ਕਰਦੇ ਸਨ। ਪਿੰਡਾਂ ਵਿੱਚ ਸਿੱਖ ਸਰਦਾਰਾਂ, ਲੰਬੜਦਾਰਾਂ ਅਤੇ ਜ਼ੈਲਦਾਰਾਂ ਨੂੰ ਇਹ ਦੱਸਣ ਦੀ ਲੋੜ ਹੈ ਕਿ ਆਪਣੇ ਧਰਮ ਭਰਾਵਾਂ ਨੂੰ ਬੁਰਾ-ਭਲਾ ਕਹਿਕੇ ਆਪਣੇ ਦੁਸ਼ਮਣ ਬਣਾਈ ਜਾਣ ਦੀ ਥਾਂ ਉਹਨਾਂ ਨਾਲ ਰਲ ਕੇ ਰਹਿਣ।

ਪੜ੍ਹੇ-ਲਿਖੇ ਸਿੱਖਾਂ ਵਿੱਚ ਛੂਆ ਛੂਤ ਦੇ ਇਸ ਜ਼ਹਿਰ ਪ੍ਰਤੀ ਚਿੰਤਾ ਬਹੁਤ ਸਾਰੇ ਜਾਤ ਕੇਂਦਰਿਤ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿੱਚ ਦਿਖਾਈ ਦਿੰਦੀ ਹੈ। ਸੇਵਾ ਸਿੰਘ ਬੀ.ਏ. ਨਾਂਅ ਦੇ ਇੱਕ ਪਾਠਕ ਨੇ 1923 ਵਿੱਚ ਖੱਲਸੱ ਓ^ਬੱਰ ਨੂੰ ਚਿੱਠੀ ਲਿਖੀ ਜਿਸ ਵਿੱਚ ਉਸਨੇ ਸਿੱਖਾਂ ਨੂੰ ਛੂਆ ਛੂਤ ਦੀ ਸਮੱਸਿਆ ਵੱਲ ਧਿਆਨ ਦੇਣ ਲਈ ਕਿਹਾ ਸੀ। ਆਰੀਆ ਸਮਾਜ ਦਾ ਹਵਾਲਾ ਦਿੰਦਿਆਂ ਲੇਖਕ ਨੇ ਅਛੂਤ ਜਾਤਾਂ ਦੇ ਵਿਕਾਸ ਲਈ ਦੀਵਾਨ ਲਾਉਣ ਲਈ ਕਿਹਾ। ਖੱਲਸੱ ਓ^ਬੱਰ ਨੇ 21 ਜੂਨ ਨੂੰ ਜਲ੍ਹਿਆਂਵਾਲੇ ਬਾਗ ਵਿੱਚ ਸ਼ੁੱਧੀ ਲਈ ਲੱਗੇ ਦੀਵਾਨ ਦੀ ਰਿਪੋਰਟ 24 ਜੂਨ, 1923 ਨੂੰ ਛਾਪੀ ਸੀ। ਦੀਵਾਨ ਦਾ ਮਕਸਦ ਸਿਰਫ਼ ਤੇ ਸਿਰਫ਼ ਛੂਤ ਛਾਤ ਨੂੰ ਖਤਮ ਕਰਨਾ ਸੀ। ਰਿਪੋਰਟ ਵਿੱਚ ਕਿਹਾ ਗਿਆ ਸੀ:

ਦੀਵਾਨ ਦੇ ਸਕੱਤਰ ਸਰਦਾਰ ਦਲੀਪ ਸਿੰਘ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਵਲੋਂ ਸਿੱਖ ਬਣਾਏ ਮਜ਼ਬੀ, ਰਾਮਦਾਸੀਏ ਤੇ ਚੂਹੜਿਆਂ ਨੂੰ ਲੰਗਰ ਵਿੱਚ ਨਹੀਂ ਵੜਨ ਦਿੱਤਾ ਜਾਂਦਾ ਤੇ ਨਾ ਹੀ ਗੁਰਦੁਆਰਿਆਂ ਵਿੱਚ ਉਹਨਾਂ ਦਾ ਪ੍ਰਸਾਦ ਸਵੀਕਾਰ ਕੀਤਾ ਜਾਂਦਾ ਹੈ। ਇਸੇ ਬਿਮਾਰੀ ਦੇ ਇਲਾਜ ਲਈ ਅੱਜ ਦਾ ਦੀਵਾਨ ਲਗਾਇਆ ਗਿਆ ਹੈ।ੜ

ਬਾਅਦ ਵਿੱਚ ਭਾਈ ਮਹਿਤਾਬ ਸਿੰਘ ਬੀਰ ਨੇ ਅਫ਼ਸੋਸ ਜ਼ਾਹਿਰ ਕੀਤਾ ਕਿ ਸਾਡੀ ਨਲਾਇਕੀ ਕਾਰਨ ਸੈਂਕੜੇ ਅਛੂਤ ਭਰਾ ਦੂਸਰੇ ਧਰਮਾਂ ਵਾਲਿਆਂ ਵਲੋਂ ਵਰਗਲਾ ਲਏ ਗਏ ਹਨ। 1923 ਵਿੱਚ 25 ਤੇ ਉਸਤੋਂ ਬਾਅਦ 10000 ਹੋਰ ਰਹਿਤੀਏ ਆਰੀਆ ਸਮਾਜੀ ਬਣ ਗਏ।

ਉਸ ਸਮੇਂ ਤੱਕ ਸਿੱਖ ਲੀਡਰਸ਼ਿਪ ਬ੍ਰਾਹਮਣ ਮਹੰਤਾਂ ਤੋਂ ਗੁਰਦੁਆਰਿਆਂ ਨੂੰ ਮੁਕਤ ਕਰਾਉਣ ਵਿੱਚ ਏਨਾ ਰੁੱਝ ਗਈ ਕਿ ਸਿੱਖ ਮਨਾਂ 'ਚੋਂ ਜਾਤੀਵਾਦ ਨੂੰ ਕੱਢਣ ਦਾ ਏਜੰਡਾ ਇੱਕ ਪਾਸੇ ਹੀ ਰਹਿ ਗਿਆ। ਇਹਨਾਂ ਬੇਵੱਸ ਹਾਲਤਾਂ ਵਿੱਚ, ਸਵਰਨ ਮੰਦਿਰ ਦੇ ਮੁੱਖ ਗ੍ਰੰਥੀ ਭਾਈ ਪ੍ਰਤਾਪ ਸਿੰਘ ਨੂੰ ਇਸ ਮੁੱਦੇ ਤੇ ਇਕ ਲੇਖ ਲਿਖਣਾ ਪਿਆ। ਸਿੱਖ ਪ੍ਰੰਪਰਾ ਵਿੱਚ ਛੂਆ ਛੂਤ ਵਿਰੁੱਧ ਧਾਰਮਿਕ ਤੇ ਵਿਹਾਰਿਕ ਮੁੱਦਿਆਂ ਦੇ ਨਾਲ-ਨਾਲ, ਉਹਨਾਂ ਨੇ 1921 ਤੋਂ 1923 ਤੱਕ ਐਸ.ਜੀ.ਪੀ.ਸੀ. ਦੀਆਂ ਛੂਤਛਾਤ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਵੀ ਸੰਖੇਪ ਵਿੱਚ ਲਿਖਿਆ।

ਡਾ. ਅੰਬੇਦਕਰ ਦੀ ਸਿੱਖਾਂ ਨਾਲ ਗੱਲਬਾਤ ਵੀ ਇੱਕ ਅਜਿਹਾ ਕਾਰਨ ਸੀ ਜਿਸਨੇ ਛੂਤਛਾਤ ਦਾ ਵਿਰੋਧ ਕਰਦੇ ਸਿੱਖ ਸੁਧਾਰਕਾਂ ਨੂੰ ਸੋਚਣ ਲਈ ਮਜ਼ਬੂਰ ਕੀਤਾ। ਇਹ ਉਸ ਸਮੇਂ ਸ਼ੁਰੂ ਹੋਇਆ ਜਦੋਂ ਡਾ. ਅੰਬੇਦਕਰ ਨੇ 1936 ਵਿੱਚ ਦਲਿਤਾਂ ਲਈ ਸਿੱਖੀ ਵਿੱਚ ਰਲਕੇ ਇੱਜ਼ਤ-ਮਾਣ ਵਾਲੀ ਜ਼ਿੰਦਗੀ ਜਿਉਣ ਬਾਰੇ ਵਿਚਾਰ ਕੀਤੀ। ਸਰਦਾਰ ਅਮਰ ਸਿੰਘ, ਸਕੱਤਰ ਸ਼੍ਰੀ ਗੁਰੂ ਸਿੰਘ ਸਭਾ ਸ਼ਿਲੋਂਗ (ਅਸਾਮ) ਨੇ ਮਾਰਚ 17 ਅਤੇ 22, 1936 ਨੂੰ ਖਾਲਸਾ ਸਮਾਚਾਰ ਵਿੱਚ ਦੋ ਲੇਖ ਲਿਖੇ (ਇਹਨਾਂ ਲੇਖਾਂ ਦਾ ਸਿਰਲੇਖ ਸੀ 'ਸਿੱਖਾਂ ਦੀ ਅਛੂਤਾਂ ਵਿੱਚ ਪ੍ਰਚਾਰ ਕਰਨ ਦੀ ਲੋੜ ਤੇ ਇਸ ਲਈ ਕੁਝ ਸੁਝਾਅ')। ਖਾਲਸਾ ਸਮਾਚਾਰ ਦੇ 7 ਮਾਰਚ, 1936 ਦੇ ਇੱਕ ਲੇਖ ਤੋਂ ਪਤਾ ਲੱਗਦਾ ਹੈ ਕਿ ਡਾ. ਅੰਬੇਦਕਰ ਨੇ ਐਸ.ਜੀ.ਪੀ.ਸੀ. ਨੂੰ ਚਿੱਠੀ ਲਿਖੀ, ਪਰ ਅਫ਼ਸੋਸ ਜ਼ਾਹਿਰ ਕਰਦਾ ਹੈ ਕਿ ਕਮੇਟੀ ਦਾ ਰਵੱਈਆ ਸੰਤੁਸ਼ਟੀਜਨਕ ਨਹੀਂ ਸੀ। ਇਸ ਲੇਖ ਵਿੱਚ ਵਿਅੰਗ ਨਾਲ ਕਿਹਾ ਗਿਆ ਹੈ ਕਿ ਸਿੱਖ ਏਨੇ ਲਾਪਰਵਾਹ ਹਨ ਕਿ ਉਹ ਦਿਖਾਵੇ ਲਈ ਲਿਖਤਾਂ ਚ ਫੜ੍ਹਾਂ ਮਾਰਨੋਂ ਨਹੀਂ ਹਟਦੇ ਪਰ ਕੋਈ ਅਮਲੀ ਕਦਮ ਨਹੀਂ ਪੁੱਟਿਆ ਗਿਆ।

ਸਿੱਖੀ ਵਿੱਚ ਵੀ ਜਾਤ ਅਤੇ ਛੂਤਛਾਤ ਸਬੰਧੀ ਦਲਿਤ ਅਵਾਜ਼ਾਂ ਹੀ ਜ਼ੋਰ ਨਾਲ ਉੱਠਦੀਆਂ ਹਨ। ਪੰਡਿਤ ਬਖਸ਼ੀ ਰਾਮ, ਜੋ ਉਨੀਵੀਂ ਸਦੀ ਦੇ ਅਖੀਰ ਵਿੱਚ ਬਾਲਮੀਕ ਪਰਿਵਾਰ ਵਿੱਚ ਪੈਦਾ ਹੋਇਆ, ਆਪਣੀਆਂ ਯਾਦਾਂ ਵਿੱਚ ਅਛੂਤਾਂ ਦੀਆਂ ਹਾਲਤਾਂ ਬਾਰੇ ਦੱਸਦਾ ਹੈ। ਉਹ ਆਪਣੇ ਪਿੰਡ ਦੀਆਂ ਦੋ ਘਟਨਾਵਾਂ ਦਾ ਇਹ ਦੱਸਣ ਲਈ ਜ਼ਿਕਰ ਕਰਦਾ ਹੈ ਕਿ ਪਿੰਡ ਦੇ ਪ੍ਰਭਾਵਸ਼ਾਲੀ ਜੱਟਾਂ ਦਾ ਦਲਿਤਾਂ ਪ੍ਰਤੀ ਵਤੀਰਾ ਕਿਹੋ-ਜਿਹਾ ਸੀ। ਇੱਕ ਵਾਰ ਕਿਸੇ ਰਹਿਤੀਏ (ਦਲਿਤ ਜੋ ਸਿੱਖੀ ਅਸੂਲਾਂ ਨੂੰ ਮੰਨਦਾ ਸੀ) ਮੁੰਡੇ ਨੂੰ ਜੱਟ ਮੁੰਡਿਆਂ ਨੇ ਇਸ ਕਰਕੇ ਕੁੱਟਿਆ ਕਿ ਉਹ ਪਿੰਡ ਦੇ ਸਕੂਲ ਵਾਲੇ ਖੂਹ ਤੋਂ ਪਾਣੀ ਕੱਢ ਰਿਹਾ ਸੀ। ਇੱਕ ਹੋਰ ਘਟਨਾ ਵਿੱਚ ਜਦੋਂ ਰਹਿਤੀਏ ਮੁੰਡੇ ਦੇ ਵਿਆਹ ਤੇ ਆਏ ਪ੍ਰਾਹੁਣੇ ਪਿੰਡ ਦੇ ਛੱਪੜ ਚ ਜੰਗਲ-ਪਾਣੀ ਬਾਅਦ ਹੱਥ ਧੋ ਰਹੇ ਸਨ ਤਾਂ ਜੱਟਾਂ ਨੇ ਉਹਨਾਂ ਨੂੰ ਬਹੁਤ ਕੁੱਟਿਆ। "ਛੂਤਛਾਤ ਜੱਟ ਪ੍ਰਭਾਵ ਵਾਲੇ ਪਿੰਡਾਂ ਵਿੱਚ ਮਨਾਂ ਚ ਡੂੰਘੀ ਧਸੀ ਹੋਈ ਸੀ," ਬਖਸ਼ੀ ਰਾਮ ਪੁੱਛਦਾ ਹੈ, "ਜਾਤਪਾਤ ਮੰਨਣੀ, ਛੂਤ ਛਾਤ ਕਰਨੀ ਕੀ ਇਹ ਗੁਰਮਤ ਦੇ ਉਲਟ ਅਵਗਿਆ ਕਰਨਾ ਮਨ ਮਤ ਨਹੀਂ?" ਇਹ ਦੇਖਦਿਆਂ ਕਿ ਅਜ਼ਾਦੀ ਬਾਅਦ ਜੱਟਾਂ ਨੇ ਦਲਿਤਾਂ ਦੀਆਂ ਆਰਥਿਕ ਮੰਗਾਂ ਦਾ ਵਿਰੋਧ ਕਰਦਿਆਂ, ਪੰਜਾਬ ਦੀ ਸਿਆਸਤ ਤੇ ਆਰਥਿਕਤਾ ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ, ਬਖਸ਼ੀ ਰਾਮ ਪੁੱਛਦਾ ਹੈ, "ਜੱਟ ਸਿੱਖ ਫ਼ਸਲਾਂ ਦੇ ਜ਼ਿਆਦਾ ਭਾ ਮੰਗਦੇ ਹਨ ਤੇ ਖੇਤ ਮਜ਼ਦੂਰਾਂ ਦਾ ਕੋਈ ਹੱਕ ਨਹੀਂ ਕਿ ਉਨ੍ਹਾਂ ਨੂੰ ਵਧ ਉਜ਼ਰਤ ਦਿਤੀ ਜਾਵੇ? ਜੇ ਉਹ ਉਜ਼ਰਤ ਲਈ ਘੋਲ ਕਰਦੇ ਹਨ, ਤਾਂ ਉਨ੍ਹਾਂ ਦਾ ਬਾਈ ਕਾਟ ਕੀਤਾ ਜਾਂਦਾ ਹੈ। ਕੀ ਇਹ ਬੇਇਨਸਾਫ਼ੀ ਨਹੀਂ? ਜੇ ਅਕਾਲੀ ਵਧ ਅਧਿਕਾਰਾਂ ਲਈ ਮੋਰਚਾ ਲਾਉਂਦੇ ਹਨ ਤਾਂ ਦਲਤ ਜਾਤੀਆਂ ਦਾ ਕੋਈ ਹੱਕ ਨਹੀਂ ਕਿ ਉਹ ਵੀ ਆਪਣੇ ਲਈ ਕੁਛ ਮੰਗਣ?

ਪ੍ਰਸਿੱਧ ਪੰਜਾਬੀ ਕਹਾਣੀਕਾਰ ਪ੍ਰੇਮ ਗੋਰਖੀ ਜੋ ਦਿਹਾੜੀਦਾਰ ਤੋਂ ਪੜ੍ਹਦਿਆਂ-ਪੜ੍ਹਦਿਆਂ ਪੱਕਾ ਮੁਲਾਜ਼ਿਮ ਬਣਿਆ, ਪਹਿਲਾਂ ਲਾਇਬਰੇਰੀ ਦਾ ਚਪੜਾਸੀ ਤੇ ਫੇਰ ਇੱਕ ਸਤਿਕਾਰਯੋਗ ਪੱਤਰਕਾਰ, ਬੜੀ ਕੜਵਾਹਟ ਨਾਲ ਦੱਸਦਾ ਹੈ: ਮੈਂ ਦੇਖਿਆ ਹੈ ਪੰਜਾਬੀ ਲੇਖਕਾਂ ਅੰਦਰ ਜਿੰਨੀਆਂ ਗੂਹੜੀਆਂ ਯਾਰੀਆਂ ਹਨ ਓਨੀ ਹੀ ਗੂੜ੍ਹੀ ਜਾਤ-ਪਾਤ ਦੀ ਕਾਲਖ ਮਨਾਂ ਤੇ ਪੋਚੀ ਪਈ ਹੈੜ ਮੇਰੀ ਨੇੜਤਾ ਉੱਤੋਂ ਲੈ ਕੇ ਹੇਠਾਂ ਤੱਕ ਹੈ। ਮਾਣ ਵੀ ਬਥੇਰਾ ਕਰਦੇ ਆੜ ਮੈਂ ਸਾਰਿਆਂ ਦੇ ਘਰੀਂ ਰਾਤਾਂ ਰਹਿੰਦਾ ਹਾਂ, ਖਾਂਦਾ ਪੀਂਦਾ ਹਾਂੜ ਉਹ ਹਾਲਤ ਜੋ ਇੱਕ ਸਦੀ ਪਹਿਲਾਂ ਸੀ, ਉਸ ਵਿੱਚ ਬਹੁਤਾ ਅੰਤਰ ਨਹੀਂ ਆਇਆੜ ਬਸ ਛੂਤਛਾਤ ਕਰਨ ਦੇ ਢੰਗ ਬਦਲ ਗਏ ਹਨ। ਅੱਜ ਇੱਕੋ ਥਾਲੀ ਵਿੱਚ ਖਾਧਾ ਜ਼ਰੂਰ ਜਾਂਦਾ ਹੈ ਪਰ ਮਾਰਿਆ ਵੀ ਉਸੇ ਨੂੰ ਜਾਂਦਾ ਹੈੜ ਤੇ ਅੱਜ ਜਿਹਨੂੰ ਤੁਸੀਂ ਦਲਿਤ ਕਹਿੰਦੇ ਹੋ, ਉਹ ਸਦੀ ਪਹਿਲਾਂ ਵਾਲਾ, ਸੋਚ ਵਿਹੂਣਾ, ਹਉਮੈ ਵਿਹੂਣਾ ਨਹੀਂ ਰਿਹਾ। ਉਹ ਨਿਰਣਾ ਕਰਨ ਦੀ ਹਾਲਤ ਤੱਕ ਪਹੁੰਚ ਚੁੱਕਾ ਹੈ ਕਿ ਉਹਨੇ ਆਪਣੀ ਬਿਹਤਰੀ ਲਈ ਕੀ ਪੈਂਤੜਾ ਲੈਣਾ ਹੈ।"

**ਗੁਰਨਾਮ ਅਕੀਦਾ, ਪੰਜਾਬੀ ਲੇਖਕ ਤੇ ਪੱਤਰਕਾਰ, ਜੱਟਾਂ ਦੀ ਧੌਂਸ ਬਾਰੇ ਬੜਾ ਸਪਸ਼ਟ ਹੈ:** "ਜਿਹਨਾਂ ਲੋਕਾਂ ਨੇ ਸਮਾਜ ਦੀ ਤਕਦੀਰ ਦੇ ਫ਼ੈਸਲੇ ਕਰਨੇ ਹਨ ਉੱਥੇ ਵੀ ਜੱਟ ਕਾਬਜ਼ ਨੇ। ਬਿਊਰੋਕ੍ਰੇਸੀ ਵਿਚ ਵੀ ਜੱਟ ਕਾਬਜ਼ ਨੇ। ਮਰਾਸੀਆਂ ਦੀ ਜਗ੍ਹਾ ਹੁਣ ਗਾਉਣ ਵਾਲੇ ਵੀ ਜੱਟ ਈ ਨੇ। ਸੈਂਸੀਆਂ ਦੀ ਜਗ੍ਹਾ ਹੁਣ ਚੈਨੀ ਚੋਰ ਵੀ ਜੱਟ ਨੇ। ਡਾਕੂ ਫੂਲਨ ਦੇਵੀ ਦੀ ਜਗ੍ਹਾ ਹੁਣ ਡਕੈਤੀਆਂ ਕਰਨ ਵਾਲੇ ਵੀ ਜੱਟ ਨੇ। ਪਿੰਡਾਂ ਵਿੱਚ ਦਲਿਤਵਾਦ ਨੂੰ ਕਾਇਮ ਰੱਖਣ ਵਾਲੇ ਵੀ ਜੱਟ ਨੇ, ਪੁਲਿਸ ਦੇ ਵੱਡੇ ਅਫ਼ਸਰ ਵੀ ਜੱਟ ਨੇ, ਸਿਆਸਤ ਤੇ ਕਾਬਜ਼ ਵੀ ਜੱਟ ਹੀ ਨੇ, ਪ੍ਰੋਫੈਸਰ ਤੇ ਪ੍ਰਿੰਸੀਪਲ, ਜੱਟਾਂ ਵਲੋਂ ਤਾਂ ਕੀਤਾ ਜਾਂਦਾ ਅਪਰਾਧ ਵੀ ਸ਼ੁਗਲ ਬਣ ਜਾਂਦੈ।

ਸਿੱਖੀ ਦੇ ਵਿਕਾਸ, ਖਾਸ ਕਰਕੇ ਸਿਆਸੀ ਤਾਕਤਾਂ ਵਿਰੁੱਧ ਸਿੱਖਾਂ ਦੇ ਸੰਘਰਸ਼ ਲੰਬੇ ਦੌਰ ਵਿੱਚ ਇਸ ਨਵੇਂ ਧਰਮ ਦੀ ਭਾਵਨਾ ਤਹਿਤ ਜਾਤੀ ਵਖਰੇਵਿਆਂ ਤੋਂ ਉੱਪਰ ਉੱਠਕੇ ਜੱਟ ਤੇ ਦਲਿਤ ਸਿੱਖ ਧਰਮ ਦੀਆਂ ਬਾਂਹਵਾਂ ਵਾਂਗ ਸਨ। ਹਾਲਾਂਕਿ ਸੋਲ੍ਹਵੀਂ ਤੋਂ ਅਠਾਰਵੀਂ ਸਦੀ ਦੇ ਇਸ ਸਮੇਂ ਦੌਰਾਨ ਜਾਤਪਾਤ ਪੂਰੀ ਤਰ੍ਹਾਂ ਖਤਮ ਨਹੀਂ ਹੋਈ ਸੀ ਤੇ ਜਾਤੀ ਵਖਰੇਵੇਂ ਜਿਹੜੇ ਅਜੇ ਵੀ ਕਾਇਮ ਹਨ ਉਹ ਜਾਤੀ ਭੇਦਭਾਵ ਦਾ ਹਿੱਸਾ ਨਹੀਂ ਸਨ। ਧਾਰਮਿਕ ਮਾਨਤਾ ਦੀ ਅਣਹੋਂਦ ਕਾਰਨ ਜਾਤਪਾਤ ਤੇ ਛੂਤਛਾਤ ਸਿੱਖੀ ਵਿੱਚ ਕੁਝ ਹੱਦ ਤੱਕ ਘਟ ਗਈ ਸੀ। ਪਰ ਪਿਛਲੇ ਸੌ ਸਾਲਾਂ ਵਿਚਲੀਆਂ ਦਲਿਤਾਂ ਦੀਆਂ ਅਵਾਜ਼ਾਂ ਤੋਂ ਸਪਸ਼ਟ ਹੁੰਦਾ ਹੈ ਕਿ ਜੱਟਾਂ ਦੇ ਪ੍ਰਭਾਵਸ਼ਾਲੀ ਜਾਤ ਦੇ ਉਭਾਰ ਕਾਰਨ ਦਲਿਤਾਂ ਦੀਆਂ ਮੁਸ਼ਕਿਲਾਂ ਤੇ ਉਹਨਾਂ ਤੇ ਹੁੰਦੇ ਅੱਤਿਆਚਾਰ ਵਧੇ ਹਨ। ਇਹ ਗੱਲ ਵਿਆਖਿਆ ਦੀ ਮੰਗ ਕਰਦੀ ਹੈ। ਕੀ ਸਿੱਖੀ ਵਿਚਾਰਧਾਰਕ ਅਤੇ ਸਮਾਜਿਕ ਤਾਕਤ ਵਜੋਂ ਗਿਰਾਵਟ ਵੱਲ ਜਾ ਰਹੀ ਹੈ? ਕੀ ਮੁਕਤੀ ਵਾਲੀ ਵਿਚਾਰਧਾਰਾ ਜਿਸਨੇ ਸਿਆਸੀ ਹਮਲਿਆਂ ਨੂੰ ਸਹਿਣ ਕੀਤਾ ਉਹ ਆਰਥਿਕਤਾ ਅੱਗੇ ਗੋਡੇ ਟੇਕ ਰਹੀ ਹੈ?

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਤਿਹਾਸ ਵਿੱਚ ਜੱਟ ਆਮ ਕਿਸਾਨਾਂ ਵਜੋਂ ਪੰਜਾਬ ਦੇ ਦੂਸਰੇ ਲੋਕਾਂ ਵਾਂਗ ਲਗਾਤਾਰ ਬਦਲਦੇ ਸ਼ਾਸ਼ਨਾਂ ਵਿੱਚ ਅੱਤਿਆਚਾਰਾਂ ਦਾ ਸ਼ਿਕਾਰ ਸਨ। ਸਿੱਖਾਂ ਦੇ ਸਿਆਸੀ ਵਿਰੋਧ ਦੇ ਸਮੇਂ ਸਤਾਰਵੀਂ ਤੇ ਅਠਾਰਵੀਂ ਸਦੀ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਦੇ ਸਿੱਖ ਲਹਿਰ ਵਿੱਚ ਸ਼ਾਮਿਲ ਹੋਣ ਕਾਰਨ ਜਾਤੀ ਦਰਜੇਬੰਦੀ ਵਿੱਚ ਉਹਨਾਂ ਦਾ ਰੁਤਬਾ ਕੁਝ ਉੱਚਾ ਹੋ ਗਿਆ। ਅਠਾਰਵੀਂ ਸਦੀ ਦੀ ਆਖਰੀ ਚੌਥਾਈ ਵਿੱਚ ਉਹਨਾਂ ਦੀ ਸੁਤੰਤਰ ਸਿਆਸੀ ਜਾਗੀਰਦਾਰੀਆਂ ਵਿੱਚੋਂ ਬਾਹਰ ਆਉਣ ਦੀ ਚਾਹਤ ਨਾਲ ਇਸ ਖਿੱਤੇ ਵਿੱਚ ਰਣਜੀਤ ਸਿੰਘ ਦੀ ਕਮਾਂਡ ਹੇਠ ਸੁਤੰਤਰ ਸਿੱਖ ਰਾਜ ਦੇ ਬਨਣ ਨੇ ਉਹਨਾਂ ਨੂੰ ਬੇਹੱਦ ਮਾਣ ਨਾਲ ਭਰ ਦਿੱਤਾ। ਜ਼ਮੀਨਾਂ ਦੇ ਮਾਲਕ ਹੋਣ ਕਾਰਨ ਉਹ ਆਪਣੀ ਸਰਵਉੱਚਤਾ ਤੇ ਧੌਂਸ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਸਣੇ ਬ੍ਰਾਹਮਣਾਂ ਤੇ ਖੱਤਰੀਆਂ ਦੇ ਦੂਸਰੀਆਂ ਜਾਤਾਂ ਤੇ ਕਾਇਮ ਕਰਨ ਵਿੱਚ ਸਫ਼ਲ ਰਹੇ। ਉੱਨੀਵੀਂ ਸਦੀ ਦੇ ਮੱਧ ਵਿੱਚ ਪੰਜਾਬ ਵਿੱਚ ਸਿਆਸੀ ਤਾਕਤ ਦੇ ਅੰਗਰੇਜ਼ਾਂ ਹੱਥੋਂ ਖਾਤਮੇ ਦਾ ਮਤਲਬ ਸਿੱਖਾਂ ਦੀ ਸਿਆਸੀ ਤੇ ਆਰਥਿਕ ਤਾਕਤ ਦਾ ਖਾਤਮਾ ਨਹੀਂ ਸੀ। ਸਭ ਤੋਂ ਵੱਡੀ ਗੱਲ 1857 ਦੇ ਗ਼ਦਰ ਵਿੱਚ ਸਿੱਖਾਂ ਦੀ ਅੰਗਰੇਜ਼ਾਂ ਪ੍ਰਤੀ ਵਫ਼ਾਦਾਰੀ ਨੇ ਉਹਨਾਂ ਦੀ ਧੌਂਸ ਨੂੰ ਦੂਸਰੀਆਂ ਜਾਤਾਂ ਤੇ ਹੋਰ ਪੱਕਾ ਕਰਨ ਵਿੱਚ ਮਦਦ ਕੀਤੀ, ਕਿਉਂਕਿ ਉਹ ਭਾਰਤੀ ਫੌਜ ਦੀ ਰੀੜ ਦੀ ਹੱਡੀ ਬਣ ਗਏ। ਪੰਜਾਬ ਐਲੀਨੇਸ਼ਨ ਐਕਟ 1901 ਭਾਵੇਂ ਕਿ ਵਾਹੀਕਾਰਾਂ ਨੂੰ ਬਚਾਉਣ ਦੀ ਸਰਕਾਰੀ ਕੋਸ਼ਿਸ਼ ਸੀ-ਖਾਸ ਕਰਕੇ ਪੱਛਮੀ ਪੰਜਾਬ ਦੇ ਸਤੇ ਹੋਏ ਮੁਸਲਮਾਨ ਕਿਸਾਨਾਂ ਨੂੰ ਲੋਭੀ ਸ਼ਾਹੂਕਾਰਾਂ ਤੋਂ ਬਚਾਉਣ ਲਈ, ਪਰ ਇਹ ਸਿੱਖ ਜੱਟਾਂ ਲਈ ਵੱਡਾ ਤੋਹਫ਼ਾ ਸਾਬਿਤ ਹੋਇਆ। ਐਕਟ ਨੇ ਗੈਰ-ਕਾਸ਼ਤਕਾਰ ਜਾਤਾਂ ਨੂੰ ਜ਼ਮੀਨ ਖਰੀਦਣ ਤੇ ਆਪਣੇ ਕੋਲ ਰੱਖਣ ਤੋਂ ਰੋਕ ਦਿੱਤਾ। ਪੰਜਾਬ ਦੇ ਦਲਿਤਾਂ ਨੂੰ ਇਸਦਾ ਸਭ ਤੋਂ ਵੱਧ ਨੁਕਸਾਨ ਹੋਇਆ ਕਿਉਂਕਿ ਉਹਨਾਂ ਨੂੰ ਸਰਕਾਰੀ ਗਿਣਤੀ-ਮਿਣਤੀ ਵਿੱਚ ਗੈਰ-ਕਾਸ਼ਤਕਾਰ ਮਜ਼ਦੂਰ ਘੋਸ਼ਿਤ ਕੀਤਾ ਗਿਆ ਸੀ, ਭਾਵੇਂ ਉਹ ਸਿੱਖ ਹੋ ਕੇ ਸਿਪਾਹੀ, ਕਲਾਕਾਰ ਜਾਂ ਕਿਸਾਨ ਬਣ ਚੁੱਕੇ ਸਨ। ਇੱਥੋਂ ਤੱਕ ਕਿ ਉਹ ਘਰ ਵੀ ਜਿਹਨਾਂ 'ਚ ਉਹ ਪੀੜ੍ਹੀ-ਦਰ-ਪੀੜ੍ਹੀ ਰਹਿੰਦੇ ਆਏ ਸਨ, ਉਹ ਵੀ ਖੁੱਸ ਗਏ। ਪਿੰਡਾਂ ਦੀ ਸਾਰੀ ਜ਼ਮੀਨ ਹੁਣ ਕਿਸਾਨ ਮਾਲਕਾਂ ਦੀ ਮਲਕੀਅਤ ਸੀ, ਖਾਸ ਕਰਕੇ ਜੱਟਾਂ ਦੀ। ਦਲਿਤ ਪੂਰੀ ਤਰ੍ਹਾਂ ਜੱਟਾਂ ਦੇ ਰਹਿਮੋ-ਕਰਮ ਤੇ ਸਨ ਤੇ ਬਸਤੀਵਾਦੀ ਕਾਨੂੰਨ ਬਨਣ ਨਾਲ ਉਹ ਹੋਰ ਵੀ ਅਸੁਰੱਖਿਅਤ ਹੋ ਗਏ। ਕਦੇ ਸਿੱਖ ਧਰਮ ਦੇ ਮਾਣ-ਮੱਤੇ ਸਿਪਾਹੀ ਰਹੇ ਦਲਿਤ ਹੁਣ ਆਪਣੀ ਜ਼ਮੀਨ ਜਾਂ ਘਰਾਂ ਤੋਂ ਵੀ ਵਿਰਵੇ ਹੋ ਗਏ ਸਨ। ਅਜਿਹੇ ਹਾਲਾਤਾਂ ਵਿੱਚ ਜੱਟਾਂ ਨੇ ਜਾਤ ਦਾ ਸਹਾਰਾ ਲੈ ਕੇ ਦਲਿਤਾਂ ਤੋਂ ਮੁਫ਼ਤ ਚ ਜ਼ਮੀਨ ਹਥਿਆ ਲਈ ਤੇ ਆਪਣੇ ਹਿੱਤਾਂ ਲਈ ਦਲਿਤਾਂ ਤੋਂ ਬੇਗਾਰ ਕਰਾਉਣ ਲੱਗੇ। ਸਿੱਖ ਧਰਮ ਵਿੱਚ ਜੱਟਾਂ ਦੀ ਚੌਧਰ ਅਤੇ ਵੀਹਵੀਂ ਸਦੀ ਵਿੱਚ ਪੰਜਾਬ ਦੇ ਪੇਂਡੂ ਖਿੱਤੇ ਵਿੱਚ ਖੇਤੀਬਾੜੀ ਤੇ ਨਿਰਭਰ ਦੂਸਰੀਆਂ ਜਾਤਾਂ (ਖਾਸ ਕਰਕੇ ਦਲਿਤਾਂ ਲਈ) ਸਮੱਸਿਆਵਾਂ ਪੈਦਾ ਕਰ ਦਿੱਤੀਆਂ, ਜਿਸਦਾ ਸਿੱਟਾ ਇਹ ਹੋਇਆ ਕਿ ਜਾਤ ਅਧਾਰਿਤ ਗੁਰਦੁਆਰੇ ਬਣ ਗਏ।

### ਸਿੱਟਾ:

ਆਪਣੇ ਸਾਂਝੀਵਾਲਤਾ ਤੇ ਦਲਿਤਾਂ ਦੀ ਮੁਕਤੀ ਦੇ ਵਿਚਾਰਾਂ ਨਾਲ ਸਿੱਖ ਅਹਿਮ ਧਰਮ ਤੇ ਲਹਿਰ ਵਜੋਂ ਉਭਰਿਆ। ਇਹ ਉਹਨਾਂ ਪੰਜਾਬੀ ਦਲਿਤਾਂ ਦੇ ਸਸ਼ੱਕਤੀਕਰਨ ਵਿੱਚ ਸਹਾਈ ਹੋਇਆ ਜੋ ਇਸ ਵਿੱਚ ਸ਼ਾਮਿਲ ਹੋਏ। ਉਹ ਕਈ ਖੇਤਰਾਂ ਵਿੱਚ ਅੱਗੇ ਵਧੇ ਜਿਸ ਵਿੱਚ ਧਰਮ, ਯੁੱਧ-ਕਲਾ ਅਤੇ ਸਾਹਿਤਿਕ ਸਿਰਜਣਸ਼ੀਲਤਾ ਵੀ ਸ਼ਾਮਿਲ ਸੀ। ਜੇ ਸਿੱਖੀ ਹੀ ਸਮਾਜੀ ਸਾਂਝੀਵਾਲਤਾ ਦੇ ਮਿਸ਼ਨ ਵਿੱਚ ਅਸਫ਼ਲ ਹੋ ਰਹੀ ਸੀ ਤਾਂ ਪੰਜਾਬ ਦੇ ਦਲਿਤਾਂ ਲਈ ਹੋਰ ਕੀ ਬਦਲ ਰਹਿ ਗਏ ਸਨ? ਕੁਝ ਦਲਿਤ ਇਸਦਾ ਸਮਾਜਿਕ-ਧਾਰਮਿਕ ਹੱਲ ਲੱਭਣ ਵਿੱਚ ਸਫ਼ਲ ਹੋ ਗਏ ਜਿਵੇਂ ਕਿ ਵੀਹਵੀਂ ਸਦੀ ਦੀ ਆਦਿ ਧਰਮ ਲਹਿਰ। ਇਹ ਲਹਿਰ ਸਿਆਸੀ ਬਦਲਾਅ, ਆਤਮਿਕ ਉੱਚਤਾ ਅਤੇ ਸਿਆਸੀ ਰੋਅਬ-ਦਾਬ ਰਾਹੀਂ ਦਲਿਤਾਂ ਲਈ ਮਾਣਯੋਗ ਥਾਂ ਚਾਹੁੰਦੀ ਸੀ। ਇਸ ਲਹਿਰ ਦੇ ਸੰਸਥਾਪਕ, ਮੰਗੂ ਰਾਮ ਮੂਗੋਵਾਲੀਆ ਦਾ ਵਿਚਾਰ ਕਿ ਦਲਿਤ ਭਾਰਤ ਦੇ ਆਦਿ ਵਾਸੀ ਹਨ ਨੇ ਪੰਜਾਬ ਦੇ ਅਛੂਤਾਂ ਦੀ ਮਾਨਸਿਕਤਾ ਤੇ ਬਹੁਤ ਪ੍ਰਭਾਵ ਪਿਆ ਤੇ ਉਹਨਾਂ ਵਿੱਚ ਆਪਣੀ ਅਜ਼ਾਦੀ/ਮੁਕਤੀ ਲਈ ਲੜ੍ਹਨ ਦਾ ਜ਼ਜ਼ਬਾ ਭਰ ਗਿਆ। ਥੋੜ੍ਹੇ ਜਿਹੇ ਸਮੇਂ ਵਿੱਚ ਹੀ ਇਹ ਲਹਿਰ ਆਪਣੀ ਵੱਖਰੀ ਪਛਾਣ ਲਈ ਸਮੂਹ ਦਲਿਤਾਂ ਦੇ ਸੰਘਰਸ਼ ਦੀ ਲਹਿਰ ਬਣ ਗਈ। ਪਰ ਅਜ਼ਾਦੀ ਤੋਂ ਬਾਅਦ ਇਹ ਹੌਲੀ-ਹੌਲੀ ਖਤਮ ਹੋਣ ਲੱਗੀ। ਇਸਦੀ ਸਫ਼ਲਤਾ ਇਸ ਤੱਥ ਵਿੱਚ ਹੈ ਕਿ ਜਿਹਨਾਂ ਨੇ ਆਪਣੀ ਪਛਾਣ ਆਦਿ ਧਰਮੀ ਵਜੋਂ ਜਾਰੀ ਰੱਖੀ, ਉਹਨਾਂ ਨੇ ਸਭ ਖੇਤਰਾਂ ਵਿੱਚ ਬਹੁਤ ਤਰੱਕੀ ਕੀਤੀ। ਜੋ ਦਲਿਤ ਸਿੱਖੀ ਸਣੇ ਦੂਸਰੇ ਸਥਾਪਿਤ ਧਰਮਾਂ ਮਗਰ ਲੱਗੇ ਰਹੇ, ਉਹ ਪੱਛੜ ਗਏ।

ਅਜ਼ਾਦੀ ਲਈ ਗੈਰ ਧਾਰਮਿਕ ਰਾਹ ਸਮਾਜਵਾਦੀ ਕ੍ਰਾਂਤੀ ਸੀ। ਕਮਿਊਨਿਸਟਾਂ ਨੇ 1920 ਤੋਂ ਪੰਜਾਬ ਵਿੱਚ ਕੁਝ ਸਫ਼ਲਤਾਪੂਰਵਕ ਲਹਿਰਾਂ ਚਲਾਈਆਂ, ਪਰ ਇਹਨਾਂ ਵਿੱਚੋਂ ਕੋਈ ਵੀ ਸਪਸ਼ਟ ਤੌਰ ਤੇ ਦਲਿਤ ਸਵਾਲ ਦੀ ਗੱਲ ਨਹੀਂ ਕਰਦੀ ਸੀ। ਇਹਨਾਂ ਵਿੱਚੋਂ ਨਿਵੇਕਲਾ ਕ੍ਰਾਂਤੀਕਾਰੀ ਭਗਤ ਸਿੰਘ ਸੀ, ਜਿਸਨੇ 1928 ਵਿੱਚ ਲੰਮਾ ਲੇਖ "ਅਛੂਤ ਦਾ ਸਵਾਲ" ਲਿਖਿਆ ਸੀ। ਇਹ ਲੇਖ ਵੱਖ-ਵੱਖ ਧਰਮਾਂ ਵਿੱਚ ਮੁਕਾਬਲੇਬਾਜ਼ੀ ਵੱਲ ਇਸ਼ਾਰਾ ਕਰਦਾ ਹੈ, ਜਿਹਨਾਂ ਦਾ ਮਕਸਦ ਸਿਰਫ ਸਿਆਸੀ ਲਾਲਚ ਤੇ ਸਵਾਰਥ ਲਈ ਅਛੂਤਾਂ ਨੂੰ ਆਪਣੇ ਨਾਲ ਰਲਾਉਣਾ ਹੈ। ਉਸਨੇ ਦਲਿਤਾਂ ਨੂੰ ਇਕੱਠੇ ਹੋ ਕੇ ਆਪਣੀ ਲੜ੍ਹਾਈ ਆਪ ਲੜ੍ਹਨ ਦਾ ਹੋਕਾ ਦਿੱਤਾ, ਕਿਉਂਕਿ ਕੋਈ ਹੋਰ ਉਹਨਾਂ ਲਈ ਨਹੀਂ ਲੜੇਗਾ। ਪਰ ਜਦੋਂ ਭਗਤ ਸਿੰਘ ਨੂੰ 1931 ਵਿੱਚ ਸ਼ਹੀਦ ਕਰ ਦਿੱਤਾ

(ਬਾਕੀ ਅਗਲੇ ਸਫੇ 'ਤੇ)

# ਦਲਿਤ ਸਿੱਖ ਇਤਿਹਾਸ ਦੀ ਸਮਝ / ਪੜ੍ਹਚੋਲ ਕਰਦਿਆਂ

(ਸਫਾ 24 ਦੀ ਬਾਕੀ)

ਗਿਆ, ਉਸ ਤੋਂ ਬਾਅਦ ਹੋਰ ਕੋਈ ਕਾਮਰੇਡ ਉਸਦੀ ਸੋਚ ਤੱਕ ਨਹੀਂ ਅੱਪੜਿਆ। ਇਹ ਸੋਚਦਿਆਂ ਕਿ ਵਰਗ ਸ਼ਾਸ਼ਨ ਦਾ ਖਾਤਮਾ ਆਪਣੇ-ਆਪ ਸਮਾਜਿਕ-ਸੱਭਿਆਚਾਰਕ ਮਸਲਿਆਂ ਨੂੰ ਹੱਲ ਕਰ ਦੇਵੇਗਾ, ਕਮਿਊਨਿਸਟ ਭਾਰਤੀ ਸੱਭਿਆਚਾਰਕ ਸੰਦਰਭ ਵਿੱਚ ਜਾਤਪਾਤ ਤੇ ਛੂਤਛਾਤ ਦੇ ਮਹੱਤਵ ਨੂੰ ਸਮਝਣ ਵਿੱਚ ਅਸਫ਼ਲ ਰਹੇ। ਇੱਥੋਂ ਤੱਕ ਕਿ ਅੱਤ ਖੱਬੀ ਨਕਸਲਬਾੜੀ ਲਹਿਰ ਦੇ ਸਭ ਤੋਂ ਵਧੀਆ ਕਵੀ ਤੇ ਕਾਮੇ ਲਾਲ ਸਿੰਘ ਦਿਲ ਤੇ ਸੰਤ ਰਾਮ ਉਦਾਸੀ ਨੂੰ ਜਾਤੀਵਾਦ ਦੇ ਨਾਂਅ ਤੇ ਨਿਰਾਦਰ ਸਹਿਣ ਕੀਤਾ ਤੇ ਉਹਨਾਂ ਦੀ ਮੌਤ ਬੜੀਆਂ ਮੁਸ਼ਕਿਲਾਂ ਵਿੱਚ ਹੋਈ। ਏਨਾ ਸ਼ੁਕਰ ਹੈ ਕਿ ਬੇਨਾਮ ਮੌਤ ਨਹੀਂ ਮਰੇ।

ਆਮ ਕਰਕੇ ਦਲਿਤ ਅਤੇ ਖਾਸ ਕਰਕੇ ਦਲਿਤ ਸਿੱਖ ਧਰਮ ਦੇ ਮਸਲੇ ਵਿੱਚ ਆਪਣੇ ਆਪ ਨੂੰ ਦੋਰਾਹੇ ਤੇ ਖੜੇ ਮਹਿਸੂਸ ਕਰਦੇ ਹਨ। ਦਲਿਤ ਸਿੱਖਾਂ ਦਾ ਉਹ ਸਮੂਹ ਜਿਹਨਾਂ ਕੋਲ ਆਪਣੇ ਸ਼ਾਨਦਾਰ ਭੂਤਕਾਲ ਦੀਆਂ ਮਾਣਮੱਤੀਆਂ ਯਾਦਾਂ ਹਨ, ਇਸ ਗੱਲ ਨੂੰ ਸਮਝਣ ਤੋਂ ਅਸਮਰਥ ਹੈ ਕਿ ਸਿੱਖ ਧਰਮ ਨੂੰ ਕੀ ਹੋ ਗਿਆ ਹੈ। ਪਰ ਉਹ ਅਜੇ ਵੀ ਆਸ ਕਰਦੇ ਹਨ ਕਿ ਸਿੱਖੀ ਉਹਨਾਂ ਦੇ ਗੁਆਚੇ ਮਾਣ ਨੂੰ ਵਾਪਿਸ ਮੋੜ ਲਿਆਏਗੀ। ਅਜੇ ਵੀ ਬਹੁਗਿਣਤੀ ਦਲਿਤ ਇਹਨਾਂ ਆਪਾ ਵਿਰੋਧੀ ਵਿਚਾਰਾਂ ਦੇ ਤਜ਼ਰਬੇ ਕਾਰਨ ਤਣਾਅ ਵਿੱਚ ਹਨ। ਉਹ ਸਿੱਖ ਧਰਮ ਤੋਂ ਵਿੱਥ ਬਣਾਉਂਦਿਆਂ ਬੜੀ ਮਾਨਸਿਕ ਖਿੱਚੋਤਾਣ ਚ ਹੁੰਦੇ ਹਨ। ਸਿੱਖਿਆ, ਸਿਆਸੀ ਚੇਤਨਾ ਅਤੇ ਦਲਿਤ ਦਾਅਵੇਦਾਰੀ ਪੁਰਾਣੀਆਂ ਧਾਰਮਿਕ ਪਛਾਣਾਂ ਲਈ ਚੁਣੌਤੀ ਪੇਸ਼ ਕਰ ਰਹੇ ਹਨ। ਦਲਿਤ ਮਾਣ-ਤਾਣ ਦੀ ਭਾਲ ਤੇ ਬਹਾਲੀ ਲਈ ਬਦਲਵੇਂ ਵਿਕਲਪ ਲੱਭ ਰਹੇ ਹਨ।

### ਹਵਾਲੇ ਤੇ ਟਿੱਪਣੀਆਂ


1. ਭਗਤੀ, ਸੰਤ ਲਹਿਰ ਤੇ ਇਸਦੇ ਮਸਲਿਆਂ ਦੀ ਖੁੱਲ੍ਹੀ ਵਿਆਖਿਆ ਲਈ ਮੈਕਲੋਡ ਤੇ ਸ਼ੋਮਰ ਦੀ ਕਿਤਾਬ 'ਸੰਤ' ਦੇਖੋ। Karine Schomer and W. D. McLeod, ed. The Sants: Studies in a Devotional Tradition of India, Delhi: South Asia Books, 1987

2. J. S. Grewal, Contesting Interpretations of the Sikh Tradition, Delhi: Manohar, 1998; Mark Juergensmeyer, Sikh Studies, ed. Sikh Studies: Comparative Perspectives on a Changing Tradition, Berkeley, CA: Graduate Theological Union, 1979

3. ਆਰਿਫੀ, ਰੰਘਰੇਟਿਆਂ ਦਾ ਇਤਿਹਾਸ, ਭਾਗ 1-13. (Arifi, Naranjan. Ranghrehtian da Itihas (Adi kal ton 1850 tak), Amritsar: Literature House, 1993.) ਪੰਜਾਬੀ ਦੇ ਸਾਰੇ ਅਨੁਵਾਦ ਮੇਰੇ (ਲੇਖਕ ਦੇ) ਆਪਣੇ ਹਨ।

4. ਉਹੀ, 35

5. Enrique Dussel, Philosophy of Liberation, Translated by Aquilina Martinez and Christine Morkovsky, New York: Orbis, 1985

6. J. P. S. Uberoi, Religion, Civil Society and the State: A Study of Sikhism, Delhi: Oxford University Press, 1996, 74

7. Gurinder Mann, The Making of Sikh Scripture, New Delhi: Oxford University Press, 2001, 133

8. ਡਾ. ਪੁਰੀ ਦੀ ਕਿਤਾਬ "ਸਿੱਖ ਸਮਾਜ ਵਿੱਚ ਅਨੁਸੂਚਿਤ ਜਾਤਾਂ" ਵਿੱਚੋਂ

Surinder Jodhka, "Dissociation, Distancing and Autonomy: Caste and Untouchability in Rural Punjab" in Dalits in Regional Context, edited by Harish Puri, Jaipur: Rawat, 2004, 62–99 and "Sikhism and the Caste Question: Dalits and Their Politics in Contemporary Punjab" in Caste in Question: Identity or Hierarchy, edited by Dipankar Gupta, New Delhi: Sage, 2004, 165–92); Paramjit Judge, "Religion, Caste, and Communalism in Punjab." Sociological Bulletin, 51, no. 2 (2002), 175–94) ; Mark Juergensmeyer, Religious Rebels in the Punjab: The Social Vision of Untouchables, Delhi: Ajanta, 1988; Ethne Marenco, The Transformation of Sikh Society, New Delhi: Heritage, 1976; Harish Puri, "The Scheduled Castes in the Sikh Community: A Historical Perspective", Economic and Political Weekly, 34, 36 (1999): 2693–701); Indera Pal Singh, "Caste in a Sikh Village" in Caste among Non-Hindus in India, edited by Harjinder Singh, Delhi: National Publishing House, 1977, 66–83; Rashpal Walia, The Problem of Untouchability among Sikhs in Punjab with Special Reference to Mazhabi Sikhs, PhD diss., Punjab University, 1993)

10. W. H. Mcleod, "Sikhs and Castes" in Textures of the Sikh Past: New Historical Perspectives, edited by Tony Ballantyne, 104–31, New Delhi: Oxford University Press, 2007, 106

11. ਗੁਰਮੁੱਖੀ ਵਿੱਚ 'ਸੰਗਤ' ਦਾ ਅਰਥ ਹੈ ਦੂਸਰਿਆਂ ਨਾਲ ਰਲਕੇ ਬੈਠਣਾ। ਇਸ ਤਰ੍ਹਾਂ ਗੁਰਸ਼ਬਦਾਂ ਰਾਹੀਂ ਸਿਆਣਿਆਂ ਦੇ ਸਾਥ ਵਿੱਚ ਵਾਹਿਗੁਰੂ ਦੀ ਉਸਤਤ ਦੇ ਗੁਣਗਾਣ ਕਰਨ ਨੂੰ ਸਿੱਖ ਪ੍ਰੰਪਰਾ ਵਿੱਚ ਸੰਗਤ ਕਿਹਾ ਜਾਂਦਾ ਹੈ। 'ਪੰਗਤ' ਸੰਸਕ੍ਰਿਤ ਦੇ ਸ਼ਬਦ ਪੰਕਤੀ ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ ਕਤਾਰ। ਇਸ ਤਰ੍ਹਾਂ ਪੰਗਤ ਵਿੱਚ ਬਿਨ੍ਹਾਂ ਕਿਸੇ ਭੇਦਭਾਵ ਦੇ ਬੈਠਕੇ ਲੰਗਰ ਛਕਣ ਨੂੰ ਸਿੱਖੀ ਵਿੱਚ ਪੰਗਤ ਕਰਕੇ ਜਾਣਿਆ ਜਾਂਦਾ ਹੈ

12. Max Arthur Macauliffe, The Sikh Religion: Its Gurus, Sacred Writings and Authors, Vol. 2. 1909. Delhi: Oxford University Press, 1963, 105

13. W. H. McLeod, "The Sikh Concept of Caste" in Essays in Sikh History, Tradition, and Society, New Delhi: Oxford University Press, 2007, 173

14. ਉਹੀ, 186

15. ਗੰਡੀਵਿੰਡ, ਸ਼ਹੀਦ ਬਾਬਾ ਜੀਵਨ ਸਿੰਘ, (Gandiwind, Giani Nishan Singh, Shaheed Baba Jiwan Singh: Jeevan, Rachna te Viakhia. Amritsar: Bhai Chatar Singh Jeevan Singh, 2008, 174) 174. ਭਾਈ ਜੈਤੇ ਦੀ ਇਹ ਮਸ਼ਹੂਰ ਲਿਖਤ ਵੀਹਵੀਂ ਸਦੀ ਦੇ ਦੂਜੇ ਅੱਧ ਵਿੱਚ ਹੀ ਸਾਹਮਣੇ ਆਈ। ਸ਼੍ਰੀ ਗੁਰ ਕਥਾ (ਪੂਰਾ ਸਿਰ-ਲੇਖ-ਸ਼੍ਰੀ ਗੁਰ ਕਥਾ ਕ੍ਰਿਤ ਕਵੀ ਬਾਬਾ ਜੀਵਨ ਸਿੰਘ)। ਆਰਿਫੀ ਦੇ ਰੰਘਰੇਟਿਆਂ ਦਾ ਇਤਿਹਾਸ, ਭਾਗ 1, 396-424 ਵਿੱਚ ਛਾਪੀ ਗਈ ਸੀ। ਹੋਰ ਕਿਤਾਬਾਂ ਜਿਹਨਾਂ ਵਿੱਚ ਸ਼੍ਰੀ ਗੁਰ ਕਥਾ ਛਪੀ ਸੀ, ਉਹ ਹਨ, ਬਲਦੇਵ ਸਿੰਘ ਦੀ ਪੰਜਵਾਂ ਸਾਹਿਬਜ਼ਾਦਾ, 465-501; ਗੁਰਮੁੱਖ ਸਿੰਘ ਦੀ ਭਾਈ ਜੈਤਾ, 49-82.

16. ਗੰਡੀਵਿੰਡ, ਸ਼ਹੀਦ ਭਾਈ ਜੀਵਨ ਸਿੰਘ, 181

17. John C. B. Webster, The Dalit Christians: A History, 3rd ed. Delhi: Indian Society for Promoting Christian Knowledge, 2000

18. John C. B. Webster, "The Dalit Sikhs: A History?", Textures of the Sikh Past: New Historical Perspectives, edited by Tony Ballantyne, 132–54. New Delhi: Oxford University Press, 2007

19. ਉਹੀ, 138

20. ਉਹੀ, 133

21. ਇਹਨਾਂ ਚੋਂ ਕੁਝ ਹਨ, ਆਰਿਫੀ ਦੀ ਰੰਘਰੇਟਿਆਂ ਦਾ ਇਤਿਹਾਸ; ਅਸ਼ੋਕ ਦੀ ਮਜ਼੍ਹਬੀ ਸਿੱਖਾਂ ਦਾ ਇਤਿਹਾਸ; ਨਿਰਭੈ ਦੀ ਮਜ਼੍ਹਬੀ ਸਿੱਖਾਂ ਦੀ ਜੱਦੋ-ਜਹਿਦ; ਅਤੇ ਗਿਆਨੀ ਸਿੰਘ, ਗੁਰੂ ਕੀ ਬੇਲਾ। ਦਲਿਤਾਂ ਦੇ ਆਮ ਇਤਿਹਾਸ ਲਈ ਈਸ਼ਰ ਸਿੰਘ ਦੀ ਸਿੱਖ ਇਤਿਹਾਸ ਦੇ ਬਿੱਖਰੇ ਪੰਨੇ ਅਤੇ ਵਿਰਦੀ ਦੀ ਪੰਜਾਬ ਦਾ ਦਲਿਤ ਇਤਿਹਾਸ ਦੇਖੋ

22. ਵਿਰਦੀ, ਪੰਜਾਬ ਦਾ ਦਲਿਤ ਇਤਿਹਾਸ, 31-32

23. ਅਸ਼ੋਕ, ਮਜ਼ਹਬੀ ਸਿੱਖਾਂ ਦਾ ਇਤਿਹਾਸ

24. ਹੋਰ ਵੇਰਵਿਆਂ ਲਈ, ਆਰਿਫੀ ਦੀ ਕਿਤਾਬ ਰੰਘਰੇਟਿਆਂ ਦਾ ਇਤਿਹਾਸ ਦੇਖੋ, 224-26

25. ਬਲਦੇਵ ਸਿੰਘ ਦਾ ਨਾਵਲ ਪੰਜਵਾਂ ਸਾਹਿਬਜ਼ਾਦਾ ਦੇਖੋ

26. Anne Murphy, "Materializing Sikh Pasts." Sikh Formations, 1, No. 2, 2005, 175–200

27. ਗੁਰਨਾਮ ਅਕੀਦਾ,"ਬਾਬਾ ਜੀਵਨ ਸਿੰਘ ਦੀ ਮਹਾਨ ਕੁਰਬਾਨੀ ਨੂੰ ਵੀ ਨਹੀਂ ਸਮਝਿਆ,"10-11

28. ਪੰਜਾਬੀ ਸਾਹਿਤਿਕ ਕਿਤਾਬਾਂ ਦੇ ਖੋਜਕਾਰ, ਖਾਸ ਕਰਕੇ ਉਹ ਜੋ ਸਿੱਖ ਪ੍ਰੰਪਰਾ ਨਾਲ ਸਬੰਧਿਤ ਹਨ-ਜਿਹਨਾਂ 'ਚ ਸ਼ਮਸ਼ੇਰ ਅਸ਼ੋਕ, ਗੁਰਿੰਦਰ ਮਾਨ, ਪਰੀਤਮ ਸਿੰਘ, ਪਿਆਰਾ ਸਿੰਘ ਪਦਮ ਅਤੇ ਇਤਿਹਾਸਕਾਰ ਜੇ.ਐਸ.ਗਰੇਵਾਲ, ਡਬਲਿਊ.ਐਚ. ਮੈਕਲੋਇਡ, ਗੰਡਾ ਸਿੰਘ ਅਤੇ ਪਿਸ਼ੌਰਾ ਸਿੰਘ ਭਾਈ ਜੈਤੇ ਦੀ 'ਸ਼੍ਰੀ ਗੁਰ ਕਥਾ' ਦਾ ਜ਼ਿਕਰ ਨਹੀਂ ਕਰਦੇ ਹਨ। ਇਹ ਵੀ ਸੰਭਾਵਨਾ ਹੈ ਕਿ ਇਹ ਅਸਾਨੀ ਨਾਲ ਨਹੀਂ ਮਿਲਦੀ ਸੀ। ਨਿਰੰਜਣ ਆਰਿਫੀ ਨੂੰ ਇਸਦੀ ਇੱਕ ਨਕਲ ਕੁਲਤਾਰ ਸਿੰਘ, ਦਇਆ ਸਿੰਘ ਆਰਿਫ ਦੇ ਸਭ ਤੋਂ ਵੱਡੇ ਸਪੁੱਤਰ ਕੋਲੋਂ ਮਿਲੀ, ਜਿਹੜੀ 1950 ਵਿੱਚ ਉਸਨੂੰ ਅਸਾਮ ਦੇ ਕੁਝ ਦਲਿਤ ਸਿੱਖਾਂ ਵਲੋਂ ਦਿੱਤੀ ਗਈ ਸੀ।

33. ਆਰਿਫੀ ਦੇ ਰੰਘਰੇਟਿਆਂ ਦਾ ਇਤਿਹਾਸ ਪੰਨਾ 409 ਤੇ ਬਲਦੇਵ ਸਿੰਘ ਦਾ ਪੰਜਵਾਂ ਸਾਹਿਬਜ਼ਾਦਾ, 481

34. ਆਰਿਫੀ, ਰੰਘਰੇਟਿਆਂ ਦਾ ਇਤਿਹਾਸ, 465-514

35. ਉਹੀ, 432-58

ਇਹ ਸ਼ਬਦ ਅਰਬੀ ਦੇ ਸ਼ਬਦ ਮਿਸਲ ਤੋਂ ਲਿਆ ਲੱਗਦਾ ਹੈ ਜਿਸਦਾ ਅਰਥ ਹੈ ਬਰਾਬਰ।

ਆਰਿਫੀ, ਰੰਘਰੇਟਿਆਂ ਦਾ ਇਤਿਹਾਸ, 517-24

Ganda Singh, Life of Banda Singh Bahadur, Amritsar: Khalsa College, 1935); Sohan Singh, Banda the Brave, Lahore: Bhai Narain Singh Gyani, 1915

35. Warid, Muhammad Shafi. "Banda Bahadur and His Followers from Muhammad Shafi "Warid." Translated by Irfan Habib in Sikh History from Persian Sources: Translations of Major Texts, edited by J. S. Grewal and Irfan Habib, New Delhi: Tulika, 2001, 161-62

36. Irfan Habib, "An Account of the Sikhs, 1808 from Ghulam Ali Khan, Imadus Saadat," Sikh History from Persian Sources: Translations of Major Texts, edited by J. S. Grewal and Irfan Habib, New Delhi: Tulika, 2001, 214-15

37. ਆਰਿਫੀ, ਰੰਘਰੇਟਿਆਂ ਦਾ ਇਤਿਹਾਸ, 429-65; ਅਸ਼ੋਕ, ਮਜ਼ਹਬੀ ਸਿੱਖਾਂ ਦਾ ਇਤਿਹਾਸ, 171

38. ਆਰਿਫੀ, ਰੰਘਰੇਟਿਆਂ ਦਾ ਇਤਿਹਾਸ, 570

39. Hans, Rajkumar, "Sant Poet Wazir Singh: A Window for Reimagining Nineteenth Century Punjab", Journal of Punjab Studies, 20, 1–2 (2013), 135–58

40. Malhotra, Anshu, "Living and Defining Caste: The Life and Writing of Giani Ditt Singh / Sant Ditta Ram." Journal of Punjab Studies, 20, nos. 1–2 (2013), 159–91)

41. Hans, Rajkumar, "Rich Heritage of Punjabi Dalit Literature and Its Exclusion from Histories", Beyond Borders, 6, 1–2 (2010), 73–81

42. ਹਰਜੋਤ ਓਬਰਾਏ ਅਨੁਸਾਰ,"ਸਨਾਤਨੀ ਸਿੱਖੀ ਦੇ ਸਮਾਜਿਕ ਸੰਸਾਰ ਨੂੰ ਬ੍ਰਾਹਮਣਾਂ ਦੇ ਵਰਣ ਆਸ਼ਰਮ ਅਨੁਸਾਰ ਸਹੀ ਢੰਗ ਨਾਲ ਦਰਸਾਇਆ ਜਾ ਸਕਦਾ ਹੈ

43. ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹਾਂ ਕਾ

44. ਆਰਿਫੀ, ਰੰਘਰੇਟਿਆਂ ਦਾ ਇਤਿਹਾਸ, 145. ਉਸਦੇ ਛਿੱਬਰ ਦੇ ਕੰਮ ਦਾ ਅਧਿਐਨ ਕਿਤਾਬ ਦੇ 37-145 ਪੰਨਿਆਂ ਤੇ ਫੈਲਿਆ ਹੈ।

45. J. S. Grewal, "Brahmanizing the Tradition: Chhibber's Bansavalinama", The Khalsa: Sikh and Non-Sikh Perspectives, New Delhi: Manohar, 2004, 85-8

46. John Malcolm, Sketch of the Sikhs: A Singular Nation, Who inhabits the Provinces of Penjab, 1812. New Delhi: Asian Education Services, 1986. 151

47. Henry Steinbach, The Punjaub: Being a Brief Account of the Country of the Sikhs, 1846. Karachi, Pakistan: Oxford University Press, 1976, 159

48. Charles Hugel, Travels in Kashmir and the Punjab, containing a particular account of the govt. and character of the Sikhs, with notes by T. B. Jervis, London: John Petheram, 1845, 283

49. Ian J. Kerr, "British Relationships with the Golden Temple, 1849–90." Indian Economic and Social History Review, 21, No. 2 (1984), 140

50. ਉਹੀ

51. ਉਹੀ, 145; ਗਰੇਵਾਲ ਦੀ ਇਹ ਕਿਤਾਬ ਵੀ ਦੇਖੋ Contest Over the Sacred Space

52. Oman, John Campbell, Cults, Customs and Superstitions of India, 1908, Delhi: Vishal, 1972, 98

53. ਉਹੀ, 102-3

54. Barstow, A. E. The Sikhs: An Ethnology, (1928), Delhi: Low Price Publications, 1993, 19

55. J. S. Grewal, Contesting Interpretations of the Sikh Tradition, Delhi: Manohar, 1998, 71

56. Khushwant Singh, The Sikhs, London: George Allen and Unwin, 1953, 19

57. ਸੰਪਾਦਕੀ "ਇਸਾਈ ਹੋਣ ਦੇ ਕਾਰਨ", ਪੰਜਾਬ ਦਰਪਨ, ਅਕਤੂਬਰ 10,1917

58. ਸੇਵਾ ਸਿੰਘ "ਇੱਕ ਅਤੀ ਜ਼ਰੂਰੀ ਸੇਵਾ:ਚੀਫ਼ ਖਾਲਸਾ ਦੀਵਾਨ ਦੇ ਧਿਆਨ ਯੋਗ", ਖਾਲਸਾ, ਫਰਵਰੀ 21, 1923

59. ਬਿਨ੍ਹਾਂ ਸਿਰਲੇਖ ਦੇ ਲੇਖ, ਖਾਲਸਾ, ਜੂਨ 24, 1923

60. ਭਾਈ ਸਿੰਘ,"ਜਾਤਪਾਤ ਤੇ ਛੂਤਛਾਤ ਸਬੰਧੀ ਗੁਰਮਤ ਸਿਧਾਂਤ Bhai Pratap Singh, Jaat Paat te Chhut-Chhaat sambandhi Gurmat Sidhant, Amritsar: Shiromani Gurdwara Parbandhak Committee, 1933

61. ਸਰਦਾਰ ਅਮਰ ਸਿੰਘ,"ਅਛੂਤਾਂ ਵਿੱਚ ਸਿੱਖੀ ਪ੍ਰਚਾਰ ਦੀ ਲੋੜ ਤੇ ਕੁਝ ਸੁਝਾਅ," ਖਾਲਸਾ ਸੇਵਕ, ਮਾਰਚ 17 ਅਤੇ 22, 1936

62. ਸੰਪਾਦਕੀ, ਖਾਲਸਾ ਸੇਵਕ, ਮਾਰਚ 7, 1936

63. ਪੰਡਿਤ ਰਾਮ,"ਮੇਰਾ ਜੀਵਨ ਸੰਘਰਸ਼," Pandit Bakshi Ram, Mera Jeevan Sangharash, Jalandhar: Punjab Pradesh Balmik Sabha, 1983, 4

64. ਉਹੀ, 96

65. ਉਹੀ, 99

66. ਪ੍ਰੇਮ ਗੋਰਖੀ,"ਧੁਖਦੀ ਧੂਣੀ ਫਰੋਲਨੀ ਪਈ" Gorkhi, Prem, "Dhukhdi Dhooni Pharolani payee", Lakeer, January–March 1995, 23–29

67. ਅਕੀਦਾ,"ਕੱਖ ਕੰਡੇ" Gurnam Aqida, Kakh Kande: Nijh ton Hakikat vall, Barnala: Vishavbharti Parkashan, 2007.

68. Richard G. Fox, Lions of Punjab: Culture in the Making, Berkeley: University of California Press, 1985

69. ਇਸ ਐਕਟ ਦੇ ਵਿਸਥਾਰਪੂਰਵਕ ਹਵਾਲਿਆਂ ਲਈ ਦੇਖੋ ਸ਼ri Ram Sharma, Punjab in Ferment, New Delhi: S. Chand, 1971. jwq sbMDI p`K leI dyKo Guilhem Cassan, "British Law and Caste Identity Manipulation in Colonial India: The Punjab Alienation of Land Act." October 18, 2010. Accessed July 4, 2015. http://www.econ.upf.edu/docs/seminars/cassan.pdf

70. ਉਦਾਹਰਣ ਲਈ, ਚੇਤ ਸਿੰਘ, ਭੰਗੀ ਮਿਸਲ ਦੀ ਘੋੜਸਵਾਰ ਸੈਨਾ ਦੇ ਰੰਘਰੇਟਾ ਜਨਰਲ ਦੀ ਅਠਾਰਵੀਂ ਸਦੀ ਦੀ ਆਖਰੀ ਚੌਥਾਈ ਵਿੱਚ ਹੁਣ ਵਾਲੇ ਬਰਨਾਲੇ ਜ਼ਿਲੇ ਦੇ ਭਾਈਕੇ ਦਿਆਲਪੁਰ ਪਿੰਡ ਚ ਲਗਭੱਗ ਸੱਤ ਹਲ਼ਾਂ ਦੀ ਵਾਹੀਯੋਗ ਜ਼ਮੀਨ ਸੀ। ਉਹ ਰਣਜੀਤ ਸਿੰਘ ਦੀ ਫੌਜ ਨਾਲ ਲੜ੍ਹਾਈ ਵਿੱਚ ਮਾਰਿਆ ਗਿਆ। ਗੁਰੂ ਗੋਬਿੰਦ ਸਿੰਘ ਦੇ ਸਿੱਖ ਪੰਥ (ਸਾਂਝੀਵਾਲਤਾ) ਵਾਲੇ ਸਿਧਾਂਤ ਨੂੰ ਸਮਰਪਿਤ, ਤੇ ਰਣਜੀਤ ਸਿੰਘ ਦੇ ਸ਼ਾਸ਼ਨ ਵਿੱਚ ਸਾਂਝੀਵਾਲਤਾ ਦੇ ਸਿਧਾਂਤ ਤੋਂ ਖਿੜਕੀ ਸਿੱਖੀ ਲਹਿਰ ਤੋਂ ਦੁਖੀ ਚੇਤ ਸਿੰਘ ਦੇ ਛੋਟੇ ਭਰਾ ਕਾਹਲਾ ਸਿੰਘ ਨੇ ਆਪਣੀ ਜ਼ਮੀਨ ਛੱਡਕੇ ਨੇੜਲੇ ਪਿੰਡ ਰਾਏਸਰ ਜਾਣਾ ਠੀਕ ਸਮਝਿਆ। ਇਹ ਵੇਰਵੇ ਗੁਰਦਾਸ ਸਿੰਘ ਘਾਰੂ, ਦਲਿਤ ਲੇਖਕ ਤੇ ਕਾਰਕੁੰਨ, ਦੁਆਰਾ ਲਿਖੀ ਗਈ ਆਪਣੀ ਸਵੈਜੀਵਨੀ 'ਪੱਗਡੰਡੀਆਂ ਤੋਂ ਜੀਵਨ ਮਾਰਗ ਤੱਕ' ਵਿੱਚ ਹਨ, 29-30

71. ਇਹ ਲੇਖ ਜੂਨ 1928 ਦੇ 'ਕਿਰਤੀ' ਪਰਚੇ ਵਿੱਚ ਫ਼ਰਜ਼ੀ ਨਾਂਅ ਵਿਦਰੋਹੀ ਹੇਠ ਛਪਿਆ ਸੀ। ਦੇਖੋ, ਜੇ. ਸਿੰਘ ਦੀ ਕਿਤਾਬ ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ.

# ਦਰਬਾਰ ਸਾਹਿਬ ਵਿਚ ਦਲਿਤ ਸਿੱਖਾਂ ਦੇ ਮੁੜ ਦਾਖਲੇ ਦੀ ਦਾਸਤਾਨ



ਡਾ. ਰਾਜ ਕੁਮਾਰ ਹੰਸ
91-73833-52176

12 ਅਕਤੂਬਰ 1920 ਨੂੰ ਦਲਿਤ ਤੋਂ ਅਛੂਤ ਸਿੱਖਾਂ ਨੇ ਖਾਲਸਾ ਬਿਰਾਦਰੀ ਦੇ ਸੰਗਠਨ ਤਹਿਤ ਵੱਡਾ ਇਕੱਠ ਕਰਕੇ ਇਕ ਜਥੇ ਦੇ ਰੂਪ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਜਲ੍ਹਿਆਂਵਾਲਾ ਬਾਗ ਤੋਂ ਦਰਬਾਰ ਸਾਹਿਬ ਤੱਕ ਮਾਰਚ ਕੀਤਾ, ਜਿਸ ਨੂੰ ਖਾਲਸਾ ਕਾਲਜ ਦੇ ਕੁਝ ਸੁਧਾਰਵਾਦੀ ਪ੍ਰੋਫੈਸਰਾਂ ਦੀ ਹਮਾਇਤ ਹਾਸਲ ਸੀ। ਉਸ ਵੇਲੇ ਦਰਬਾਰ ਸਾਹਿਬ ਦੇ ਤਤਕਾਲੀ ਹੈਡ ਗ੍ਰੰਥੀ ਗੁਰਬਚਨ ਸਿੰਘ ਨੇ ਪ੍ਰਸ਼ਾਦ ਲੈਣ ਤੋਂ ਇਨਕਾਰ ਕਰ ਦਿੱਤਾ, ਜਿਸ ਨਾਲ ਦਰਬਾਰ ਸਾਹਿਬ ਅੰਦਰ ਤਣਾਅ ਪੈਦਾ ਹੋ ਗਿਆ। ਇਕੱਠੇ ਹੋਏ ਸਾਰੇ ਲੋਕਾਂ ਨੇ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈਣ ਦਾ ਮਤਾ ਪਕਾਇਆ। ਜੋ ਵਾਕ ਨਿਕਲਿਆ ਉਹ ਗੁਰੂ ਅਮਰਦਾਸ ਜੀ ਦਾ ਬਹੁਤ ਹੀ ਭਾਵਪੂਰਤ ਸ਼ਬਦ ਹੈ:

ਨਿਗੁਣਿਆ ਨੇ ਆਪੇ ਬਖਸਿ ਲਏ ਭਾਈ ਸਤਿਗੁਰੂ ਕੀ ਸੇਵਾ ਲਾਇ॥ ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥ ਹਰਿ ਜੀਓ ਆਪੇ ਬਖਸਿ ਮਿਲਾਇ॥ ਸੋਰਠਿ ਮ: 3

ਸ਼ਬਦ ਸੁਣ ਕੇ ਹਰ ਕਿਸੇ ਦੀਆਂ ਅੱਖਾਂ ਨਮ ਹੋ ਗਈਆਂ ਅਤੇ ਜਿਹੜਾ ਹੈਡ ਗ੍ਰੰਥੀ ਪਹਿਲਾਂ ਪ੍ਰਸ਼ਾਦ ਲੈਣ ਲਈ ਨਹੀਂ ਮੰਨ ਰਿਹਾ ਸੀ, ਉਸ ਨੇ ਅਰਦਾਸ ਵੀ ਕੀਤੀ ਅਤੇ ਫਿਰ ਕੜਾਹ ਪ੍ਰਸ਼ਾਦ ਸਵੀਕਾਰ ਕਰਕੇ ਸਭਨਾਂ ਨੂੰ ਵਰਤਾਇਆ। ਫਿਰ ਜਥਾ ਅਕਾਲ ਤਖਤ ਵੱਲ ਵਧਿਆ ਜਿੱਥੇ ਦਾ ਪ੍ਰਬੰਧ ਉਥੋਂ ਖਿਸਕ ਗਿਆ। ਤਖਤ ਨੂੰ ਸੁੰਨਾ ਨਹੀਂ ਛੱਡਿਆ ਜਾ ਸਕਦਾ ਸੀ, ਲਿਹਾਜ਼ਾ ਕਰਤਾਰ ਸਿੰਘ ਝੱਬਰ ਨੇ ਸੇਵਾ ਸੰਭਾਲ ਵਾਸਤੇ 25 ਬਹਾਦਰ ਸਿੰਘਾਂ ਦੀ ਮੰਗ ਕੀਤੀ, ਪਰ ਸਿਰਫ 17 ਜਣੇ ਹੀ ਸਾਹਮਣੇ ਆਏ ਜਿਹਨਾਂ 'ਚੋਂ 10 ਦਲਿਤ ਮਜ਼ਹਬੀ ਤੇ ਰਵਿਦਾਸੀਏ ਸਿੰਘ ਸਨ। ਇਸ ਨਾਲ ਅਖੌਤੀ ਉਚ ਜਾਤੀ ਸਿੱਖਾਂ ਅੰਦਰ ਘਬਰਾਹਟ ਫੈਲ ਗਈ ਤੇ ਉਹਨਾਂ ਅਫਵਾਹ ਫੈਲਾਅ ਦਿੱਤੀ ਕਿ ਦਲਿਤਾਂ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਲਿਆ ਹੈ। ਸਰਕਾਰ ਨੂੰ ਵੀ ਭਾਜੜ ਪੈ ਗਈ। ਅਗਲੇ ਦਿਨ ਡਿਪਟੀ ਕਮਿਸ਼ਨਰ ਨੇ ਸੰਕਟ ਦਾ ਹੱਲ ਕੱਢਣ ਲਈ ਸਰਬਰਾਹ, ਹੈਡ ਗ੍ਰੰਥੀਆਂ ਅਤੇ ਮਾਰਚਕਾਰੀ ਸਿੱਖਾਂ ਦੇ ਨੁਮਾਇੰਦਿਆਂ ਦੀ ਮੀਟਿੰਗ ਬੁਲਾ ਲਈ। ਗ੍ਰੰਥੀ ਤਾਂ ਆਏ ਹੀ ਨਹੀਂ ਜਿਸ ਨਾਲ ਆਖਿਰਕਾਰ ਥੋੜ੍ਹੇ ਸਮੇਂ 'ਚ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣੀ ਪਈ। ਇਸ ਕਦਮ ਨਾਲ ਪ੍ਰਮੁੱਖ ਗੁਰਦੁਆਰਿਆਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਤੋਂ ਮੁਕਤ ਕਰਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋ ਗਈ।



ਜਥੇਦਾਰ ਕਰਤਾਰ ਸਿੰਘ ਝੱਬਰ



ਜਥੇਦਾਰ ਤੇਜਾ ਸਿੰਘ ਭੁੱਚਰ



ਪ੍ਰੋਫੈਸਰ ਤੇਜਾ ਸਿੰਘ



ਪ੍ਰੋਫੈਸਰ ਹਰਿਕਿਸ਼ਨ ਸਿੰਘ ਬਾਵਾ

ਇਹ ਦਲੇਰਾਨਾ ਕਾਰਵਾਈ ਉਨੀਵੀਂ ਸਦੀ ਦੇ ਪਹਿਲੇ ਅੱਧ ਵਿਚ ਦਲਿਤ ਸਿੱਖਾਂ 'ਤੇ ਆਇਦ ਕੀਤੀਆਂ ਜਾ ਰਹੀਆਂ ਪਾਬੰਦੀਆਂ ਖਿਲਾਫ ਵਿਦਰੋਹ ਸੀ। ਇਹ ਪਾਬੰਦੀਆਂ ਕੀ ਸਨ ਤੇ ਕਿਹੜੇ ਲੋਕਾਂ ਨੇ ਲਾਈਆਂ ਸਨ? ਆਮ ਤੌਰ 'ਤੇ ਸਾਰੇ ਗੁਰਦੁਆਰੇ ਖਾਸਕਰ ਦਰਬਾਰ ਸਾਹਿਬ ਪਿਛਲੇ ਤਿੰਨ ਸੌ ਸਾਲਾਂ ਤੋਂ ਹਰ ਧਰਮ ਤੇ ਜਾਤ ਦੇ ਲੋਕਾਂ ਲਈ ਖੁੱਲ੍ਹੇ ਸਨ। ਇਹ ਅਸਲ ਵਿਚ ਬ੍ਰਾਹਮਣਵਾਦੀ ਸੋਚ ਵਾਲੇ ਮਹੰਤਾਂ ਦਾ ਸ਼ਰਮਨਾਕ ਕਾਰਾ ਸੀ, ਜਿਹਨਾਂ ਨੇ ਇਤਿਹਾਸਕ ਗੁਰਦੁਆਰਿਆਂ ਦੀ ਅਥਾਹ ਸੰਪਤੀ 'ਤੇ ਕਬਜ਼ਾ ਜਮਾ ਲਿਆ ਸੀ ਅਤੇ ਉਹਨਾਂ ਨੂੰ ਨਵੇਂ ਉਭਰੇ ਉਚ ਜਾਤੀ ਸਿੱਖ ਸਰਦਾਰਾਂ ਦੀ ਹਮਾਇਤ ਹਾਸਲ ਸੀ, ਜਿਹੜੇ ਆਣੇ ਅੰਗਰੇਜ਼ ਹਾਕਮਾਂ ਨਾਲ ਰਲੇ ਹੋਏ ਸਨ। ਸਭ ਤੋਂ ਮਾੜੀ ਗੱਲ ਇਹ ਸੀ ਕਿ ਇਹ ਜਾਤੀ ਤਫਰਕੇ ਗੁਰੂ ਸਾਹਿਬਾਨ ਦੀ ਬਾਣੀ ਤੇ ਉਨ੍ਹਾਂ ਦੇ ਕਾਰਵਿਹਾਰ ਤੋਂ ਬਿਲਕੁਲ ਉਲਟ ਸਨ। ਸਿੱਖੀ ਦਾ ਬ੍ਰਾਹਮਣੀਕਰਨ ਹੌਲੀ ਹੌਲੀ ਕਾਫੀ ਲੰਮੇ ਸਮੇਂ ਤੋਂ ਕੀਤਾ ਜਾ ਰਿਹਾ ਸੀ ਜੋ ਰਣਜੀਤ ਸਿੰਘ ਦੇ ਰਾਜ ਦੌਰਾਨ ਪਕੇਰਾ ਹੋਣ ਲੱਗ ਪਿਆ ਅਤੇ ਅੰਗਰੇਜ਼ ਹਾਕਮਾਂ ਨੇ ਇਸ 'ਤੇ ਕਾਨੂੰਨੀ ਮੋਹਰ ਲਗਾ ਦਿੱਤੀ। ਸਿੰਘ ਸਭਾ ਲਹਿਰ ਨੇ ਸਥਿਤੀ ਵਿਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ, ਪਰ ਤ੍ਰਾਸਦੀ ਇਹ ਰਹੀ ਕਿ ਇਸ ਲਹਿਰ ਦੇ ਮਹਾਨ ਆਗੂ ਗਿਆਨੀ ਦਿੱਤ ਸਿੰਘ ਜੋ ਅਜ਼ੀਮ ਵਿਦਵਾਨ, ਲੇਖਕ, ਵਕਤਾ, ਪੱਤਰਕਾਰ, ਸੰਪਾਦਕ, ਪ੍ਰੋਫੈਸਰ ਤੇ ਮਿਸ਼ਨਰੀ ਸੀ, ਨੂੰ ਵੀ ਇਹੀ ਤ੍ਰਿਸਕਾਰ ਹੰਢਾਉਣਾ ਪਿਆ ਕਿਉਂਕਿ ਉਸ ਦਾ ਵੀ ਦਲਿਤ ਪਿਛੋਕੜ ਸੀ। ਪੜ੍ਹੇ-ਲਿਖੇ ਸਿੱਖਾਂ ਅੰਦਰ ਨਵੀਂ ਚੇਤਨਾ ਦੀ ਚਿਣਗ ਜਗਣ ਨਾਲ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੇ ਹਵਾਲੇ ਕਰਨ ਵਾਸਤੇ ਅੰਗਰੇਜ਼ ਹਾਕਮਾਂ ਨੂੰ ਬਹੁਤ ਸਾਰੀਆਂ ਅਰਜ਼ੋਈਆਂ ਕੀਤੀਆਂ ਗਈਆਂ, ਪਰ ਕਿਸੇ ਦਾ ਕੋਈ ਅਸਰ ਨਾ ਹੋਇਆ। ਇਹ ਬਹੁਤ ਹੀ ਅਫਸੋਸਨਾਕ ਗੱਲ ਹੈ ਕਿ ਜਾਤੀਵਾਦੀ ਸਿੱਖ ਵਿਦਵਾਨਾਂ ਨੇ ਇਸ ਘਟਨਾ ਨੂੰ ਸਿੱਖ ਇਤਿਹਾਸ ਦੀ ਧਾਰਾ ਬਦਲਣ ਵਾਲੀ ਮਹਾਨ ਘਟਨਾ ਵਜੋਂ ਕਦੇ ਵੀ ਤਸਲੀਮ ਨਹੀਂ ਕੀਤਾ।

ਅਸੀਂ ਇਹ ਕਿਵੇਂ ਭੁੱਲ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਵਰਣ ਤੇ ਜਾਤੀ ਵੰਡ ਖਿਲਾਫ ਸਭ ਤੋਂ ਮੁਖਰ ਮੁਹਿੰਮ ਵਿੱਢੀ ਸੀ। ਇਹ ਸੰਦੇਸ਼ ਜਾਰੀ ਰਿਹਾ ਅਤੇ ਅਗਲੇ ਗੁਰੂ ਸਾਹਿਬਾਨ ਨੇ ਇਸ ਨੂੰ ਹੋਰ ਪੁਖਤਾ ਕੀਤਾ। ਗੁਰੂ ਸਾਹਿਬਾਨ ਦੇ ਸਮਾਨਤਾਵਾਦੀ ਤੇ ਮੁਕਤੀਵਾਦੀ ਫਲਸਫੇ ਦਾ ਅਹਿਮ ਪਹਿਲੂ ਸਿੱਖਾਂ ਨੂੰ 'ਕਿਰਤ ਕਰੋ ਤੇ ਵੰਡ ਛਕੋ' ਦਾ ਹੁਕਮ ਦੇ ਕੇ ਕਿਰਤ ਨੂੰ ਦਿੱਤਾ ਉਤਮ ਦਰਜਾ ਸੀ ਜੋ ਬ੍ਰਾਹਮਣਵਾਦੀ ਧਾਰਨਾ ਵਿਚ ਸਭ ਤੋਂ ਨੀਵੀਂ ਗਿਣੀ ਜਾਂਦੀ ਸੀ ਤੇ ਸ਼ੂਦਰਾਂ ਤੇ ਅਛੂਤਾਂ ਦੇ ਹਿੱਸੇ ਆਉਂਦੀ ਸੀ। ਇਹ ਉਪਦੇਸ਼ ਤੇ ਇਸ ਦੇ ਨਾਲੋ ਨਾਲ ਲੰਗਰ, ਸੰਗਤ ਤੇ ਪੰਗਤ ਦੀ ਪ੍ਰੰਪਰਾ ਸਾਰੀਆਂ ਨੀਵੀਆਂ ਸਮਝਦੀਆਂ ਜਾਤੀਆਂ ਦਲਿਤਾਂ, ਕਾਰੀਗਰਾਂ ਤੇ ਕਿਸਾਨਾਂ ਲਈ ਸਮਾਜੀ ਤੌਰ 'ਤੇ ਬਹੁਤ ਮਾਅਨਾਖੇਜ਼ ਸੀ ਜਿਸ ਨਾਲ ਜਾਤੀ ਭੇਦਭਾਵ ਤੇ ਵਿਤਕਰਿਆਂ ਨੂੰ ਮਿਟਾਉਣ ਦੀ ਨਿੱਗਰ ਕੋਸ਼ਿਸ਼ ਕੀਤੀ ਗਈ ਸੀ। ਸਿੱਖ ਗੁਰੂ ਸਾਹਿਬਾਨ ਦਾ ਸਰਬੱਤ ਦਾ ਭਲਾ ਦਾ ਉਪਦੇਸ਼ ਜੋ ਸਿੱਖਾਂ ਦੀ ਅਰਦਾਸ ਦਾ ਹਿੱਸਾ ਬਣ ਗਿਆ ਸੀ, ਵੀ ਗੁਰੂ ਸਾਹਿਬਾਨ ਦੇ ਸਰਬਸਾਂਝੇ ਫਲਸਫੇ ਦੇ ਦੀਦਾਰ ਕਰਾਉਂਦਾ ਹੈ ਜੋ ਜਾਤ, ਜਮਾਤ, ਰੰਗ ਜਾਂ ਧਰਮ ਦੇ ਤਫਰਕਿਆਂ ਨੂੰ ਪਾਰ ਕਰ ਜਾਂਦਾ ਹੈ।

ਅਸੀਂ ਕਿਵੇਂ ਭੁੱਲ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੀਆਂ ਵੀਹ ਸਾਲ ਲੰਮੀਆਂ ਉਦਾਸੀਆਂ ਤੇ ਉਮਰ ਭਰ ਦਾ ਸਾਥੀ ਰਿਹਾ ਭਾਈ ਮਰਦਾਨਾ ਵੀ ਇਕ ਅਖੌਤੀ ਨੀਵੀਂ ਜਾਤ ਦਾ ਮੁਸਲਮਾਨ ਸੀ। ਅਸੀਂ ਕਿਵੇਂ ਭੁੱਲ ਸਕਦੇ ਹਾਂ ਕਿ ਗੁਰੂ ਅਰਜਨ ਦੇਵ ਦੇ ਸੰਪਾਦਿਤ ਕੀਤੇ ਪਵਿੱਤਰ ਆਦਿ ਗ੍ਰੰਥ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਸੂਫੀ ਮੁਸਲਮਾਨ ਫਕੀਰਾਂ ਤੇ ਦਲਿਤ ਭਗਤਾਂ ਤੇ ਸੰਤਾਂ ਦੀ ਸਰਬਸਾਂਝੀ ਬਾਣੀ ਵੀ ਸ਼ਾਮਲ ਸੀ। ਅਸੀਂ ਦਲਿਤ ਯੋਧੇ ਭਾਈ ਜੈਤਾ ਦਾ ਦਲੇਰਾਨਾਂ ਕਾਰਜ ਕਿਵੇਂ ਭੁੱਲ ਸਕਦੇ ਹਾਂ, ਜਿਹਨਾਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਕੀਰਤਪੁਰ ਲਿਆਂਦਾ ਸੀ। ਅਸੀਂ ਇਹ ਵੀ ਕਿਵੇਂ ਭੁੱਲ ਸਕਦੇ ਹਾਂ ਕਿ ਉਹਨਾਂ ਨੇ ਸਭਨਾਂ ਲਈ ਸਿੱਖਿਆ ਦੇ ਦਰ ਖੋਲ੍ਹਣ ਵਾਲੇ ਗੁਰੂ ਗੋਬਿੰਦ ਸਿੰਘ ਬਾਬਤ ਇਕ ਲੰਮੀ ਕਵਿਤਾ ਸ੍ਰੀ ਗੁਰ ਕਥਾ ਵੀ ਲਿਖੀ ਸੀ। ਅਸੀਂ ਖਾਲਸਾ ਸਾਜਨਾ ਦੀ ਉਹ ਇਤਿਹਾਸਕ ਘੜੀ ਕਿਵੇਂ ਭੁੱਲ ਸਕਦੇ ਹਾਂ, ਜਿਸ ਨੇ ਸਿੱਖਾਂ ਅੰਦਰ ਨਵੀਂ ਰੂਹ ਭਰੀ ਸੀ। ਪੰਜ ਪਿਆਰਿਆਂ 'ਚੋਂ ਇਕ ਨੂੰ ਛੱਡ ਕੇ ਬਾਕੀ ਚਾਰ ਅਖੌਤੀ ਨੀਵੀਆਂ ਕੰਮੀ ਜਾਤੀਆਂ 'ਚੋਂ ਆਏ ਸਨ। ਉਨ੍ਹਾਂ ਨੂੰ ਇਕੋ ਬਾਟੇ 'ਚੋਂ ਅੰਮ੍ਰਿਤਪਾਨ ਕਰਵਾ ਕੇ ਸਾਰੇ ਜਾਤੀ ਭੇਦਭਾਵ ਤੇ ਫਰਕ ਮਿਟਾ ਦਿੱਤੇ ਗਏ ਸਨ। ਗੁਰੂ ਸਾਹਿਬਾਨ ਨੇ ਪੰਜ ਪਿਆਰਿਆਂ ਹੱਥੋਂ ਉਸੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਤੇ ਚੇਲੇ ਵਿਚਕਾਰ ਫਰਕ ਵੀ ਮਿਟਾ ਦਿੱਤੇ ਸਨ। ਇਹ ਸਮਤਾਪੂਰਨ ਸਮਾਜਿਕ ਵਿਵਸਥਾ ਕਾਇਮ ਕਰਨ ਵੱਲ ਇਕ ਇਨਕਲਾਬੀ ਕਦਮ ਸੀ। ਇਸੇ ਭਾਵਨਾ ਨੂੰ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਦੁਨੀਆਂ ਵਿਚ ਪਹਿਲਾ ਲੋਕਰਾਜੀ ਇਨਕਲਾਬ ਸਿਰੇ ਚੜ੍ਹਿਆ ਸੀ।

ਇਸੇ ਕਰਕੇ ਦਲਿਤਾਂ ਸਮੇਤ ਹਰ ਬਿਰਾਦਰੀ ਵਿਚੋਂ ਸਿਰਲੱਥ ਯੋਧੇ ਤੇ ਆਗੂ ਪੈਦਾ ਹੋਏ ਸਨ। ਸਿੱਖਾਂ ਦੇ ਕਤਲੇਆਮ ਤੋਂ 30 ਸਾਲਾਂ ਬਾਅਦ ਬਣੇ ਪੰਜ ਦਲਾਂ 'ਚੋਂ ਇਕ ਦਲ ਦਾ ਸਫਲ ਆਗੂ ਬੀਰ ਸਿੰਘ ਰੰਘਰੇਟਾ ਸੀ। ਸਿੱਖਾਂ ਨੇ ਸਿਰਫ ਪੰਥ ਲਈ ਹੀ ਜਾਨਾਂ ਨਹੀਂ ਵਾਰੀਆਂ ਸਗੋਂ ਅਬਦਾਲੀ ਦਾ ਵੀ ਟਾਕਰਾ ਕੀਤਾ ਸੀ। ਸਿਤਮਜ਼ਰੀਫੀ ਇਹ ਹੋਈ ਕਿ 1760ਵਿਆਂ ਦੇ ਸ਼ੁਰੂ ਵਿਚ ਮਿਸਲਾਂ ਦੇ ਗਠਨ ਵੇਲੇ ਕੁਝ ਜਾਤੀਵਾਦੀ ਮਿਸਲਦਾਰਾਂ ਨੇ ਬਹੁਤ ਸਾਰੇ ਦਲਿਤ ਯੋਧਿਆਂ ਨੂੰ ਦਰਬਾਰ ਸਾਹਿਬ ਕੰਪਲੈਕਸ ਅੰਦਰ ਧੋਖੇ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਬਹੁਤ ਸਾਰੇ ਇਤਿਹਾਸਕਾਰ ਤੇ ਵਿਦਵਾਨ ਇਹ ਚੰਗੀ ਤਰ੍ਹਾਂ ਸਮਝਦੇ ਹਨ ਕਿ ਸਿੱਖ ਸਿਧਾਂਤਾਂ ਤੇ ਕਰਮਾਂ ਵਿਚ ਨਿਘਾਰ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਦੌਰਾਨ ਆਇਆ ਸੀ। ਰਾਜਸੀ ਸੱਤਾ ਯਕੀਨਨ ਭ੍ਰਿਸ਼ਟਾਚਾਰ ਦਾ ਸਬੱਬ ਬਣਦੀ ਹੈ ਜਿਵੇਂ ਇਕ ਚਿੰਤਕ ਨੇ ਕਿਹਾ ਸੀ: ਸੱਤਾ ਭ੍ਰਿਸ਼ਟ ਬਣਾਉਂਦੀ ਹੈ ਤੇ ਨਿਰੰਕੁਸ਼ਸੱਤਾ ਭ੍ਰਿਸ਼ਟਾਚਾਰ ਦੇ ਹੱਦ ਬੰਨੇ ਤੋੜ ਦਿੰਦੀ ਹੈ। ਤਾਂ ਵੀ ਗੁਰੂ ਸਾਹਿਬਾਨ ਦਾ ਹੀ ਇਹ ਅਸਰ ਸੀ ਕਿ 1836 ਵਿਚ ਦਰਬਾਰ ਸਾਹਿਬ ਕੰਪਲੈਕਸ ਅੰਦਰ ਮਜ਼ਹਬੀਆਂ ਦਾ ਬੁੰਗਾ ਉਸਾਰ ਦਿੱਤਾ ਗਿਆ।

ਗੁਰਦੁਆਰਾ ਦਰਬਾਰ ਸਾਹਿਬ ਤਰਨਤਾਰਨ ਵਿਚ ਵੀ ਇਕ ਅਜਿਹਾ ਹੀ ਬੁੰਗਾ ਉਸਾਰਿਆ ਗਿਆ। ਉਂਝ, ਬਾਅਦ ਵਿਚ ਜਦੋਂ ਸਿੱਖੀ ਪੂਰੀ ਤਰ੍ਹਾਂ ਜਾਤ-ਪਾਤ ਅਤੇ ਅਛੂਤਪੁਣੇ ਦੀ ਜਕੜ ਵਿਚ ਆ ਗਈ ਤਾਂ ਇਹ ਦੋਵੇਂ ਬੁੰਗੇ ਢਾਹ ਦਿੱਤੇ ਗਏ। ਦਲਿਤ ਸਿੱਖਾਂ ਨੂੰ ਇਹ ਸਮਝ ਨਹੀਂ ਪੈ ਰਹੀ ਸੀ ਕਿ ਆਖਿਰ ਪੰਥ ਵਿਚ ਇਹ ਵਿਗਾੜ ਕਿਉਂ ਆ ਰਹੇ ਸਨ। ਜਦੋਂ ਸਿੰਘ ਸਭਾ ਲਹਿਰ ਉਭਰਨ ਲੱਗੀ ਤਾਂ ਇਸ ਸਵਾਲ 'ਤੇ ਵੀ ਨਵੀਂ ਸੋਚ ਵਿਕਸਤ ਹੋਣੀ ਸ਼ੁਰੂ ਹੋਈ ਅਤੇ ਦਲਿਤ ਸਿੱਖਾਂ ਨੇ ਆਪਣੇ 'ਤੇ ਕੁਲੀਨ ਸਿੱਖਾਂ ਵੱਲੋਂ ਲਾਈਆਂ ਪਾਬੰਦੀਆਂ ਨੂੰ ਵੰਗਾਰਨਾ ਸ਼ੁਰੂ ਕਰ ਦਿੱਤਾ।

ਖਾਲਸਾ ਬਿਰਾਦਰੀ ਇਕ ਮੋਹਰੀ ਜਥੇਬੰਦੀ ਹੋ ਨਿੱਬੜੀ, ਜਿਸ ਦੀ ਅਗਵਾਈ ਹੇਠ 12 ਅਕਤੂਬਰ 1920 ਨੂੰ ਹੋਏ ਮਾਰਚ ਨਾਲ ਬ੍ਰਾਹਮਣਵਾਦੀ ਸਿੱਖ ਲੀਡਰਸ਼ਿਪ ਦੇ ਥੜ੍ਹੇ ਦੀਆਂ ਚੂਲਾਂ ਹਿੱਲ ਗਈਆਂ ਸਨ।

ਇਸ ਮਹਾਨ ਘਟਨਾ ਦੀ ਯਾਦਾਸ਼ਤ ਗੁਰੂਆਂ ਨੂੰ ਪ੍ਰਣਾਈ ਸਿੱਖੀ ਲਈ ਅੱਜ ਕਿੰਨਾ ਮਹੱਤਵ ਰੱਖਦੀ ਹੈ? ਕੀ ਪਿਛਲੇ ਸੌ ਸਾਲਾਂ ਦੌਰਾਨ ਸਿੱਖੀ ਦੇ ਵਡੇਰੇ ਹਿੱਸੇ ਜਾਤੀਵਾਦ ਤੋਂ ਮੁਕਤ ਹੋ ਸਕੇ ਹਨ? ਸਿੱਖ ਧਰਮ ਦੇ ਉਘੇ ਵਿਦਵਾਨ ਮੈਕਸ ਆਰਥਰ ਮੈਕਾਲਿਫ ਨੇ ਉਨੀਵੀਂ ਸਦੀ ਦੇ ਅੰਤ 'ਤੇ ਇਕ ਤਿੱਖੀ ਟਿੱਪਣੀ ਕੀਤੀ ਸੀ ਕਿ ਬ੍ਰਾਹਮਣਵਾਦ ਇਕ ਅਜਿਹਾ ਅਜਗਰ ਹੈ ਜਿਸ ਨੇ ਪਹਿਲਾਂ ਬੁੱਧ ਧਰਮ ਨੂੰ ਨਿਗਲਿਆ ਸੀ ਅਤੇ ਹੁਣ ਇਹ ਖਤਰਾ ਸਿੱਖੀ ਦੇ ਸਿਰ 'ਤੇ ਮੰਡਰਾਅ ਰਿਹਾ ਹੈ। ਜੇ ਸਿੱਖੀ ਨੇ ਆਪਣੀ ਹੋਂਦ ਬਰਕਰਾਰ ਰੱਖਣੀ ਹੈ ਤਾਂ ਇਸ ਨੂੰ ਜਾਤੀਵਾਦੀ ਊਲ-ਜਲੂਲ ਅਤੇ ਧਾਰਮਿਕ ਆਡੰਬਰ ਤੱਜਣਾ ਪਵੇਗਾ, ਜਿਹਨਾਂ ਦਾ ਗੁਰੂ ਸਾਬਿਾਨ ਨੇ ਸਾਫ ਤੇ ਜ਼ੋਰਦਾਰ ਲਫਜ਼ਾਂ ਵਿਚ ਖੰਡਨ ਕੀਤਾ ਸੀ ਅਤੇ ਸਿੱਖਾਂ ਦਰਮਿਆਨ ਬਰਾਬਰੀ ਦਾ ਸੰਚਾਰ ਕੀਤਾ ਸੀ।

## ਸਵੈ ਰੁਜਗਾਰ ਨਾਲ ਔਰਤਾਂ ਹੋ ਸਕਦੀਆਂ ਹਨ ਆਤਮ ਨਿਰਭਰ - ਪਰਮਜੀਤ ਕੌਰ ਕੰਬੋਜ



**ਫਗਵਾੜਾ (ਬੀਕੇ ਰੱਤੂ)** ਸਹਿਕਾਰਤਾ ਵਿਭਾਗ ਦੀ ਮਾਈ ਭਾਗੋ ਇਸਤਰੀ ਸਸ਼ਕਤੀਕਰਣ ਸਕੀਮ ਤਹਿਤ ਸਹਿਕਾਰੀ ਮੰਡੀਕਰਣ ਸਭਾ ਲਿਮਟਿਡ ਫਗਵਾੜਾ ਦੀ ਤਰਫੋਂ ਮੁਹੱਲਾ ਪ੍ਰੀਤ ਨਗਰ ਵਾਰਡ ਨੰਬਰ 39 'ਚ ਇਸਤਰੀਆਂ ਲਈ ਸ਼ੁਰੂ ਕੀਤੇ ਗਏ ਸਿਲਾਈ ਸੈਂਟਰ ਦਾ ਉਦਘਾਟਨ ਸ੍ਰੀਮਤੀ ਸੀਮਾ ਰਾਣੀ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਫਗਵਾੜਾ ਵਲੋਂ ਕੀਤਾ ਗਿਆ। ਉਹਨਾਂ ਦਾ ਸੈਂਟਰ ਵਿਖੇ ਪੁੱਜਣ 'ਤੇ ਸਭਾ ਦੇ ਪ੍ਰਧਾਨ ਮਹਿੰਦਰ ਸਿੰਘ ਤੇ ਸ੍ਰੀਮਤੀ ਅਮਰਜੀਤ ਕੌਰ ਵਲੋਂ ਸਵਾਗਤ ਕੀਤਾ ਗਿਆ। ਸਮਾਗਮ ਦੌਰਾਨ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਸਾਬਕਾ ਵਾਰਡ ਕੌਂਸਲਰ ਪਰਮਜੀਤ ਕੌਰ ਕੰਬੋਜ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਅਜਿਹੇ ਉਪਰਾਲੇ ਔਰਤਾਂ ਨੂੰ ਸਵੈ ਰੁਜਗਾਰ ਨਾਲ ਜੁੜਨ ਦਾ ਮੌਕਾ ਦਿੰਦੇ ਹਨ ਜੋ ਕਿ ਘਰੇਲੂ ਔਰਤਾਂ ਨੂੰ ਆਤਮ ਨਿਰਭਰ ਬਨਾਉਣ ਵਿਚ ਸਹਾਈ ਬਣਦੇ ਹਨ। ਸੀਮਾ ਰਾਣੀ ਸਹਾਇਕ ਰਜਿਸਟਰਾਰ ਨੇ ਦੱਸਿਆ ਕਿ ਇਸ ਸੈਂਟਰ ਵਿਖੇ ਇਸਤਰੀਆਂ ਸਿਲਾਈ, ਕਢਾਈ ਦੀ ਟਰੇਨਿੰਗ ਲੈ ਕੇ ਆਪਣਾ ਗੁਜਾਰਾ ਵਧੀਆ ਤਰੀਕੇ ਨਾਲ ਕਰ ਸਕਦੀਆਂ ਹਨ। ਇਸ ਮੌਕੇ ਸੈਂਟਰ ਸਟਾਫ ਨਰਿੰਦਰ ਕੌਰ ਸਮੇਤ ਹੋਰ ਪਤਵੰਤੇ ਹਾਜਰ ਸਨ।

## ਪੰਜਾਬ ਜਮਹੂਰੀ ਮੋਰਚਾ ਵੱਲੋਂ ਗਵਰਨਰ ਪੰਜਾਬ ਦੇ ਗੈਰ ਜਰੂਰੀ ਅਤੇ ਰਾਜ ਦੇ ਅਧਿਕਾਰਾਂ ਵਿਚ ਬੇਲੋੜੀ ਦਖ਼ਲ ਅੰਦਾਜ਼ੀ ਦੀ ਸਖ਼ਤ ਨਿੰਦਾ

**ਚੰਡੀਗੜ੍ਹ (ਦਲਜੀਤ ਕੌਰ ਭਵਾਨੀਗੜ੍ਹ** – ਪੰਜਾਬ ਜਮਹੂਰੀ ਮੋਰਚਾ ਨੇ ਗਵਰਨਰ ਪੰਜਾਬ ਵੱਲੋਂ ਪੰਜਾਬ ਸਰਕਾਰ ਵਲੋਂ ਨਿਯੁਕਤ ਕੀਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਦੇ ਹੁਕਮ ਰੱਦ ਕਰਨ ਸੰਬਧੀ ਜਾਰੀ ਕੀਤੀਆਂ ਹਦਾਇਤਾਂ ਨੂੰ ਗੈਰ ਸੰਵਿਧਾਨਕ ਗੈਰ ਜਰੂਰੀ ਅਤੇ ਰਾਜ ਦੇ ਅਧਿਕਾਰਾਂ ਵਿਚ ਬੇਲੋੜੀ ਦਾਖਲ ਅੰਦਾਜ਼ੀ ਦੱਸਿਆ ਹੈ ਅਤੇ ਗਵਰਨਰ ਪੰਜਾਬ ਦੇ ਅਜਿਹੇ ਵਤੀਰੇ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਮੋਰਚਾ ਦੇ ਸੂਬਾ ਕਨਵੀਨਰ ਜੁਗਰਾਜ ਸਿੰਘ ਟੱਲੇਵਾਲ ਅਤੇ ਸੂਬਾ ਆਗੂ ਜਸਵੰਤ ਸਿੰਘ ਪੱਟੀ, ਹਰਜਿੰਦਰ ਸਿੰਘ ਅਤੇ ਸੁੱਚਾ ਸਿੰਘ ਪਟਿਆਲਾ ਨੇ ਕਿਹਾ ਕਿ ਗਵਰਨਰ ਪੰਜਾਬ ਰਾਜ ਦੇ ਸੰਵਿਧਾਨਕ ਮੁੱਖੀ ਦੀ ਥਾਂ ਕੇਂਦਰ ਦੇ ਏਜੰਟ ਵਜੋਂ ਕੰਮ ਕਰ ਰਿਹਾ ਹੈ। ਕੇਂਦਰ ਦੀ ਬੀਜੇਪੀ ਸਰਕਾਰ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਨੂੰ ਅਸਥਿਰ ਕਰਨ ਲਈ ਗਵਰਨਰਾਂ ਨੂੰ ਵਰਤ ਰਹੀ ਹੈ। ਇਸ ਤੋਂ ਪਹਿਲਾਂ ਅਜਿਹਾ ਵਰਤਾਰਾ ਪੱਛਮੀ ਬੰਗਾਲ ਵਿੱਚ ਵੇਖਣ ਨੂੰ ਮਿਲਿਆ ਹੈ। ਕੇਂਦਰ ਸਰਕਾਰ ਵਲੋਂ ਬੀ ਐਸ ਐਫ ਦਾ ਘੇਰਾ 50 ਕਿਲੋਮੀਟਰ ਤੱਕ ਵਧਾ ਕੇ, ਹਰਿਆਣਾ ਨੂੰ ਚੰਡੀਗੜ੍ਹ ਵਿਚ ਵੱਖਰੀ ਵਿਧਾਨ ਸਭਾ ਭਵਨ ਬਣਾਉਣ ਦੀ ਮਨਜ਼ੂਰੀ ਦੇ ਕੇ, ਬੀ ਬੀ ਐਮ ਬੀ ਵਿਚ ਪੰਜਾਬ ਦੀ ਸਥਾਈ ਨੁਮਾਇੰਦਗੀ ਖਤਮ ਕਰਕੇ ਅਤੇ ਖੇਤੀ ਬਿਜਲੀ ਵਰਗੇ ਰਾਜਾਂ ਦੇ ਵਿਸ਼ਿਆਂ ਉਪਰ ਕਾਨੂੰਨ ਬਣਾ ਕੇ ਪੰਜਾਬ ਦੇ ਅਧਿਕਾਰਾਂ ਨੂੰ ਸੀਮਤ ਕੀਤਾ ਹੈ ਅਤੇ ਇਸੇ ਤਰ੍ਹਾਂ ਐਨ ਆਈ ਏ ਦੇ ਨਿਯਮਾਂ ਵਿਚ ਸੋਧ ਕਰਕੇ ਉਸ ਨੂੰ ਰਾਜ ਸਰਕਾਰ ਦੀ ਆਗਿਆ ਬਗੈਰ ਹੀ ਰਾਜਾਂ ਵਿੱਚ ਕਿਸੇ ਵੀ ਥਾਂ ਛਾਪੇਮਾਰੀ ਕਰਨ ਦੀ ਆਗਿਆ ਦੇ ਕੇ ਦੇਸ਼ ਦੇ ਫੈਡਰਲ ਢਾਂਚੇ ਉਪਰ ਕਰਾਰੀ ਸੱਟ ਮਾਰੀ ਹੈ। ਆਗੂਆਂ ਨੇ ਕਿਹਾ ਕਿ ਕੇਂਦਰੀ ਫੰਡਾਂ ਨੂੰ ਜਾਰੀ ਕਰਨ ਸਮੇਂ ਮਨਮਰਜ਼ੀ ਦੀਆਂ ਸ਼ਰਤਾਂ ਲਗਾ ਕੇ ਰਾਜਾਂ ਦੀ ਸੰਘੀ ਘੁੱਟੀ ਜਾ ਰਹੀ ਹੈ। ਪਹਿਲਾਂ ਵੀ ਸੈਸ਼ਨ ਬੁਲਾਉਣ ਸਮੇਂ ਅਤੇ ਬਾਬਾ ਫਰੀਦ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਕਰਨ ਸਮੇਂ ਗਵਰਨਰ ਵਲੋਂ ਅਜਿਹਾ ਹੀ ਕੀਤਾ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਰਾਜ ਦੀਆਂ ਵਿਰੋਧੀ ਪਾਰਟੀਆਂ ਵੀ ਗਵਰਨਰ ਦੀ ਹਾਂ ਵਿਚ ਹਾਂ ਮਿਲਾ ਰਹੀਆਂ ਹਨ। ਉਨ੍ਹਾਂ ਸਮੂਹ ਇਨਸਾਫ ਪਸੰਦ ਲੋਕਾਂ ਨੂੰ ਕੇਂਦਰ ਸਰਕਾਰ ਦੇ ਇਹਨਾਂ ਗੈਰ ਜਮਹੂਰੀ ਕਦਮਾਂ ਖਿਲਾਫ ਜੋਰਦਾਰ ਆਵਾਜ਼ ਉਠਾਉਣ ਦੀ ਅਪੀਲ ਕੀਤੀ ਹੈ।



# "ਅਫ਼ਸਪਾ" ਕਿਉਂ ਵਾਪਸ ਹੋਣਾ ਚਾਹੀਦਾ ?



ਜਗਦੀਸ਼ ਚੋਹਕਾ
91-92179-97445
001-403-285-4208

''ਨਾਗਾਲੈਂਡ ਫਰੇਮਵਰਕ ਐਗਰੀਮੈਂਟ ਜਿਸ ਦਾ ਵਿਸ਼ਾ ਵਸਤੂ ਅਜੇ ਤੀਕ ਭਾਵੇਂ ਸਰਵਜਨਕ ਨਹੀਂ ਕੀਤਾ ਗਿਆ ਹੈ। ਸਗੋਂ ਯੋਜਨਾ ਕਮਿਸ਼ਨ ਦੇ ਭੰਗ ਕਰਨ ਬਾਅਦ, 'ਉਤਰ ਪੂਰਬੀ ਰਾਜਾਂ ਵਾਸਤੇ ਦਸ-ਫ਼ੀਸਦੀ ਵਿਕਾਸ ਫੰਡਾਂ ਨੂੰ ਰਿਜ਼ਰਵ ਕਰਨਾ ਬੰਦ ਹੋ ਜਾਣ ਕਰਕੇ ਇਸ ਖੇਤਰ ਦਾ ਸਮੁੱਚਾ ਵਿਕਾਸ, ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਪਹਿਲਾਂਲਾ ਹੀ ਇਸ ਇਲਾਕੇ ਅੰਦਰ 'ਅਫ਼ਸਪਾ' (AFSPA-1958) ਕਾਨੂੰਨ ਲੱਗਾ ਹੋਇਆ ਹੈ। ਹੁਣ ਮੋਦੀ ਸਰਕਾਰ ਦੇ ਏਕਾ ਅਧਿਕਾਰਵਾਦੀ ਕਦਮਾਂ ਕਾਰਨ ਲੋਕਾਂ ਵੱਲੋਂ ਥੋੜ੍ਹਾ ਜਿਹਾ ਹੀ ਜ਼ਮਹੂਰੀ ਹੱਕਾਂ ਲਈ ਆਵਾਜ ਉਠਾਉਣ ਕਰਕੇ ਉਨ੍ਹਾਂ ਨੂੰ ਰਾਸ਼ਟਰ ਵਿਰੋਧੀ ਐਲਾਨਣਾਂ ਅਤੇ ਪਾਟਵੇਂ ਵਿਚਾਰਾਂ ਨੂੰ ਕੁਚਲਣ ਵਾਸਤੇ ਅਨਲਾਅਫਲ ਐਕਟੀਵਿਟੀਜ਼ ਪ੍ਰਵੈਨਸ਼ਨ ਐਕਟ' (U.A.P.A) ਅਤੇ ਦੇਸ਼ ਧਰੋਹ ਦੀਆਂ ਧਰਾਵਾਂ ਦੀ ਵਰਤੋਂ ਅਰੰਭ ਦਿੱਤੀ ਗਈ ਹੈ। ਅਜਿਹੇ ਹਾਲਾਤਾਂ ਨੇ ਨਾਗਾਲੈਂਡ ਅੰਦਰ ਚਿੰਤਾ ਅਤੇ ਤੌਖਲੇ ਭਰੀਆਂ ਹਾਲਾਤਾਂ ਨੂੰ ਹੁੰਗਾਰਾ ਦੇਣਾ ਲਾਜ਼ਮੀ ਹੈ। ਚਾਰ ਦਸੰਬਰ, 2021 ਨੂੰ ਸ਼ਾਮ ਦੇ 4.30 ਵਜੇ ਦੇ ਕਰੀਬ ਨਾਗਾਲੈਂਡ ਜ਼ਿਲ੍ਹਾ ''ਮੌਨ'' ਦੇ ਪਿੰਡ ਤੀਰੂ ਵਿੱਚ ਕੋਲੇ ਦੀ ਖਾਣ ਤੋਂ 8 ਕਾਮੇ ਇੱਕ ਪਿਕ-ਅੱਪ ਟਰੱਕ ਵਿੱਚ ਘਰ ਵਾਪਸ ਪਰਤ ਰਹੇ ਸਨ ਤਾਂ ਇੱਕ ਮੰਦਭਾਗੀ ਘਟਨਾ ਵਾਪਰ ਗਈ। ਉਨ੍ਹਾਂ ਉਤੇ ਅਚਾਨਕ ਸੁਰੱਖਿਆ ਬਲਾਂ ਦੇ ਕਰਮੀਆਂ ਨੇ ਫਾਇਰਿੰਗ ਕਰ ਦਿੱਤੀ, ਮੌਕੇ 'ਤੇ 6 ਲੋਕਾਂ ਦੀ ਮੌਤ ਹੋ ਗਈ ਤੇ ਦੋ ਗੰਭੀਰ ਜ਼ਖਮੀ ਹੋ ਗਏ।

ਗੋਲੀਆਂ ਦੀ ਆਵਾਜ਼ ਸੁਣ ਕੇ ਜਦੋਂ ਪਿੰਡ ਵਾਸੀ ਇਕੱਠੇ ਗਏ ਤੇ ਉਨ੍ਹਾਂ ਨੇ ਸੁਰੱਖਿਆ ਬਲਾਂ ਵੱਲੋਂ ਲਾਸ਼ਾਂ ਨੂੰ ਲਪੇਟਿਆ ਦੇਖਿਆ ਤਾਂ ਲੋਕ ਗੁੱਸੇ 'ਚ ਆ ਕੇ ਹਿੰਸਕ ਹੋ ਗਏ। ਉਨ੍ਹਾਂ ਨੇ ਤਿੰਨ ਵਾਹਨਾਂ ਨੂੰ ਅੱਗ ਲਾ ਦਿੱਤੀ ਤਾਂ ਮੌਕੇ 'ਤੇ ਸੁਰੱਖਿਆ ਬਲਾਂ ਨੇ ਮੁੜ ਗੋਲੀਆਂ ਚਲਾ ਦਿੱਤੀਆਂ। ਮੌਕੇ 'ਤੇ 7 ਹੋਰ ਲੋਕਾਂ ਦਾ ਵੀ ਮੌਤ ਹੋ ਗਈ। ਚਸ਼ਮਦੀਦਾਂ ਦੇ ਹਵਾਲੇ ਮੁਤਾਬਿਕ ਬਲਾਂ ਨੇ ਆਸਾਮ ਵੱਲ ਭੱਜੇ ਜਾਂਦੇ ਲੋਕਾਂ ਵੱਲ ਅੰਨ੍ਹੇਵਾਹ ਗੋਲੀਆਂ ਚਲਾਈਆਂ (ਪੀ. ਟੀ.ਆਈ.)। ਕੋਹਿਮਾ ਵਿਖੇ ਕਬਾਇਲੀ ਲੋਕਾਂ ਦੀ ਸਿਖਰਲੀ ਜੱਥੇਬੰਦੀ ਕੋਨਯਾਕ ਯੂਨੀਅਨ (ਕੇ.ਯੂ.) ਨੇ ਸੁਰੱਖਿਆ ਬਲਾ ਦੀ ਗੋਲੀਬਾਰੀ 'ਚ ਮਰਨ ਵਾਲੇ 14 ਆਮ ਲੋਕਾਂ ਦੀਆਂ ਹਤਿਆਵਾਂ 'ਤੇ ਰੋਸ ਪ੍ਰਗਟ ਕਰਦੇ ਹੋਏ ਬੰਦ ਰੱਖਿਆ। ਇਸ ਦੁਖਦਾਈ ਘਟਨਾ 'ਤੇ ਮਿਜ਼ੋਰਮ ਦੇ ਮੁੱਖ ਮੰਤਰੀ ਜ਼ੋਰਾਮਥਾਂਗਾ ਨੇ ਦੁੱਖ ਪ੍ਰਗਟ ਕਰਦੇ ਹੋਏ ਅਫ਼ਸਪਾ ਕਨੂੰਨ ਵਾਪਸ ਲੈਣ ਲਈ ਕਿਹਾ। ਨਾਗਾਲੈਂਡ ਦੇ ਮੁੱਖ ਮੰਤਰੀ ਨੇਫਿਉ ਰੀਓ ਦੀ ਅਗਵਾਈ 'ਚ ਕੈਬੀਨਿਟ ਨੇ ਇਸ ਘਟਨਾਂ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਫੌਜ ਦੀ ਇੰਟੈਲੀਜੈਂਸੀ ਦੀ ਨਾਕਾਮੀ ਹੈ। ਕੇਂਦਰੀ ਬੁਲਾਰੇ ਨੇ ਇਸ ਘਟਨਾ ਦੀ ਨਿੰਦਾ ਕਰਦੇ ਕਿਹਾ ਕਿ ਪਹਿਲਾਂ ਅਜਿਹਾ ਕਦੀ ਨਹੀਂ ਹੋਇਆ। ਜੇਕਰ ਨਾਗਾਲੈਂਡ ਦੇ ਮੁੱਖ ਮੰਤਰੀ ਦੀ ਮੰਗ ਮੁਤਾਬਿਕ ''ਅਫ਼ਸਪਾ'' ਵਾਪਸ ਲੈ ਲਿਆ ਤਾਂ ਹਥਿਆਰਬੰਦ ਬਲ ਕੰਮ ਨਹੀਂ ਕਰ ਸਕਣਗੇ ? ਕਿਉਂਕਿ ਉਨ੍ਹਾਂ ਪਾਸ ਨਾ ਕੋਈ ਪੁਲੀਸ ਸ਼ਕਤੀਆਂ ਹਨ ਤੇ ਨਾ ਹੀ ਸੁਰੱਖਿਆ ਹੈ।

ਨਾਗਾਲੈਂਡ ਦੇ ਮੌਨ ਜ਼ਿਲ੍ਹੇ 'ਚ ਹੋਈ ਗੋਲੀ ਵਾਰੀ ਕਰਨ ਤੋਂ ਪਹਿਲਾਂ ਫੌਜ ਨੇ ਟਰੱਕ ਸਵਾਰ ਲੋਕਾਂ ਦੀ ਪਛਾਣ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਅੰਨ੍ਹੇਵਾਹ ਗੋਲੀਵਾਰੀ 'ਚ 6 ਲੋਕ ਮਾਰੇ ਗਏ। ਸੂਬੇ ਦੀ ਪੁਲੀਸ ਦੇ ਪੁਲੀਸ ਡਾਇਰੈਕਟਰ ਜਨਰਲ ਜੌਨ ਲੋਨਗ ਕੁਮੇਰ ਅਤੇ ਕਮਿਸ਼ਨਰ ਰੋਵਿਲਾਟੂਓ ਦੀ ਸਾਂਝੀ ਰਿਪੋਰਟ ਜੋ ਚਸ਼ਮਦੀਦ ਹਵਾਲੇ ਸਮੇਤ ਹੈ ਨੇ ਕਿਹਾ ਕਿ ਪਿੰਡ ਵਾਸੀਆਂ ਨੇ ਦੇਖਿਆ ਕਿ ਫੌਜ ਦੇ ਵਿਸ਼ੇਸ਼ ਬਲ ਛੇ ਲੋਕਾਂ ਦੀਆਂ ਲਾਸ਼ਾਂ ਨੂੰ ਬੇਸ ਕੈਂਪ ਲਿਜਾਣ ਦੇ ਇਰਾਦੇ ਨਾਲ ਪਿਕ ਅੱਪ ਵੈਨ 'ਚ ਲਪੇਟ ਕੇ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਐਤਵਾਰ ਨੂੰ ਰਾਜ ਨੂੰ ਸੌਂਪੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 4 ਦਸੰਬਰ ਨੂੰ ਸ਼ਾਮ 4.30 ਵਜ੍ਹੇ ਦੇ ਕਰੀਬ 8 ਪਿੰਡ ਵਾਸੀ ਤੀਰੂ ਵਿੱਚ ਕੋਲੇ ਦੀਆਂ ਖਾਣਾਂ ਤੋਂ ਪਿੱਕ-ਅੱਪ ਟਰੱਕ ਵਿੱਚ ਘਰ ਪਰਤ ਰਹੇ ਸਨ। ਉਨ੍ਹਾਂ ਉਤੇ ਅਚਾਨਕ ਸੁਰੱਖਿਆ ਬਲਾਂ ਨੇ ਹਮਲਾ ਕਰ ਦਿੱਤਾ। ਆਸਾਮ ਦੀ ਸਥਿਤ 21-ਵੇਂ ਪੈਰਾ ਸਪੈਸ਼ਲ ਬਲ ਨੇ ਇਹ ਹਮਲਾ ਕੀਤਾ। ਉਨ੍ਹਾਂ ਨੇ ਲੋਕਾਂ ਦੀ ਪਛਾਣ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਕੇਂਦਰ ਨੇ ਕੋਰਟ ਆਫ਼ ਇਨਕੁਆਰੀ ਦੇ ਹੁਕਮ ਦੇ ਦਿੱਤੇ ਹਨ। ਇਸ ਘਟਨਾ ਵਿੱਚ 14 ਆਮ ਨਾਗਰਿਕਾਂ ਦੀ ਜਾਨ ਜਾਂਦੀ ਰਹੀ ਹੈ। ਕੀ ਇਸ ਘਟਨਾ ਬਾਅਦ ਲੋਕਾਂ ਦਾ ਸੁਰੱਖਿਆ ਬਲਾਂ ਨੂੰ ਦਿੱਤੇ ਸਪੈਸ਼ਲ ਅਧਿਕਾਰ ''ਅਫ਼ਸਪਾ'' ਵਿਰੁੱਧ ਧਿਆਨ ਸੇਧਿਤ ਨਹੀਂ ਹੋਵੇਗਾ ?

ਪਿਛਲੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਬਾਗੀ ਨਾਗਿਆ ਨਾਲ ਸਿਝਣ ਦੇ ਨਾਂ ਹੇਠ ਸੁਰੱਖਿਆ ਬਲਾਂ ਦੁਆਰਾ ਦਹਾਕਿਆਂ ਤੋਂ ਬਾਗੀਆਂ ਨੂੰ ਲੱਭ ਲੱਭ ਕੇ ਖ਼ਤਮ ਕਰਨ ਦੀਆਂ ਕਾਰਵਾਈਆਂ ਹੁੰਦੀਆਂ ਰਹੀਆਂ ਹਨ। ਕਈ ਵਾਰ ਇਸ ਕਾਰਵਾਈ ਵਿੱਚ ਸਮੁੱਚਾ ਪਿੰਡ ਅੱਗ ਦੀ ਭੇਟ ਕਰ ਦਿੱਤਾ ਜਾਂਦਾ ਸੀ। ਇਨ੍ਹਾਂ ਕਾਰਵਾਈਆਂ ਅੰਦਰ ਆਮ ਨਾਗਾ ਲੋਕ ਵੀ ਮਾਰੇ ਜਾਂਦੇ ਰਹੇ ਹਨ। ਇਹ ਵੀ ਸਪੱਸ਼ਟ ਹੈ ਕਿ ਇਹ ਸਿਲਸਿਲਾ ਪਿਛਲੇ 50-60 ਸਾਲਾਂ ਤੋਂ ਚੱਲ ਰਿਹਾ ਹੈ। ਪਰ ਅੱਜ ਤੱਕ ਕਿਸੇ ਵੀ ਅਧਿਕਾਰੀ ਜਾਂ ਸੁਰੱਖਿਆ ਬਲ ਦੇ ਮੁਲਾਜ਼ਮ ਨੂੰ ਦੋਸ਼ੀ ਸਾਬਤ ਹੋਣ ਦੇ ਬਾਅਦ ਵੀ ਕੋਈ ਸਜ਼ਾ ਨਹੀਂ ਦਿੱਤੀ ਗਈ ਹੈ। ਇਨ੍ਹਾਂ ਘਟਨਾਵਾਂ ਵਿੱਚ ਕਈ ਵਾਰ ਸੁਰੱਖਿਆ ਬਲ ਦੇ ਜਵਾਨ ਵੀ ਮਾਰੇ ਗਏ ਹਨ। ਉਤਰ ਪੂਰਬੀ ਰਾਜਾਂ ਮਨੀਪੁਰ, ਨਾਗਾਲੈਂਡ, ਮੇਘਾਲਿਆ, ਮਿਜ਼ੋਰਮ, ਤ੍ਰਿਪੁਰਾ, ਆਸਾਮ ਅੰਦਰ ਸੁਰੱਖਿਆ ਬਲਾਂ ਦੀਆਂ ਵਧੀਕੀਆਂ ਤੇ ਜ਼ਿਆਦਤੀਆਂ ਬਾਰੇ ਰਿਪੋਰਟਾਂ ਆਉਣ ਬਾਅਦ ਅੱਜ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਜਾਂਦੀ ਨਜ਼ਰ ਨਹੀਂ ਆਈ ਹੈ। ਨਾ ਹੀ ਕਿਸੇ ਨੇ ਇਨ੍ਹਾਂ ਰਿਪੋਰਟਾਂ 'ਤੇ ਕੋਈ ਕਾਰਵਾਈ ਵੀ ਕਰਨੀ ਹੈ। ਪਰ ਇਹ ਕਨੂੰਨ ਪੁਲਿਸ ਤੇ ਫੌਜੀ ਦਸਤਿਆਂ ਵੱਲੋਂ ਕਾਰਵਾਈ ਦੌਰਾਨ ਕੀਤੇ ਤਸ਼ੱਦਦ ਤੇ ਵਧੀਕੀਆਂ ਨੂੰ ਲੁਕਾਉਣ ਲਈ ਸਗੋਂ ਇੱਕ ਢਾਲ ਵਜੋਂ ਹੀ ਸਦਾ ਵਰਤਿਆ ਗਿਆ ਹੈ। ਦੇਸ਼ ਅੰਦਰ ਪਹਿਲਾ ਵੀ ਇਨ੍ਹਾਂ ਕਨੂੰਨਾਂ ਦਾ ਸਹਾਰਾ ਲਿਆ ਗਿਆ ਤੇ ਇਸ ਕੇਸ ਅੰਦਰ ਵੀ ਹੋਵੇਗਾ?

ਆਜ਼ਾਦੀ ਪਿਛੋਂ ਦੇਸ਼ ਅੰਦਰ ਸਰਮਾਏਦਾਰ-ਜਗੀਰਦਾਰ ਪੱਖੀ ਨੀਤੀਆਂ ਲਾਗੂ ਕੀਤੇ ਜਾਣ ਕਰਕੇ ਰਾਸ਼ਟਰੀ ਏਕਤਾ ਦੇ ਸਵਾਲ ਸਬੰਧੀ ਸਮੱਸਿਆਵਾਂ ਤਿੱਖੀਆਂ ਹੁੰਦੀਆਂ ਗਈਆਂ ਹਨ। ਦੇਸ਼ ਦੇ ਉਤਰ-ਪੂਰਬ ਖੇਤਰ ਜਿਥੇ ਕਿ ਘੱਟ ਗਿਣਤੀ ਕੌਮੀਅਤ ਤੇ ਨਸਲੀ ਗਰੁੱਪਾਂ ਦਾ ਘਰ ਹੈ, ਪੂੰਜੀਵਾਦੀ ਵਿਕਾਸ ਵੱਲੋਂ ਪ੍ਰਫੁੱਲਤ ਕੀਤੇ ਅਸਾਵੇਂ ਵਿਕਾਸ ਅਤੇ ਖੇਤਰੀ ਅਸੰਤੁਲਨਾਂ ਤੋਂ ਸਭ ਤੋਂ ਵੱਧ ਨੁਕਸਾਣ ਉਠਾਇਆ ਹੈ। ਇਸਨੇ ਬੇਗਾਨਗੀ ਨੂੰ ਬੜਾਵਾ ਦੇ ਕੇ ਇੱਕ ਪਾਸੇ ਅੱਤਵਾਦੀ ਤੱਤਾਂ ਨੂੰ ਵੱਧਣ ਫੁੱਲਣ ਲਈ ਉਪਜਾਊ ਜ਼ਮੀਨ ਮੁਹੱਈਆਂ ਕੀਤੀ ਹੈ, ਜਿਹੜੇ ਕਿ ਵੱਖਵਾਦ ਦੀ ਵਕਾਲਤ ਕਰਦੇ ਹਨ ਅਤੇ ਦੂਜੇ ਪਾਸੇ ਇਨ੍ਹਾਂ ਨੂੰ ਸਾਮਰਾਜੀ ਏਜੰਸੀਆਂ ਇਸਤੇਮਾਲ ਕਰ ਰਹੀਆਂ ਹਨ। ਅੱਤਵਾਦੀਆਂ ਦੀਆਂ ਹਿੰਸਕ ਕਾਰਵਾਈਆਂ ਅਤੇ ਨਸਲੀ ਝਗੜੇ ਵਿਕਾਸ ਕੰਮਾਂ ਜਮਹੂਰੀ ਸਰਗਰਮੀਆਂ ਵਿੱਚ ਬਾਧਕ ਵੀ ਬਣ ਦੇ ਹਨ। ਜੰਮੂ ਤੇ ਕਸ਼ਮੀਰ ਨੂੰ ਸੰਵਿਧਾਨ ਦੀ ਧਾਰਾ 370 ਅਧੀਨ ਵਿਸ਼ੇਸ਼ ਦਰਜਾ ਅਤੇ ਖੁਦ ਮੁਖਤਿਆਰੀ ਦਿੱਤੀ ਗਈ ਸੀ। ਦਹਾਕਿਆਂ ਦੌਰਾਨ ਖੁੱਦ ਮੁੱਖਤਿਆਰੀ ਦੀਆਂ ਵਿਵਸਥਾਵਾਂ ਵਿੱਚ ਤਿੱਖੀ ਕਟੌਤੀ ਹੁੰਦੀ ਗਈ। ਰਾਜ ਅੰਦਰ ਲੋਕਾਂ ਦੀ ਬੇਗਾਨਗੀ ਵੱਧ ਗਈ। ਇਸ ਦਾ ਵੱਖਵਾਦੀ ਸ਼ਕਤੀਆਂ ਨੇ ਇਸਤੇਮਾਲ ਕੀਤਾ ਜਿਨ੍ਹਾਂ ਨੂੰ ਸਾਮਰਾਜ ਦੀ ਸ਼ਹਿ ਮਿਲੀ।

ਉਤਰ-ਪੂਰਬ ਖੇਤਰ ਦੀਆਂ, ਨਾਲ ਹੀ ਕਸ਼ਮੀਰ ਦੀਆਂ ਵੀ ਸਮੱਸਿਆਵਾਂ ਉਸ ਅਸਫਲਤਾ ਦੀ ਮਿਸਾਲ ਹਨ, ਜਿਹੜੀ ਦੇਸ਼ ਦੀ ਸਰਮਾਏਦਾਰ ਜਾਗੀਰਦਾਰ ਜਮਾਤਾਂ ਨੇ ਰਾਸ਼ਟਰੀ ਏਕਤਾ ਦੇ ਮਹੱਤਵਪੂਰਨ ਮੁੱਦੇ ਵੱਲ ਜਮਹੂਰੀ ਢੰਗ ਨਾਲ ਮੁਖ਼ਾਤਬ ਹੋਣ ਵਿੱਚ ਤਾਂ ਦਿਖਾਈ ਹੈ। ਆਦਿਵਾਸੀ ਤੇ ਕਬਾਇਲੀ ਲੋਕ ਜਿਹੜੇ ਵਸੋਂ ਦਾ ਲਗਭਗ ਸੱਤ ਕਰੋੜ ਹਿੱਸਾ ਹਨ ਵਹਿਸ਼ੀ ਪੂੰਜੀਪਤੀ ਅਤੇ ਅਰਧ-ਜਗੀਰ ਸੋਸ਼ਣ ਦਾ ਸ਼ਿਕਾਰ ਹਨ। ਹਾਕਮਾਂ ਦੀ ਬੇਰੁਖੀ ਤੇ ਰਾਜਤੰਤਰ ਦੀ ਮਿਲੀ ਭੁਗਤ ਨੇ ਉਨ੍ਹਾਂ ਨੂੰ ਜ਼ਮੀਨਾਂ ਤੋਂ ਵਾਂਝੇ ਕੀਤਾ ਜਾਂਦਾ ਰਿਹਾ ਹੈ। ਬਣਦੇ ਅਧਿਕਾਰਾਂ ਤੋਂ ਇਨਕਾਰ, ਉਨ੍ਹਾਂ ਦੀਆਂ ਜ਼ਮੀਨਾਂ ਨੂੰ ਸਰਕਾਰਾਂ ਵੱਲੋਂ ਸਨਅਤਕਾਰਾਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਭਾਅ ਵੇਚ ਦੇਣਾ। ਆਦਿਵਾਸੀ ਅਤੇ ਕਬਾਇਲੀ ਲੋਕਾਂ ਦੀ ਇਹ ਵਣ-ਸੰਪਤੀ ਇੱਕ ਰੁਜ਼ਗਾਰ ਦਾ ਸਾਧਨ ਸੀ, ਖੁਸਣੇ ਸ਼ੁਰੂ ਹੋ ਗਏ। ਕਬਾਇਲੀ ਵੱਸੋਂ, ਭਾਸ਼ਾਵਾਂ ਤੇ ਸੱਭਿਆਚਾਰ 'ਤੇ ਵੀ ਬਾਹਰੀ ਹਮਲੇ ਹੋਣ ਕਾਰਨ ਉਨ੍ਹਾਂ ਦੀ ਬੋਲੀ, ਭਾਸ਼ਾ ਤੇ ਪਹਿਚਾਣ ਵੀ ਖਤਰੇ ਵਿੱਚ ਪੈਣ ਲੱਗ ਪਈ ਜੋ ਉਨ੍ਹਾਂ ਲੋਕਾਂ ਦੇ ਅਧਿਕਾਰਾਂ ਦੀ ਸੁਰੱਖਿਆ, ਖੇਤਰੀ ਖੁਦਮੁਖਤਿਆਰੀ ਜੋ ਇੱਕ ਜਮਹੂਰੀ ਤੇ ਨਿਆਂਪੂਰਨ ਮੰਗ ਸੀ। ਪਰ ਸਰਮਾਏਦਾਰਾਂ, ਜਗੀਰਦਾਰਾਂ ਤੇ ਠੇਕੇਦਾਰਾਂ ਦੀ ਜੁੰਡਲੀ ਉਨ੍ਹਾਂ ਕਬੀਲਿਆਂ ਦੀ ਭਾਰੂ ਲੀਡਰਸ਼ਿਪ ਨੂੰ ਕੁਝ ਕੁ ਰਿਆਇਤਾਂ ਦੇ ਕੇ ਉਨ੍ਹਾਂ ਦੀ ਰਵਾਇਤੀ ਇਕ ਮੁੱਠਤਾ ਨੂੰ ਤੋੜਨ 'ਚ ਰੁਝੀ ਰਹੀ। ਉਨ੍ਹਾਂ ਨੂੰ ਜਾਇਜ਼ ਅਧਿਕਾਰ ਦੇਣ ਤੋਂ ਵੀ ਇਨਕਾਰੀ ਹੋਈਆਂ। ਸਗੋਂ ਰਾਜਤੰਤਰ ਦੀ ਮਿਲੀ ਭੁਗਤ ਨਾਲ ਚੇਤਨ ਹੋ ਰਹੇ ਲੋਕਾਂ ਨੂੰ ਦਬਾਉਣ ਲਈ ਵਹਿਸ਼ੀ ਰਾਹ ਅਪਣਾਇਆ।

ਦੇਸ਼ ਦੀਆਂ ਹਾਕਮ ਜਮਾਤਾਂ ਨੇ ਆਪਣੇ ਹਿੱਤਾਂ ਨੂੰ ਵੱਧ ਤਰਜੀਹ ਦਿੰਦਿਆਂ ਦੇਸ਼ ਅੰਦਰ ਲੋਕ-ਹਿੱਤਾਂ, ਧਰਮ ਨਿਰਪੱਖਤਾ ਅਤੇ ਜਮਹੂਰੀਅਤ ਨੂੰ ਹੌਲੀ ਹੌਲੀ ਹਾਸ਼ੀਏ 'ਤੇ ਧੱਕ ਦਿੱਤਾ। ਦੇਸ਼ ਦੇ ਫੈਡਰਲ ਸੰਕਲਪ ਨੂੰ ਵੀ ਕੇਂਦਰੀਵਾਦ ਬਣਾ ਦਿੱਤਾ ਗਿਆ ਹੈ। ਬੀ ਜੇ ਪੀ ਨੇ ਤਾਂ ਫਿਰਕਾ ਪ੍ਰਸਤੀ ਤੇ ਫਾਸੀਵਾਦੀ ਆਰ ਐਸ ਐਸ ਸੋਚ ਨੂੰ ਦੇਸ਼ ਅੰਦਰ ਹੋਰ ਪ੍ਰਫੁਲਤ ਕੀਤਾ। ਜਿਸ ਨੇ ਘੱਟ ਗਿਣਤੀ ਲੋਕਾਂ ਅੰਦਰ ਬੇਗਾਨਗੀ ਤੇ ਅਸੁਰੱਖਿਆ ਨੂੰ ਜਨਮ ਦਿੱਤਾ। ਸਮਾਜਕ, ਆਰਥਿਕ ਅਤੇ ਰਾਜਨੀਤਕ ਪਿੜ ਅੰਦਰ ਅਨੇਕਾਂ ਤਰ੍ਹਾਂ ਦੇ ਪੈਦਾ ਹੋਏ ਸੰਕਟਾਂ ਨੇ ਗੰਭੀਰ ਖ਼ਤਰਿਆਂ ਨੂੰ ਸੱਦੇ ਦਿੱਤੇ ਸੀ ਤੇ ਪੰਜਾਬ ਦੇ ਹੱਕੀ ਅਤੇ ਬੁਨਿਆਦੀ ਮਸਲਿਆਂ ਨੂੰ ਲਟਕਾਈ ਜਾਣਾ ਤੇ ਹੱਲ ਨਾ ਕਰਨ ਕਰਕੇ, ਜੋ ਹਾਲਾਤ ਪੈਦਾ ਹੋਏ ਸਨ ਅਤੇ ਹਜ਼ਾਰਾਂ ਪੰਜਾਬੀਆਂ ਨੂੰ ਅਨਿਆਈ ਮੌਤ ਦੇ ਮੂੰਹ ਜਾਣਾ ਪਿਆ ਸੀ। ਉਸ ਤੋਂ ਹਾਕਮਾਂ ਨੇ ਅਜੇ ਕੋਈ ਸਬਕ ਨਹੀਂ ਲਿਆ ਲੱਗਦਾ ਹੈ। ਮਸਲਾ ਹੱਲ ਕਰਨ ਦੀ ਥਾਂ ਪ੍ਰਸ਼ਾਸਨਿਕ ਅਤੇ ਜਵਾਬੀ ਕਾਰਵਾਈ ਹੋਣ ਕਾਰਨ, ਸਗੋਂ ਮਸਲਾ ਹੋਰ ਉਲਝਦਾ ਹੈ। ਉਤਰ-ਪੂਰਬੀ ਰਾਜਾਂ ਅੰਦਰ ਪੈਦਾ ਹੋਏ ਮਸਲੇ, ਜੰਮੂ-ਕਸ਼ਮੀਰ ਦੀ ਸਮੱਸਿਆ ਅਤੇ ਪੰਜਾਬ ਅੰਦਰ ਬੀਤੇ ਦਹਿਸ਼ਤਗਰਦੀ ਤੇ ਉਸ ਦਾ ਹੱਲ ਗੱਲਬਾਤ ਦਾ ਹੀ ਰਾਹ ਸੀ। ਪਰ ਸਗੋਂ ਗੱਲਬਾਤ ਦੀ ਥਾਂ ਜਵਾਬੀ ਕਾਰਵਾਈ ਹੀ ਕੀਤੀ ਜਾਂਦੀ ਜਿਸ ਕਾਰਨ ਹਾਲਾਤ ਬਦ ਤੋਂ ਬਦਤਰ ਹੀ ਹੋਏ। ਰਾਜਸੀ ਸੌੜੇ ਹਿਤਾਂ ਦੀ ਥਾਂ ਗੱਲਬਾਤ ਹੀ ਲੋਕ ਹਿਤ ਦਾ ਰਾਹ ਹੈ। ਪਰ ਹਾਕਮ ਪ੍ਰਸ਼ਾਸਨੀ ਤੇ ਪੁਲੀਸ ਡੰਡਾ ਹੀ ਵਰਤਦੇ ਰਹੇ ਜਿਨ੍ਹਾਂ ਕਰਕੇ ਹਾਲਾਤ ਵਿਗੜਦੇ ਰਹੇ।

ਜੇਕਰ ਕੋਈ ਗੱਲਬਾਤ ਸਿਰੇ ਚੜ੍ਹਦੀ ਹੈ ਤਾਂ ਮਨਜ਼ੂਰ ਕੀਤੇ ਜਾਂਦੇ ਫਰੇਮਵਰਕ ਐਗਰੀਮੈਂਟ ਦੇ ਵਿਸ਼ਾ ਵਸਤੂ ਨੂੰ ਅਮਲੀ ਰੂਪ ਵਿੱਚ ਨਾ ਤਾਂ ਮਨਜ਼ੂਰ ਕੀਤਾ ਹੈ ਤੇ ਨਾ ਹੀ ਸਰਵਜਨਕ ਕੀਤਾ ਜਾਂਦਾ ਹੈ। ਜਿਸ ਨਾਲ ਲੋਕਾਂ ਅੰਦਰ ਹੋਰ ਚਿੰਤਾ ਅਤੇ ਤੌਖਲੇ ਪੈਦਾ ਹੁੰਦੇ ਹਨ। ਜੰਮੂ-ਕਸ਼ਮੀਰ ਸਮੱਸਿਆ, ਨਾਗਾਲੈਂਡ, ਮਨੀਪੁਰ ਅਤੇ ਅਰੁਨਾਚਲ ਪ੍ਰਦੇਸ਼ ਅਤੇ ਪੰਜਾਬ ਦੇ ਲੋਕਾਂ ਅੰਦਰ ਹਾਕਮਾਂ ਦੀਆਂ ਡੰਗ ਟਪਾਊ ਅਤੇ ਸੌੜੇ ਸਿਆਸੀ ਹਿਤਾਂ ਵਾਲੀਆਂ ਨੀਤੀਆਂ ਕਾਰਨ ਹੀ ਅੱਕ ਤੱਕ ਇਨ੍ਹਾਂ ਰਾਜਾਂ ਅਮਦਰ ਬੇਗਾਨਗੀ ਵਾਲੀਆਂ ਸੁਰਾਂ ਪੈਦਾ ਹੁੰਦੀਆਂ ਰਹਿੰਦੀਆਂ ਨਜ਼ਰ ਆਉਂਦੀਆਂ ਹਨ। ਹੁਣ ਤਾਂ ਸਗੋਂ ਭਾਜਪਾ ਅਤੇ ਆਰ ਐਸਐਸ ਭਿੰਨ ਭਿੰਨ ਨਸਲੀ ਅਤੇ ਕਬਾਇਲੀ ਭਾਈਚਾਰਿਆਂ ਨੂੰ ਆਪਣੇ ਫਿਰਕੂ ਏਜੰਡੇ ਦੇ ਅਧਾਰ ਉੱਤੇ ਆਪਣੇ ਵੱਲ ਕਰਨ ਦੇ ਯਤਨਾਂ 'ਚ ਲੱਗੀ ਹੋਈ ਹੈ। ਇਹ ਚਾਲਾਂ ਫਿਰਕੂ ਤੇ ਨਸਲੀ ਇਕਸੁਰਤਾ ਲਈ ਖ਼ਤਰਾ ਹਨ। ਆਪਣੇ ਰਾਜਨੀਤਕ ਏਜੰਡੇ ਨੂੰ ਅੱਗੇ ਵਧਾਉਣ ਵਾਸਤੇ ਬੀ ਜੇ ਪੀ ਸਥਾਨਕ ਹਸਤੀਆਂ ਅਤੇ ਪਾਰਟੀਆਂ ਨੂੰ ਆਪਣੇ ਪੱਖ 'ਚ ਕਰਨ ਦੇ ਯਤਨ ਵਜੋਂ ਹੀ ਇਹ ਸਾਰਾ ਕੁਝ ਕਰ ਰਹੀ ਹੈ। ਤੁਸੀਂ ਦੇਖਿਆ ਹੋਵੇਗਾ ਕਿ ਕਿਸਾਨ ਅੰਦੋਲਨ ਦੌਰਾਨ ਮੋਦੀ ਸਰਕਾਰ ਨੇ ਕਿੰਨੇ ਰੰਗ-ਰੂਪ ਨਖ਼ਰੇ ਚਾਲਾਂ ਅਤੇ ਅਸੰਵੇਦਨਸ਼ੀਲਤਾ ਦੇ ਰੁੱਖ ਬਦਲੇ?

ਬਸਤੀਵਾਦ ਵੇਲੇ ਜਦੋਂ ਭਾਰਤ ਗੋਰਿਆਂ ਦਾ ਗੁਲਾਮ ਸੀ ਤਾਂ ਉਨ੍ਹਾਂ ਨੇ ਗੁਲਾਮੀ ਨੂੰ ਕਾਇਮ ਰੱਖਣ ਲਈ ਲੋਕਾਂ ਦੀਆਂ ਜਮਹੂਰੀ ਸਰਸਰਮੀਆਂ ਨੂੰ ਰੋਕਣ ਲਈ ਕਈ ਤਰ੍ਹਾਂ ਦੇ ਲੋਕ ਵਿਰੋਧੀ ਕਨੂੰਨ ਬਣਾਏ ਸਨ ਜਿਵੇਂ ਡੀ ਆਈ ਆਰ, ਮੀਸਾ, ਐਸਮਾ, ਇੱਕ ਸੌ ਸੱਤ-ਇੱਕਵੰਜਾ ਆਦਿ ਜੋ ਬਸਤੀਵਾਦ ਵੇਲੇ ਸਨ। ਪਰ ਆਜ਼ਾਦੀ ਬਾਅਦ ਹੁਣ ਦੇ ਹਾਕਮਾਂ ਨੇ ਗੋਰੇ ਸਾਸ਼ਕਾਂ ਤੋਂ ਵੀ ਅੱਗੇ ਵੱਧ ਕੇ ਟਾਡਾ, ਯੂ ਏ ਪੀ ਏ, ਮੋਕੋਕਾ, ਪੋਟਾ, ਅਸਪਾ ਆਦਿ ਦਰਜਨਾਂ ਕਨੂੰਨ ਜੋ ਅੱਤਵਾਦ ਵਿਰੁੱਧ ਭੰਨ ਤੋੜ ਵਾਲੀਆਂ ਕਾਰਵਾਈਆਂ ਰੋਕਣ, ਅਮਨ ਕਾਨੂੰਨ ਕਾਇਮ ਕਰਨ ਦੇ ਨਾਂ ਹੇਠ ਬਣਾਏ। ਪਰ ਲੱਗਦਾ ਇਨ੍ਹਾਂ ਦੀ ਮਨਸ਼ਾ ਕੋਈ ਹੋਰ ਹੀ ਸੀ। ਅੱਜ ਭਾਰਤ ਆਜ਼ਾਦ ਹੈ, ਸਾਡਾ ਸੰਵਿਧਾਨ ਹੈ, ਪਾਰਲੀਮਾਨੀ-ਜਮਹੂਰੀਅਤ ਹੈ ਅਤੇ ਦੇਸ਼ਵਾਸੀ ਆਜ਼ਾਦ ਦੇਸ਼ ਦੇ ਬਸ਼ੀਦੇ ਹਨ। ਫਿਰ ਰਾਜਸੱਤਾ ਦੇ ਗਲਿਆਰਿਆ 'ਚ ਬੈਠੇ ਹਾਕਮਾਂ ਨੂੰ ਡਰ ਕਿਸ ਤਰ੍ਹਾਂ ਦਾ ਹੈ ? ਹੁਣ ਅਮਲ ਵਿੱਚ ਦੇਖੀਏ ! ਕੀ ਉਪਰੋਕਤ ਬਣਾਏ ਕਨੂੰਨਾਂ ਨਾਲ ਅਮਨ-ਕਨੂੰਨ ਦੀ ਵਿਵਸਥਾ ਆਮ ਵਾਲੀ ਬਣ ਗਈ ਹੈ। ਸਾਲ 1895 (ਸਤੰਬਰ) ਧੂਲੇ ਖ਼ੂਨੀ ਗਨਪਤੀ ਲੋਕਾਂ 'ਤੇ ਪੁਲੀਸ ਗੋਲੀ ਚੱਲੀ, 15 ਅਪ੍ਰੈਲ 1919 ਗੁਜਰਾਵਾਲਾ 379 ਮੌਤਾਂ, 12 ਦੰਸਬਰ 1930 ਬੰਬਈ, 13 ਜੂਨ 1959 ਅੰਗਾਮਾਲੀ, 1960 ਉੜੀਸਾ, 18 ਅਪ੍ਰੈਲ, 1976 ਤੁਰਕਮਾਨ ਗੇਟ ਦਿੱਲੀ, 1979-80 ਭਾਗਲਪੁਰ, 1987 ਹਾਸ਼ਮਪੁਰਾ (42), 1 ਅਕਤੂਬਰ 1994 ਰਾਮਪੁਰ, ਜਮਸ਼ੇਦਪੁਰ, 1999 ਤਾਮਿਲਨਾਡੂ, ਪੂਨਾ ਅਤੇ ਹੁਣੇ ਹੁਣੇ 4 ਦਸੰਭਰ, 2021 ਨਾਗਾਲੈਂਡ ਵਿਖੇ 14 ਲੋਕ ਸੁਰੱਖਿਆ ਬਲਾ ਦੀ ਗੋਲੀਬਾਰੀ ਨਾਲ ਮਾਰੇ ਗਏ। ਕੀ ਇਹ ਅਸਲ ਅਮਨ ਕਾਇਮ ਕਰਨਾ ਹੈ ?

ਵਿਡੰਬਨਾ ਇਹ ਹੈ ਕਿ ਆਜ਼ਾਦੀ ਤੋਂ ਪਹਿਲਾ ਬਰਤਾਨਵੀ ਬਸਤੀਵਾਦੀ ਸਾਮਰਾਜ ਤਾਂ ਆਜ਼ਾਦੀ ਲਈ ਚੱਲ ਰਹੀਆਂ ਲਹਿਰਾਂ ਨੂੰ ਕੁਚਲਣ ਲਈ ਲੋਕ ਵਿਰੋਧੀ ਕਨੂੰਨ ਬਣਾਕੇ ਮੁਕਤੀ ਲਹਿਰਾਂ ਨੂੰ ਦਬਾਉਂਦਾ ਸੀ। ਪਰ ਮੌਜੂਦਾ ਹਾਕਮ ਲੋਕ ਹੱਕਾਂ ਲਈ ਸੰਘਰਸ਼ਸ਼ੀਲ ਲੋਕਾਂ-ਕਿਸਾਨਾਂ ਤੇ ਮਜ਼ਦੂਰਾਂ ਨੂੰ ਜੋ ਆਪਣੇ ਹੱਕਾਂ ਅਤੇ ਮੰਗਾਂ ਲਈ ਲੜਦੇ ਹਨ, ਉਨ੍ਹਾਂ ਵਿਰੁੱਧ ਅਜਿਹੇ ਲੋਕ ਵਿਰੋਧੀ ਕਨੂੰਨ ਬਣਾਉਣ ਤੇ ਲਾਗੂ ਕਰਨ ਦੀ ਤਾਕ ਵਿੱਚ ਸਦਾ ਰਹਿੰਦੇ ਹਨ। ਅੱਜ ਵੀ ਹਾਕਮ ਜਮਾਤਾਂ ਨੇ ਲੋਕਾਂ ਦੇ ਜਮਹੂਰੀ ਹੱਕਾਂ, ਸ਼ਹਿਰੀ ਆਜ਼ਾਦੀਆਂ ਅਤੇ ਅਧਿਕਾਰਾਂ ਨੂੰ ਕੁਚਲਣ ਲਈ ਹੀ ਬਹੁਤ ਵਾਰੀ ਇਨ੍ਹਾਂ ਕਨੂੰਨਾਂ ਦੀ ਵਰਤੋਂ ਕੀਤੀ ਹੈ।

ਤੁਹਾਨੂੰ ਪਤਾ ਹੋਵੇਗਾ ਕਿ 2000 ਦੌਰਾਨ ਮਨੀਪੁਰ ਦੀ ਇੱਕ ਬਹਾਦਰ ਜਮਹੂਰੀ ਅਧਿਕਾਰ ਕਾਰਕੁੰਨ ਇਰੋਮ ਸ਼ਰਮੀਲਾ ਨੇ ਅਸਪਾ ਵਿਰੁੱਧ 16 ਸਾਲ ਤੱਕ ਸੰਘਰਸ਼ ਕੀਤਾ ਸੀ। ਲੋਕ ਦਬਾਅ ਅਧੀਨ ਸਾਲ 2004 ਦੌਰਾਨ ਯੂ ਪੀ ਏ ਸਰਕਾਰ ਵੇਲੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜੀਵਨ ਰੈਡੀ ਦੀ ਅਗਵਾਈ ਹਠ ਅਸਫ਼ਪਾ ਕਨੂੰਨ ਸੋਧਣ ਲਈ ਕਮੇਟੀ ਦਾ ਗਠਨ ਕੀਤਾ ਸੀ। ਜਿਸਨੇ 2005 ਦੌਰਾਨ ਪੇਸ਼ ਕੀਤੀ ਰਿਪੋਰਟ 'ਚ ਕਿਹਾ ਕਿ ਇਹ ਕਨੂੰਨ ਸਭ ਤੋਂ ਵੱਡਾ ਦਮਨਕਾਰੀ ਚਿੰਨ੍ਹ ਹੈ। ਮੌਜੂਦਾ ਮੋਦੀ ਸਰਕਾਰ ਨੇ ਜੀਵਨ ਰੈਡੀ ਕਮੇਟੀ ਦੀਆਂ ਸਿਫਾਰਿਸ਼ਾਂ ਨੂੰ ਰੱਦ ਹੀ ਨਹੀਂ ਕੀਤਾ, ਸਗੋਂ ਸਬ-ਕਮੇਟੀ ਵੀ ਖ਼ਤਮ ਕਰ ਦਿੱਤੀ। ਕੇਂਦਰ, ਰਾਜਾਂ ਦੀ ਸਹਿਮਤੀ ਤੋਂ ਬਿਨਾਂ ਇੱਕ ਤਰਫਾ ਕਾਰਵਾਈ ਕਰ ਸਕਦਾ ਹੈ ਜੋ ਹੱਕ ਪਹਿਲਾ ਰਾਜਾਂ ਨੂੰ ਸਨ। ਉਤਰ ਪੂਰਬੀ ਰਾਜਾਂ ਅੰਦਰ 'ਅਫ਼ਸਪਾ' ਵਿਰੁੱਧ ਖੂਬ ਸਿਆਸਤ ਚੱਲ ਰਹੀ ਹੈ। ਸਾਲ 2000 ਦੌਰਾਨ ਮਨੀਪੁਰ ਅੰਦਰ 8 ਆਸਾਮ ਰਾਈਫਲ ਹੱਥੋਂ 10 ਸਿਵਲੀਅਨ ਮਾਰੇ ਗਏ ਸਨ। 1950 ਨੂੰ ਨਾਗਾਲੈਂਡ ਅਤੇ ਮਿਜ਼ੋਰਮ ਦੇ ਲੋਕਾਂ 'ਤੇ ਹਵਾਈ ਹਮਲੇ ਹੋਏ ਸਨ ਤੇ ਮਨੁੱਖੀ ਅਧਿਕਾਰਾਂ ਦੀ ਅਵੱਗਿਆ ਹੋਈ ਸੀ। ਮਨੀਪੁਰ ਦੀ ਇੱਕ ਸੰਸਥਾ ਈ.ਈ.ਵੀ. ਐਫ.ਨੇ ਮਾਣਯੋਗ ਸੁਪਰੀਮ ਕੋਰਟ ਵਿੱਚ ਇੱਕ ਦਰਖਾਸਤ ਦਿੱਤੀ ਸੀ ਕਿ ਸਾਲ 1979-2012 ਤੱਕ 1528 ਝੂਠੇ ਮੁਕਾਬਲੇ ਹੋਏ ਸਨ ਪਰ ਸਿਟ ਵੱਲੋਂ ਜੋ ਕਾਰਵਾਈ ਕੀਤੀ ਗਈ ਉਸ ਦਾ ਕੋਈ ਨਤੀਜਾ ਸਾਹਮਣੇ ਨਹੀਂ ਆਇਆ, ਕੋਈ ਕਾਰਵਾਈ ਵੀ ਨਹੀਂ ਹੋਈ। ਲੰਬੇ ਸਮੇਂ ਤੋਂ ਜੰਮੂ-ਕਸ਼ਮੀਰ, ਛੱਤੀਸਗੜ੍ਹ, ਮਹਾਂਰਾਸ਼ਟਰ ਆਦਿ ਰਾਜਾਂ ਅੰਦਰ ਜਿੱਥੇ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਪੰਜਾਬ ਵਿੱਚ ਬੀਤੇ ਸਮੇਂ ਕੀ ਹੋਇਆ ਸੀ? ਹਾਕਮਾਂ ਦੀਆਂ ਨੀਤੀਆਂ ਹੀ ਅਜਿਹੇ ਹਾਲਾਤ ਪੈਦਾ ਕਰਦੀਆਂ ਹਨ ਤੇ ਖੁਦ ਆਪ ਹੀ ਉਨ੍ਹਾਂ ਹਾਲਤਾਂ ਨੂੰ ਦਬਾਉਣ ਲਈ ਨਿਟਦਈਪੁਣੇ, ਜ਼ੁਲਮੀ ਅਤੇ ਕਰੂਰ ਢੰਗ ਤਰੀਕੇ ਅਪਨਾਏ ਜਾਂਦੇ ਹਨ।

ਜੱਜ ਜੀਵਨ ਰੈਡੀ ਕਮੇਟੀ ਦੀਆਂ ਸਿਫਾਰਿਸ਼ਾਂ ਵਿੱਚ ਸਪੱਸ਼ਟ ਦਰਜ ਹੈ ਕਿ ਲੋਕਾਂ ਨਾਲ ਹੁੰਦੀਆਂ ਵਧੀਕੀਆਂ ਅਤੇ ਅਮਾਨਵੀ ਵਰਤਾਉ ਕਾਰਨ ਇਸ ਐਕਟ ਨੂੰ ਵਾਪਸ ਲੈਣ ਲਈ, ''ਇਸ ਨੂੰ ਸਤਹੀ ਅਤੇ ਬਿਲਕੁਲ ਅਢੁਕਵਾਂ ਕਿਹਾ। ਇਸ ਕਾਨੂੰਨ ਨੂੰ ਦਮਨ ਦਾ ਚਿੰਨ੍ਹ, ਵਿਤਕਰੇ ਭਰਿਆ ਅਤੇ ਜਿਆਦਤੀਆਂ ਕਰਨ ਵਾਲਾ ਇੱਕ ਜ਼ਰੀਆ ਤੇ ਨਫ਼ਰਤ ਦਾ ਪਾਤਰ ਕਾਨੂੰਨ ਕਿਹਾ ਹੈ। ਪਰ ਬੀ ਜੇ ਪੀ, ਆਰ ਐਸ ਐਸ ਨੂੰ ਭਾਉਂਦਾ ਕਰਕੇ ਇਸ ਕਾਨੂੰਨ ਦੀਆਂ ਸਿਫਾਰਿਸ਼ਾਂ ਹੀ ਰੱਦ ਕਰ ਦਿੱਤੀਆਂ ਗਈਆਂ ਸਨ।

ਗੜਬੜ ਵਾਲੇ ਖੇਤਰਾਂ 'ਚ ਆਮ ਵਿਵਸਥਾ ਬਹਾਲ ਕਰਨ ਲਈ ਅਜਿਹੇ ਕਾਨੂੰਨ ਅੱਜ ਤੱਕ ਨਾ ਤਾਂ ਇਹ ਸਾਰਥਿਕ ਸਾਬਤ ਹੋਏ ਹਨ ਅਤੇ ਨਾ ਹੀ ਸ਼ਾਂਤੀ ਕਾਇਮ ਕਰ ਸਕੇ ਹਨ। ਸਗੋਂ ਇਨ੍ਹਾਂ ਦੀ ਵਰਤੋਂ ਕਾਰਨ ਉਪਰੋਕਤ ਰਾਜਾਂ ਅੰਦਰ ਮਾਹੌਲ ਖਰਾਬ ਕਰਨ, ਉਕਸਾਹਟ ਪੈਦਾ ਕਰਨ ਅਤੇ ਅਮਨ ਲਈ ਚੱਲਦੀ ਗੱਲਬਾਤ ਨੂੰ ਢਾਅ ਲਾਉਣ ਵਾਲੇ ਹੀ ਸਾਬਤ ਹੋਏ ਹਨ। ਸਗੋਂ ਚਾਹੀਦਾ ਹੈ ਕਿ ਅਮਨ-ਕਨੂੰਨ ਦੀ ਬਹਾਲੀ ਲਈ ਲੋਕਾਂ ਵਿਚਕਾਰ ਸਦਭਾਵਨਾ ਵਾਲਾ ਮਾਹੌਲ ਪੈਦਾ ਕਰਨ ਵਾਲਾ ਹੀ ਕਾਨੂੰਨ ਲਾਹੇਵੰਦ ਕਿਹਾ ਜਾ ਸਕਦਾ ਹੈ। ਮੌਜੂਦਾ ਕਾਨੂੰਨ 'ਤੇ ਮੁੜ ਨਜ਼ਰ-ਸਾਨੀ ਕਰਨੀ ਚਾਹੀਦੀ ਹੈ। ਸੁਰੱਖਿਆ ਦਸਤਿਆਂ ਤੇ ਲੋਕਾਂ ਵਿਚਕਾਰ ਮੇਲ-ਮਿਲਾਪ ਦਾ ਮਾਹੌਲ ਪੈਦਾ ਕਰਨਾ ਚਾਹੀਦਾ ਹੈ। ਦੋਸ਼ੀ ਲੋਕਾਂ ਨੂੰ ਬਣਦੀਆਂ ਸਜਾਵਾਂ ਦੇਣ ਦੀ ਕਾਰਵਾਈ ਕਰਨੀ ਬਣਦੀ ਹੈ। ਮਨੁੱਖੀ ਅਧਿਕਾਰਾਂ ਦੀ ਹਰ ਕੀਮਤ 'ਤੇ ਰੱਖਿਆ ਹੋਣੀ ਚਾਹੀਦੀ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਲਵਲੀ ਨਿਰਮਾਣ ਤੇ ਪ੍ਰਵੀਨ ਭਾਰਟਾ ਦਾ ਗੀਤ, 'ਲੌਕਟ ਵੰਨਸ ਅਗੇਨ' ਖੂਬ ਚੜ੍ਹਾਈਆਂ ਵਿਚ

**ਚੰਡੀਗੜ, (ਪ੍ਰੀਤਮ ਲੁਧਿਆਣਵੀ)-** ਸੱਭਿਆਚਾਰਕ ਖੇਤਰ ਵਿਚ ਗਾਇਕ ਲਵਲੀ ਨਿਰਮਾਣ ਤੇ ਗਾਇਕਾ ਪ੍ਰਵੀਨ ਭਾਰਟਾ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਸਰੋਤਿਆਂ-ਦਰਸ਼ਕਾਂ ਦੇ ਦਿਲਾਂ ਉਤੇ ਉਹ ਆਪਣੀ ਗਾਇਕੀ ਦੀ ਸੂਹਣੀ ਛਾਪ ਛੱਡ ਚੁੱਕੇ ਹਨ। ਹੁਣ ਇਸ ਗਾਇਕ ਜੋੜੀ ਵੱਲੋਂ ਡਿਯੂਟ ਗੀਤ, 'ਲੌਕਟ ਵੰਨਸ ਅਗੇਨ' ਮਾਰਕੀਟ ਵਿਚ ਉਤਾਰਿਆ ਗਿਆ ਹੈ, ਜਿਸ ਦੀ ਚਾਰੋ ਪਾਸੇ ਖ਼ੂਬ ਚਰਚਾ ਤੇ ਬੱਲੇ ਬੱਲੇ ਹੈ। ਸੰਤੋਖਪੁਰੀ ਦੀ ਸਟੋਰੀ ਨੂੰ ਲੇਖਕ ਵਿੱਕੀ ਧਾਰੀਵਾਲ ਨੇ ਕਲਮ ਬੱਧ ਕੀਤਾ ਹੈ, ਜਦਕਿ ਇਸ ਗੀਤ ਨੂੰ ਸੰਗੀਤਕਾਰ ਲਾਡੀ ਗਿੱਲ ਨੇ ਸੰਗੀਤਕ ਛੋਹਾਂ ਪ੍ਰਦਾਨ ਕਰਦਿਆਂ ਸ਼ਿੰਗਾਰਨ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਗਾਇਕ ਲਵਲੀ ਨਿਰਮਾਣ ਨੇ ਦੱਸਿਆ ਕਿ ਐਚ ਐਸ ਟਿਊਨ ਕੰਪਨੀ ਦੁਆਰਾ ਰਿਲੀਜ਼ ਕੀਤੇ ਗਏ ਇਸ ਡਿਊਟ ਦਾ ਫਿਲਮਾਂਕਣ, ਵੀਡੀਓ ਡਾਇਰੈਕਟਰ ਜੱਸ ਪੇਸ਼ੀ ਨੇ ਬੜੀ ਰੂਹ, ਮਿਹਨਤ ਤੇ ਸ਼ੌਂਕ ਨਾਲ ਕੀਤਾ ਹੈ, ਜਿਸ ਵਿਚ ਮਾਡਲ ਲੜਕੀ ਮਾਹੀ ਸ਼ਰਮਾ ਦੀ ਲਾ-ਜੁਵਾਬ ਅਦਾਕਾਰੀ ਗੀਤ ਨੂੰ ਹੋਰ ਵੀ ਚਾਰ ਚੰਨ ਲਾਉਂਦੀ ਹੈ। ਇਸ ਪ੍ਰੋਜੈਕਟ ਨੂੰ ਨੇਪਰੇ ਚਾੜਨ ਵਿਚ ਸਹਾਈ ਹੋਈਆਂ ਸ਼ਖ਼ਸੀਅਤਾਂ ਸ਼ਰਨੀ ਤੇ ਗੁਰਦਿਆਲ ਨਿਰਮਾਣ ਧੂਰੀ ਦਾ ਸਪੈਸ਼ਲ ਧੰਨਵਾਦ ਕੀਤਾ ਗਿਆ ਹੈ।



## ਗੁਰਿਆਈ ਦਿਵਸ 'ਤੇ ਵਿਸ਼ੇਸ

# ਸ੍ਰੀ ਹਰਿਕ੍ਰਿਸ਼ਨ ਧਿਆਈਐ...

ਸਿੱਖ ਧਰਮ ਮਾਨਵੀ ਕਦਰਾਂ-ਕੀਮਤਾਂ ਦੀ ਪਹਿਰੇਦਾਰੀ ਕਰਨ ਦੇ ਨਾਲ-ਨਾਲ ਆਪਸੀ ਪਿਆਰ, ਭਾਈਚਾਰੇ ਅਤੇ ਬਰਾਬਰੀ ਦੀ ਹਮਾਇਤ ਕਰਦਾ ਆ ਰਿਹਾ ਹੈ। ਦਸਾਂ ਗੁਰੂ ਸਾਹਿਬਾਨਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਜੀਵਨ ਸਿੱਖੀ ਦੇ ਤਿੰਨ ਸੁਨਿਹਰੀ ਸਿਧਾਂਤਾ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜੱਪਣ ਨੂੰ ਪਰਨਾਇਆ ਰਿਹਾ ਹੈ। ਇਨ੍ਹਾਂ ਸਿਧਾਂਤਾ ਦੀ ਤਰਜ਼ਮਾਨੀ ਕਰਨ ਵਾਲੀ ਜੀਵਨ-ਜਾਂਚ ਹੀ ਬਾਬੇਕਿਆਂ ਵੱਲੋਂ ਵਡਿਆਈ ਅਤੇ ਸਲਾਹੀ ਜਾਂਦੀ ਰਹੀ ਹੈ। ਸਿੱਖ ਵਿਚਾਰਧਾਰਾ ਇਨ੍ਹਾਂ ਸਿਧਾਂਤਾ ਤੋਂ ਸੱਖਣੇ ਵਿਹਾਰ ਨੂੰ ਨਾ ਸਿਰਫ ਰੱਦ ਹੀ ਕਰਦੀ ਹੈ, ਸਗੋਂ ਸਜ਼ਾ ਦਾ ਭਾਗੀ ਵੀ ਸਮਝਦੀ ਹੈ। ਜਿਵੇਂ ਗੁਰੂ ਸਾਹਿਬ ਦਾ ਫੁਰਮਾਨ ਹੈ :

ਸੋ ਸਿੱਖ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ।
ਆਪਣੈ ਭਾਣੇ ਜੋ ਚਲੇ ਭਾਈ, ਵਿਛੁੜਿ ਚੋਟਾ ਖਾਵੈ।

ਭਾਵ ਜਿਹੜਾ ਵਿਅਕਤੀ ਮਨ ਦੀ ਮਤ ਤਿਆਗ ਕੇ ਗੁਰੂ ਦੀ ਮਤ ਦਾ ਧਾਰਨੀ ਬਣ ਜਾਂਦਾ ਹੈ ਉਸ ਦੇ ਲੋਕ ਤੇ ਪ੍ਰਲੋਕ ਦੋਵੇਂ ਲੇਖੇ ਵਿੱਚ ਲੱਗ ਜਾਂਦੇ ਹਨ। ਪਰ ਜਿਹੜਾ ਵਿਅਕਤੀ ਗੁਰੂ ਦੀ ਗੱਲ ਨੂੰ ਅਣਸੁਣੀ ਕਰਕੇ ਕੇਵਲ ਆਪਣੀ ਸਮਝ ਹੀ ਵਰਤੋਂ ਵਿਚ ਲਿਆਉਂਦਾ ਹੈ ਉਸ ਨੂੰ (ਪ੍ਰਮਾਤਮਾ ਤੋਂ) ਵਿਛੋੜੇ ਦੀਆਂ ਸੱਟਾਂ ਹੀ ਖਾਣੀਆਂ ਪੈਂਦੀਆਂ ਹਨ। ਇਨ੍ਹਾਂ ਸੱਟਾਂ ਤੋਂ ਬਚਣ ਲਈ ਗੁਰੂ ਸਾਹਿਬ ਮਨੁੱਖ ਨੂੰ ਜਿਥੇ ਸਦਾਚਾਰੀ ਜੀਵਨ ਜਿਉਣ ਲਈ ਪ੍ਰੇਰਦੇ ਹਨ ਉਥੇ ਪਰਮ ਨਾਲ ਪ੍ਰੇਮ ਦੀ ਹਾਮੀ ਵੀ ਭਰਦੇ ਹਨ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਰਾਗ ਗਾਉੜੀ, ਸੁਖਮਨੀ, ਪੰਨਾ 266 ਉਪਰ ਤਸਦੀਕ ਕਰਦੇ ਹਨ :

**ਰਮੇਸ਼ ਬੱਗਾ ਚੋਹਲਾ**
**91-94631-32719**

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮ ਜਪਿ ਨਿਰਮਲ ਕਰਮੁ॥

ਜਿਹੜੇ ਮਨੁੱਖਾਂ ਦੀ ਜੀਵਨ-ਸ਼ੈਲੀ ਇਨ੍ਹਾਂ ਪਾਵਨ ਪੰਕਤੀਆਂ ਦੀ ਅਨੁਸਾਰੀ ਹੋ ਜਾਂਦੀ ਹੈ ਉਹ ਨਾ ਸਿਰਫ ਆਮ ਤੋਂ ਖਾਸ ਹੋ ਜਾਂਦੇ ਹਨ ਸਗੋਂ ਲੋਕਾਈ ਵੱਲੋਂ ਰੱਜ ਕੇ ਸਤਿਕਾਰੇ ਅਤੇ ਪਿਆਰੇ ਵੀ ਜਾਂਦੇ ਹਨ। ਇਨ੍ਹਾਂ ਰਾਹਾਂ ਦੇ ਪਾਂਧੀਆਂ ਦਾ ਜੀਵਨ ਪੰਧ ਬੇਸ਼ੱਕ ਛੁਟੇਰਾ ਹੁੰਦਾ ਹੈ। ਪਰ ਸੇਵਾ, ਸਿਮਰਨ ਤੇ ਸ਼ਰਧਾ ਉਨ੍ਹਾਂ ਨੂੰ ਮੂਹਰਲੀਆਂ ਸਫਾਂ ਵਿੱਚ ਲੈ ਆਉਂਦੀ ਹੈ। ਆਪਣੇ ਗੁਣਾ ਸਦਕਾ, ਉਹ ਗੁਰੂ ਨਾਨਕ ਦੇ ਘਰ ਦੀਆਂ ਵਡਿਆਈਆਂ ਅਤੇ ਪਾਤਸ਼ਾਹੀਆਂ ਦੇ ਪਾਤਰ ਬਣਦੇ ਆ ਰਹੇ ਹਨ। ਇਨ੍ਹਾਂ ਪਾਤਰਾਂ ਵਿੱਚ ਹੀ ਇਕ ਨਾਮ ਹੈ ਗੁਰੂ ਨਾਨਕ ਪਾਤਸ਼ਾਹ ਦੀ ਅੱਠਵੀਂ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ।

ਦੁਨਿਆਵੀਂ ਤੌਰ ਤੇ (ਗੁਰੂ) ਹਰਿਕ੍ਰਿਸ਼ਨ ਜੀ ਭਾਵੇਂ ਬਚਪਨ ਦੀਆਂ ਬਰੂਹਾਂ ਤੇ (ਸਵਾ ਕੁ ਪੰਜ ਸਾਲ) ਹੀ ਵਿਚਰ ਰਹੇ ਸਨ ਪਰ ਕੁੱਝ ਵਿਸ਼ੇਸ਼ ਗੁਣਾਂ ਅਤੇ ਸਿੱਖੀ ਦੀ ਸਮਝ ਸਦਕਾ ਗੁਰੂ ਪਿਤਾ ਸ੍ਰੀ ਹਰਿ ਰਾਇ ਸਾਹਿਬ ਨੇ ਉਨ੍ਹਾਂ ਨੂੰ ਗੁਰੂ ਘਰ ਦੀ ਵਡੇਰੀ ਅਤੇ ਉਚੇਰੀ ਜ਼ਿੰਮੇਵਾਰੀ ਸੰਭਾਲ ਦਿਤੀ। ਆਪ ਜੀ ਵੱਲੋਂ ਜਿਥੇ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਗਿਆ ਉਥੇ ਆਪਣੇ ਗੁਰੂ-ਕਾਲ (ਢਾਈ ਕੁ ਸਾਲ) ਵਿੱਚ ਕੁੱਝ ਅਜਿਹੀਆਂ ਪਿਰਤਾਂ ਵੀ ਪਾਈਆਂ ਜਿਨ੍ਹਾਂ ਸਦਕਾ ਰੋਜ਼ਾਨਾ ਸਰਬਤ ਦੇ ਭਲੇ ਲਈ ਕੀਤੀ ਜਾਣ ਵਾਲੀ ਅਰਦਾਸ ਵਿਚ ਉਨ੍ਹਾਂ ਦੇ ਨਾਮ ਦਾ ਜਿਕਰ 'ਜਿਸ ਡਿਠੈ ਸਭਿ ਦੁਖਿ ਜਾਇ' ਕਰਕੇ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ 7 ਜੁਲਾਈ 1656 ਈ: (ਬ੍ਰਿਕਮੀ ਸੰਮਤ 8 ਸਾਵਣ 1713) ਨੂੰ ਪਿਤਾ ਗੁਰੂ ਹਰਿ ਰਾਇ ਜੀ ਅਤੇ ਮਾਤਾ ਕਿਸ਼ਨ ਕੌਰ ਜੀ ਦੇ ਗ੍ਰਹਿ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ। ਪਰ ਭੱਟ ਵਹੀਆਂ ਦੇ ਹਵਾਲੇ ਨਾਲ ਗੁਰੂ ਜੀ ਦਾ ਪੈਦਾਇਸ਼ੀ ਦਿਹਾੜਾ ਸੰਨ 1652 ਦਾ ਦੱਸਿਆ ਗਿਆ ਹੈ।

ਜਿਥੇ ਗੁਰੂ ਹਰਿਕ੍ਰਿਸ਼ਨ ਜੀ ਦੇ ਮੁੱਖੜੇ ਦੀ ਦਿੱਖ ਮਨਾਂ ਨੂੰ ਮੋਹਣਵਾਲੀ ਸੀ, ਉਥੇ ਉਨ੍ਹਾਂ ਦਾ ਹਿਰਦਾ ਵੀ ਅਤਿ ਕੋਮਲ ਸੀ। ਆਪ ਜੀ ਦੇ ਬਚਪਨ ਦਾ ਵਧੇਰੇ ਸਮਾਂ ਗੁਰੂ ਹਰਿ ਰਾਇ ਜੀ ਦੀ ਛਤਰ-ਛਾਇਆ ਹੇਠ ਬਤੀਤ ਹੋਣ ਕਰਕੇ ਆਪ ਜੀ ਦੇ ਸੁਭਾਅ ਅਤੇ ਨਿਭਾਅ ਉਪਰ ਗੁਰੂ ਪਿਤਾ ਦਾ ਕਾਫੀ ਡੂੰਘਾ ਪ੍ਰਭਾਵ ਸੀ। ਇਸ ਪ੍ਰਭਾਵ ਸਦਕਾ ਹੀ (ਗੁਰੂ) ਹਰਿਕ੍ਰਿਸ਼ਨ ਜੀ ਆਈਆਂ ਸੰਗਤਾਂ ਨੂੰ ਲੰਗਰ-ਪਾਣੀ ਛਕਾਉਣ ਦੀ ਸੇਵਾ ਵਿੱਚ ਜੁਟੇ ਰਹਿੰਦੇ ਸਨ।

ਰਾਜਸੀ ਲਾਹਾ ਲੈਣ ਦੀ ਤਾਕ ਵਿਖ ਧੀਰਮੱਲ ਨੇ ਗੁਰੂ ਘਰ ਦੇ ਖਿਲਾਫ ਉਸ ਵਕਤ ਦੇ ਹਾਕਮ ਔਰੰਗਜ਼ੇਬ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਔਰੰਗਜ਼ੇਬ ਵੀ ਧੀਰਮੱਲ ਦੀਆਂ ਕਈ ਸ਼ਿਕਾਇਤਾਂ ਨੂੰ ਇੱਕ ਕੰਨ ਰਾਹੀਂ ਸੁਣ ਕੇ ਦੂਜੇ ਕੰਨ ਰਾਹੀਂ ਬਾਹਰ ਕੱਢ ਦਿੰਦਾ ਸੀ ਪਰ ਜਦੋਂ ਉਸ ਨੂੰ ਇਸ ਗੱਲ ਦਾ ਇਲਮ ਹੋਇਆ ਕਿ ਸੱਤਵੇ ਪਾਤਸ਼ਾਹ ਸ੍ਰੀ ਹਰਿਰਾਇ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ ਤਾਂ ਉਸ ਨੇ ਗੁਰੂ ਜੀ ਨੂੰ ਦਿੱਲੀ ਆਉਣ ਲਈ ਸੰਮਨ ਭੇਜ ਦਿੱਤੇ। ਸੰਗਤਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਗੁਰੂ ਸਾਹਿਬ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰੀ ਹੋ ਗਏ। ਰਾਜਪੂਤ ਰਾਜਿਆਂ ਦੀ ਸਲਾਹ ਨਾਲ ਬਾਦਸ਼ਾਹ ਨੇ ਗੁਰੂ ਜੀ ਨੂੰ ਦੁਬਾਰਾ ਚਿੱਠੀ ਭੇਜ ਦਿੱਤੀ। ਚਿੱਠੀ ਦੀ ਭਾਸ਼ਾ ਕੁੱਝ ਨਿਮਰ ਅਤੇ ਆਦਰਮਈ ਹੋਣ ਕਰਕੇ ਸਤਵੇਂ ਪਾਤਸ਼ਾਹ ਨੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਨੂੰ ਦਿੱਲੀ ਭੇਜਣ ਦਾ ਨਿਰਣਾ ਲੈ ਲਿਆ। ਕਿਉਂਕਿ ਗੁਰਮਤਿ ਦੇ ਜਾਣਕਾਰ ਹੋਣ ਦੇ ਨਾਲ-ਨਾਲ ਬਾਬਾ ਰਾਮ ਰਾਇ ਹਾਜ਼ਰ-ਜਵਾਬ ਵੀ ਸਨ।

ਜਦੋਂ ਬਾਬਾ ਰਾਮ ਰਾਇ ਨੇ ਦਿੱਲੀ ਜਾ ਕੇ ਔਰੰਗਜ਼ੇਬ ਨਾਲ ਸੰਵਾਦ ਰਚਾਇਆ ਤਾਂ ਉਸ ਦੀ ਦਿਮਾਗਦਾਰੀ ਦਾ ਬਾਦਸ਼ਾਹ ਤੇ ਚੰਗਾ ਪ੍ਰਭਾਵ ਪਿਆ। ਪਰ ਜਦੋਂ ਬਾਦਸ਼ਾਹ ਦੀਆਂ ਖੁਸ਼ੀਆਂ ਹਾਸਲ ਕਰਨ ਖਾਤਿਰ ਰਾਮ ਰਾਇ ਨੇ ਬਾਬੇ ਦੀ ਬਾਣੀ (ਮਿੱਟੀ ਬੇਈਮਾਨ ਦੀ ।।।।।।) ਤਬਦੀਲ ਕਰ ਦਿੱਤੀ ਤਾਂ ਉਹ ਗੁਰੂ ਨਾਨਕ ਦੇ ਘਰ ਚੋਂ ਦੁਰਕਾਰਿਆ ਗਿਆ। ਉਸ ਦੇ ਇਸ ਨਾਬਖਸ਼ਣਯੋਗ ਗੁਨਾਹ ਬਦਲੇ ਗੁਰੂਪਿਤਾ ਨੇ ਉਸ ਦੇ ਮੱਥੇ ਲੱਗਣ ਤੋਂ ਹੀ ਨਾਂਹ ਕਰ ਦਿੱਤੀ।

ਰਾਮ ਰਾਇ ਦੀ ਇਸ ਨਾਲਾਇਕੀ ਕਾਰਣ ਗੁਰੂ ਹਰਿ ਰਾਇ ਸਾਹਿਬ ਨੇ 1661 ਈ। (ਸੰਮਤ 1918) ਨੂੰ ਆਪਣੇ ਛੋਟੇ ਸਾਹਿਬਜ਼ਾਦੇ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਸਿੱਖ ਕੌਮ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਸਮੇਂ ਉਨ੍ਹਾਂ ਦੀ ਵਰੇਸ ਸਵਾ ਕੁ ਪੰਜ ਸਾਲ ਦੀ ਬਣਦੀ ਸੀ। ਦੁਨਿਆਵੀ ਤੌਰ ਤੇ ਇਹ ਸਮਾਂ ਹਾਣੀਆਂ ਨਾਲ ਖੇਡਣ-ਮੱਲਣ ਦਾ ਸਮਝਿਆ ਜਾਂਦਾ ਹੈ। ਇਸ ਕਰਕੇ ਇਹ ਵਕਤ ਸਿੱਖਾਂ ਦੀ ਸਿਦਕਦਿਲੀ ਅਤੇ ਸ਼ਰਧਾ ਨੂੰ ਪਰਖਣ ਦਾ ਵੀ ਸੀ। ਕਿਉਂਕਿ ਗੁਰੂ ਘਰ ਦੇ ਦੋਖੀ (ਧੀਰਮੱਲੀਏ ਅਤੇ ਰਾਮ ਰਾਈਏ) ਗੁਰੂ ਘਰ ਨੂੰ ਢਾਹ ਲਗਾਉਣ ਲਈ ਸੰਗਤਾਂ ਵਿਚ ਭਰਮ-ਭੁਲੇਖੇ ਪੈਦਾ ਕਰਨ ਦੇ ਕੋਝੇ ਜਤਨ ਕਰ ਰਹੇ ਸਨ। ਪਰ ਇਨ੍ਹਾ ਭਰਮ-ਭੁਲੇਖਿਆਂ ਦੇ ਬਾਵਜੂਦ ਵੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਮਰ ਛੁਟੇਰੀ ਪਰ ਅਕਲ ਵਡੇਰੀ ਦਾ ਸਬੂਤ ਦਿੰਦਿਆਂ ਗੁਰਿਅਈ ਦੀ ਜ਼ਿੰਮੇਵਾਰੀ (1661 ਤੋਂ 1664) ਸਾਬਤ ਕਦਮਾਂ ਨਾਲ ਨਿਭਾਈ।

ਗੁਰੂ ਹਰਿਕ੍ਰਿਸ਼ਨ ਜੀ ਸੇਵਾ ਅਤੇ ਸਿਮਰਨ ਦਾ ਸੁਮੇਲ ਹੋਣ ਦੇ ਨਾਲ-ਨਾਲ ਪਰਉਪਕਾਰੀ ਸੁਭਾਅ ਦੇ ਮਾਲਕ ਵੀ ਸਨ। ਜਿਹੜਾ ਵੀ ਵਿਅਕਤੀ ਉਨ੍ਹਾਂ ਦੇ ਦਰਸ਼ਨ ਕਰ ਲੈਂਦਾ ਸੀ ਉਸ ਦਾ ਜੀਵਨ ਹੀ ਬਦਲ ਜਾਂਦਾ ਸੀ। ਪੇਸ਼ਾਵਰ ਦੀਆਂ ਸੰਗਤਾਂ ਵਿਚ ਇਕ ਜਸਵੰਤ ਰਾਇ ਨਾਮਕ ਚੋਰ ਸੰਗਤਾਂ ਦੀਆਂ ਜੇਬਾਂ ਕੱਟਣ ਦੀ ਨੀਅਤ ਨਾਲ ਘੁਸ ਗਿਆ। ਜਦੋਂ ਗੁਰੂ ਹਰਿਕ੍ਰਿਸ਼ਨ ਦੇ ਸਨਮੁੱਖ ਹੋਇਆ ਤਾਂ ਗੁਰੂ ਸਾਹਿਬ ਦੇ ਮੁਖ-ਾਰਬਿੰਦ ਚੋਂ ਸੁਭਾਵਿਕ ਹੀ ਨਿਕਲ ਗਿਆ :-

'ਚੋਰ ਦੀ ਹਮਾ ਭਰੇ ਨਾ ਕੋਇ॥ ਚੋਰ ਕੀਆ ਚੰਗਾ ਕਿਉ ਹੋਇ॥

ਇਸ ਮਹਾਂਵਾਕ ਨੂੰ ਸੁਣਦਿਆਂ ਹੀ ਜਸਵੰਤ ਰਾਇ ਦੇ ਨੇਤਰਾਂ ਵਿਚੋਂ ਪਾਣੀ ਆ ਗਿਆ ਅਤੇ ਉਸ ਨੇ ਚੋਰੀ ਤੋਂ ਤੋਬਾ ਕਰ ਲਈ। ਇਸ ਤਰ੍ਹਾਂ ਇਕ ਗੇਂਦਾ ਮਲ ਨਾਂ ਦੇ ਜੁਆਰੀਏ ਨੇ ਦਰਬਾਰ ਵਿਚ ਆ ਕੇ ਗੁਰੂ ਸਾਹਿਬ ਦੇ ਚਰਨ ਫੜ ਲਏ ਅਤੇ ਛੱਡੇ ਹੀ ਨਾ। ਗੁਰਦੇਵ ਨੇ ਕਿਹਾ, ''ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ।'' ਗੇਂਦਾ ਮਲ ਦਾ ਅੰਦਰਲਾ ਮਨ ਹਿਲ ਗਿਆ ਅਤੇ ਉਸ ਨੇ ਹੱਥ ਜੋੜ ਕੇ ਗੁਰੂ ਜੀ ਕੋਲੋਂ ਮੁਆਫੀ ਮੰਗ ਲਈ ਅਤੇ ਅੱਗੇ ਤੋਂ ਬੁਰੀਆਂ ਆਦਤਾਂ ਨੂੰ ਤਿਆਗਣ ਦਾ ਵਾਅਦਾ ਕੀਤਾ।

ਰਾਮ ਰਾਇ ਦੀਆਂ ਸ਼ਿਕਾਇਤਾਂ ਦੇ ਅਸਰ ਕਾਰਣ ਅਤੇ ਕੁੱਝ ਆਪਣੇ ਮਨ ਦੇ ਤੌਖਲੇ ਨੂੰ ਮਿਟਾਉਣ ਖਾਤਿਰ ਉਸ ਵਕਤ ਦੇ ਹਾਕਮ ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾ ਲਿਆ। ਇਸ ਕੰਮ ਲਈ ਉਸ ਨੇ ਇਕ ਖਾਸ ਅਫਸਰ ਮਿਰਜ਼ਾ ਜੈ ਸਿੰਘ ਦੀ ਡਿਊਟੀ ਲਗਾਈ ਜੋ ਗੁਰੂ ਘਰ ਪ੍ਰਤੀ ਕੁੱਝ ਸਤਿਕਾਰਤ ਭਾਵਨਾ ਰੱਖਦਾ ਸੀ।

ਗੁਰੂ ਹਰਿਕ੍ਰਿਸ਼ਨ ਜੀ ਨੇ ਉਸ ਵਕਤ ਦੇ ਕੁੱਝ ਮੁੱਖੀ ਸਿੱਖਾਂ ਭਾਈ ਦਰਗਾਹ ਮੱਲ, ਭਾਈ ਦਿਆਲਾ ਜੀ, ਭਾਈ ਮਨੀ ਸਿੰਘ ਜੀ ਅਤੇ ਕੁੱਝ ਹੋਰ ਸਲਾਹਕਾਰਾਂ ਨਾਲ ਸਲਾਹ ਕੀਤੀ ਤਾਂ ਉਨ੍ਹਾਂ ਨੇ ਦਿੱਲੀ ਜਾਣ ਦੀ ਹਾਮੀ ਭਰ ਦਿੱਤੀ। ਇਸ ਹਾਮੀ ਵਜੋਂ ਗੁਰੂ ਸਾਹਿਬ ਦਿੱਲੀ ਜਾਣ ਲਈ ਰਜ਼ਾਮੰਦ ਤਾਂ ਹੋ ਗਏ ਪਰ ਉਨ੍ਹਾਂ ਨੇ ਦੁਸ਼ਟ ਔਰੰਗਜ਼ੇਬ ਦੇ ਮੱਥੇ ਨਾ ਲੱਗਣ ਦਾ ਫੈਸਲਾ ਵੀ ਸੁਣਾ ਦਿੱਤਾ। ਸੰਗਤਾਂ ਨੇ ਗੁਰੂ ਸਾਹਿਬ ਦੇ ਫੈਸਲੇ ਤੇ ਆਪਣੀ ਮੋਹਰ ਲਗਾ ਦਿੱਤੀ।



ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਦੀ ਸੇਵਾ-ਸੰਭਾਲ ਦਾ ਕੰਮ ਭਾਈ ਭਗਤਾ ਜੀ ਅਤੇ ਸ਼ਰਧਾਵਾਨ ਸਿੱਖਾਂ ਨੂੰ ਸੌਂਪ ਕੇ ਭਾਈ ਗੁਰਬਖਸ਼ ਸਿੰਘ, ਭਾਈ ਮਨੀ ਸਿੰਘ, ਪੰਜਾਬਾ ਮਸੰਦ, ਭਾਈ ਦਿਆਲਾ ਜੀ, ਮੁਨਸ਼ੀ ਸੰਗਤੀਆਂ, ਦੀਵਾਨ ਸਤੀ ਰਾਮ ਅਤੇ ਹੋਰ ਸੰਗਤਾਂ ਸਮੇਤ ਦਿੱਲੀ ਵੱਲ ਨੂੰ ਚੱਲ ਪਏ। ਰਸਤੇ ਵਿਚ ਗੁਰੂ ਹਰਿਕ੍ਰਿਸ਼ਨ ਜੀ ਜਿਥੇ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ-ਦੀਦਾਰੇ ਦੇ ਕੇ ਨਿਹਾਲ ਕਰਦੇ ਜਾ ਰਹੇ ਸਨ, ਉਥੇ ਗੁਰੂ ਨਾਨਕ ਦੇ ਘਰ ਦਾ (ਸਾਂਝੀਵਾਲਤਾ) ਸੰਦੇਸ਼ ਵੀ ਦੇਈ ਜਾ ਰਹੇ ਸਨ।

ਦਿੱਲੀ ਦਾ ਸਫਰ ਤਹਿ ਕਰਦਿਆਂ ਜਦੋਂ ਗੁਰੂ ਹਰਿਕ੍ਰਿਸ਼ਨ ਜੀ ਪੰਜੋਖਰੇ ਪਹੁੰਚੇ ਤਾਂ ਇਥੋਂ ਦਾ ਇਕ ਹੰਕਾਰੀ ਪੰਡਤ ਸੰਗਤਾਂ ਨੂੰ ਕਹਿਣ ਲੱਗਾ ਕਿ ''ਤੁਹਾਡੇ ਗੁਰੂ ਜੀ ਆਪਣੇ ਆਪ ਨੂੰ ਹਰਿਕ੍ਰਿਸ਼ਨ ਕਹਾਉਂਦੇ ਹਨ। ਦੁਆਪਰ ਦੇ ਅਵਤਾਰ ਸ਼੍ਰੀ ਕ੍ਰਿਸ਼ਨ ਜੀ ਨੇ ਤਾਂ ਆਪਣੇ ਸਮੇਂ ਵਿਚ ਗੀਤਾ ਲਿਖੀ ਸੀ ਜੇਕਰ ਤੁਹਾਡੇ ਗੁਰੂ ਸੱਚਮੁਚ ਹੀ ਪਹੁੰਚੇ ਹੋਏ ਹਨ ਤਾਂ ਇਕ ਗੀਤਾ ਦੇ ਅਰਥ ਕਰਕੇ ਦਿਖਾ ਦੇਣ।'' ਇਹ ਗੱਲ ਜਦੋਂ ਗੁਰੂ ਸਾਹਿਬ ਕੋਲ ਆਈ ਤਾਂ ਉਨ੍ਹਾਂ ਨੇ ਪੰਡਿਤ ਨੂੰ ਕਿਹਾ ਕਿ ''ਭਾਈ ! ਮੇਰੇ ਅਰਥ ਕਰਨ ਨਾਲ ਹੋ ਸਕਦਾ ਹੈ ਕਿ ਤੇਰੀ ਤਸੱਲੀ ਨਾ ਹੋਵੇ ਤੂੰ ਜੇਕਰ ਗੁਰੂ ਨਾਨਕ ਦੇ ਘਰ ਦੀਆਂ ਬਰਕਤਾਂ ਦਾ ਨਜ਼ਾਰਾ ਤੱਕਣਾ ਹੈ ਤਾਂ ਇਸ ਕਸਬੇ ਦੇ ਕਿਸੇ ਵਿਅਕਤੀ ਨੂੰ ਜਿਸ ਨੂੰ ਤੂੰ ਸਭ ਤੋਂ ਵੱਧ ਮੂਰਖ ਸਮਝਦਾ ਹੈ, ਲੈ ਕੇ ਮੇਰੇ ਕੋਲ ਆ ਜਾ, ਉਹ ਵਿਅਕਤੀ ਹੀ ਤੇਰੇ ਸ਼ੰਕਿਆਂ ਨੂੰ ਨਵਿਰਤ ਕਰ ਦੇਵੇਗਾ। ਪੰਡਿਤ ਇਕ ਛੱਜੂਨਾਮਕ ਝੀਊਰ ਨੂੰ ਗੁਰੂ ਸਾਹਿਬ ਕੋਲ ਲੈ ਆਇਆ। ਇਹ ਝੀਊਰ ਜਮਾਂਦਰੂ ਗੂੰਗਾ ਸੀ। ਬਾਬੇ ਨਾਨਕ ਦੀ ਰਹਿਮਤ ਸਦਕਾ ਛੱਜੂ ਇਕ ਸੁਲਝੇ ਹੋਏ ਵਿਦਵਾਨ ਵਾਂਗ ਗੀਤਾ ਦੇ ਸਲੋਕਾਂ ਦੇ ਅਰਥ ਕਰਨ ਲੱਗ ਪਿਆ। ਇਸ ਵਰਤਾਰੇ ਨਾਲ ਜਿਥੇ ਪੰਡਿਤ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਉਥੇ ਸ੍ਰੀ ਹਰਿਕ੍ਰਿਸ਼ਨ ਸਾਹਿਬ ਦੇ ਮਾਣ-ਸਤਿਕਾਰ ਵਿੱਚ ਵੀ ਚੋਖਾ ਵਾਧਾ ਹੋ ਗਿਆ।

ਜਦੋਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਪਹੁੰਚੇ ਤਾਂ ਰਾਜਾ ਜੈ ਸਿੰਘ ਸਮੇਤ ਦਿੱਲੀ ਦੀਆਂ ਸੰਗਤਾਂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ। ਉਸ ਨੇ ਗੁਰੂ ਸਾਹਿਬ ਦਾ ਪੜਾਅ ਵੀ ਆਪਣੇ ਮਹੱਲ ਵਿਚ ਹੀ ਕਰਵਾ ਦਿੱਤਾ। ਰਾਜਾ ਜੈ ਸਿੰਘ ਭਾਵੇਂ ਗੁਰੂ ਘਰ ਦਾ ਪ੍ਰੀਤਵਾਨ ਸੀ ਪਰ ਉਸ ਦੀ ਰਾਣੀ ਨੇ ਗੁਰੂ ਨਾਨਕ ਜੋਤ ਨੂੰ ਪਰਖਣ ਦੀ ਠਾਣ ਲਈ। ਉਸ (ਰਾਣੀ) ਨੇ ਅਮੀਰ ਘਰਾਣਿਆਂ ਦੀਆਂ ਕੁੱਝ ਤ੍ਰੀਮਤਾਂ ਨੂੰ ਇਕੱਠਿਆਂ ਕਰ ਲਿਆ ਅਤੇ ਕਹਿਣ ਲੱਗੀ ਕਿ, ''ਜੇਕਰ ਗੁਰੂ ਅੰਤਰਜ਼ਾਮੀ ਹੋਵੇਗਾ ਤਾਂ ਉਹ ਸਿਰਫ ਮੇਰੀ ਹੀ ਗੋਦ ਵਿੱਚ ਬੈਠੇਗਾ।'' ਗੁਰੂ ਸਾਹਿਬ ਬਾਕੀ ਦੀਆਂ ਸਾਰੀਆਂ ਔਰਤਾਂ ਕੋਲੇਂ ਲੰਘ ਕੇ ਰਾਣੀ ਦੀ ਗੋਦ ਵਿੱਚ ਜਾ ਬੈਠੇ। ਰਾਣੀ ਨੇ ਗੁਰੂ ਜੀ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਅਤੇ ਉਸ ਦੀਆਂ ਅੱਖਾਂ ਵਿਚੋਂ ਸ਼ਰਧਾ ਦੇ ਹੰਝੂ ਵਹਿਣ ਲੱਗ ਪਏ।

ਆਪਣੇ ਪਿਤਾ ਗੁਰੂ ਹਰਿ ਰਾਇ ਜੀ ਵਾਂਗ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਵੀ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਆਪ ਜੀ ਦਾ ਵਿਚਾਰ ਸੀ ਕਿ ਔਰੰਗਜ਼ੇਬ ਇਕ ਜ਼ਾਲਮ ਕਿਸਮ ਦਾ ਬਾਦਸ਼ਾਹ ਹੈ ਅਤੇ ਗੁਰੂ ਨਾਨਕ ਦਾ ਘਰ ਕੇਵਲ ਤੇ ਕੇਵਲ ਧਰਮੀ ਬੰਦਿਆਂ ਦੀ ਹੀ ਤਰਫਦਾਰੀ ਕਰਦਾ ਹੈ। ਇਸ ਲਈ ਸਾਡਾ ਅਤੇ ਬਾਦਸ਼ਾਹ ਦਾ ਮਿਲਾਪ ਉਚਿਤ ਨਹੀਂ ਹੈ। ਇਥੋਂ ਤੱਕ ਕਿ ਬਾਦਸ਼ਾਹ ਨੇ ਗੁਰੂ ਸਾਹਿਬ ਦਾ ਮਨ ਬਦਲਾਉਣ ਹਿੱਤ ਕਈ ਬੇਸ਼ਕੀਮਤੀ ਤੋਹਫੇ ਵੀ ਭੇਜੇ ਪਰ ਸਾਧ ਬਚਨ ਅਟੱਲ ਹੀ ਰਹੇ। ਗੁਰੂ ਜੀ ਨੇ ਫਾਰਸੀ ਲਿਪੀ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਮਾਝ ਕੀ ਵਾਰ ਦਾ ਇਹ ਸਲੋਕ ਵੀ ਔਰੰਗਜ਼ੇਬ ਨੂੰ ਭੇਜਿਆ :-

'ਕਿਆ ਖਾਧੈ ਕਿਆ ਪੈਧੇ ਹੋਇ ਜਾ ਮਨਿ ਨਾਹੀ ਸਚਾ ਸੋਇ॥
ਕਿਆ ਮੇਵਾ ਕਿਆ ਘਿਉ ਗੁੜ ਮਿਠਾ ਕਿਆ ਮੈਦਾ ਕਿਆ ਮਾਸੁ॥
ਕਿਆ ਕਪੜੁ, ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ॥

ਗੁਰੂ ਹਰਿਕ੍ਰਿਸ਼ਨ ਜੀ ਜਦੋਂ ਦਿੱਲੀ ਪਹੁੰਚੇ ਤਦ ਉਸ ਸਮੇਂ ਉਥੇ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ ਅਤੇ ਮਹਾਂਮਾਰੀ ਦੀ ਸ਼ਕਲ ਧਾਰਨ ਕਰ ਚੁੱਕੀ ਸੀ। ਗੁਰੂ ਸਾਹਿਬ ਨੇ ਇਸ ਬੀਮਾਰੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਦਸਵੰਧ ਦੀ ਮਾਇਆ ਦੀ ਖੁੱਲ੍ਹ ਕੇ ਵਰਤੋਂ ਕੀਤੀ। ਉਨ੍ਹਾਂ ਦੀ ਆਪਣੀ ਆਯੂ ਵੀ ਅਜੇ 8 ਕੁ ਸਾਲ ਦੀ ਹੀ ਸੀ। ਇਸ ਆਯੂ ਵਿਚ ਚੇਚਕ ਦੀ ਮਾਰ ਬਹੁਤ ਜਲਦੀ ਪੈਂਦੀ ਹੈ। ਲੋਕ-ਸੇਵਾ ਦੀ ਪ੍ਰਬਲ ਭਾਵਨਾ ਸਦਕਾ ਗੁਰੂ ਜੀ ਨੇ ਆਪਣੀ ਸਿਹਤ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ। ਸਿੱਟੇ ਵਜੋਂ ਆਪ ਜੀ ਦੀ ਸਿਹਤ ਨੂੰ ਵੀ ਚੇਚਕ ਦੀ ਨਾਮੁਰਾਦ ਬੀਮਾਰੀ ਨੇ ਆਪਣੀ ਜਕੜ ਵਿੱਚ ਲੈ ਲਿਆ। ਤੇਜ਼ਬੁਖਾਰ ਹੋਣ ਕਰਕੇ ਆਪ ਜੀ ਨੂੰ ਆਪਣਾ ਅੰਤਲਾ ਸਮਾਂ ਨਜ਼ਦੀਕ ਆਉਂਦਾ ਦਿਖਾਈ ਦੇਣ ਲੱਗਾ।

ਰਾਜਾ ਜੈ ਸਿੰਘ ਦਾ ਮਹੱਲ ਛੱਡ ਕੇ ਗੁਰੂ ਹਰਿਕ੍ਰਿਸ਼ਨ ਜੀ ਨੇ ਜਮਨਾ ਨਦੀ ਕਿਨਾਰੇ ਇਕ ਖੁੱਲ੍ਹੀ ਥਾਂ ਤੇ ਡੇਰਾ ਜਾ ਲਾਇਆ। ਇਧਰ ਜਦੋਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਆਪਣੇ ਗੁਰੂ ਸਾਹਿਬ ਦੇ ਬੀਮਾਰ ਹੋਣ ਦਾ ਪਤਾ ਲੱਗਾ ਤਾਂ ਉਹ ਭਾਰੀ ਗਿਣਤੀ ਵਿਚ ਜਮਨਾ ਨਦੀ ਕਿਨਾਰੇ ਆਉਣ ਲੱਗੀਆਂ। ਸੰਗਤਾਂ ਨੂੰ ਸੰਬੋਧਨ ਕਰਕੇ ਆਪ ਜੀ ਨੇ ਕਿਹਾ ਕਿ ਸਰੀਰਾਂ ਦੇ ਮਿਲਾਪ ਥੋੜ੍ਹ-ਚਿਰੇ ਹੁੰਦੇ ਹਨ, ਪਰ ਗੁਰ ਉਪਦੇਸ਼ ਸਦੀਵੀ ਹੁੰਦਾ ਹੈ। ਸੋ ਲੋੜ ਹੈ ਕਿ ਧਰਮ ਦੀ ਕਿਰਤ ਕਰਦਿਆਂ ਗੁਰ ਉਪਦੇਸ਼ ਨੂੰ ਅਪਨਾਉਣ ਅਤੇ ਕਮਾਉਣ ਦੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਸੰਗਤਾਂ ਨੂੰ ਇਹ ਇਸ਼ਾਰਾ ਕਰ ਦਿੱਤਾ ਕਿ ਗੁਰੂ ਨਾਨਕ ਦੇ ਘਰ ਦਾ ਨੌਵਾਂ ਵਾਰਿਸ (ਗੁਰੂ) ਬਾਬੇ ਬਕਾਲੇ ਵਿਚ ਰਹਿੰਦਾ ਹੈ। ਅਖੀਰ 30 ਮਾਰਚ 1664 ਈ (ਸੰਮਤ 1721) ਨੂੰ ਗੁਰੂ ਜੀ ਜਮਨਾ ਦੇ ਕੰਢੇ ਜੇਤੀ ਜੇਤ ਸਮਾ ਗਏ।

# ਹਾੜ੍ਹੀ ਦੀਆਂ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਵਧਾਉਣ ਲਈ ਅਸ਼ਵਨੀ ਸ਼ਰਮਾ ਨੇ ਮੋਦੀ ਸਰਕਾਰ ਦਾ ਕੀਤਾ ਧੰਨਵਾਦ

**ਚੰਡੀਗੜ੍ਹ 18 ਅਕਤੂਬਰ-** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕਿਸਾਨਾਂ ਦੀਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ੰਫ) ਵਿੱਚ ਕੀਤੇ ਵਾਧੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਜਪਾ ਸਰਕਾਰ ਕਿਸਾਨਾਂ ਦੀ ਬਿਹਤਰੀ ਲਈ ਅਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਵਚਨਬੱਧ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਵੱਡਾ ਫੈਸਲਾ ਲੈਂਦਿਆਂ ਉਹਨਾਂ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੇ ਦੀਵਾਲੀ ਤੋਂ ਪਹਿਲਾਂ ਕਿਸਾਨਾਂ ਨੂੰ ਖੁਸ਼ ਕਰਨ ਵਾਲਾ ਤੋਹਫਾ ਦਿੱਤਾ ਹੈ। ਕੇਂਦਰ ਸਰਕਾਰ ਨੇ ਸਾਲ 2023-24 ਲਈ ਹਾੜੀ (ਸਰਦੀਆਂ) ਦੀਆਂ ਵੱਖ-ਵੱਖ ਫਸਲਾਂ



ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਵਿੱਚ ਵਾਧੇ ਨੂੰ ਮਨਜ਼ੂਰੀ ਦਿੱਤੀ ਹੈ। ਕੇਂਦਰ ਸਰਕਾਰ ਵੱਲੋਂ ਦਾਲ ਦੀ ਫਸਲ 'ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) 'ਚ 500 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ ਅਤੇ ਸਰ੍ਹੋਂ 'ਤੇ 400 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ। ਇਸੇ ਤਰ੍ਹਾਂ ਮੁੱਖ ਹਾੜੀ ਦੀ ਫ਼ਸਲ ਕਣਕ ਵਿੱਚ 110 ਰੁਪਏ, ਜੌਂ ਵਿੱਚ 100 ਰੁਪਏ, ਛੋਲਿਆਂ ਵਿੱਚ 105 ਰੁਪਏ ਅਤੇ ਨਰਮ ਫੁੱਲਾਂ ਦੀ ਫ਼ਸਲ ਵਿੱਚ 209 ਰੁਪਏ ਦਾ ਵਾਧਾ ਕੀਤਾ ਗਿਆ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰ ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਉਨ੍ਹਾਂ ਨੂੰ ਆਧੁਨਿਕ ਖੇਤੀ ਨਾਲ ਜੋੜਨ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਨਿਰੰਤਰ ਕੰਮ ਕਰ ਰਹੀ ਹੈ। ਅੱਜ ਕਿਸਾਨਾਂ ਦੀ ਆਮਦਨ ਵਿੱਚ ਵੀ ਪਹਿਲਾਂ ਨਾਲੋਂ ਬਹੁਤ ਸੁਧਾਰ ਹੋਇਆ ਹੈ। ਸਰਕਾਰ ਹਰ ਸਾਲ ਉਨ੍ਹਾਂ ਦੀਆਂ ਫਸਲਾਂ ਦੇ ਭਾਅ ਵਧਾ ਕੇ ਉਨ੍ਹਾਂ ਨੂੰ ਚੰਗਾ ਭਾਅ ਦੇ ਰਹੀ ਹੈ। ਸ਼ਰਮਾ ਨੇ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ ਵਧਾਉਣ ਨਾਲ ਕਿਸਾਨਾਂ ਨੂੰ ਨਾ ਸਿਰਫ਼ ਫ਼ਸਲਾਂ ਦਾ ਵਧੀਆ ਭਾਅ ਮਿਲਦਾ ਹੈ, ਸਗੋਂ ਜੇਕਰ ਕਿਸਾਨਾਂ ਲਈ ਬਿਜਾਈ ਸਮੇਂ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਵਧਾਇਆ ਜਾਂਦਾ ਹੈ ਤਾਂ ਉਨ੍ਹਾਂ ਦਾ ਮਨੋਬਲ ਹੋਰ ਵੀ ਉੱਚਾ ਹੁੰਦਾ ਹੈ।

# ਸਲੋਵੇਨੀਆਂ ਦੀ ਕੌਮੀ ਟੀਮ ਦਾ ਬੈਸਟ ਪੰਜਾਬੀ ਕ੍ਰਿਕਟ ਖਿਡਾਰੀ-ਰਮਨਜੋਤ ਸਿੰਘ ਸੰਧੂ



ਬਲਜਿੰਦਰ ਮਾਨ
91-98150-18947

ਪੰਜਾਬੀਆਂ ਦੀਆਂ ਧੁੰਮਾਂ ਇਸ ਧਰਤੀ ਦੇ ਹਰ ਕੋਨੇ ਤੇ ਪੈਂਦੀਆਂ ਹਨ।ਉਹ ਜਿਥੇ ਵੀ ਜਾਂਦੇ ਹਨ ਆਪਣੀ ਮਿਹਨਤ ਅਤੇ ਘਾਲਣਾ ਸਦਕਾ ਜਿੱਤਾਂ ਦੇ ਝੰਡੇ ਗੱਡਦੇ ਹਨ।ਇਸੇ ਤਰ੍ਹਾਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਚੱਬੇਵਾਲ ਦੇ ਡਿਪੂ ਵਾਲੇ ਲੰਬੜਦਾਰ ਸ਼ਿਵ ਸਿੰਘ ਸੰਧੂ ਦੇ ਪੋਤਰੇ ਰਮਨਜੋਤ ਸਿੰਘ ਸੰਧੂ ਨੇ ਸਲੋਵੇਨੀਆ ਦੀ ਕੌਮੀ ਕ੍ਰਿਕਟ ਟੀਮ ਵਿਚ ਸ਼ਾਮਲ ਹੋ ਕੇ ਬੈਸਟ ਖਿਡਾਰੀ ਦਾ ਅਵਾਰਡ ਜਿੱਤ ਕੇ ਖਿਡਾਰੀ ਦਾ ਅਵਾਰਡ ਜਿੱਤ ਕੇ








ਪੰਜਾਬ ਦਾ ਨਾਮ ਪੂਰੇ ਵਿਸ਼ਵ ਵਿਚ ਰੌਸ਼ਨ ਕੀਤਾ ਹੈ। ਉਸਦੇ ਪਿਤਾ ਸ.ਅਵਤਾਰ ਸਿੰਘ ਸੰਧੂ ਨੇ ਬਾਲ ਸਾਹਿਤ ਜਗਤ ਵਿਚ ਆਪਣੀਆਂ 60 ਤੋਂ ਵੱਧ ਰੌਚਕ ਅਤੇ ਨਿੱਗਰ ਬਾਲ ਪੁਸਤਕਾਂ ਦੇ ਯੋਗਦਾਨ ਨਾਲ ਰਿਕਾਰਡ ਦਰਜ ਕੀਤਾ ਹੋਇਆ ਹੈ।ਇਹਨਾਂ ਦੋਨਾਂ ਪਿੱਛੇ ਪ੍ਰੇਰਨਾ ਦਾ ਕਾਰਜ ਕਰ ਰਹੀਆਂ ਹਨ ਰਮਨਜੋਤ ਦੀਆਂ ਭੈਣਾਂ ਅਮਨਪ੍ਰੀਤ ਅਤੇ ਨਵਜੋਤ ਕੌਰ।ਉਸਦੀ ਮਾਤਾ ਤਾਂ ਉਸਦੀ ਹਰ ਗੱਲ ਨੂੰ ਸਿਰੇ ਚੜ੍ਹਾਉਣ ਲਈ ਲਾਡਾਂ ਤੇ ਚਾਵ੍ਹਾਂ ਦੀ ਝੜੀ ਲਾਈ ਰੱਖਦੀ ਹੈ।ਪਰਿਵਾਰ ਦੀ ਪ੍ਰੇਰਨਾ ਤੇ ਅਧਿਆਪਕਾਂ ਦੀ ਹੱਲਾਂ ਸ਼ੇਰੀ ਬਗੈਰ ਕੋਈ ਵੀ ਇਨਸਾਨ ਕੋਈ ਵੱਡੀ ਪ੍ਰਾਪਤੀ ਨਹੀਂ ਕਰ ਸਕਦਾ।

10 ਦਸੰਬਰ, 1995 ਨੂੰ ਨਵਾਂਸ਼ਹਿਰ ਵਿਚ ਸੰਧੂ ਪਰਿਵਾਰ ਦੇ ਘਰ ਰੌਣਕਾਂ ਲਾਉਣ ਵਾਲਾ ਰਮਨ ਸਰਕਾਰੀ ਮਿਡਲ ਸਕੂਲ ਡਘਾਮ ਵਿਚ ਪੜ੍ਹਦਾ ਤੇ ਖੇਡਦਾ ਰਿਹਾ। ਜਿਥੇ ਉਸਦੇ ਬਾਪ ਅਵਤਾਰ ਸਿੰਘ ਸੰਧੂ ਖੁਦ ਪੰਜਾਬੀ ਦੇ ਮਸ਼ਹੂਰ ਅਧਿਆਪਕ ਸਨ।ਉਸਦੀਆਂ ਬਚਪਨ ਦੀਆਂ ਸ਼ਰਾਰਤਾਂ ਹੀ ਗੇਂਦ ਅਤੇ ਬੱਲੇ ਨਾਲ ਹੁੰਦੀਆਂ ਸਨ। ਜਿਸਤੋਂ ਇਹ ਸਾਬਤ ਹੁੰਦਾ ਸੀ ਕਿ ਉਹ ਵੱਡਾ ਹੋ ਕੇ ਬੱਲੇ ਨਾਲ ਹੀ ਚੌਕੇ ਛਿੱਕੇ ਮਾਰੇਗਾ।ਕ੍ਰਿਕਟ ਦੇ ਮੈਦਾਨ ਅੰਦਰ ਪੱਕੇ ਪੈਰੀਂ ਖੜ੍ਹਾ ਹੋਣ ਲਈ ਉਸਨੇ ਜਲੰਧਰ ਵਿਖੇ ਹਰਭਜਨ ਦੀ ਅਕੈਡਮੀ ਵਿਚ ਦਾਖਲਾ ਲੈ ਲਿਆ। ਇਥੇ ਉਸਨੇ ਆਪਣੀ ਛੁਪੀ ਹੋਈ ਪ੍ਰਤਿਭਾ ਨੂੰ ਉਜਾਗਰ ਕਰਨ ਦਾ ਭਰਪੂਰ ਮੌਕਾ ਮਿਲਿਆ।ਦੋਆਬਾ ਸਿੱਖ ਨੈਸ਼ਨਲ ਸੈਕੰਡਰੀ ਸਕੂਲ ਨਵਾਂਸ਼ਹਿਰ ਵਿਚੋਂ ਉਸਦੀ ਚੋਣ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਲਈ ਕਰ ਲਈ ਗਈ। ਜਿਸ ਤਹਿਤ ਉਸਨੇ ਅੰਡਰ 16 ਅਤੇ ਅੰਡਰ 19 ਉਮਰ ਉਮਰ ਵਰਗ ਵਿਚ ਕਈ ਅਹਿਮ ਮੁਕਾਬਲਿਆਂ ਵਿਚ ਆਪਣੀ ਖੇਡ ਕਲਾ ਦੇ ਜੌਹਰ ਦਿਖਾਏ। ਧੁਨੰਤਰ ਟੀਮਾਂ ਨਾਲ ਖੇਡਦਿਆਂ ਆਪਣੀ ਵਿਲੱਖਣ ਕਲਾ ਨਾਲ ਦਰਸ਼ਕਾਂ ਅਤੇ ਖੇਡ ਪੰਡਤਾਂ ਨੂੰ ਪ੍ਰਭਾਵਿਤ ਕੀਤਾ।ਉਸਦੇ ਮੈਂਟਰ ਤੇ ਕੋਚ ਰਾਕੇਸ਼ ਕੁਮਾਰ, ਪਰਵੀਨ ਸਿੰਘ, ਇੰਦਰ ਦੇਵ ਅਤੇ ਰਾਜ ਕੁਮਾਰ ਨੇ ਖੇਡ ਜੁਗਤਾਂ ਨਾਲ ਨਿਹਾਲ ਕਰ ਦਿੱਤਾ।ਉਸਦੀ ਤਿਆਰੀ ਵਿਚ ਕੋਈ ਕਸਰ ਬਾਕੀ ਨਾ ਛੱਡੀ ਗਈ।ਜਿਸ ਸਦਕਾ ਉਸਦੀ ਟੀਮ ਚੈਂਪੀਅਨ ਬਣਦੀ ਗਈ।

ਸਾਲ 2017 ਵਿਚ ਉਹ ਸਲੋਵੇਨੀਆ ਦੇ ਅਕਡੈਮੀਆਂ ਕਾਲਜ ਮੈਰੀਬੋਰ ਵਿਚ ਜਾ ਦਾਖਲ ਹੋਇਆ। ਇਥੇ ਵੀ ਉਸਨੇ ਆਪਣੀ ਖੇਡ ਕਲਾ ਨਾਲ ਵਿਦੇਸ਼ੀ ਕੋਚਾਂ ਦਾ ਮਨ ਮੋਹ ਲਿਆ। ਉਸਦੀ ਕਲਾਤਮਿਕ ਖੇਡ ਕਲਾ ਨੇ ਉਸਦੇ ਅੱਗੇ ਵਧਣ ਦੇ ਰਾਹ ਪੱਧਰੇ ਕਰ ਦਿੱਤੇ।ਉਹ 2018 ਵਿਚ ਹੀ ਸਕੌਫਜ਼ਾ ਲੋਕਾ ਕ੍ਰਿਕਟ ਕਲੱਬ ਸਲੋਵੇਨੀਆ ਦਾ ਮੈਂਬਰ ਬਣਕੇ ਜਿੱਤਾਂ ਦੀਆਂ ਲੜੀਆਂ ਪ੍ਰੋਣ ਲੱਗ ਪਿਆ। ਸਾਲ 2020 ਵਿਚ ਉਸਨੇ ਅਸਟਰੀਅਨ ਟੀ 20 ਡਵੀਜ਼ਨ ਸਬ ਕੰਟੀਨੈਂਟ ਕ੍ਰਿਕਟ ਕਲੱਬ ਲਈ ਖੇਡਦਿਆਂ ਸ਼ਾਨਦਾਰ ਰੱਨਾਂ ਨਾਲ ਜਿੱਤ ਦਰਜ ਕਰਾਈ।ਇਸੇ ਨਾਲ ਪੰਜਵੀਂ ਲੀਗ ਵਿਚ ਸਭ ਤੋਂ ਵੱਧ ਵਿਕਟ ਲੈਣ ਵਾਲਾ ਖਿਡਾਰੀ ਅਤੇ 2018 ਵਿਚ ਸਭ ਤੋਂ ਵੱਧ ਰੱਨ ਬਨਾਉਣ ਵਾਲਾ ਬੈਸਟ ਪਲੇਅਰ ਬਣ ਗਿਆ। 2022 ਦੀ ਸਲੋਵੇਨੀਆ ਲੀਗ ਦੀ ਜੇਤੂ ਟੀਮ ਦਾ ਉਹ ਪਲੇਂਗ ਖਿਡਾਰੀ ਹੀ ਨਹੀਂ ਬਣਿਆ ਸਗੋਂ ਆਪਣੀ ਸ਼ਾਨਦਾਰ ਖੇਡ ਨਾਲ ਫਾਈਨਲ ਵਿਚ ਮੈਨ ਆਫ ਦਾ ਮੈਚ ਖਿਤਾਬ ਵੀ ਜਿੱਤ ਗਿਆ।ਬਹੁਤ ਸਾਰੇ ਮੁਕਾਬਲਿਆਂ ਵਿਚ ਉਹ ਸਭ ਤੋਂ ਵੱਧ ਰੱਨ ਬਣਾ ਕੇ ਬਾਕੀਆਂ ਨਾਲੋਂ ਕਿਤੇ ਅੱਗੇ ਨਿੱਕਲ ਰਿਹਾ ਹੈ।

ਫਿਨਲੈਂਡ ਵਿਚ ਸਲੋਵੇਨੀਆ ਦੀ ਕੌਮੀ ਟੀਮ ਨੇ ਟੀ ਟਵੰਟੀ ਵਿਚ ਲਕਸਬਰਗ ਨਾਲ ਖੇਡਦਿਆਂ 46 ਰੰਨਾਂ ਦਾ ਯੋਗਦਾਨ ਪਾਇਆ।ਇਸ ਤਰ੍ਹਾਂ ਯੂਰਪੀ ਲੀਗ ਵਿਚ ਰਮਨਜੋਤ ਸਿੰਘ ਸੰਧੂ ਆਪਣੀ ਖੇਡ ਕਲਾ ਦੇ ਕਮਾਲ ਸਦਕਾ ਸਭ ਦਾ ਚਹੇਤਾ ਖਿਡਾਰੀ ਬਣ ਗਿਆ ਹੈ।ਇਸ ਤਰ੍ਹਾਂ ਉਹ ਯੂਰਪੀਅਨ ਕ੍ਰਿਕਟ ਸੀਰੀਜ਼ ਕਰੋਸ਼ੀਆ ਵਿਚ ਵੀ ਵਧੇਰੇ ਅੰਕਾਂ ਨਾਲ ਪੰਜਾਬੀਆਂ ਦਾ ਨਾਮ ਚਮਕਾ ਗਿਆ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਜਿੱਥੇ ਪੰਜਾਬੀ ਜਵਾਨ ਵਿਦੇਸ਼ੀ ਧਰਤੀਆਂ ਤੇ ਵਾਸਾ ਕਰਨ ਦੀ ਤਿਆਰੀ ਵਿਚ ਜੁਟੇ ਹੋਏ ਹਨ ਉੱਥੇ ਰਮਨਜੋਤ ਦਾ ਕਹਿਣਾ ਹੈ ਕਿ ਉਹ ਆਪਣੀ ਪੜ੍ਹਾਈ ਮੁਕੰਮਲ ਕਰਕੇ ਮੁੜ ਪੰਜਾਬ ਦੀ ਧਰਤੀ ਤੇ ਆਪਣੀ ਦੇਸ਼ ਦੀ ਟੀਮ ਵਿਚ ਸ਼ਾਮਲ ਹੋਵੇਗਾ। ਇਸ ਤਰ੍ਹਾਂ ਉਹ ਦੇਸ਼ ਕੌਮ ਦਾ ਕਰਜ਼ ਉਤਾਰ ਸਕੇਗਾ। ਗੀਤ ਸੰਗੀਤ ਅਤੇ ਸਾਹਿਤ ਦਾ ਰਸੀਆ ਰਮਨਜੋਤ ਹਰ ਕਿਸੇ ਨੂੰ ਬੜੇ ਮਾਣ ਤੇ ਸਤਿਕਾਰ ਨਾਲ ਮਲਿਦਾ ਹੈ। ਉਹ ਜਿਸ ਨਾਲ ਦੋ ਪਲ ਬੈਠਦਾ ਹੈ ਬਸ ਫਿਰ ਉਹ ਉਸਦੇ ਮਿੱਤਰ ਮੰਡਲ ਵਿਚ ਸ਼ਾਮਲ ਹੋ ਜਾਂਦਾ ਹੈ।

ਵੱਡੇ ਖਿਡਾਰੀਆਂ ਦੀ ਖੇਡ ਕਲਾ ਦੀਆਂ ਵੀਡੀਓ ਦੇਖ ਦੇਖ ਆਪਣੇ ਅੰਦਰਲੀ ਪ੍ਰਤਿਭਾ ਨੂੰ ਉਜਾਗਰ ਕਰਨ ਵਿਚ ਜੁਟਿਆ ਦਿਖਾਈ ਦਿੰਦਾ ਹੈ। ਸਮੇਂ ਤੋਂ ਪਹਿਲਾਂ ਨਾ ਕੁਝ ਕਹਿੰਦਾ ਅਤੇ ਨਾਹੀਂ ਕਿਸੇ ਐਲਾਨ ਤੇ ਵਿਸ਼ਵਾਸ ਰੱਖਦਾ ਹੈ।ਉਸਦਾ ਧਿਆਨ ਇਕੋ ਇਕ ਜੰਤਰ ਮਿਹਮਤ ਤੇ ਹੋਰ ਮਿਹਨਤ ਤੇ ਹੈ।ਇਸ ਹਿੰਮਤੀ ਅਤੇ ਸਿਰੜੀ ਖਿਡਾਰੀ ਤੋਂ ਭਰਪੂਰ ਉਮੀਦਾਂ ਹਨ।

# ਵਿਰਾਸਤੀ ਸਾਜ਼ ਅਲਗੋਜ਼ਾ ਵਾਦਕ-ਅਵਤਾਰ ਕਲੇਰਾਂ ਵਾਲਾ



ਇੰਜੀ.ਸਤਨਾਮ ਸਿੰਘ ਮੱਟੂ
91-97797-08257

ਪੰਜਾਬੀ ਸੱਭਿਆਚਾਰ ਦਾ ਆਪਣਾ ਇੱਕ ਵਿਲੱਖਣ ਮੁਕਾਮ ਹੈ ਅਤੇ ਇਸ ਵਿਰਾਸਤ ਨੂੰ ਸਾਂਭ ਕੇ ਰੱਖਣਾ ਹਰ ਪੰਜਾਬੀ ਦਾ ਫ਼ਰਜ਼ ਹੈ। ਅਮੀਰ ਪੰਜਾਬੀ ਵਿਰਸੇ ਦੀ ਆਣ, ਬਾਣ ਅਤੇ ਸ਼ਾਨ ਪੁਰਾਤਨ ਸਾਜ਼ਾਂ 'ਚ ਤੂੰਬੀ, ਤੂੰਬਾ, ਬੁਗਚੂ, ਢੱਡ, ਅਲਗੋਜੇ, ਢੋਲ, ਸਾਰੰਗੀ ਅਤੇ ਹੋਰ ਕਈ ਸਾਜ਼ ਸਾਮਿਲ ਹਨ। ਇਹ ਪੁਰਾਤਨ ਸਾਜ਼ ਅਜੋਕੇ ਦੌਰ ਦੇ ਇਲੈਕਟ੍ਰਾਨਿਕ ਸੰਗੀਤ 'ਚੋ ਅਲੋਪ ਅਤੇ ਮਨਫੀ ਹੁੰਦੇ ਜਾ ਰਹੇ ਹਨ, ਜੋ ਕਦੇ ਗਾਇਕੀ ਦਾ ਆਧਾਰ ਸਨ। ਆਧੁਨਿਕ ਦੌਰ ਦੇ ਸਾਜ਼ਾਂ ਦੀ ਦੌੜ ਚ ਹਾਲੇ ਵੀ ਕੁੱਝ ਇਨਸਾਨ ਅਜਿਹੇ ਹਨ, ਜਿਨ੍ਹਾਂ ਨੇ ਪੁਰਾਣੇ ਸਾਜ਼ਾਂ ਨੂੰ ਸੰਭਾਲਣ ਦਾ ਬੀੜਾ ਚੁੱਕਿਆਂ ਹੋਇਆ ਹੈ ਅਤੇ ਕੋਸ਼ਿਸ਼ ਜਾਰੀ ਹੈ। ਉਸ ਸ਼ਖਸੀਅਤ ਦਾ ਨਾਮ ਹੈ-ਅਵਤਾਰ ਕਲੇਰਾਂ ਵਾਲਾ।

ਉਹ ਅਲਗੋਜੇ ਵਜਾਉਣ ਦਾ ਮਾਹਿਰ ਹੀ ਨਹੀਂ ਸਗੋਂ ਘਰ 'ਚ ਨਵੇਂ ਅਲਗੋਜੇ ਤਿਆਰ ਕਰਨ ਦੀ ਮੁਹਾਰਤ ਵੀ ਰੱਖਦਾ ਹੈ। ਸੰਸਾਰ ਪ੍ਰਸਿੱਧ ਅਲਗੋਜਾ ਵਾਦਕ ਮਾਸਟਰ ਅਵਤਾਰ ਸਿੰਘ ਕਲੇਰਾਂ ਵਾਲਾ ਦਾ ਜਨਮ ਉਹਨਾਂ ਦੇ ਜੱਦੀ ਪਿੰਡ ਕਲੇਰਾਂ ਜ਼ਿਲ੍ਹਾ ਮਲੇਰਕੋਟਲਾ 'ਚ ਪਿਤਾ ਸਰਦਾਰ ਬਚਿੱਤਰ ਸਿੰਘ ਅਤੇ ਮਾਤਾ ਸ਼੍ਰੀਮਤੀ ਮੋਹਿੰਦਰ ਕੌਰ ਦੇ ਘਰ ਹੋਇਆ।ਉਸ ਦੇ ਪਿਤਾ ਰੁਜ਼ਗਾਰ ਦੀ ਭਾਲ ਚ ਪਰਿਵਾਰ ਸਮੇਤ ਲੁਧਿਆਣੇ ਆਕੇ ਰਹਿਣ ਲੱਗੇ। ਪੜ੍ਹਾਈ ਦੇ ਨਾਲ-ਨਾਲ ਅਵਤਾਰ ਨੂੰ ਬਚਪਨ ਤੋਂ ਹੀ ਸੰਗੀਤ 'ਚ ਦਿਲਚਸਪੀ ਸੀ। ਉਸਨੂੰ ਪੰਜਾਬੀ ਗਾਣਿਆਂ 'ਚ ਅਲਗੋਜੇ ਵੱਜਦੇ ਬਹੁਤ ਵਧੀਆ ਲੱਗਦੇ ਸਨ। ਉਹ ਟੈਲੀਵੀਜਨ, ਰੇਡੀਓ ਅਤੇ ਸਪੀਕਰਾਂ ਤੇ ਚਲਦੇ ਗਾਣਿਆਂ ਚ ਵਜਦੇ ਅਲਗੋਜੇ ਬਹੁਤ ਹੀ ਰੀਝ ਨਾਲ ਸੁਣਦਾ ਅਤੇ ਧਿਆਨ ਨਾਲ ਅਲਗੋਜਿਆਂ ਵਿੱਚਲੀਆਂ ਧੁਨਾਂ ਨੂੰ ਸਮਝਣ ਦੀ ਕੋਸ਼ਿਸ਼ 'ਚ ਰਹਿੰਦਾ।ਫਿਰ ਉਸਨੇ ਉਸਤਾਦ ਤਾਰਾ ਚੰਦ ਤੋਂ ਅਲਗੋਜਿਆਂ ਦੀ ਸੰਗੀਤਕ ਸਿੱਖਿਆ ਬਹੁਤ ਬਰੀਕੀ ਨਾਲ ਸਿੱਖੀ ਅਤੇ ਸੰਗੀਤਕ ਪ੍ਰਪੱਕਤਾ ਹਾਸਲ ਕੀਤੀ। ਅਲਗੋਜ਼ਿਆਂ ਦੀ ਧੁਨਾਂ ਕੰਮ ਕਰਨ ਦੇ ਢੰਗ-ਤਰੀਕੇ ਸਿੱਖੇ। ਫਿਰ ਉਸਨੇ ਅਲਗੋਜੇ ਬਣਾਉਣ ਅਤੇ ਅਖਾੜਿਆ 'ਚ ਵਜਾਉਣ ਦੀ ਸਿੱਖਿਆ ਉਸਤਾਦ ਧੰਨਾ ਜੀ ਕੋਲੋ ਪ੍ਰਾਪਤ ਕੀਤੀ। ਉਸਨੇ ਸੰਗੀਤਕ ਵਿੱਦਿਆ ਹਾਸਿਲ ਕਰਨ ਲਈ ਗਰਮੀ ਦੀ ਰੁੱਤ ਵਿੱਚ ਜੇਠ ਹਾੜ ਦੀਆਂ ਧੁੱਪਾਂ ਸੇਕੀਆ ਅਤੇ ਕੜਾਕੇ ਦੀ ਠੰਡ ਵਿੱਚ ਪੋਹ ਮਾਘ ਵਿੱਚ ਪੈਂਦੇ ਕੋਰੇ ਵਿੱਚ





ਵੀ ਤਨ ਤੇ ਹੰਢਾਏ ਹਨ। ਮੇਲਿਆਂ ਚ ਜਿੱਥੇ ਵੀ ਅਖਾੜੇ ਲੱਗਣੇ, ਉਹ ਉੱਥੇ ਸਾਇਕਲ ਤੇ ਦੂਰ-ਦੂਰ ਤੱਕ ਪਹੁੰਚ ਜਾਂਦਾ ਸੀ। ਲੰਮਾਂ ਸਮਾਂ ਉਸਤਾਦਾਂ ਦੀ ਖ਼ਿਦਮਤ ਕਰਨ ਅਤੇ ਸਿੱਖਣ ਤੋਂ ਬਾਅਦ ਅਸੀਰਵਾਦ ਲੈ ਕੇ ਆਪਣੀ ਕਿਸਮਤ ਅਜਮਾਉਣੀ ਸ਼ੁਰੂ ਕਰ ਦਿੱਤੀ। ਆਪਣੇ ਪੱਧਰ ਤੇ ਪ੍ਰੋਗਰਾਮ ਲਗਾਉਣੇ ਸ਼ੁਰੂ ਕਰ ਦਿੱਤੇ। ਅਲਗੋਜੇ ਵਜਾਓਣੇ ਸਿੱਖਣ ਲਈ ਜਿੰਨੀ ਮਿਹਨਤ ਕੀਤੀ ਉਸ ਤੋ ਵੱਧ ਕੇ ਬਣਾਉਣ ਲਈ ਵੀ ਮਿਹਨਤ ਕੀਤੀ। ਉਹ ਹੁਣ ਅਲਗੋਜ਼ੇ, ਤੂੰਬੀ,ਤੂੰਬਾਂ, ਦੋ-ਤਾਰਾ, ਬੁਗਚੂ ਲੋਕ ਸਾਜ਼ ਬਣਾ ਕੇ ਵੇਚਦਾ ਹੈ।ਇਸ ਕਲਾ ਨੂੰ ਉਸਨੇ ਕਿੱਤੇ ਵਜੋ ਅਪਣਾ ਲਿਆ ਹੈ। ਪੰਜਾਬ ਦੇ ਬਹੁਤ ਸਾਰੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਮੁਕਾਬਲਿਆ ਵਿੱਚ ਭੰਗੜਾ ਟੀਮਾਂ ਚ ਲੋਕ ਗੀਤਾਂ ਨਾਲ ਅਲਗੋਜੇ ਵਜਾ ਕੇ ਉਸਨੇ ਪ੍ਰਸਿੱਧੀ ਖੱਟੀ ਹੈ। ਭੰਗੜੇ ਦੀਆਂ ਤੁਰਲੇ ਵਾਲੀਆਂ ਪੱਗਾਂ ਵੀ ਬਹੁਤ ਵਧੀਆ ਸਜ਼ਾ ਕੇ ਬੰਨਦਾ ਹੈ।

ਉਹ ਇੱਕ ਚੰਗੇ ਸੁਭਾਅ,ਅਣਖਿਝ ਮਿਹਨਤੀ, ਇਮਾਨਦਾਰ, ਦ੍ਰਿੜ ਇਰਾਦੇ ਵਾਲਾ ਅਤੇ ਅਨੁਸ਼ਾਸਨ ਪਸੰਦ ਕਲਾਕਾਰ ਹੈ। ਉਹ ਦਿੱਲੀ ਅਤੇ ਜਲੰਧਰ ਦੂਰਦਰਸਨ ਤੋਂ ਵੀ ਪ੍ਰੋਗਰਾਮਾਂ ਚ ਵੀ ਆਪਣੇ ਫਨ ਦਾ ਮੁਜਾਹਰਾ ਕਰ ਚੁੱਕਾ ਹੈ।ਪੰਜਾਬ ਦੇ ਮਸ਼ਹੂਰ ਮੇਲੇ ਜਿਵੇਂ ਛਪਾਰ ਦਾ ਮੇਲਾ,ਜਰਗ ਦਾ ਮੇਲਾ, ਰੌਸ਼ਨੀਆਂ ਦਾ ਮੇਲਾ ਜਗਰਾਓ ਅਤੇ ਹੋਰ ਵੀ ਬਹੁਤ ਸਾਰੇ ਪਿੰਡਾਂ ਵਿੱਚ ਅਖਾੜਿਆਂ ਚ ਆਪਣੀ ਕਲਾ ਦੇ ਜੌਹਰ ਦਿਖਾ ਚੁੱਕਾ ਹੈ ਅਤੇ ਅਵਤਾਰ ਅਲਗੋਜ਼ੇ ਵਾਲਾ ਦੇ ਨਾਂ ਨਾਲ ਸੰਸਾਰ ਪ੍ਰਸਿੱਧ ਹੈ। ਅਲਗੋਜ਼ੇ ਵਾਦਕ ਅਵਤਾਰ ਸਿੰਘ ਕਲੇਰਾਂ ਬੈਸਟ ਅਲਗੋਜਾ ਪਲੇਅਰ ਦੇ ਅਵਾਰਡ ਨਾਲ ਸਨਮਾਨਿਤ ਵੀ ਸਨਮਾਨਿਤ ਹੋ ਚੁੱਕਾ ਹੈ। ਉਸਨੇ ਨਾਰਥ ਜੋਨਲ ਕਲਚਰ ਸੈਂਟਰ ਪਟਿਆਲਾ ਵੱਲੋਂ ਪੰਜਾਬ ਤੋਂ ਬਾਹਰ ਭਾਰਤ ਦੇ ਸ਼ਹਿਰਾਂ ਬੰਬੇ, ਗੋਆ,ਦਿੱਲੀ, ਜੈਪੁਰ, ਜੋਧਪੁਰ, ਕੇਰਲਾ, ਜੱਬਲਪੁਰ, ਪੱਛਮੀ ਬੰਗਾਲ, ਸਿੱਲੀਗੁੜੀ, ਬੰਗਲੌਰ, ਕਾਨਪੁਰ, ਲਖਨਊ, ਰਾਂਚੀ, ਭੋਪਾਲ ਆਦਿ ਰਾਜਾਂ ਅਤੇ ਸ਼ਹਿਰਾਂ ਪ੍ਰੋਗਰਾਮ ਲਾਏ ਹਨ। ਉਸਨੇ ਭਾਰਤ ਤੋਂ ਬਾਹਰ ਆਬੂਧਾਬੀ, ਸਾਊਦੀ ਅਰਬ, ਮਸਕਟ, ਅਮਰੀਕਾ, ਫਿਜੀ ਵਿਖੇ ਭਾਰਤ ਸਰਕਾਰ ਵੱਲੋਂ ਸਰਕਾਰੀ ਟੂਰ ਲਗਾਏ ਹਨ।

ਦੋ ਵਾਰੀ ਉਹ ਇਗਲੈਂਡ ਵੀ ਜਾ ਕੇ ਵੀ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਚੁੱਕਿਆ ਹੈ।ਉਸਦਾ ਏਹੋ ਕਹਿਣਾ ਹੈ ਕਿ ਜਦ ਤੱਕ ਜਿੰਦਗੀ ਦੇ ਸਾਹ ਚੱਲਦੇ ਰਹਿਣਗੇ, ਉਹ ਅਲਗੋਜ਼ਿਆਂ ਨਾਲ ਵਿਰਾਸਤ ਦੀ ਸੇਵਾ ਕਰਕੇ ਆਪਣੇ ਵਿਰਸੇ ਨੂੰ ਪ੍ਰਫੁਲਿਤ ਕਰਦਾ ਰਹੇਗਾ।

ਉਸਦਾ ਕਹਿਣਾ ਹੈ ਕਿ ਉਹ ਕਦੇ ਵੀ ਇਸ ਲੋਕ ਸਾਜ਼ ਦੀ ਕਲਾ ਨੂੰ ਖਤਮ ਨਹੀਂ ਹੋਣ ਦੇਵੇਗਾ। ਸਾਡੀ ਵੀ ਵਾਹਿਗੁਰੂ ਅੱਗੇ ਇਹੋ ਅਰਦਾਸ ਹੈ ਕਿ ਇਸ ਅਲਗੋਜ਼ਿਆਂ ਦੇ ਮਾਹਿਰ ਦੀ ਜ਼ਿੰਦਗੀ ਲੋਕ ਜਿੰਨੀ ਹੋ ਜਾਵੇ।

# ਲੱਕੀ ਦੁਰਗਾਪੁਰੀਆ ਗੀਤ “ਕਾਲੀ ਕਾਲੀ ਗੱਡੀ” ਨਾਲ ਚਰਚਾ ‘ਚ- ਪ੍ਰੋਡਿਊਸਰ ਸੰਦੀਪ ਕੌਰ

ਗਾਇਕ ਲੱਕੀ ਦੁਰਗਾਪੁਰੀਆ ਨੌਜਵਾਨ ਪੀੜ੍ਹੀ ਦਾ ਪਸੰਦੀਦਾ ਅਤੇ ਮਹਿਬੂਬ ਗਾਇਕ ਹੈ।ਉਸਦਾ ਗਾਇਕੀ ਚੋਂ ਸੁਪਰਸਟਾਰ ਗਾਇਕ ਜੈਜ਼ੀ ਬੀ ਦਾ ਝਲਕਾਰਾ ਪੈਂਦਾ ਹੈ, ਕਿਉਂਕਿ ਉਹ ਜੈਜ਼ੀ ਬੀ ਨੂੰ ਗਾਇਕੀ ਦਾ ਆਦਰਸ਼ ਮੰਨਦਾ ਹੈ ਅਤੇ ਉਸਦਾ ਸੰਗੀਤਕ ਉਸਤਾਦ ਵੀ ਹੈ। ਕਲੀਆਂ ਦੇ ਬਾਦਸ਼ਾਹ ਮਰਹੂਮ ਸ੍ਰੀ ਕੁਲਦੀਪ ਮਾਣਕ ਅਤੇ ਸਟਾਰ ਗਾਇਕ ਜੈਜ਼ੀ ਬੀ ਦੀ ਗਾਇਕੀ ਦਾ ਕਾਇਲ ਗਾਇਕ ਲੱਕੀ ਦੁਰਗਾਪੁਰੀਆ ਗਾਇਕੀ ਦੇ ਤਿਲਕਣੇ ਅਤੇ ਔਖਿਆਈ ਭਰੇ ਰਾਹ ਚ ਸਾਬਤ ਕਦਮੀਂ ਚੱਲਣ ਦੇ ਯੋਗ ਹੋ ਪਾਇਆ ਹੈ।

ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਦੁਰਗਾਪੁਰ ਦਾ ਜੰਮਪਲ ਲੱਕੀ ਦੁਰਗਾਪੁਰੀਆ ਨੌਜਵਾਨ ਦਿਲਾਂ ਦਾ ਗਾਇਕ ਸਟਾਰ ਹੈ। ਰੋਜ਼ੀ ਰੋਟੀ ਲਈ ਗੋਰਿਆਂ ਦੀ ਧਰਤੀ ਇੰਗਲੈਂਡ ਚ ਰਹਿੰਦਿਆਂ ਪੰਜਾਬੀ ਮਾਂ ਬੋਲੀ ਦੀ ਸੇਵਾ ਲਈ ਬਚਨਬੱਧ ਹੈ। ਰਾਂਝੇ, ਖੜ੍ਹਜੇ ਪੰਜਾਬੀ, ਬੌਰਨ ਕਿੰਗ, ਹਮਰ ਆਦਿ ਤੋਂ ਇਲਾਵਾ ਸੁਪਰਹਿੱਟ ਗੀਤਾਂ ਨਾਲ ਨੌਜਵਾਨ ਦਿਲਾਂ ਦੀ ਧੜਕਣ




ਬਣਿਆ ਹੋਇਆ ਹੈ।

9 ਅਕਤੂਬਰ ਨੂੰ ਉਸਦਾ ਨਵਾਂ ਗੀਤ "ਕਾਲੀ ਕਾਲੀ ਗੱਡੀ ।।।" ਵਰਲਡਵਾਈਡ ਰਿਲੀਜ਼ ਹੋ ਗਿਆ ਹੈ। ਇਸ ਗੀਤ ਦੀ ਪ੍ਰੋਡਿਊਸਰ ਅਤੇ ਬੌਰਨ ਕਿੰਗ ਰਿਕ-ਾਰਡਜ਼ ਦੀ ਮਾਲਕ ਸੰਦੀਪ ਕੌਰ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਦੋਗਾਣਾ ਵੀ ਨੌਂ-ਜਵਾਨ ਦਿਲਾਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਇਸ ਗੀਤ ਵਿੱਚ ਲੱਕੀ ਦੁਰਗਾਪੁਰੀਆ ਦੀ ਸਹਿ ਗਾਇਕਾ ਰਹਿਮਤ ਭਾਰਟਾ ਹੈ,ਜ਼ੋ ਖੁਦ ਸੁਰੀਲੀ ਅਤੇ ਦਿਲਕਸ਼ ਆਵਾਜ਼ ਦੀ ਮਾਲਕ ਹੈ। ਇਸ ਗੀਤ ਨੂੰ ਅਮਿਤ ਸੰਧੂ ਨੇ ਲਿਖਿਆ ਹੈ ਅਤੇ ਇਸਦਾ ਦਿਲ ਟੁੰਬਵਾਂ ਸੰਗੀਤ ਜੋਤ ਬਾਠ ਨੇ ਤਿਆਰ ਕੀਤਾ ਹੈ। ਜੈਜ਼ੀ ਬੀ ਦੇ ਆਸ਼ੀਰਵਾਦ ਨਾਲ ਬੌਰਨ ਕਿੰਗ ਫ਼ਿਲਮਜ਼ ਦੀ ਪੇਸ਼ਕਸ਼ ਗੀਤ 'ਕਾਲੀ ਕਾਲੀ ਗੱਡੀ' ਦੀ ਵੀਡੀਓ ਨੂੰ ਅਰਸ਼,47 ਮੀਡੀਆ ਨੇ ਡਾਇਰੈਕਟ ਕੀਤਾ ਹੈ ਅਤੇ ਵੱਖ ਵੱਖ ਲੋਕੇਸ਼ਨਾਂ ਤੇ ਦਿਲਖਿ-ਚਵੇਂ ਦ੍ਰਿਸ਼ ਫਿਲਮਾਏ ਗਏ ਹਨ।

**ਇੰਜੀ ਸਤਨਾਮ ਸਿੰਘ ਮੱਟੂ**

# 17 ਅਕਤੂਬਰ 2022 ਲਈ ਅੰਤਰਰਾਸ਼ਟਰੀ ਗਰੀਬੀ ਖਾਤਮਾ ਦਿਵਸ ਸਬੰਧੀ ਵਿਸ਼ੇਸ਼

17 ਅਕਤੂਬਰ ਦਾ ਦਿਨ ਅੰਤਰਰਾਸ਼ਟਰੀ ਗਰੀਬੀ ਖਾਤਮਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਜੇਕਰ ਇਸਦਾ ਪਿਛੋਕੜਖ਼ ਵੇਖੀਏ ਤਾਂ ਅੱਜ ਦੇ ਦਿਨ ਹੀ 17 ਅਕਤੂਬਰ 1987 ਨੂੰ ਪੈਰਿਸ ਫਰਾਂਸ ਵਿੱਚ ਲੱਗਭੱਗ ਲੱਖ ਵਿੱਅਕਤੀ ਅਤੇ ਗਰੀਬੀ, ਭੁੱਖਮਰੀ, ਹਿੰਸਾ ਅਤੇ ਡਰ ਤੋਂ ਪੀੜਿਖ਼ਤ ਵਿੱਅਕਤੀਆਂ ਦਾ ਸਨਮਾਨ ਕਰਨ ਲਈ ਟਰੋਕਾਡੇਰੋ ਵਿਖੇ ਇਕੱਠੇ ਹੋਏ ਸਨ ਜਿੱਥੇ ਕਿ 1948 ਵਿੱਚ ਮਨੁੱਖੀ ਅਧਿਕਾਰਾਂ ਸਬੰਧੀ ਵਿਸ਼ਵ ਪੱਧਰੀ ਐਲਾਨਨਾਮਾ ਹੋਇਆ ਸੀ। ਇਨਖ਼ਾਂ ਨੇ ਐਲਾਨ ਕੀਤਾ ਕਿ ਗਰੀਬੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਇਸਦੇ ਹੱਲ ਲਈ ਇਕੱਠੇ ਹੋਣ ਦੀ ਲੋੜ ਹੈ। ਸੰਯੁਕਤ ਰਾਸ਼ਟਰ ਵਲੋਂ ਇਸ ਸਬੰਧੀ ਮਿਤੀ 22 ਦਸੰਬਰ 1992 ਨੂੰ ਮਤਾ ਨੰਬਰ 47/196 ਅਪਣਾਇਆ ਗਿਆ ਅਤੇ ਜਨਰਲ ਅਸੈਂਬਲੀ ਨੇ 17 ਅਕਤੂਬਰ ਦਾ ਦਿਨ ਅੰਤਰਰਾਸ਼ਟਰੀ ਗਰੀਬੀ ਖਾਤਮਾ ਦਿਵਸ ਵਜੋਂ ਘੋਸ਼ਿਤ ਕੀਤਾ ਹੈ। ਮਤਾ ਨੰਬਰ 72/233 ਵਿੱਚ ਜਨਰਲ ਅਸੈਂਬਲੀ ਨੇ ਗਰੀਬੀ ਦੇ ਖਾਤਮੇ ਲਈ ਸੰਯੁਕਤ ਰਾਸ਼ਟਰ ਦੇ ਤੀਸਰੇ ਦਹਾਕੇ 2018-2027 ਦਾ ਐਲਾਨ ਕੀਤਾ। ਇਸ ਸਾਲ 2022 ਲਈ ਅੰਤਰਰਾਸ਼ਟਰੀ ਗਰੀਬੀ ਖਾਤਮਾ ਦਿਵਸ ਦਾ ਮੁੱਖ ਵਿਸ਼ਾ "ਅਭਿਆਸ ਵਿੱਚ ਸਾਰਿਆਂ ਲਈ ਸਨਮਾਨ'' ਹੈ। ਗਰੀਬੀ ਇੱਕ ਬਹੁਪੱਖੀ ਸੰਕਲਪ ਹੈ ਜਿਸ ਵਿੱਚ ਸਮਾਜਿਕ ਆਰਥਿਕ ਅਤੇ ਰਾਜਨੀਤਿਕ ਤੱਤ ਸ਼ਾਮਲ ਹਨ ਅਤੇ ਉਹ ਦਸ਼ਾ ਹੈ ਜਿਸ ਵਿੱਚ ਕੋਈ ਵਿੱਅਕਤੀ ਅਪਣੀਆਂ ਬੁਨਿਆਦੀ ਜਰੂਰਤਾਂ ਪੂਰੀਆਂ ਨਾਂ ਕਰ ਸਕਣ ਕਾਰਨ ਸਿਹਤਮੰਦ ਅਤੇ ਉਪਜਾਊ ਜੀਵਨ ਜਿਉਣ ਤੋਂ ਅਸਮੱਰਥ ਰਹਿੰਦਾ ਹੈ। ਵਿਸ਼ਵ ਬੈਂਕ ਨੇ ਗਰੀਬੀ ਦੀਆਂ ਵੱਖ ਵੱਖ ਪ੍ਰੀਭਾਸ਼ਾਵਾਂ ਦਿੱਤੀਆਂ ਹਨ ਜਿਸ ਅਨੁਸਾਰ ਇੱਕ ਨਿਸ਼ਚਿਤ ਆਮਦਨ ਤੋਂ ਘੱਟ ਵਾਲੇ ਵਿਅਕਤੀ ਨੂੰ ਗਰੀਬ ਅਤੇ ਅਤਿ ਗਰੀਬ ਮੰਨਿਆਂ ਜਾਂਦਾ ਹੈ। ਸਾਲ 1990 ਵਿੱਚ ਇੱਕ ਡਾਲਰ ਤੱਕ ਦੀ ਆਮਦਨ ਨੂੰ ਗਰੀਬੀ ਦਾ ਪੱਧਰ ਮੰਨਿਆ ਗਿਆ ਸੀ ਜੋਕਿ 2005 ਵਿੱਚ ਵਧਾਕੇ 1.25 ਡਾਲਰ ਮੰਨਿਆ ਗਿਆ ਹੈ ਅਤੇ ਅਕਤੂਬਰ 2015 ਵਿੱਚ 1.90 ਡਾਲਰ ਕੀਤਾ ਗਿਆ ਹੈ।ਸੰਯੁਕਤ ਰਾਸ਼ਟਰ ਅਤੇ ਵਿਸ਼ਵ ਬੈਂਕ ਵਰਗੀਆਂ ਸੰਸਥਾਵਾਂ ਲਈ ਗਰੀਬੀ ਘਟਾਉਣਾ ਅਜੇ ਵੀ ਇੱਕ ਮੁੱਖ ਮੁੱਦਾ ਹੈ। ਵਿਸ਼ਵ ਬੈਂਕ ਨੇ 2015 ਵਿੱਚ ਅਨੁਮਾਨ ਲਗਾਇਆ ਸੀ ਕਿ 1990 ਦਹਾਕੇ ਵਿੱਚ ਲੱਗਭੱਗ 702.1 ਮਿਲੀਅਨ ਲੋਕ ਅਤਿ ਗਰੀਬੀ ਵਿੱਚ ਰਹਿ ਰਹੇ ਸਨ ਅਤੇ 10 ਫਿਸਦੀ ਜਨਸੰਖਿਆ ਅਜੇ ਵੀ ਅਤਿ ਗਰੀਬੀ ਦੀ ਹਾਲਤ ਵਿੱਚ ਰਹਿੰਦੀ ਹੈ ਜੋਕਿ ਭੁੱਖਮਰੀ ਅਤੇ ਜੀਵਨ ਦੀਆਂ ਮੁਢਲੀਆਂ ਜਰੂਰਤਾਂ ਸਿਹਤ, ਸਿਖਿੱਆ, ਪਾਣੀ ਅਤੇ ਸਫਾਈ ਲਈ ਵੀ ਸੰਘਰਸ਼ ਕਰ ਰਹੀ ਹੈ। ਅਤਿ ਗਰੀਬੀ ਵਿਸ਼ਵ ਵਿਆਪੀ ਚੁਣੌਤੀ ਹੈ ਅਤੇ ਇਹ ਦੁਨੀਆਂ ਦੇ ਹਰ ਹਿੱਸੇ ਵਿੱਚ ਵੇਖਣ ਨੂੰ ਮਿਲਦੀ ਹੈ। ਵਿਕਸਿਤ ਅਰਥਚਾਰੇ ਸਮੇਤ ਯੂ-ਨੀਸੈਫ ਦਾ ਅਨੁਮਾਨ ਹੈ ਕਿ ਦੁਨੀਆਂ ਦੇ ਅੱਧੇ ਬੱਚੇ ਗਰੀਬੀ ਵਿੱਚ ਹੀ ਰਹਿੰਦੇ ਹਨ। ਇੱਕ ਹੋਰ ਅਨੁਮਾਨ ਅਨੁਸਾਰ ਵਿਸ਼ਵ ਦੀ ਲੱਗਭੱਗ 59 ਫਿਸਦੀ ਅਬਾਦੀ ਰੋਜਾਨਾ 5 ਡਾਲਰ ਨਾਲ ਗੁਜਾਰਾ ਕਰਦੀ ਹੈ। ਪੁਰਸ਼ਾਂ ਦੇ ਮੁਕਾਬਲੇ ਮਹਿਲਾਵਾਂ ਗਰੀਬੀ ਤੋਂ ਵੱਧ ਪੀੜਿਖ਼ਤ ਹਨ ਅਤੇ 25 ਤੋਂ 34 ਸਾਲ ਦੀਆਂ ਲੱਗਭੱਗ 122 ਮਹਿਲਾਵਾਂ 100 ਪੁਰਸ਼ਾਂ ਦੇ ਮੁਕਾਬਲੇ ਗਰੀਬੀ ਨਾਲ ਜੂਝ ਰਹੀਆਂ ਹਨ। ਇੱਕ ਅਨੁਮਾਨ ਅਨੁਸਾਰ ਸਾਲ 2015 ਵਿੱਚ ਲੱਗਭੱਗ 736 ਮਿਲੀਅਨ ਵਿੱਅਕਤੀ ਅੰਤਰਰਾਸਟਰੀ ਗਰੀਬੀ ਰੇਖਾ ਤੋਂ ਵੀ ਹੇਠਾਂ ਰਹਿ ਰਹੇ ਸਨ ਅਤੇ 2030 ਤੱਕ 160 ਮਿਲੀਅਨ ਤੋਂ ਵੱਧ ਬੱਚੇ ਅਤਿ ਗਰੀਬੀ ਵਾਲਾ ਜੀਵਨ ਜਿਉਣ ਦੇ ਖਤਰੇ ਤੋਂ ਪੀੜਿਖ਼ਤ ਹੋਣਗੇ। ਵਿਸ਼ਵ ਬੈਂਕ ਅਨੁਸਾਰ ਸਾਲ 2020 ਵਿੱਚ ਫੈਲੀ ਕੋਵਿਡ-19 ਮਹਾਂਮਾਰੀ ਦੇ ਪ੍ਰਭਾਵ ਕਾਰਨ ਦੁਨੀਆਂ ਵਿੱਚ ਲੱਗਭੱਗ 100 ਮਿਲੀਅਨ ਵਿਅਕਤੀਆਂ ਨੂੰ ਗਰੀਬੀ ਵੱਲ ਧੱਕਿਆ ਹੈ ਜਿਸ ਵਿੱਚ ਜਿਆਦਾਤਰ ਗਰੀਬ ਦੱਖਣੀ ਏਸ਼ਿਆਈ ਖੇਤਰਾਂ ਅਤੇ ਸਬ ਸਹਾਰਾ ਦੇਸ਼ਾਂ ਵਿੱਚ ਗਰੀਬ ਵਧਣਗੇ ਅਤੇ ਇਹ ਗਿਣਤੀ 143 ਤੋਂ 163 ਮਿਲੀਅਨ ਵਿਚਕਾਰ ਵੱਧਣ ਦੀ ਸੰਭਾਵਨਾ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਵਿਸ਼ਵ ਦੇ 80ਗ ਲੋਕਾਂ ਕੋਲ ਵਿਸ਼ਵ ਦੀ ਕੁੱਲ ਆਮਦਨ ਦਾ ਸਿਰਫ 01 ਪ੍ਰਤੀਸ਼ਤ ਪਹੁੰਚ ਰਿਹਾ ਹੈ ਜਦਕਿ ਦੂਜੇ ਪਾਸੇ ਵਿਸ਼ਵ ਦੇ ਸਭ ਤੋਂ ਅਮੀਰ 20 ਫੀਸਦੀ ਲੋਕ ਵਿਸ਼ਵ ਦੀ ਕੁੱਲ ਆਮਦਨ ਦਾ 86 ਫੀਸਦੀ ਹਿੱਸਾ ਹੜੱਪ ਰਹੇ ਹਨ। ਵਿਸ਼ਵ ਦੇ ਸਭ ਤੋਂ ਅਮੀਰ 3 ਵਿਅਕਤੀਆਂ ਦੇ ਕੋਲ ਜਿੰਨੀ ਸੰਪਤੀ ਹੈ, ਉਹ ਗਰੀਬ ਦੇਸ਼ਾਂ ਵਿੱਚ ਰਹਿਣ ਵਾਲੇ ਵਿਸ਼ਵ ਦੇ ਲੱਗਭੱਗ 60 ਕਰੋੜ ਲੋਕਾਂ ਦੀ ਸਾਲਾਨਾ ਆਮਦਨ ਦੇ ਬਰਾਬਰ ਹੈ। ਇਹ ਦਿਨ ਸਾਰੇ ਦੇਸ਼ਾਂ ਨੂੰ ਟਿਕਾਊ ਵਿਕਾਸ ਵੱਲ ਕਦਮ ਚੁੱਕ ਕੇ ਗਰੀਬੀ ਦੂਰ ਕਰਨ ਲਈ ਸਰਗਰਮੀ ਨਾਲ ਕੰਮ ਕਰਨ ਲਈ ਉਤਸ਼ਾਹਿਤ ਕਰਨ ਲਈ ਰੱਖਿਆ ਗਿਆ ਸੀ। ਗ਼ਰੀਬੀ ਦੀ ਮਾਰ ਹੇਠ ਆਏ ਲੋਕਾਂ




ਨੂੰ ਸੁਣਨ ਦਾ ਮੌਕਾ ਵੀ ਮਿਲਿਆ। ਸੰਯੁਕਤ ਰਾਸ਼ਟਰ ਨੇ ਮੰਨਿਆ ਕਿ ਗਰੀਬ ਆਪਣੀ ਸਥਿਤੀ ਦੇ ਮਾਹਰ ਹਨ ਅਤੇ ਜਾਣਦੇ ਹਨ ਕਿ ਉਨਖ਼ਾਂ ਨੂੰ ਕੀ ਚਾਹੀਦਾ ਹੈ। ਇਸ ਦਿਨ ਦਾ ਮਤਲਬ ਗਰੀਬੀ ਵਿੱਚ ਰਹਿ ਰਹੇ ਲੋਕਾਂ ਨਾਲ ਕੰਮ ਕਰਨ ਦਾ ਮੌਕਾ ਹੈ ਤਾਂ ਜੋ ਉਨਖ਼ਾਂ ਦੀਆਂ ਤੁਰੰਤ ਸਮੱਸਿਆਵਾਂ ਦੇ ਲੰਬੇ ਸਮੇਂ ਦੇ ਹੱਲ ਦੀ ਪਛਾਣ ਕੀਤੀ ਜਾ ਸਕੇ। ਗਰੀਬੀ ਦੂਰ ਕੀਤੀ ਜਾ ਸਕਦੀ ਹੈ। ਗਰੀਬੀ ਨੂੰ ਖਤਮ ਕਰਨ ਦਾ ਮਤਲਬ ਹੈ ਗਰੀਬੀ ਦੇ ਮੂਲ ਕਾਰਨਾਂ ਨੂੰ ਹੱਲ ਕਰਨਾ ਸਮਾਜਿਕ, ਆਰਥਿਕ ਅਤੇ ਵਾਤਾਵਰਣਕ ਕਾਰਨ ਜੋ ਲੋਕਾਂ ਨੂੰ ਗਰੀਬ ਹੋਣ ਲਈ ਮਜਬੂਰ ਕਰਦੇ ਹਨ। ਇਸਦਾ ਮਤਲਬ ਇਹ ਵੀ ਯਕੀਨੀ ਬਣਾਉਣਾ ਹੈ ਕਿ ਹਰ ਕਿਸੇ ਦੀ ਭੋਜਨ, ਆਸਰਾ, ਸਿਹਤ ਸੰਭਾਲ ਅਤੇ ਸਿੱਖਿਆ ਦੀਆਂ ਬੁਨਿਆਦੀ ਲੋੜਾਂ ਤੱਕ ਪਹੁੰਚ ਹੋਵੇ। ਸ਼ਾਂਤੀ ਅਤੇ ਖੁਸ਼ਹਾਲੀ ਦਾ ਆਨੰਦ ਲੈਣ ਨੂੰ ਯਕੀਨੀ ਬਣਾਉਣ ਦੀ ਵਚਨਬ-ਧਤਾ ਦੇ ਨਾਲ 2030 ਦੇ ਏਜੰਡੇ ਨੇ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਘੋਸ਼ਣਾ ਪੱਤਰ ਦੇ ਤਹਿਤ ਸਥਾਪਿਤ ਕੀਤੇ ਗਏ ਉਸੇ ਵਾਅਦੇ ਵੱਲ ਮੁੜ ਇਸ਼ਾਰਾ ਕੀਤਾ। ਮੌਕਿਆਂ ਅਤੇ ਆਮਦਨ ਦੀ ਅਸਮਾਨਤਾ ਤੇਜ਼ੀ ਨਾਲ ਵੱਧ ਰਹੀ ਹੈ ਅਤੇ ਹਰ ਸਾਲ ਅਮੀਰ ਅਤੇ ਗਰੀਬ ਵਿਚਕਾਰ ਪਾੜਾ ਹੋਰ ਵੀ ਵਿਸ਼ਾਲ ਹੁੰਦਾ ਜਾ ਰਿਹਾ ਹੈ। ਇਸ ਸਾਲ ਅਤਿ ਗਰੀਬੀ ਤੇ ਕਾਬੂ ਪਾਉਣ ਲਈ ਵਿਸ਼ਵ ਦਿਵਸ ਦੀ 35ਵੀਂ ਵਰਖ਼ੇਗੰਢ ਅਤੇ ਗਰੀਬੀ ਦੇ ਖਾਤਮੇ ਲਈ ਅੰਤਰਰਾਸ਼ਟਰੀ ਦਿਵਸ ਦੀ 30ਵੀਂ ਵਰਖ਼ੇਗੰਢ ਹੈ। ਇਹ ਦਿਨ ਗਰੀਬੀ ਨਾਲ ਜੂਝ ਰਹੇ ਲੱਖਾਂ ਲੋਕਾਂ ਅਤੇ ਉਹਨਾਂ ਦੇ ਰੋਜ਼ਾਨਾ ਹੌਂਸਲੇ ਦਾ ਸਨਮਾਨ ਕਰਦਾ ਹੈ ਅਤੇ ਗਰੀਬੀ ਦੇ ਖਾਤਮੇ ਅਤੇ ਹਰ ਤਰਖ਼ਾਂ ਦੇ ਵਿਤਕਰੇ ਦਾ ਮੁਕਾਬਲਾ ਕਰਨ ਲਈ ਜ਼ਰੂਰੀ ਗਲੋਬਲ ਏਕਤਾ ਅਤੇ ਸਾਂਝੀ ਜ਼ਿੰਮੇਵਾਰੀ ਨੂੰ ਮਾਨਤਾ ਦਿੰਦਾ ਹੈ।ਭਾਰਤ ਵਿੱਚ 20163.33 ਰੁਪਏ ਸਾਲਾਨਾ ਤੋਂ ਘੱਟਆਮਦਨ ਵਾਲਾ ਵਿੱਅਕਤੀ ਗਰੀਬੀ ਦੀ ਰੇਖਾ ਤੋਂ ਹੇਠਾਂ ਮੰਨਿਆ ਗਿਆ ਹੈ ਅਤੇ 12358. 17 ਰੁਪਏ ਸਾਲਾਨਾ ਤੋਂ ਘੱਟ ਆਮਦਨ ਵਾਲਾ ਵਿੱਅਕਤੀ ਅਤਿ ਗਰੀਬੀ ਦੀ ਰੇਖਾ ਤੋਂ ਹੇਠਾਂ ਮੰਨਿਆ ਗਿਆ ਹੈ।ਇੱਕ ਅਨੁਮਾਨ ਅਨੁਸਾਰ ਦੁਨੀਆਂ ਦੇ ਗਰੀਬਾਂ ਦਾ ਤੀਜਾ ਹਿੱਸਾ ਭਾਰਤ ਵਿੱਚ ਹੀ ਰਹਿੰਦਾ ਹੈ। ਵਿਸ਼ਵ ਬੈਂਕ ਦੀਆਂ ਰਿਪੋਰਟਾਂ ਅਨੁਸਾਰ ਭਾਰਤ ਵਿੱਚ 32.7 ਫਿਸਦੀ ਵਿੱਅਕਤੀ ਰੋਜਾਨਾ 1.25 ਯੂ ਐਸ ਡਾਲਰ ਦੀ ਅੰਤਰਰਾਸ਼ਟਰੀ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ ਅਤੇ 68.7 ਫਿਸਦੀ ਵਿੱਅਕਤੀ ਰੋਜਾਨਾ 2 ਯੂ ਐਸ ਡਾਲਰ ਤੋਂ ਘੱਟ ਨਾਲ ਗੁ-ਜਾਰਾ ਕਰਦੇ ਹਨ। ਗਰੀਬੀ ਕਾਰਨ ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੀਆਂ ਮੁਢਲੀਆਂ ਸੁਵਿਧਾਵਾਂ ਵੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ। ਭਾਰਤ ਗਰੀਬੀ ਪੱਖੋਂ ਅਫਗਾਨਿਸਤਾਨ, ਬੰਗਲਾਦੇਸ਼, ਕੰਬੋਡੀਆਂ, ਕਿਰਗਿ-ਜਸਤਾਨ, ਲਾਓਸ, ਪਾਕਿਸਤਾਨ, ਨੇਪਾਲ, ਤਜ਼ਾਕਿਸਤਾਨ, ਉਜ਼ਬੇਕਿ-ਸਤਾਨ, ਵੀਅਤਨਾਮ ਅਤੇ ਯਮਨ ਦੇ ਨੇੜੇ ਤੇੜੇ ਹੀ ਹੈ। ਇਹਨਾਂ ਵਿੱਚੋਂ ਵੀ ਵੀਅਤਨਾਮ ਅਤੇ ਉਜ਼ਬੇਕਿਸਤਾਨ ਦੇਸ਼ ਮਾਨਵ ਵਿਕਾਸ ਸੂਚਕਾਂਕ ਦੇ ਕਈ ਮਾਮਲਿਆਂ ਵਿੱਚ ਭਾਰਤ ਤੋਂ ਬਿਹਤਰ ਹਨ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂਐਨਡੀਪੀ) ਨੇ ਮਾਨਵ ਵਿਕਾਸ ਰਿਪੋਰਟ ਵਿੱਚ ਭਾਰਤ ਨੂੰ ਦੁਨੀਆਂ ਦੇ 189 ਦੇਸ਼ਾਂ ਵਿੱਚ 130ਵੇਂ ਸਥਾਨ ਤੇ ਰੱਖਿਆ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਅਨੁਸਾਰ ਲੱਗਭੱਗ 28 ਫਿਸਦੀ ਲੋਕ ਗਰੀਬੀ ਵਿੱਚ ਜੀਅ ਰਹੇ ਹਨ। ਜੇਕਰ ਜਾਤਿ ਅਤੇ ਸਮਾਜਿਕ ਸਮੂਹਾਂ ਦੇ ਹਿਸਾਬ ਨਾਲ ਵੇਖੀਏ ਤਾਂ ਭਾਰਤ ਦੇ ਗਰੀਬਾਂ ਦਾ ਜੀਵਨ ਅਫਰੀਕਾ ਦੇ ਗਰੀਬਾਂ ਨਾਲ ਮਿਲਦਾ ਜੁਲਦਾ ਹੈ। ਭਾਰਤ ਵਿੱਚ ਅਨੁਸੂਚਿਤ ਜਾਤਾਂ ਦੀ ਲੱਗਭੱਗ ਇੱਕ ਤਿਹ-ਾਈ, ਜਨ ਜਾਤਾਂ ਦੇ ਲੋਕਾਂ ਦੀ ਲੱਗਭੱਗ ਅੱਧੀ ਅਬਾਦੀ, ਹੋਰ ਪੱਛੜੇ ਵਰਗਾਂ ਦੀ ਲੱਗਭੱਗ 27 ਫਿਸਦੀ ਅਤੇ ਜਨਰਲ ਵਰਗ ਦੀ 15.6 ਫਿਸਦੀ ਅਬਾਦੀ ਗਰੀਬੀ ਦਾ ਸਾਹਮਣਾ ਕਰ ਰਹੀ ਹੈ। 19.30 ਫਿਸਦੀ ਲੋਕ ਬਹੁਤ ਖਸਤਾ ਹਾਲਤ ਵਾਲਾ ਜੀਵਨ ਜੀਅ ਰਹੇ ਹਨ। ਕੋਰੋਨਾ ਕਾਲ ਕਾਰਨ ਆਏ ਸੰਕਟ ਅਤੇ ਵਧੀ ਮਹਿੰਗਾਈ ਨੇ ਹਾਲਤ ਹੋਰ ਵੀ ਖਸਤਾ ਕੀਤੀ ਹੈ ਅਤੇ ਦੇਸ਼ ਸਮੂਹਿਕ ਤੋਰ ਤੇ ਗਰੀਬ ਦੇਸ਼ ਬਣਨ ਵੱਲ ਵੱਧ ਰਿਹਾ ਹੈ। 1970 ਤੋਂ ਬਾਦ ਗਰੀਬੀ ਹਟਾਉਣ ਲਈ ਕੀਤੇ ਜਾ ਰਹੇ ਕੰਮ ਵੀ ਪ੍ਰਭਾਵਿਤ ਹੋ ਚੁੱਕੇ ਹਨ ਅਤੇ ਪਹਿਲੀ ਵਾਰ ਗਰੀਬੀ ਵਿੱਚ ਵਾਧਾ ਦਰਜ਼ ਕੀਤਾ ਗਿਆ ਹੈ। ਭਾਰਤ ਵਿੱਚ 2006 ਤੋਂ 2016 ਦੇ ਦਹਾਕੇ ਦੌਰਾਨ ਲੱਗਭੱਗ 27 ਕਰੋੜਖ਼ ਵਿਅਕਤੀਆਂ ਨੂੰ ਗਰੀਬੀ ਰੇਖਾ ਤੋਂ ਬਾਹਰ ਲਿਆਂਦਾ ਗਿਆ ਸੀ ਪਰੰਤੂ 2020 ਵਿੱਚ ਇਹ ਦੁਨੀਆਂ ਵਿੱਚ ਸਭ ਤੋਂ ਵੱਧ ਗਰੀਬਾਂ ਦੀ ਗਿਣਤੀ ਵਧਾਉਣ ਵਾਲੇ ਦੇਸ਼ ਦੇ ਤੋਰ ਤੇ ਦਰਜ਼ ਹੈ। ਵਿਸ਼ਵ ਬੈਂਕ ਅਨੁਸਾਰ ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੀ ਆਬਾਦੀ ਦੇ ਅਨੁਸਾਰ ਭਾਰਤ ਦੀ ਸਥਿਤੀ ਸਿਰਫ ਅਫਰੀਕਾ ਦੇ ਸਬ-ਸਹਾਰਾ ਦੇਸ਼ਾਂ ਤੋਂ ਹੀ ਬਿਹਤਰ ਹੈ। ਜੇਕਰ ਵੱਖ ਵੱਖ ਸੂਬਿਆਂ ਦੀ ਗੱਲ ਕਰੀਏ ਤਾਂ ਸਭਤੋਂ ਵੱਧ ਗਰੀਬੀ ਛਤੀਸਗੜਖ਼ ਵਿੱਚ ਹੈ ਜਿੱਥੇ ਲੱਗਭੱਗ 40 ਫਿਸਦੀ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ ਅਤੇ ਸਭਤੋਂ ਘੱਟ ਗਰੀਬੀ ਅੰਡੇਮਾਨ ਵਿੱਚ ਹੈ ਜਿੱਥੇ ਲੱਗਭੱਗ 01 ਫਿਸਦੀ, ਲਕਸ਼ਦੀਪ ਵਿੱਚ 2.7 ਫਿਸਦੀ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ ਅਤੇ ਗੋਆ ਵਿੱਚ ਲੱਗਭੱਗ 05 ਫਿਸਦੀ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਵੀ ਲੱਗਭੱਗ 10 ਫਿਸਦੀ ਜਨਤਾ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਵਿਕ-ਸਿਤਸੂਬੇ ਪੰਜਾਬ ਵਿੱਚ ਵੀ ਲੱਗਭੱਗ 8.26 ਫਿਸਦੀ ਜਨਸ-ਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ।ਆਮ ਭਾਰਤੀ ਲੋਕਾਂ ਜਾਂ ਇਕ ਵਰਗ ਵਿਸ਼ੇਸ਼ ਲਈ ਲੋੜੀਂਦੀਆਂ ਵਸਤਾਂ ਮੁਫ਼ਤ ਜਾਂ ਸਸਤੇ ਭਾਅ ਮੁਹੱਈਆ ਕਰਵਾਉਣ ਸਬੰਧੀ ਕਈ ਆਗੂਆਂ ਵਲੋਂ ਨੁਕਤਾਚੀਨੀ ਕੀਤੀ ਗਈ ਹੈ। "ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ''ਨੂੰ ਕੋਵਿਡ-19 ਮਹਾਮਾਰੀ ਦੇ ਸਮੇਂ ਮਾਰਚ 2020 ਨੂੰ ਸ਼ੁਰੂ ਕੀਤਾ ਗਿਆ ਸੀ। ਇਸ ਅਧੀਨ ਕੋਈ 80 ਕਰੋੜ ਭਾਰਤੀਆਂ ਨੂੰ ਪ੍ਰਤੀ ਮਹੀਨਾ 5 ਕਿੱਲੋ ਅਨਾਜ (ਕਣਕ ਜਾਂ ਚੌਲ) ਪ੍ਰਤੀ ਵਿਅਕਤੀ ਪ੍ਰਦਾਨ ਕੀਤਾ ਜਾਂਦਾ ਹੈਨੂੰ 01 ਅਕਤੂਬਰ ਤੋਂ ਅਗਲੇ ਹੋਰ ਤਿੰਨ ਮਹੀਨੇ ਲਈ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ ਹੈ। ਇਸ ਸਕੀਮ ਲਈ ਸਰਕਾਰ ਨੂੰ ਲਗਭਗ 45 ਹਜ਼ਾਰ ਕਰੋੜ ਰੁਪਏ ਹੋਰ ਖ਼ਰਚਣੇ ਪੈਣੇ ਹਨ ਅਤੇ ਹੁਣ ਤੱਕ ਇਸ ਤੇ 3 ਲੱਖ 45 ਹਜ਼ਾਰ ਕਰੋੜ ਰੁਪਏ ਖ਼ਰਚੇ ਗਏ ਹਨ। ਮੌਜੂਦਾ ਸਰਕਾਰ ਦੀਆਂ ਨੀਤੀਆਂ ਨੇ ਦੇਸ਼ ਨੂੰ ਅਮੀਰਾਂ ਦਾ ਭਾਰਤ ਅਤੇ ਗਰੀਬਾਂ ਦਾ ਭਾਰਤ ਵਿੱਚ ਵੰਡ ਦਿਤਾ ਹੈ। ਭਾਰਤ ਵਿਚ 116 ਕਰੋੜ ਵਿਅਕਤੀ ਦੇਸ਼ ਦੀ ਆਬਾਦੀ ਦਾ ਲੱਗਭੱਗ 80 ਫਿਸਦੀ ਅਜਿਹੇ ਭਾਰਤੀ ਹਨ ਜਿਹੜੇ ਰੋਜ਼ਾਨਾ 163 ਰੁਪਏ ਤੋਂ ਘੱਟ ਖ਼ਰਚ ਕਰਦੇ ਹਨ। ਦੇਸ਼ ਦੇ ਕਈ ਹਿ-ਸਿਆਂ ਵਿੱਚ ਪਰਿਵਾਰ ਦਾ ਪੇਟ ਪਾਲਣ ਲਈ ਮਹਿਲਾਵਾਂ ਅਪਣੇ ਆਪ ਨੂੰ ਅਤੇ ਬੱਚਿਆਂ ਨੂੰ ਵੇਚ ਰਹੀਆਂ ਹਨ, ਬੱਚੇ ਪੜਖ਼ਣ ਦੀ ਬਜਾਏ ਕੰਮ ਕਰ ਰਹੇ ਹਨ। ਇੱਕ ਪਾਸੇ ਗਰੀਬ ਮੁਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ ਦੂਜੇ ਪਾਸੇ ਕਈ ਨਕਲੀ ਗਰੀਬ ਸਰਕਾਰੀ ਭਲਾਈ ਸਕੀਮਾਂ ਦਾ ਨਜਾਇਜ ਲਾਭ ਉਠਾ ਰਹੇ ਹਨ। ਭਾਰਤ ਇੱਕ ਖੇਤੀਬਾੜੀ ਪ੍ਰਧਾਨ ਦੇਸ਼ ਹੈ ਅਤੇ ਪੰਜਾਬ ਅਤੇ ਹਿ-ਰਆਣਾ ਸਮੇਤ ਕੁੱਝ ਹੋਰ ਸੂਬਿਆਂ ਵਿੱਚ ਕਿਸਾਨਾਂ ਅਤੇ ਖੇਤ ਮਜਦੂਰਾਂ ਦੀ ਮਿਹਨਤ ਨਾਲ ਦੇਸ਼ ਅੰਨ ਭੰਡਾਰ ਵਿੱਚ ਸਵੈ ਨਿਰਭਰ ਹੋ ਸਕਿਆ ਹੈ ਪਰ ਕਿਸਾਨਾਂ ਅਤੇ ਖੇਤ ਮਜਦੂਰਾਂ ਦੀਆਂ ਵੱਡੀ ਗਿਣਤੀ ਵਿੱਚ ਕਰਜਿਆਂ ਕਾਰਨ ਹੋਈਆਂ ਆਤਮ ਹੱਤਿਆਵਾਂ ਸਾਬਤ ਕਰਦੀਆਂ ਹਨ ਕਿ ਸਰਕਾਰਾਂ ਵਲੋਂ ਇਨਖ਼ਾਂ ਵੱਲ ਵੀ ਸਹੀ ਧਿਆਨ ਨਹੀਂ ਦਿੱਤਾ ਗਿਆ ਹੈ ਅਤੇ ਇਨਖ਼ਾਂ ਦੀ ਭਲਾਈ ਲਈ ਬਣੀਆਂ ਯੋਜਨਾਵਾਂ ਦੇ ਨਾਮ ਤੇ ਖਰਚੇ ਗਏ ਕਰੋੜਖ਼ਾਂ ਰੁਪਏ ਵੀ ਇਨਖ਼ਾਂ ਦੀ ਹਾਲਤ ਨਹੀਂ ਸੁਧਾਰ ਸਕੇ ਹਨ। ਸਰਕਾਰਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਦੇਸ਼ ਦੇ ਗਰੀਬਾਂ ਪ੍ਰਤੀ ਗੰਭੀਰਤਾ ਨਾਲ ਸੋਚਣਾ ਪਵੇਗਾ ਅਤੇ ਗਰੀਬੀ ਦੂਰ ਕਰਨ ਲਈ ਬਣਾਈਆਂ ਜਾਂਦੀਆਂ ਯੋਜਨਾਵਾਂ ਜੋਕਿ ਅਕਸਰ ਹੀ ਭਰਿਸ਼ਟ-ਾਚਾਰ ਦਾ ਸ਼ਿਕਾਰ ਹੁੰਦੀਆਂ ਹਨ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੰਮ ਕਰਨਾ ਪਵੇਗਾ ਤਾਂ ਹੀ ਆਣ ਵਾਲੇ ਸਮੇਂ ਵਿੱਚ ਗਰੀਬੀ ਘੱਟ ਸਕਦੀ ਹੈ ਅਤੇ ਇਸ ਦਿਨ ਤੇ ਹੋਣ ਵਾਲੇ ਸਰਕਾਰੀ ਅਤੇ ਗੈਰ ਸਰਕਾਰੀ ਸਮਾਰੋਹ ਸਾਰਥਿਕ ਸਿੱਧ ਹੋਣਗੇ ਨਹੀਂ ਤਾਂ ਇਹ ਇੱਕ ਖਾਨਾਪੂਰਤੀ ਹੀ ਸਾਬਿਤ ਹੋਣਗੇ।



ਕੁਲਦੀਪ ਚੰਦ
91-9417563054

# 'ਜਾਗ੍ਰਿਤੀ ਲਹਿਰ' ਦੇ ਸੰਪਾਦਕ, ਸੀਨੀਅਰ ਪੱਤਰਕਾਰ ਗੌਤਮ ਜਲੰਧਰੀ ਦਾ 'ਕਲਮ ਦਾ ਧਨੀ' ਐਵਾਰਡ ਨਾਲ ਸਨਮਾਨ

**ਚੰਡੀਗੜ, (ਪ੍ਰੀਤਮ ਲੁਧਿਆਣਵੀ)-** ਅਮਰ ਸ਼ਹੀਦ ਨਰਿੰਦਰ ਖੰਨਾ ਜਲੰਧਰ ਦੇ ਪੋਤੇ ਅਤੇ ਪੱਤਰਕਾਰ 'ਜਾਗ੍ਰਿਤੀ ਲਹਿਰ' ਦੇ ਸੰਪਾਦਕ ਗੌਤਮ ਜਲੰਧਰੀ ਦਾ ਉਨਾਂ ਦੇ ਅਖਬਾਰ ਜਾਗ੍ਰਿਤੀ ਲਹਿਰ ਵਿਚ ਛਪ ਰਹੀਆਂ ਸੱਚੀਆਂ ਅਤੇ ਸਾਫ਼ ਸੁਥਰੀਆਂ ਖਬਰਾਂ ਅਤੇ ਪ੍ਰਕਿਰਤੀ ਨੂੰ ਮੁੱਖ ਰੱਖਦੇ ਹੋਏ ਉਨਾਂ ਦੇ ਲੇਖ ਜਿਸ ਦੀ ਅਕਸਰ ਹੀ ਪ੍ਰਸੰਸਾ ਹੁੰਦੀ



ਰਹਿੰਦੀ ਹੈ, ਨੂੰ ਦੇਖਦੇ ਹੋਏ, ਵਿਸ਼ਵ ਪ੍ਰਸਿੱਧੀ ਪ੍ਰਾਪਤ ਪੰਜਾਬੀ ਮੈਗਜ਼ੀਨ ਫਿਲਮੀ ਫੋਕਸ ਲੁਧਿਆਣਾ ਵੱਲੋਂ ਉਨਾਂ ਨੂੰ 'ਕਲਮ ਦਾ ਧਨੀ ਵਿਸ਼ੇਸ ਐਵਾਰਡ' ਦੇ ਕੇ ਬੜੀ ਸ਼ਾਨੋ-ਸ਼ੌਕਤ ਨਾਲ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਉਨਾਂ ਨੂੰ ਰੱਖਬਾਗ ਲੁਧਿਆਣਾ ਸਥਿੱਤ 'ਪੰਛੀ ਸੇਵਾ ਸੁਸਾਇਟੀ' ਦੇ ਦਫਤਰ ਵਿਖੇ ਮਾਰਕੀਟ ਕਮੇਟੀ ਲੁਧਿਆਣਾ ਦੇ ਪੂਰਵੀ ਚੇਅਰਮੈਨ ਦਰਸ਼ਨ ਲਾਲ ਬਵੇਜਾ, ਪੰਛੀ ਸੇਵਾ ਸੋਸਾਇਟੀ ਦੇ ਪ੍ਰਧਾਨ ਅਸ਼ੋਕ ਥਾਪਰ ਅਤੇ ਫਿਲਮੀ ਫੋਕਸ ਦੇ ਚੀਫ ਐਡੀਟਰ ਨਰਿੰਦਰ ਨੂਰ ਵੱਲੋਂ ਦਿੱਤਾ ਗਿਆ।

ਗੌਤਮ ਜਲੰਧਰੀ ਦੀ ਕਲਮ ਦੀ ਤਾਰੀਫ ਕਰਦੇ ਹੋਏ ਬੁਲਾਰੇ ਨੇ ਕਿਹਾ ਕਿ ਗੌਤਮ ਜਲੰਧਰੀ ਚੌਵੀ ਸਾਲ ਤੋਂ ਪੱਤਰਕਾਰਿਤਾ ਦੇ ਖੇਤਰ ਵਿੱਚ ਸੇਵਾ ਨਿਭਾ ਰਹੇ ਹਨ ਜਿਨਾਂ ਦੀ ਕਲਮ ਤੋਂ ਅਕਸਰ ਹੀ ਲੋਕਾਂ ਨੂੰ ਸੇਧ ਦੇਣ ਵਾਲੇ ਆਰਟੀਕਲ, ਪ੍ਰਕਿਰਤੀ ਨੂੰ ਬਡਾਵਾ ਅਤੇ ਪੰਛੀਆਂ ਦੀ ਸੇਵਾ ਨੂੰ ਸਮਰਪਿਤ ਆਰਟੀਕਲ ਪੜਨ ਨੂੰ ਮਿਲਦੇ ਹਨ। ਚੀਫ ਐਡੀਟਰ ਨਰਿੰਦਰ ਨੂਰ ਜੀ ਨੇ ਬੋਲਦਿਆਂ ਕਿਹਾ ਕਿ ਫਿਲਮੀ ਫੋਕਸ ਹਮੇਸ਼ਾ ਹੀ ਅਜਿਹੀਆਂ ਕਲਮਾਂ ਦਾ ਵਿਸ਼ੇਸ ਧੰਨਵਾਦ, ਸਤਿਕਾਰ ਅਤੇ ਸਨਮਾਨ ਕਰਦਾ ਹੈ ਅਤੇ ਕਰਦਾ ਰਹੇਗਾ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਨਰਿੰਦਰ ਨੂਰ ਜੀ ਨੇ ਦੱਸਿਆ ਕਿ ਇਸ ਸ਼ੁਭ ਅਵਸਰ 'ਤੇ ਪ੍ਰਦੀਪ ਗੁਪਤਾ ਹਮਸਫਰ, ਹੀਰਾ ਲਾਲ ਗੋਇਲ, ਹਰਕੇਸ਼ ਮਿੱਤਲ, ਬਿਪਨ ਕੁਮਾਰ ਏਵਰਸ਼ਾਈਨ, ਮਨੋਹਰ ਲਾਲ ਕਵਾਤਰਾ, ਮੁਨੀਸ਼ ਸ਼ਾਮਾ, ਵਿਸ਼ਾਲ ਜੈਨ, ਨਿਤਿਨ ਜੈਨ, ਟੋਨੀ ਮੱਕੜ, ਵਿੱਕੀ ਕੁੰਦਰਾ, ਪਾਲੀ ਮਹਿਤਾ, ਨਰੇਸ਼ ਫੌਜੀ, ਪੰਡਿਤ ਬਾਬੂ ਰਾਮ, ਡੀ ਕੇ ਅਰੋੜਾ, ਤਰਲੋਚਨ ਸਿੰਘ, ਐਡਵੋਕੇਟ ਚਰਨਜੀਤ ਸਿੰਘ, ਡਾ ਅਰਵਿੰਦਰ ਸਿੰਘ, ਸ਼ੇਖਰ ਗੋਇਲ, ਸ਼ਮੀਰ ਥਾਪਰ, ਜੇ ਕੇ ਅਰੋੜਾ, ਰਮੇਸ਼ ਕਵਾਤਰਾ, ਕੇਵਲ ਵਰਮਾ, ਗਿਰਧਾਰੀ ਲਾਲ, ਸਚਦੇਵਾ, ਅਜੇ ਸਚਦੇਵਾ, ਤਾਜ ਬਰਮਨ ਸਰਤਾਜ, ਡੁੱਗਰ ਸਿੰਘ, ਹਰਮੀਤ ਬੱਗਾ, ਸਤੀਸ਼ ਜੀ, ਵਰਿੰਦਰ ਗੁਪਤਾ ਐਡਵੋਕੇਟ ਆਦਿ ਮੌਜੂਦ ਸਨ।

# 22 ਅਕਤੂਬਰ, 2022 ਨੂੰ ਭਾਖੜ੍ਹਾ ਡੈਮ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਭਾਰਤ ਦੇਸ਼ ਦਾ ਗੌਰਵ ਮੰਨੇ ਜਾਂਦੇ ਅਤੇ ਉਤਰੀ ਭਾਰਤ ਦੇ ਵਿਕਾਸ ਦੀ ਰੀੜ੍ਹ ਦੀ ਹੱਡੀ ਭਾਖੜਾ ਬੰਨ ਭਾਰਤ ਦਾ ਪ੍ਰਭਾਵਸ਼ਾਲੀ ਅਤੇ ਦੂਜਾ ਵੱਡਾ ਡੈਮ ਹੈ ਜੋ ਸਿੰਚਾਈ ਲਈ ਪਾਣੀ, ਉਦਯੋਗਾਂ, ਟਿਊਬਵੈੱਲਾਂ ਨੂੰ ਚਲਾਉਣ ਲਈ ਅਤੇ ਘਰਾਂ ਨੂੰ ਰੁਸ਼ਨਾਉਣ ਲਈ ਬਿਜਲੀ ਪ੍ਰਦਾਨ ਕਰਦਾ ਹੈ। ਇਹ ਇੱਕ ਟੂਰਿਸਟ ਸਥਾਨ ਵੀ ਬਣਦਾ ਜਾ ਰਿਹਾ ਹੈ ਜਿੱਥੇ ਅੰਦਾਜਨ ਪੰਜ ਲੱਖ ਟੂਰਿਸਟ ਹਰ ਸਾਲ ਇਸਨੂੰ ਵੇਖਣ ਲਈ ਪਹੁੰਚਦੇ ਹਨ। ਪਿਛਲੇ ਕਈ ਸਾਲਾਂ ਤੋਂ ਸੁਰੱਖਿਆ ਕਾਰਨਾਂ ਕਰਕੇ ਡੈਮ ਦੇ ਅੰਦਰ ਜਾਣ ਦੀ ਮਨਾਹੀ ਹੈ ਅਤੇ ਇੱਥੇ ਜਾਣ ਲਈ ਸਵੇਰੇ 8 ਵਜੇ ਤੋਂ ਲੈਕੇ ਦੁਪਿਹਰ 3 ਵਜੇ ਤੱਕ ਹੀ ਸਥਾਨਕ ਲੋਕ ਸੰਪਰਕ ਵਿਭਾਗ ਤੋਂ ਪਾਸਬਣਦੇ ਹਨ। ਭਾਖੜਾ ਡੈਮ ਗੋਬਿੰਦ ਸਾਗਰ ਝੀਲ ਜੋ 168.35 ਵਰਗ ਕਿਲੋਮੀਟਰ (65 ਵਰਗ ਮੀਲ) ਦੇ ਖੇਤਰ ਵਿੱਚ ਫੈਲੀ ਹੋਈ ਹੈ ਤੇ ਬਣਿਆ ਹੋਇਆ ਹੈ। ਡੈਮ ਤੋਂ ਬਿਜਲੀ ਪੈਦਾ ਕਰਨ ਲਈ ਦੋ ਬਿਜਲੀ ਘਰ ਭਾਖੜ ਾਡੈਮ ਦੇ ਕਿਨਾਰਿਆਂ ਤੇ ਬਣੇ ਹੋਏ ਹਨ।ਇਨ੍ਹਾਂ ਦੀ ਸਮਰੱਥਾ 5-5 ਯੂਨਿਟ ਦੀ ਹੈ। ਇਨ੍ਹਾਂ ਤੋਂ ਕ੍ਰਮਵਾਰ 108 ਮੈਗਾਵਾਟ ਅਤੇ 157 ਮੈਗਾਵਾਟ ਬਿਜਲੀ ਦਾ ਉਤਪਾਦਨ ਹੋ ਰਿਹਾ ਹੈ। ਭਾਖੜਾ ਡੈਮ ਤੋਂ ਲੱਗਭੱਗ 13 ਕਿਲੋਮੀਟਰ ਦੂਰੀ ਤੇ ਨੰਗਲ ਡੈਮ ਵੀ ਹੈ ਜਿਸ ਦੀ ਉੱਚਾਈ 95 ਫੁੱਟ ਹੈ। ਇਸ ਕਰਕੇ ਦੋਵੇਂ ਡੈਮਾਂ ਨੂੰ ਭਾਖੜਾ ਨੰਗਲ ਡੈਮ ਕਿਹਾ ਜਾਂਦਾ ਹੈ। ਨੰਗਲ ਡੈਮ ਵਿੱਚ ਸੰਭਾਲੇ ਪਾਣੀ ਵਿੱਚੋਂ ਨਹਿਰਾਂ ਵੀ ਨਿਕਲਦੀਆਂ ਹਨ ਜੋ ਅੱਗੇ ਜਾਕੇ ਵੱਖ ਵੱਖ ਖੇਤਰਾਂ ਵਿੱਚ ਪਾਣੀ ਦੀ ਪੂਰਤੀ ਕਰਦੀਆਂ ਹਨ। ਭਾਖੜਾ ਡੈਮ ਤੋਂ ਪੈਦਾ ਹੋ ਰਹੀ ਬਿਜਲੀ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਦਿੱਲੀ ਅਤੇ ਰਾਜਸਥਾਨ ਨੂੰ ਜਾਂਦੀ ਹੈ। ਇਸ ਪ੍ਰੋਜੈਕਟ ਨੂੰ ਬਣਾਉਣ ਦਾ ਖਿਆਲ ਬੇਸ਼ੱਕ ਅਜ਼ਾਦੀ ਤੋਂ ਪਹਿਲਾਂ ਹੀ ਆਇਆ ਸੀ ਪਰੰਤੂ ਇਸ ਪ੍ਰੋਜੈਕਟ ਦਾ ਨਿਰਮਾਣ ਅਜ਼ਾਦੀ ਤੋਂ ਬਾਦ ਹੀ ਸ਼ੁਰੂ ਹੋਇਆ ਸੀ। ਮੋਜੂਦਾ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜਿਲ੍ਹੇ ਵਿੱਚ ਸਥਿਤ ਭਾਖੜ੍ਹਾ ਡੈਮ ਪ੍ਰੋਜੈਕਟ ਨੂੰ ਬਣਾਉਣ ਦਾ ਵਿਚਾਰ ਸਭਤੋਂ ਪਹਿਲਾਂ ਸਰ ਲੂਈਸ ਡੈਨੇ ਦੁਆਰਾ 8 ਨਵੰਬਰ, 1908 ਨੂੰ ਦਿਤਾ ਗਿਆ ਸੀ ਅਤੇ ਇਸ ਸਬੰਧੀ ਵਿਸਥਾਰ ਰਿਪੋਰਟ ਮਾਰਚ 1919 ਵਿੱਚ ਪੇਸ਼ ਕੀਤੀ ਗਈ। 1920 ਤੋਂ ਲੈਕੇ 1938 ਤੱਕ ਇਸ ਸਬੰਧੀ ਵੱਖ ਵੱਖਤਰਾਂ ਦੇ ਸਰਵੇਖਣ ਹੋਏ ਅਤੇ 1939 ਤੋਂ 1942 ਤੱਕ ਇਸ ਪ੍ਰੋਜੈਕਟ ਸਬੰਧੀ ਰਿਪੋਰਟਾਂ ਤਿਆਰ ਕੀਤੀਆਂ ਗਈਆਂ। ਸ਼ੁਰੂ ਵਿੱਚ ਇਸ ਪ੍ਰੋਜੈਕਟ ਦਾ ਉਦੇਸ਼ ਸਿਰਫ ਸਿੰਚਾਈ ਲਈ ਪਾਣੀ ਇਕੱਠਾ ਕਰਨਾ ਸੀ ਅਤੇ ਇਸ ਪ੍ਰੋਜੈਕਟ ਵਿੱਚ ਭਾਖੜਾ ਬੰਨ, ਅਪਰ ਸਰਹਿੰਦ ਨਹਿਰ, ਹੇਠਲੀ ਸਰਹਿੰਦ ਨਹਿਰ ਅਤੇ ਪੱਛਮੀ ਯਮੁਨਾ ਨਹਿਰ ਦਾ ਵਿਸਥਾਰ ਸ਼ਾਮਿਲ ਸਨ। ਉਸ ਵੇਲੇ ਪ੍ਰਸਤਾਵਿਤ ਭਾਖੜਾ ਬੰਨ ਦੀ ਉਚਾਈ 395 ਫੁੱਟ ਹੋਣੀ ਸੀ ਅਤੇ ਵੱਧ ਤੋਂ ਵੱਧ 2.58 ਮਿਲੀਅਨ ਏਕੜ ਫੁੱਟ ਪਾਣੀ ਭੰਡਾਰਨ ਦੀ ਵਿਵਸਥਾ ਹੋਣੀ ਸੀ। ਸਾਲ 1944 ਵਿੱਚ ਡਾਕਟਰ ਜੇ. ਐਲ. ਸੈਵੇਜ ਜੋ ਅਮਰੀਕਾ ਦੀ ਬਿਉਰੋ ਫਾਰ ਰੈਕਲੇਮੇਸ਼ਨ ਦਾ ਚੀਫ਼ ਇੰਜੀਨੀਅਰ ਸੀ ਨੇ 1600 ਫੁੱਟ ਉਚਾਈ ਤੱਕ ਪਾਣੀ ਭੰਡਾਰਣ ਦੀ ਸਮੱਰਥਾ ਵਾਲਾ ਡੈਮ ਬਣਾਉਣ ਦਾ ਸੁਝਾਅ ਦਿਤਾ। ਯੂ.ਐਸ.ਏ. ਦੀ ਅੰਤਰਰਾਸ਼ਟਰੀ ਡੈਨਵਰ ਨਾਂਅ ਦੀ ਕੰਪਨੀ ਨੇ ਇਹ ਉਚਾਈ 1580 ਫੁੱਟ ਰੱਖਣ ਦੀ ਤਜਵੀਜ਼ ਰੱਖੀ ਜਿਸਦਾ ਮੁੱਖ ਕਾਰਨ ਇਹ ਸੀ ਕਿ ਉਚਾਈ ਵਧਾਉਣ ਨਾਲ ਰਾਜਾ ਬਿਲਾਸਪੁਰ ਦੇ ਮਹਿਲ ਅਤੇ ਕੁਝ ਮੰਦਿਰ ਡੈਮ ਦੀ ਝੀਲ ਵਿੱਚ ਡੁਬਦੇ ਸਨ ਅਤੇ ਰਾਜਾ ਬਿਲਾਸਪੁਰ ਨੇ ਇਸ ਸਬੰਧੀ ਇਤਰਾਜ਼ ਕੀਤਾ ਸੀ। ਆਜ਼ਾਦੀ ਤੋਂ ਬਾਦ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਇਸ ਮਾਮਲੇ ਵਿੱਚ ਨਿੱਜੀ ਤੌਰ ਤੇ ਦਖਲ ਦੇਣ ਤੋਂ ਬਾਦ ਬਿਲਾਸਪੁਰ ਦੇ ਰਾਜਾ ਨੇ ਆਪਣੇ ਇਤਰਾਜ਼ਾਂ ਨੂੰ ਵਾਪਸ ਲੈ ਲਿਆ ਅਤੇ ਡੈਮ ਦੇ ਪਾਣੀ ਦਾ ਵੱਧ ਤੋਂ ਵੱਧ ਪੱਧਰ 1680 ਫੁੱਟ ਤੱਕ ਰੱਖਿਆ ਗਿਆ। 1948 ਤੋਂ 1951 ਦੌਰਾਨ ਇਸ ਪ੍ਰੋਜੈਕਟ ਨੂੰ ਪਾਸ ਕੀਤਾ ਗਿਆ। ਪੰਜਾਬ ਦੇ ਲੋਕ ਨਿਰਮਾਣ ਵਿਭਾਗ ਦੀ ਸਿੰਚਾਈ ਸ਼ਾਖਾ ਅਤੇ ਅੰਤਰ-ਰਾਸ਼ਟਰੀ ਕੰਪਨੀ ਆਈਐਨਸੀਯੂ ਐਸ ਏ ਵਿੱਚ 14 ਨਵੰਬਰ, 1948 ਨੂੰ ਹੋਏ ਸਮਝੋਤੇ ਅਨੁਸਾਰ ਇਸ ਪ੍ਰੋਜੈਕਟ ਸਬੰਧੀ ਦਸਤਾਵੇਜ਼ ਅਤੇ ਡਿਜਾਇਨ ਸਮੇਤ ਦਿਸ਼ਾ ਨਿਰਦੇਸ਼ ਕੰਪਨੀ ਨੂੰ ਸੋਂਪੇ ਗਏ। ਅਪ੍ਰੈਲ 1952 ਵਿੱਚ ਐਮ ਹਾਰਵੇ ਸਲੋਕਮ ਅਮਰੀਕਾ ਤੋਂ ਅਪਣੇ ਤਕਨੀਕੀ ਮਾਹਿਰਾਂ ਅਤੇ ਇੰਜਨੀਅਰਾਂ ਦੀ ਟੀਮ ਨਾਲ ਆਏ ਅਤੇ ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਵਾਇਆ। ਇਸ ਪ੍ਰੋਜੈਕਟ ਦੇ ਨਿਰਿਖਣ ਅਤੇ ਪ੍ਰਗਤੀ ਸਬੰਧੀ ਭਾਖੜਾ ਨਿਯੰਤਰਣ ਬੋਰਡ ਦਾ ਗਠਨ ਕੀਤਾ ਗਿਆ ਜਿਸ ਵਿੱਚ ਕੇਂਦਰ ਸਰਕਾਰ, ਪੰਜਾਬ ਸਰਕਾਰ, ਰਾਜਸਥਾਨ ਅਤੇ ਪੈਪਸੂ ਦੇ ਪ੍ਰਤੀਨਿਧੀ ਸ਼ਾਮਿਲ ਸਨ। ਇਸ ਵਿੱਚ ਪੰਜਾਬ ਦੇ ਰਾਜਪਾਲ ਨੂੰ ਕਮੇਟੀ ਦਾ ਚੇਅਰਮੈਨ, ਭਾਰਤ ਸਰਕਾਰ ਦੇ ਵਿੱਤ ਮੰਤਰਾਲਿਆ ਦੇ ਸਕੱਤਰ ਨੂੰ ਉਪੱ ਚੇਅਰਮੈਨ, ਕੇਂਦਰੀ ਜਲ ਅਤੇ ਊਰਜਾ ਆਯੋਗ ਭਾਰਤਸਰਕਾਰ ਦੇ ਚੇਅਰਮੈਨ ਨੂੰ ਮੈਂਬਰ, ਵੱਖ ਵੱਖਰਾਜਸਰਕਾਰਾਂ ਦੇ ਸਿੰਚਾਈ ਵਿਭਾਗ ਦੇ ਸਕੱਤਰਾਂ ਅਤੇ ਊਰਜਾ ਵਿਭਾਗ ਦੇ ਇੰਚਾਰਜਾਂ ਨੂੰ ਵਿੱਤੀ ਮੈਂਬਰ, ਭਾਖੜਾ ਡੈਮ ਦੇ ਨਿਰਮਾਣ ਵਿੱਚ ਲੱਗੇ ਹੋਏ ਸਾਰੇ ਮੁੱਖ ਇੰਜਨੀਅਰਾਂ ਨੂੰ ਮੈਂਬਰ ਅਤੇ ਸੰਯੁਕਤ ਸਕੱਤਰ ਵਿੱਤ ਮੰਤਰਾਲਿਆ ਭਾਰਤ ਸਰਕਾਰ ਨੂੰ ਮੈਂਬਰ ਬਣਾਇਆ ਗਿਆ ਸੀ। 1952 ਵਿੱਚ ਡਾਕਟਰ ਏ ਐਨ ਖੋਸਲਾ ਦੀ ਚੇਅਰਮੈਨਸ਼ਿਪ ਅਧੀਨ ਬੋਰਡ ਆਫ ਕਾਂਸਿਉਲੇਟਸ ਦੀ ਸਥਾਪਨਾ ਵੀ ਕੀਤੀ ਗਈ। 18 ਨਵੰਬਰ, 1955 ਨੂੰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਕੰਕਰੀਟ ਦੀ ਪਹਿਲੀ ਟੋਕਰੀ ਪਾਕੇ ਇਸ ਪ੍ਰੋਜੈਕਟ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਇਸ ਪ੍ਰੋਜੈਕਟ ਦੇ ਨਿਰਮਾਣ ਵਿੱਚ ਮੁੱਖ ਤੋਰ ਤੇ ਭਾਖੜ੍ਹਾ ਬੰਨ ਅਤੇ ਊਰਜਾ ਸੰਚਾਲਣ ਯੰਤਰ, ਨੰਗਲ ਬੰਨ, ਨੰਗਲ ਹਾਇਡਲ ਚੈਨਲ, ਗੰਗੂਵਾਲ ਅਤੇ ਕੋਟਲਾ ਪਾਵਰ ਹਾਊਸਿਜ਼, ਰੋਪੜ੍ਹ ਹੈਡ ਵਰਕਸ ਦਾ ਪੁਨਰ-ਨਿਰਮਾਣ, ਸਰਹੰਦ ਨਹਿਰ ਦਾ ਪੁਨਰ-ਨਿਰਮਾਣ, ਭਾਖੜ੍ਹਾ ਨਹਿਰ, ਬਿਸਤ-ਦੋਆਬ ਨਹਿਰ, ਬਿਜਲੀ ਦੀ ਪੈਦਾਵਰ ਅਤੇ ਵਿਤਰਣ ਪ੍ਰਣਾਲੀ, ਭਾਖੜ੍ਹਾ-ਨੰਗਲ ਖੇਤਰ ਦੀ ਮਾਰਕੀਟ ਅਤੇ ਸੰਚਾਰ ਦਾ ਵਿਕਾਸ ਆਦਿ ਯੂਨਿਟ ਸ਼ਾਮਲ ਸਨ। ਭਾਖੜਾ ਬੰਨ ਦੀ ਉਚਾਈ ਦਿੱਲੀ ਵਿੱਚ ਸਥਿਤ ਕੁਤਬ ਮੀਨਾਰ ਦੀ ਉਚਾਈ ਤੋਂ ਵੀ 3 ਗੁਣਾ ਵੱਧ ਹੈ। ਇਸ ਡੈਮਦੀ ਉਸਾਰੀ ਲਈ ਵੱਖ ਵੱਖਤਰਾਂ ਦੀਮਸ਼ੀਨਰੀ ਤੋਂ ਇਲਾਵਾ ਲੱਗਭੱਗ 13000 ਕਾਮੇ, 300 ਇੰਜੀਨੀਅਰ, 30 ਅਮਰੀਕਨ ਮਾਹਿਰ ਲਗਾਏ ਗਏ ਜਿਨ੍ਹਾਂ ਨੇ ਦਿਨ-ਰਾਤ ਕੰਮ ਕੀਤਾ। ਭਾਖੜਾ ਬੰਨ ਦੇ ਨਿਰਮਾਣ ਵਿੱਚ ਵਰਤੀ ਗਈ ਸੀਮੇਂਟ, ਕੰਕਰੀਟ ਦੀ ਮਾਤਰਾ ਧਰਤੀ ਦੇ ਭੂ-ਮੱਧ ਰੇਖਾ ਤੇ 2.44 ਮੀਟਰ ਚੋੜੀ ਸੜਕ ਬਣਾਉਣ ਵਿੱਚ ਸਮਰੱਥ ਸੀ। ਇਸਦੇ ਨਿਰਮਾਣ ਵਿੱਚ ਕੁੱਲ ਇੱਕ ਲੱਖ ਟਨ ਸਰੀਏ ਦਾ ਇਸਤੇਮਾਲ ਕੀਤਾ ਗਿਆ ਸੀ। ਇੰਜਨੀਅਰਾਂ ਦੀ ਤਕਨੀਕ ਦਾ ਹੀ ਕਮਾਲ ਹੈ ਕਿ ਭਾਖੜਾ ਬੰਨ ਵਿੱਚ ਲੱਚਕਤਾ ਰੱਖੀ ਗਈ ਹੈ ਜਿਸ ਨਾਲ ਪਾਣੀ ਦਾ ਪੱਧਰ 1680 ਫੁੱਟ ਪਹੁੰਚਣ ਤੇ ਭਾਖੜਾ ਬੰਨ 2 ਇੰਚ ਤੱਕ ਝੁਕਣ ਦੀ ਸਮਰੱਥਾ ਰੱਖਦਾ ਹੈ ਅਤੇ ਪਾਣੀ ਦਾ ਪੱਧਰ ਘੱਟਣ ਤੋਂ ਬਾਅਦ ਡੈਮ ਆਪਣੀ ਪਹਿਲਾਂ ਵਾਲੀ ਸਥਿਤੀ ਵਿੱਚ ਆ ਜਾਂਦਾ ਹੈ। ਸਾਬਕਾ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਇਸ ਪ੍ਰੋਜੈਕਟ ਦੇ ਨਿਰਮਾਣ ਦੌਰਾਨ 10 ਵਾਰ ਦੌਰਾ ਕੀਤਾ। ਵਰਣਨਯੋਗ ਹੈ ਕਿ ਉਨ੍ਹਾਂ ਨੇ ਇਸ ਪਰਿਯੋਜਨਾ ਦੀ ਸਾਈਟ ਤੇ ਹੀ ਪੰਚਸ਼ੀਲ ਸਮਝੌਤੇ ਤੇ ਚੀਨ ਦੇ ਪ੍ਰਧਾਨਮੰਤਰੀ ਚਾਓ ਇਨ ਲਾਈ ਦੇ ਨਾਲ ਗੱਲਬਾਤ ਕੀਤੀ ਸੀ। ਇਸ ਪ੍ਰੋਜੈਕਟ ਦਾ ਦੇਸ਼ ਦੇ ਮਹਿਮਾਨਾਂ ਤੋਂ ਇਲਾਵਾ ਬਹੁਤ ਸਾਰੇ ਵਿਦੇਸ਼ੀ ਮਹਿਮਾਨਾਂ ਜਿਵੇਂ ਕਿ ਮਿਸਰ ਦੇ ਰਾਸ਼ਟਰਪਤੀ ਕਰਨਲ ਨਾਸਰ, ਯੂਗੋਸਲਾਵੀਆ ਦੇ ਰਾਸ਼ਟਰਪਤੀ ਜੋਸਫ਼ ਟੀਟੋ, ਚੀਨ ਦੇ ਪ੍ਰਧਾਨ ਮੰਤਰੀ ਚੂਇਨ ਲਾਈ, ਉੱਤਰੀ ਵੀਅਤਨਾਮ ਦੇ ਰਾਸ਼ਟਰਪਤੀ ਹੋਚੀ ਮਿਨ, ਕਲੈਮੈਂਟ ਐਂਟਲੀ, ਇੰਗਲੈਂਡ ਦੇ ਪ੍ਰਧਾਨ ਮੰਤਰੀ, ਸੋਵੀਅਤ ਰੂਸ ਦੇ ਪ੍ਰਧਾਨ ਮੰਤਰੀ ਖੁਰਸ਼ਚੇਵ, ਸੋਵੀਅਤ ਰੂਸ ਦੇ ਪ੍ਰਿੰਸ ਫਿਲਪ ਡਯੂਕ ਆਫ਼ ਐਡਨਸਰਾ, ਬੋਧ ਗੁਰੂ ਦਲਾਈਲਾਮਾ, ਪੰਚਨਲਾਮਾ, ਈਰਾਨ ਦੇ ਬਾਦਸ਼ਾਹ ਰਜ਼ਾ ਸ਼ਾਹ ਪਹਿਲਵੀ ਆਦਿ ਇਸ ਡੈਮਦਾ ਦੌਰਾ ਕਰ ਚੁੱਕੇ ਹਨ। ਭਾਖੜਾਬੰਨ ਦੇ ਪਿੱਛੇ ਬਣੀ ਝੀਲ ਦਾ ਨਾਮ ਕਰਨ ਸਿੱਖਾਂ ਦੇ ਮਹਾਨ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਹੀ ਗੋਬਿੰਦ ਸਾਗਰ ਝੀਲ ਰੱਖਿਆ ਗਿਆ ਹੈ। ਇਹ ਝੀਲ 96.56 ਕਿਲੀਮੀਟਰ ਲੰਬੀ ਹੈ ਅਤੇ 168.35 ਵਰਗ ਕਿਲੋਮੀਟਰ ਖੇਤਰ ਵਿੱਚ ਫੈਲੀ ਹੋਈ ਹੈ। ਬੰਨ ਤੱਕ ਸਤਲੁਜ ਦਰਿਆਦਾ ਕੁੱਲ ਕੈਚਮੈਂਟਏਰੀਆਂ 56980 ਵਰਗ ਕਿਲੋਮੀਟਰ ਹੈ ਜਿਸ ਵਿੱਚ 37050 ਵਰਗ ਕਿਲੋਮੀਟਰ ਖੇਤਰ ਤਿੱਬਤ ਅਤੇ ਬਾਕੀ 19930 ਵਰਗ ਕਿਲੋਮੀਟਰ ਭਾਰਤ ਵਿੱਚ ਹੈ। ਗਰਮੀਆਂ ਦੇ ਮੌਸਮ ਵਿੱਚ ਮਾਨਸਰੋਵਰ ਝੀਲ ਅਤੇ ਰਸਤੇ ਦੀ ਬਰਫ ਦਾ ਪਿਘਲਿਆ ਹੋਇਆ ਪਾਣੀ ਅਤੇ ਬਾਰਿਸ਼ਦੀ ਰੁੱਤ ਵਿੱਚ ਕੈਚਮੈਂਟਏਰੀਆਂ ਤੋਂ ਆਉਣ ਵਾਲਾ ਵਰਖਾ ਦਾ ਪਾਣੀ ਬੰਨ ਵਿੱਚ ਇਕੱਠਾ ਕੀਤਾਜਾਂਦਾਹੈ। ਇਸ ਬੰਨ ਵਿੱਚ 50 ਤੋਂ 60 ਫੀਸਦੀ ਪਾਣੀ ਬਰਫ ਦੇ ਪਿਘਲਣ ਕਾਰਨ ਆਉਂਦਾ ਹੈ ਅਤੇ ਬਾਕੀ ਬਾਰਿਸ਼ ਤੋਂ। ਝੀਲ ਵਿੱਚ 1680 ਫੁੱਟ ਤੱਕ 93400 ਲੱਖ ਘਣਮੀਟਰ ਪਾਣੀ ਇਕੱਠਾ ਕੀਤਾ ਜਾਂਦਾ ਹੈ। ਝੀਲ ਵਿੱਚ ਬਰਸਾਤ ਦੇ ਦਿਨਾਂ ਵਿੱਚ ਜਮ੍ਹਾਕੀਤੇ ਜਾਣਵਾਲੇ ਪਾਣੀ ਦੀ ਬਦੋਲਤ ਜਿੱਥੇ ਪੰਜਾਬ, ਹਰਿਆਣ ਅਤੇ ਹੋਰ ਪ੍ਰਾਂਤਾ ਦੇ ਇਲਾਕਿਆਂ ਨੂੰ ਹੜ੍ਹ ਤੋਂ ਰਾਹਤ ਮਿਲਦੀ ਹੈ। ਇਸ ਝੀਲ ਤੋਂ ਪੰਜਾਬ, ਹਰਿਆਣਾ ਅਤੇ ਰਾਜਸਥਾਨਦੀ 65 ਲੱਖ ਹੈਕਟੇਅਰ ਭੂਮੀ ਦੀ ਸਿੰਚਾਈ ਹੁੰਦੀ ਹੈ। ਭਾਖੜਾ ਬੰਨ ਤੋਂ ਪੰਜਾਬ, ਹਰਿਆਣਾ, ਪੱਛਮੀ ਰਾਜਸਥਾਨ, ਚੰਡੀਗੜ ਅਤੇ ਦਿੱਲੀ ਦੇ ਮੁੱਖ ਸ਼ਹਿਰਾਂ ਦੇ ਲਈ ਪੀਣ ਦੇ ਪਾਣੀ ਦੀ ਪੂਰਤੀ ਵੀ ਕੀਤੀ ਜਾਂਦੀ ਹੈ। ਭਾਖੜਾ ਡੈਮ ਤੋਂ ਬਾਦ ਨੰਗਲ ਡੈਮ ਬਣਾਇਆ ਗਿਆ ਜਿਸ ਵਿੱਚ ਭਾਖੜਾ ਡੈਮ ਤੋਂ ਆਣ ਵਾਲੇ ਪਾਣੀ ਨੂੰ ਰੋਕ ਕੇ ਅੱਗੇ ਵੱਖ ਵੱਖਨਹਿਰਾਂ ਵਿੱਚ ਛੱਡਿਆ ਜਾਂਦਾਹੈ। ਭਾਖੜਾ ਬੰਨ ਕਾਰਨ ਦੇਸ਼ ਵਿੱਚ ਹਰੀ ਕ੍ਰਾਂਤੀ ਦਾ ਸੁਪਨਾ ਸਾਕਾਰ ਹੋ ਸਕਿਆ ਹੈ। 283.90 ਕਰੋੜ ਰੁਪਏ ਦੀ ਲਾਗਤ ਨਾਲ ਸਾਲ 1962 ਵਿੱਚ ਬਣ ਕੇ ਤਿਆਰ ਹੋਇਆ ਭਾਖੜਾ ਬੰਨ ਉਸ ਵੇਲੇ ਏਸ਼ੀਆਂ ਵਿੱਚ ਸਭ ਤੋਂ ਉੱਚਾ ਅਤੇ ਵਿਸ਼ਵ ਵਿੱਚ ਦੂਜੇ ਨੰਬਰ ਤੇ ਸੀ। ਭਾਖੜਾ ਡੈਮ ਦੇ ਦੋਨੋਂ ਪਾਸੇ ਪਾਵਰ ਪਲਾਂਟ ਬਣਾਏ ਗਏ ਹਨ ਜਿੱਥੇ ਟਰਵਾਇਨਾਂ ਰਾਹੀਂ ਸਿਰਫ 20 ਪੈਸੇ ਪ੍ਰਤੀ ਯੂਨਿਟ ਦੀ ਲਾਗਤ ਨਾਲ ਬਿਜ਼ਲੀ ਪੈਦਾ ਕੀਤੀ ਜਾਂਦੀ ਹੈ ਅਤੇ ਦੇਸ਼ ਦੇ ਵੱਖ ਵੱਖਭਾਗਾਂ ਨੂੰ ਸਪਲਾਈ ਕੀਤੀ ਜਾਂਦੀ ਹੈ। ਪਿਛਲੇ ਕਈ ਸਾਲਾਂ ਤੋਂ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦਾ ਬਿਜਲੀ ਉਦਪਾਦਨ ਕੇਂਦਰੀ ਬਿਜਲੀ ਅਥਾਰਟੀ (ਸੀਈਏ) ਦੁਆਰਾ ਨਿਰਧਾਰਤ ਟੀਚਿਆਂ ਤੋਂ ਲਗਾਤਾਰ ਵੱਧ ਰਿਹਾ ਹੈ। ਇਸਦਾ ਜਲ ਭੰਡਾਰਨ ਦੇਸ਼ ਦੇ ਸਭ ਤੋਂ ਵੱਡੇ ਜਲ ਭੰਡਾਰਾ ਵਿੱਚੋਂ ਇੱਕ ਹੈ। ਜਿਸਦੀ ਸਮਰੱਥਾ 9620 ਅਤੇ 8570 ਮਿਲੀਅਨ ਘਣਮੀਟਰ ਹੈ। ਅੱਜ ਦੇ ਦਿਨ 22 ਅਕਤੂਬਰ 1963 ਨੂੰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਸਵਰਗੀ ਜਵਾਹਰ ਲਾਲ ਨਹਿਰੂ ਨੇ ਇਸ ਡੈਮ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਅਤੇ ਇਸ ਬਾਰੇ ਕਿਹਾ ਕਿ ਭਾਖੜ੍ਹਾ ਨੰਗਲ ਪ੍ਰੋਜੈਕਟ ਕੁੱਝ ਹੈਰਾਨੀਜਨਕ ਹੈ, ਕੁੱਝ ਚਮਤਕਾਰੀ ਹੈ, ਕੁੱਝ ਅਜਿਹਾ ਹੈ ਜਿਸਨੂੰ ਵੇਖਕੇ ਤੁਹਾਡੇ ਦਿਲ ਵਿੱਚ ਤੁਫਾਨ ਉਠਦਾ ਹੈ। 2013 ਵਿੱਚ ਗੋਲਡਨ ਜੁਬਲੀ ਮੌਕੇ ਹੋਏ ਸਮਾਰੋਹ ਵਿੱਚ ਕੇਂਦਰ ਅਤੇ ਵੱਖ ਵੱਖ ਹਿੱਸੇਦਾਰ ਰਾਜਾਂ ਦੇ ਆਗੂਆਂ ਨੇ ਇਸ ਡੈਮਅਤੇ ਇਲਾਕੇ ਦੇ ਵਿਕਾਸ ਲਈ ਘੋਸ਼ਣਾਵਾਂ ਕੀਤੀਆਂ ਸਨ ਪਰ ਇਲਾਕੇ ਦੀ ਹੋ ਰਹੀ ਬਰਬਾਦੀ ਉਨ੍ਹਾਂ ਘੋਸ਼ਣਾਵਾਂ ਦੀ ਪੋਲ ਖੋਲਦੀ ਹੈ। ਹਰ ਸਾਲ ਵਾਂਗ ਅੱਜ 22 ਅਕਤੂਬਰ ਨੂੰ ਭਾਖੜ੍ਹਾ ਡੈਮ ਦਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ ਪਰ ਸਰਕਾਰਾਂ ਦੀ ਲਾਪਰਵਾਹੀ ਅਤੇ ਕੁੱਝ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ ਕਾਰਨ ਇਸ ਡੈਮ ਦੀ ਤਰੱਕੀ ਲਈ ਕੋਈ ਠੋਸ ਯੋਜਨਾ ਲਾਗੂ ਨਹੀਂ ਹੋਈ ਹੈ ਅਤੇ ਇਸ ਡੈਮ ਕਾਰਨ ਵਸਿਆ ਨੰਗਲ ਸ਼ਹਿਰ ਉੱਜੜ ਰਿਹਾ ਹੈ। ਕੇਂਦਰ ਸਰਕਾਰ ਅਧੀਨ ਚੱਲ ਰਹੇ ਇਸ ਅਦਾਰੇ ਨੂੰ ਹੋਰ ਵਿਕਸਿਤ ਕਰਨ ਲਈ ਠੋਸ ਯੋਜਨਾ ਬਣਾ ਕੇ ਅਮਲੀ ਜਾਮਾ ਪਹਿਨਾਉਣ ਦੀ ਜਰੂਰਤ ਹੈ।



# ਰੁੱਸੇ-ਰੁੱਸੇ ਚੱਲ ਰਹੇ ਹਮਲਿਟਨ ਪੱਛਮੀ ਤੋਂ ਭਾਰਤੀ ਸਾਂਸਦ ਸ੍ਰੀ ਗੌਰਵ ਸ਼ਰਮਾ ਨੇ ਦਿੱਤਾ ਅਸਤੀਫਾ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ):-** ਨਿਊਜ਼ੀਲੈਂਡ ਦੇ ਵਿਚ ਵੋਟਾਂ ਰਾਹੀਂ ਚੋਣ ਜਿੱਤ ਕੇ ਸਾਂਸਦ ਬਨਣ ਵਾਲੇ ਹਿਮਾਚਲ ਮੂਲ ਦੇ ਭਾਰਤੀ ਸ੍ਰੀ ਗੌਰਵ ਸ਼ਰਮਾ ਨੇ 17 ਅਕਤੂਬਰ 2020 ਨੂੰ ਇਕ ਤਰ੍ਹਾਂ ਨਾਲ ਇਤਿਹਾਸ ਰਚਿਆ ਸੀ, ਸੰਸਦੀ ਸਹੁੰ ਸੰਸਕ੍ਰਿਤ ਭਾਸ਼ਾ ਵਿਚ ਚੁੱਕੀ ਸੀ, ਪਰ ਅੱਜ ਪੂਰੇ ਦੋ ਸਾਲ ਪੂਰੇ ਹੋਣ ਬਾਅਦ ਉਨ੍ਹਾਂ ਆਪਣਾ ਸੰਸਦੀ ਜੀਵਨ ਅਸਤੀਫਾ ਦੇ ਕੇ ਨਵਾਂ ਅਧਿਆਏ ਸ਼ੁਰੂ ਕਰਨ ਦਾ ਫੈਸਲਾ ਲਿਆ। ਉਹ ਹਮਿਲਟਨ ਪੱਛਮੀ ਹਲਕੇ ਤੋਂ ਚੋਣ ਜਿੱਤੇ ਸਨ। ਮੌਜੂਦਾ ਸਰਕਾਰ ਦੇ ਨਾਲ ਉਨ੍ਹਾਂ ਦੀ ਕਈ ਮਾਮਲਿਆਂ ਵਿਚ ਤਕਰਾਰ ਚੱਲ ਰਹੀ ਸੀ। ਉਨ੍ਹਾਂ ਨੂੰ ਪਾਰਟੀ ਦੇ ਕਾਕਸ ਤੋਂ ਬਾਹਰ ਕਰ ਦਿੱਤਾ ਗਿਆ ਸੀ। ਉਨ੍ਹਾਂ ਨੇ 11 ਅਗਸਤ 2022 ਨੂੰ ਇਕ ਰਾਸ਼ਟਰੀ ਅਖਬਾਰ ਦੇ ਵਿਚ ਇਹ ਕਹਿ ਦਿੱਤਾ ਸੀ ਕਿ ਪਾਰਲੀਮੈਂਟ ਦੇ ਵਿਚ ਉਨ੍ਹਾਂ ਨਾਲ ਈਰਖਾ ਭਰਿਆ ਵਰਤਾਓ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਉਸਦੇ ਪਾਰਲੀਮੈਂਟ ਸਟਾਫ ਦੇ ਨਾਲ ਵੀ ਰਾਸ ਨਹੀਂ ਰਲ ਰਹੀ ਸੀ। ਉਨ੍ਹਾਂ ਨੂੰ ਗੁਪਤਤਾ ਅਤੇ ਆਪਣੇ ਸੰਸਦੀ ਸਾਥੀਆਂ ਦਾ ਵਿਸ਼ਵਾਸ਼ ਗੁਆਉਣ ਕਰਕੇ ਲੇਬਰ ਪਾਰਟੀ ਕਾਕਸ (ਬੈਠਕ ਦੱਲ) ਤੋਂ ਬਾਹਰ ਕਰ ਦਿੱਤਾ ਗਿਆ ਸੀ।

ਸ੍ਰੀ ਗੌਰਵ ਸ਼ਰਮਾ ਨੇ ਅਸਤੀਫੇ ਦਾ ਕਾਰਨ ਇਹ ਪ੍ਰਗਟ ਕੀਤਾ ਹੈ ਕਿ ਪ੍ਰਧਾਨ ਮੰਤਰੀ ਅਤੇ ਲੇਬਰ ਪਾਰਟੀ ਉਨ੍ਹਾਂ ਨੂੰ ਸੰਸਦ ਤੋਂ ਹਟਾਉਣ ਲਈ ਅਗਲੀਆਂ ਆਮ ਚੋਣਾਂ ਤੋਂ ਛੇ ਮਹੀਨੇ ਪਹਿਲਾਂ ਵਾਕਾ ਜੰਪਿੰਗ ਨਿਯਮ ਲਾਗੂ ਕਰਨ ਦੀ ਯੋਜਨਾ ਬਣਾ ਰਹੀ ਹੈ, ਜੋ ਇਹ ਯਕੀਨੀ ਬਣਾਏਗਾ ਕਿ ਉਪ ਚੋਣ ਦੀ ਕੋਈ ਲੋੜ ਨਹੀਂ ਹੈ। ਵਾਕਾ ਜੰਪਿੰਗ ਬਿਲ 2018 ਵਿਚ ਪਾਸ ਹੋਇਆ ਸੀ ਕਿ ਜੇਕਰ ਚੁਣਿਆ ਹੋਇਆ ਸਾਂਸਦ ਪਾਰਟੀ ਨੂੰ ਨੁਕਸਾਨ ਪਹੁੰਚਾਉਂਦਾ ਹੈ ਤਾਂ ਉਸਨੂੰ ਕਿਵੇਂ ਪਾਰਲੀਮੈਂਟ ਤੋਂ ਰੋਕਿਆ ਜਾ ਸਕਦਾ ਹੈ। ਉਸਨੂੰ ਪਾਰਲੀਮੈਂਟ ਵਿਚ ਪਹੁੰਚਣ ਲਈ ਦੁਬਾਰਾ ਜ਼ਿਮਣੀ ਚੋਣ ਰਾਹੀਂ ਆਉਣਾ ਪਵੇਗਾ। ਇਸ ਬਿਲ ਦੇ ਹੱਕ ਵਿਚ 63 ਵੋਟਾਂ ਪਈਆਂ ਸਨ ਅਤੇ ਵਿਰੋਧ ਵਿਚ 57।



ਸ੍ਰੀ ਸ਼ਰਮਾ ਨੇ ਆਪਣੀ ਪੋਸਟ ਵਿਚ ਲਿਖਿਆ ਹੈ ਕਿ ਮੈਨੂੰ ਗੰਭੀਰ ਚਿੰਤਾਵਾਂ ਹਨ ਕਿ ਇਸ ਗੁੰਝਲਦਾਰ ਕਦਮ ਦਾ ਮਤਲਬ ਹੈ ਕਿ ਅਗਲੀਆਂ ਆਮ ਚੋਣਾਂ ਤੋਂ ਪਹਿਲਾਂ ਛੇ ਮਹੀਨਿਆਂ ਤੱਕ ਹੈਮਿਲਟਨ ਪੱਛਮੀ ਦੇ ਲੋਕਾਂ ਦੀ ਸੰਸਦ 'ਚ ਕੋਈ ਆਵਾਜ਼ ਨਹੀਂ ਹੋਵੇਗੀ। ਹਮਿਲਟਨ ਦੇ ਲੋਕਾਂ ਨੂੰ ਆਪਣੇ ਜਮਹੂਰੀ ਹੱਕਾਂ ਨੂੰ ਨਾ ਗੁਆਉਣ ਦਾ ਮੌਕਾ ਦੇਣ ਲਈ ਸੰਸਦ ਤੋਂ ਅਸਤੀਫ਼ਾ ਦੇਣ ਅਤੇ ਜ਼ਿਮਨੀ ਚੋਣ ਕਰਵਾਉਣ ਦਾ ਰਾਹ ਪੱਧਰਾ ਕੀਤਾ ਹੈ। ਸ਼ਰਮਾ ਨੇ ਕਿਹਾ ਕਿ ਉਹ ਉਪ-ਚੋਣਾਂ ਦੇ ਨਾਲ-ਨਾਲ ਇੱਕ 'ਨਿਊ ਸੈਂਟਰਿਸਟ (ਕੇਂਦਰਵਾਦੀ) ਪਾਰਟੀ' ਸ਼ੁਰੂ ਕਰਨ ਦਾ ਇਰਾਦਾ ਰੱਖਦੇ ਹਨ।

ਜਦੋਂ ਕਿ ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਨੇ ਉਸ ਦੇ ਦਾਅਵੇ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਵਾਕਾ ਜੰਪਿੰਗ ਵਿਵਸਥਾਵਾਂ ਨੂੰ ਲਾਗੂ ਕਰਨ ਬਾਰੇ ਕੋਈ ਵਿਚਾਰ ਨਹੀਂ ਕੀਤਾ ਗਿਆ। ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਨੇ ਪਹਿਲਾਂ ਕਿਹਾ ਹੈ ਕਿ ਹਰੇਕ ਜ਼ਿਮਨੀ ਚੋਣ 'ਤੇ ਟੈਕਸਦਾਤਾ ਦਾ ਅੰਦਾਜ਼ਨ 1 ਮਿਲੀਅਨ ਡਾਲਰ ਖ਼ਰਚ ਹੁੰਦਾ ਹੈ। ਲੇਬਰ ਲੀਡਰ ਤੇ ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਦਾ ਕਹਿਣਾ ਹੈ ਕਿ ਜ਼ਿਮਨੀ ਚੋਣ ਸਮੇਂ ਅਤੇ ਪੈਸੇ ਦੀ ਬਰਬਾਦੀ ਹੋਵੇਗੀ, ਕਰਦਾਤਾ ਨੂੰ ਲੱਖਾਂ ਡਾਲਰਾਂ ਦਾ ਖ਼ਰਚਾ ਹੋਵੇਗਾ। ਪ੍ਰਧਾਨ ਮੰਤਰੀ ਆਰਡਰਨ ਨੇ ਸ਼ਰਮਾ ਨੂੰ ਇੱਕ ਸੁਤੰਤਰ ਤੌਰ 'ਤੇ ਸੰਸਦ ਵਿੱਚ ਰਹਿਣ ਦੀ ਅਪੀਲ ਕੀਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ 'ਵਾਕਾ ਜੰਪਿੰਗ' ਟ੍ਰਿਗਰ ਨੂੰ ਖ਼ੁਦ ਸੰਸਦ ਤੋਂ ਬਾਹਰ ਧੱਕਣ ਦੀ ਕੋਈ ਯੋਜਨਾ ਨਹੀਂ ਸੀ। ਉਨ੍ਹਾਂ ਨੇ ਸ਼ਰਮਾ ਨੂੰ ਆਪਣੇ ਅਸਤੀਫ਼ੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਉਪ ਚੋਣ ਟੈਕਸਦਾਤਾਵਾਂ ਦੇ ਫ਼ੰਡਾਂ ਨੂੰ ਬਰਬਾਦ ਕਰੇਗੀ। ਉਹ ਜ਼ਿਮਨੀ ਚੋਣ ਸ਼ੁਰੂ ਕਰਵਾਉਣ ਲਈ ਟੈਕਸਦਾਤਾ ਦੇ ਲੱਖਾਂ ਡਾਲਰਾਂ ਦਾ ਬੇਲੋੜਾ ਖ਼ਰਚਾ ਕਰਵਾ ਰਿਹਾ ਹੈ, ਜਿਸ 'ਚ ਉਹ ਖੜੇ ਹੋਣ ਦਾ ਇਰਾਦਾ ਰੱਖਦਾ ਹੈ। ਅਸੀਂ ਇਸ ਨੂੰ ਬੇਲੋੜਾ ਅਤੇ ਫ਼ਜ਼ੂਲ ਸਮਝਦੇ ਹਾਂ ਕਿਉਂਕਿ 2023 ਵਿੱਚ ਆਮ ਚੋਣਾਂ ਹੋਣੀਆਂ ਹਨ।

ਸਾਂਸਦ ਸ਼ਰਮਾ ਨੇ ਲੇਬਰ ਕਾਕਸ ਤੋਂ ਕੱਢੇ ਜਾਣ ਤੋਂ ਬਾਅਦ ਆਜ਼ਾਦ ਸੰਸਦ ਮੈਂਬਰ ਵਜੋਂ ਕੰਮ ਕਰਨਾ ਜਾਰੀ ਰੱਖਿਆ ਸੀ। ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੇ ਅੱਜ ਮੰਗਲਵਾਰ ਨੂੰ ਹੀ ਅਸਤੀਫ਼ਾ ਦੇਣ ਦਾ ਫ਼ੈਸਲਾ ਕੀਤਾ ਅਤੇ ਨਵੀਂ ਸਿਆਸੀ ਪਾਰਟੀ ਬਣਾਉਣ ਦੀ ਯੋਜਨਾ ਬਣਾਈ ਹੈ। ਅਸਤੀਫ਼ਾ ਦੇਣ ਦੇ ਬਾਵਜੂਦ, ਸ਼ਰਮਾ ਨੇ ਕਿਹਾ ਕਿ ਉਹ ਜ਼ਿਮਨੀ ਚੋਣ ਜਿੱਤਣਾ ਚਾਹੁੰਦੇ ਹਨ ਅਤੇ ਹੈਮਿਲਟਨ ਵੈਸਟ ਲਈ ਇੱਕ ਆਜ਼ਾਦ ਸੰਸਦ ਮੈਂਬਰ ਵਜੋਂ ਦੁਬਾਰਾ ਸੰਸਦ ਵਿੱਚ ਪਰਤਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਅਜਿਹਾ ਕੋਈ ਤਰੀਕਾ ਨਹੀਂ ਹੈ ਕਿ ਉਹ ਆਪਣੇ ਅਸਤੀਫ਼ੇ 'ਤੇ ਮੁੜ ਵਿਚਾਰ ਕਰਨਗੇ। ਸ਼ਰਮਾ ਨੇ ਕਿਹਾ ਕਿ ਅਸਤੀਫ਼ਾ ਦੇਣ ਤੋਂ ਬਾਅਦ ਉਨ੍ਹਾਂ ਨੂੰ ਰਾਹਤ ਮਹਿਸੂਸ ਹੋਈ ਹੈ। ਸੋ ਵੋਟਾਂ ਰਾਹੀਂ ਜਿੱਤ ਕੇ ਭਾਵੇਂ ਸ੍ਰੀ ਗੌਰਵ ਸ਼ਰਮਾ ਨੇ ਇਤਿਹਾਸ ਸਿਰਜ ਦਿੱਤਾ ਸੀ, ਪਰ ਕਈ ਤਰ੍ਹਾਂ ਦੇ ਰੋਸਿਆਂ ਦੇ ਆਏ ਵਾਵਰੋਲਿਆਂ ਨੇ ਇਹ ਸੁਹਾਵਨਾ ਸਫਰ ਡਾਵਾਂਡੋਲ ਕਰ ਦਿੱਤਾ ਅਤੇ ਸਥਿਤੀ ਦੁਬਾਰਾ 'ਏ' ਤੋਂ ਸ਼ੁਰੂ ਕਰਨ ਤੱਕ ਜਾ ਪਈ।

# 24 ਅਕਤੂਬਰ, 2022 ਲਈ ਸੰਯੁਕਤ ਰਾਸ਼ਟਰ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼

ਸੰਯੁਕਤ ਰਾਸ਼ਟਰ ਦਿਵਸ ਹਰ ਸਾਲ 24 ਅਕਤੂਬਰ ਨੂੰ ਮਨਾਇਆ ਜਾਂਦਾ ਹੈ ਜੋਕਿ ਸੰਯੁਕਤ ਰਾਸ਼ਟਰ ਦੀ ਸਥਾਪਨਾ ਨੂੰ ਮਾਨਤਾ ਦਿੰਦਾ ਹੈ। ਸੰਯੁਕਤ ਰਾਸ਼ਟਰ ਦੀ ਸਥਾਪਨਾ ਅੱਜ ਦੇ ਦਿਨ 24 ਅਕਤੂਬਰ, 1945 ਨੂੰ ਹੋਈ ਸੀ ਅਤੇ ਸੰਯੁਕਤ ਰਾਸ਼ਟਰ ਦਿਵਸ ਸਭਤੋਂ ਪਹਿਲਾਂ 24 ਅਕਤੂਬਰ 1948 ਨੂੰ ਮਨਾਇਆ ਗਿਆ। ਜੇਕਰ ਸੰਯੁਕਤ ਰਾਸ਼ਟਰ ਸੰਗਠਨ ਦਾ ਇਤਿਹਾਸ ਵੇਖੀਏ ਤਾਂ 19ਵੀਂ ਸਦੀ ਵਿੱਚ ਯੂਰਪ ਦੇ ਕਈ ਦੇਸ਼ਾਂ ਵਿੱਚ ਮਹਾਂਯੁੱਧ ਹੋਇਆ ਜਿਸਨੂੰ ਪਹਿਲਾ ਵਿਸ਼ਵ ਯੁੱਧ ਕਿਹਾ ਜਾਂਦਾ ਹੈ ਜੋਕਿ 1914 ਤੋਂ ਲੈਕੇ 1918 ਤੱਕ ਚੱਲਿਆ। ਇਸ ਮਹਾਂਯੁੱਧ ਵਿੱਚ ਜਿਹੜੇ ਦੇਸ਼ ਸ਼ਾਮਿਲ ਸਨ ਉਨ੍ਹਾਂ ਦਾ ਤਾਂ ਨੁਕਸਾਨ ਹੋਇਆ ਹੀ ਸੀ ਪਰ ਜਿਹੜੇ ਸ਼ਾਮਿਲ ਵੀ ਨਹੀਂ ਸਨ ਉਨ੍ਹਾਂ ਨੂੰ ਵੀ ਕਈ ਤਰਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਯੁੱਧ ਕਾਰਨ ਹੋਣ ਵਾਲੀ ਤਬਾਹੀ ਨੂੰ ਵੇਖਦੇ ਹੋਏ ਅਤੇ ਭਵਿੱਖ ਵਿੱਚ ਇਸ ਤਬਾਹੀ ਤੋਂ ਬਚਣ ਲਈ ਇੱਕ ਅੰਤਰ-ਰਾਸ਼ਟਰੀ ਸੰਸਥਾ ਲੀਗ ਆਫ ਨੇਸ਼ਨਜ਼ ਬਣਾਉਣ ਦਾ ਫੈਸਲਾ ਕੀਤਾ ਗਿਆ। ਲੀਗ ਆਫ ਨੇਸ਼ਨਜ਼ ਦੀ ਸਥਾਪਨਾ 28 ਜੂਨ 1919 ਨੂੰ ਫਰਾਂਸ ਵਿੱਚ ਹੋਏ ਸਮਝੋਤੇ ਤੋਂ ਬਾਦ ਹੋਈ। ਲੀਗ ਆਫ ਨੇਸ਼ਨਜ਼ ਦੀ ਸਥਾਪਨਾ ਤੋਂ ਬਾਦ ਦੋ ਦਹਾਕਿਆਂ ਤੱਕ ਸਮੂਹ ਦੇਸ਼ਾਂ ਨੇ ਯੁੱਧ ਤੋਂ ਬਚਣ ਲਈ ਬਹੁਤ ਹੀ ਕੰਮ ਕੀਤਾ ਗਿਆ। ਇਸ ਲੀਗ ਆਫ ਨੇਸ਼ਨਜ਼ ਦਾ ਮੁੱਖ ਉਦੇਸ਼ ਅੰਤਰਰਾਸ਼ਟਰੀ ਝਗੜਿਆਂ ਨੂੰ ਸੁਲਝਾਉਣਾ ਸੀ। ਇਸ ਕੋਲ ਅਪਣੇ ਫੈਸਲੇ ਮਨਵਾਉਣ ਲਈ ਅਪਣੀ ਕੋਈ ਵੀ ਸੈਨਿਕ ਸ਼ਕਤੀ ਨਹੀਂ ਸੀ। ਇਸ ਦੀਆਂ ਕੋਸ਼ਿਸ਼ਾਂ ਦੇ ਬਾਬਜੂਦ ਵੀ ਕੁੱਝ ਦੇਸ਼ਾਂ ਦੇ ਝਗੜੇ ਨਿਪਟਾਉਣ ਵਿੱਚ ਇਹ ਨਾਕਾਮ ਰਿਹਾ ਅਤੇ ਸਾਲ 1939 ਵਿੱਚ ਦੂਜਾ ਵਿਸ਼ਵ ਯੁੱਧ ਹੋ ਗਿਆ ਜੋਕਿ 1939 ਤੋਂ 1945 ਤੱਕ ਲੱਗਭੱਗ ਛੇ ਸਾਲ ਚੱਲਿਆ ਅਤੇ ਇਸ ਵਿੱਚ ਬਹੁਤ ਹੀ ਨੁਕਸਾਨ ਹੋਇਆ। ਜਰਮਨੀ ਦੇ ਸ਼ਾਸ਼ਕ ਹਿਟਲਰ ਅਤੇ ਉਸਦੇ ਸਾਥੀਆਂ ਨੇ ਇਸ ਸੰਸਥਾ ਲੀਗ ਆਫ ਨੇਸ਼ਨਜ਼ ਦਾ ਅਧਾਰ ਹੀ ਖਤਮ ਕਰ ਦਿੱਤਾ। ਅਮਰੀਕਾ ਦੁਆਰਾ ਜਪਾਨ ਦੇ ਸ਼ਹਿਰਾਂ ਨਾਗਾਸਾਕੀ ਅਤੇ ਹਿਰੋਸ਼ੀਮਾ ਤੇ ਕੀਤੇ ਗਏ ਬੰਬ ਹਮਲਿਆਂ ਨਾਲ ਭਿਅਕਰ ਤਬਾਹੀ ਹੋਈ। ਇਸ ਤਬਾਹੀ ਨੂੰ ਵੇਖਕੇ ਅਮਨ ਪਸੰਦ ਕਈ ਰਾਸ਼ਟਰਾਂ ਨੇ ਬੈਠਕ ਕੀਤੀ ਅਤੇ ਵਿਸ਼ਵ ਸ਼ਾਂਤੀ ਲਈ ਯੋਜਨਾ ਬਣਾਈ। 25 ਅਪ੍ਰੈਲ, 1945 ਨੂੰ ਸਾਨ ਫਰਾਂਸਿਸਕੋ ਵਿੱਚ ਸੰਯੁਕਤ ਰਾਸ਼ਟਰ ਸੰਮੇਲਨ ਹੋਇਆ। ਸਾਨ ਫਰਾਂਸਿਸਕੋ ਕਾਨਫਰੰਸ ਦੇ ਖਤਮ ਹੋਣ ਤੋਂ ਚਾਰ ਮਹੀਨਿਆਂ ਬਾਅਦ ਸੰਯੁਕਤ ਰਾਸ਼ਟਰ ਅਧਿਕਾਰਤ ਤੌਰ ਤੇ 24 ਅਕਤੂਬਰ 1945 ਨੂੰ ਸ਼ੁਰੂ ਹੋਇਆ ਜਦੋਂ ਇਹ ਚੀਨ, ਫਰਾਂਸ, ਸੋਵੀਅਤ ਯੂਨੀਅਨ, ਯੂਨਾਈਟਿਡ ਕਿੰਗਡਮ, ਸੰਯੁਕਤ ਰਾਜ ਅਮਰੀਕਾ ਦੁਆਰਾ ਇਸ ਦੇ ਚਾਰਟਰ ਦੀ ਪੁਸ਼ਟੀ ਹੋਣ ਤੋਂ ਬਾਅਦ ਹੋਂਦ ਵਿੱਚ ਆਇਆ। ਵਿਸ਼ਵ ਦੀਆਂ ਤਾਕਤਾਂ ਮੰਨੇ ਜਾਂਦੇ ਅਮਰੀਕਾ ਦੇ ਰਾਸ਼ਟਰਪਤੀ ਰੂਜ਼ਵੇਲਟ, ਇੰਗਲੈਂਡ ਦੇ ਪ੍ਰਧਾਨ ਮੰਤਰੀ ਚਰਚਿਲ ਅਤੇ ਰੂਸ ਦੇ ਆਗੂ ਸਟਾਲਿਨ ਦੀਆਂ ਅਣਥੱਕ ਕੋਸ਼ਿਸਾਂ ਸਦਕਾ ਹੀ 24 ਅਕਤੂਬਰ 1945 ਨੂੰ ਅਮਰੀਕਾ ਦੇ ਸਾਨ ਫਰਾਂਸਿਸਕੋ ਵਿੱਚ 50 ਦੇਸ਼ਾਂ ਨੇ ਮਿਲਕੇ ਸੰਯੁਕਤ ਰਾਸ਼ਟਰ ਸੰਘ ਦਾ ਅਪਣਾ ਸੰਵਿਧਾਨ ਬਣਾਇਆ ਜਿਸਦਾ ਮੁੱਖ ਉਦੇਸ਼ ਵੱਖ-ਵੱਖ ਦੇਸ਼ਾਂ ਵਿੱਚ ਸ਼ਾਂਤਮਈ ਸਬੰਧ ਕਾਇਮ ਰੱਖਣਾ ਅਤੇ ਉਨ੍ਹਾਂ ਦੇ ਸਮਾਜਿਕ-ਆਰਥਿਕ ਵਿਕਾਸ ਲਈ ਸਹਿਯੋਗ ਕਰਨਾ ਰੱਖਿਆ ਗਿਆ। ਇਸਦੇ ਸੰਵਿਧਾਨ ਅਨੁਸਾਰ ਇਸਦਾ ਮੁੱਖ ਕੰਮ ਕਿਸੇ ਵੀ ਦੇਸ਼ ਦੁਆਰਾ ਦੂਜੇ ਤੇ ਕੀਤੇ ਜਾਣ ਵਾਲੇ ਹਮਲਿਆਂ ਨੂੰ ਰੋਕਣਾ, ਅੰਤਰਰਾਸ਼ਟਰੀ ਸੁਰੱਖਿਆ ਅਤੇ ਸ਼ਾਂਤੀ ਕਾਇਮ ਰੱਖਣਾ, ਬਰਾਬਰਤਾ ਅਤੇ ਸਵੈ ਨਿਰਣੈ ਦੇ ਅਧਿਕਾਰ ਦੇ ਅਧਾਰ ਤੇ ਵੱਖ ਵੱਖ ਦੇਸ਼ਾਂ ਵਿੱਚ ਮਿੱਤਰਤਾ ਵਾਲੇ ਸਬੰਧ ਕਾਇਮ ਕਰਨਾ, ਅੰਤਰਰਾਸ਼ਟਰੀ ਅਧਾਰ ਤੇ ਵੱਖ-ਵੱਖ ਦੇਸ਼ਾਂ ਵਿੱਚ ਸਮਾਜਿਕ, ਆਰਥਿਕ, ਸੰਸਕ੍ਰਿਤਕ ਅਤੇ ਹੋਰ ਮਾਨਵੀ ਸਬੰਧਾ ਵਿੱਚ ਆਪਸੀ ਸਹਿਯੋਗ ਦਾ ਵਿਕਾਸ ਕਰਨਾ ਸੀ। ਨਸਲ, ਜਾਤਿ, ਧਰਮ, ਭਾਸ਼ਾ, ਲਿੰਗ ਆਦਿ ਦੇ ਅਧਾਰ ਤੇ ਹੋਣ ਵਾਲੇ ਵਿਤਕਰਿਆਂ ਨੂੰ ਖਤਮ ਕਰਨਾ ਅਤੇ ਮਨੁੱਖੀ ਅਧਿਕਾਰਾਂ ਦੀ ਭਾਵਨਾ ਨੂੰ ਵਿਕਸਿਤ ਕਰਨਾ ਹੈ। 10 ਜਨਵਰੀ 1946 ਨੂੰ ਲੰਡਨ ਵਿੱਚ ਇਸਦਾ ਪਹਿਲਾ ਸੰਮੇਲਨ ਹੋਇਆ ਜਿਸ ਵਿੱਚ ਇਸਦਾ ਮੁੱਖ ਦੱਫਤਰ ਮੈਨਹੈਟਨ ਟਾਪੂ ਨਿਉਯਾਰਕ ਸ਼ਹਿਰ ਵਿੱਚ ਬਣਾਇਆ ਗਿਆ ਸੀ। ਇਸਤੋਂ ਇਲਾਵਾਂ ਇਸ ਦੀਆਂ ਕੁੱਝ ਸੰਸਥਾਵਾਂ ਦੇ ਦਫਤਰ ਜਨੇਵਾ, ਕੋਪਨਹੇਵਨ ਆਦਿ ਵਿੱਚ ਵੀ ਬਣਾਏ ਗਏ ਹਨ। ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਵੇਲੇ ਸਿਰਫ 04 ਭਾਸ਼ਾਵਾਂ ਨੂੰ ਹੀ ਰਾਜ ਭਾਸ਼ਾਵਾਂ ਦਾ ਦਰਜਾ ਦਿਤਾ ਗਿਆ ਸੀ ਪਰੰਤੂ ਹੁਣ ਅਰਬੀ, ਚੀਨੀ, ਅੰਗਰੇਜੀ, ਫਰਾਂਸਿਸੀ, ਸਪੇਨੀ ਅਤੇ ਰੂਸੀ ਇਸ ਦੀਆਂ ਅਧਿਕਾਰਤ ਭਾਸ਼ਾਵਾਂ ਬਣਾਈਆਂ ਗਈਆਂ। ਭਾਰਤ ਨੇ ਬੇਸ਼ੱਕ ਹਿੰਦੀ ਨੂੰ ਰਾਜ ਭਾਸ਼ਾ ਬਣਾਉਣ ਲਈ ਪੂਰਾ ਜ਼ੋਰ ਲਗਾਇਆ ਹੋਇਆ ਹੈ ਪਰ ਅਜੇ ਤੱਕ ਹਿੰਦੀ ਨੂੰ ਇਸ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ। ਸਮੇਂ-ਸਮੇਂ ਤੇ ਭਾਰਤ ਦੇ ਕਈ ਆਗੂਆਂ ਸਵਰਗੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ, ਸਵਰਗੀ ਵਿਦੇਸ਼ ਮੰਤਰੀ ਸ਼ੁਸ਼ਮਾ ਸਵਰਾਜ, ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਦਿ ਨੇ ਸੰਯੁਕਤ ਰਾਸ਼ਟਰ ਵਿੱਚ ਹਿੰਦੀ ਭਾਸ਼ਾ ਵਿੱਚ ਹੀ ਅਪਣਾ ਭਾਸ਼ਣ ਦਿੱਤਾ ਹੈ। ਮੌਜੂਦਾ ਸਮੇਂ ਵਿਸ਼ਵ ਦੇ ਸਾਰੇ ਮਾਨਤਾ ਪ੍ਰਾਪਤ 193 ਦੇਸ਼ ਇਸਦੇ ਮੈਂਬਰ ਹਨ। ਸੰਯੁਕਤ ਰਾਸ਼ਟਰ ਸੰਘ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਕਈ ਸ਼ਾਖਾਵਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਵਿੱਚੋਂ ਪ੍ਰਮੁੱਖ ਆਮ ਸਭਾ ਜੋਕਿ ਸੰਯੁਕਤ ਰਾਸ਼ਟਰ ਸੰਘ ਦੇ ਸਾਰੇ ਮਾਮਲਿਆਂ ਸਬੰਧੀ ਫੈਸਲੇ ਕਰਦੀ ਹੈ, ਬੱਜਟ ਨੂੰ ਪਾਸ ਕਰਦੀ ਹੈ, ਸੰਯੁਕਤ ਰਾਸ਼ਟਰ ਸੰਘ ਦੇ ਫੈਸਲਿਆਂ ਨੂੰ ਨਾਂ ਮੰਨਣ ਵਾਲੇ ਦੇਸ਼ਾਂ ਦੀ ਮੈਂਬਰਸ਼ਿਪ ਰੱਦ ਕਰਨ ਸਬੰਧੀ ਫੈਸਲਾ ਕਰਨਾ, ਨਵੇਂ ਦੇਸਾਂ ਨੂੰ ਮੈਂਬਰਸ਼ਿਪ ਦੇਣ ਸਬੰਧੀ ਫੈਸਲੇ ਕਰਨਾ ਸ਼ਾਮਿਲ ਹੇ। ਸੰਯੁਕਤ ਰਾਸ਼ਟਰ ਸੰਘ ਦੀ ਇੱਕ ਸ਼ਾਖਾ ਸੁਰੱਖਿਆ ਪ੍ਰੀਸ਼ਦ ਹੈ ਜਿਸਦੇ ਅਮਰੀਕਾ, ਰੂਸ, ਬ੍ਰਿਟੇਨ, ਫਰਾਂਸ, ਚੀਨ 05 ਸਥਾਈ ਮੈਂਬਰ ਹਨ ਅਤੇ 10 ਹੋਰ ਮੈਂਬਰਾ ਦੀ ਨਿਯੁਕਤੀ ਸਧਾਰਣ ਸਭਾ ਕਰਦੀ ਹੈ ਜਿਨ੍ਹਾ ਦਾ ਕਾਰਜਕਾਲ 02 ਸਾਲ ਤੱਕ ਹੁੰਦਾ ਹੈ ਅਤੇ ਇਨ੍ਹਾਂ ਕੋਲ ਵੀਟੋ ਅਧਿਕਾਰ ਹੁੰਦਾ ਹੈ ਅਤੇ ਇਹ ਦੇਸ਼ਾਂ ਵਿੱਚ ਯੁੱਧ ਸ਼ੁਰੁ ਹੋਣ ਦੀ ਹਾਲਤ ਵਿੱਚ ਯੁੱਧ ਰੋਕਣ ਲਈ ਯੁੱਧ ਵਿਰਾਮ ਦੇ ਆਦੇਸ਼ ਦਿੰਦੀ ਹੈ ਅਤੇ ਜੇਕਰ ਜਰੂਰਤ ਪਵੇ ਤਾਂ ਮੈਂਬਰ ਦੇਸ਼ਾਂ ਨੂੰ ਸੈਨਿਕ ਸਹਾਇਤਾ ਦਿੰਦੀ ਹੈ। ਸੰਯੁਕਤ ਰਾਸ਼ਟਰ ਸੰਘ ਦੀ ਇੱਕ ਹੋਰ ਮਹੱਤਵਪੂਰਨ ਸ਼ਾਖਾ ਅੰਤਰਰਾਸ਼ਟਰੀ ਅਦਾਲਤ ਹੈ ਜਿਸਦੇ 15 ਜੱਜ ਹੁੰਦੇ ਹਨ ਜਿਨ੍ਹਾ ਦੀ ਚੌਣ ਸਥਾਈ




ਸਭਾ ਅਤੇ ਸੁਰੱਖਿਆ ਪ੍ਰੀਸ਼ਦ ਕਰਦੀ ਹੈ ਅਤੇ ਇਨ੍ਹਾਂ ਦਾ ਕਾਰਜਕਾਲ 9 ਸਾਲ ਲਈ ਹੁੰਦਾ ਹੈ ਅਤੇ ਇਨ੍ਹਾ ਵਿੱਚੋਂ ਇੱਕ ਤਿਹਾਈ ਹਰ ਤਿੰਨ ਸਾਲ ਬਦਲਦੇ ਹਨ। ਇਹ ਅਦਾਲਤ ਅੰਤਰਰਾਸ਼ਟਰੀ ਝਗੜਿਆਂ ਦਾ ਨਿਪਟਾਰਾ ਕਰਦੀ ਹੈ। ਇਨ੍ਹਾਂ ਤੋਂ ਇਲਾਵਾ ਹੋਰ ਸ਼ਾਖਾਵਾ ਸਮਾਜਿਕ-ਆਰਥਿਕ ਪ੍ਰੀਸ਼ਦ, ਨਿਆਏ ਪ੍ਰੀਸਦ, ਸਕੱਤਰ ਆਦਿ ਵੀ ਹਨ। ਸੰਯੁਕਤ ਰਾਸ਼ਟਰ ਦੀਆ ਕਈ ਹੋਰ ਸੰਸਥਾਵਾ ਵੀ ਹਨ ਜਿਨ੍ਹਾਂ ਵਿੱਚ ਵਿਸ਼ਵ ਸਿਹਤ ਸੰਗਠਨ, ਖੁਰਾਕ ਅਤੇ ਖੇਤੀ ਸੰਗਠਨ, ਸੰਯੁਕਤ ਰਾਸ਼ਟਰ ਵਿਦਿਅੱਕ ਵਿਗਿਆਨਕ ਅਤੇ ਸੰਸਕ੍ਰਿਤਿਕ ਸੰਗਠਨ, ਯੂਨੀਸੈਫ, ਅੰਤਰਰਾਸ਼ਟਰੀ ਮਜਦੂਰ ਸੰਗਠਨ, ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ, ਸੰਯੁਕਤ ਰਾਸ਼ਟਰ ਮਨੁਖੀ ਅਧਿਕਾਰ ਪ੍ਰੀਸ਼ਦ ਆਦਿ ਹਨ ਜੋਕਿ ਅਪਣੇ ਅਪਣੇ ਖੇਤਰ ਵਿੱਚ ਸਫਲਤਾ ਪੂਰਬਕ ਕੰਮ ਕਰ ਰਹੀਆਂ ਹਨ। ਸੰਯੁਕਤ ਰਾਸ਼ਟਰ ਵਿੱਚ 193 ਮੈਂਬਰ ਰਾਜ ਅਤੇ 2 ਨਿਰੀਖਕ ਰਾਜ ਹਨ। ਸੰਯੁਕਤ ਰਾਸ਼ਟਰ ਦਾ ਮਿਸ਼ਨ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਨੂੰ ਬਣਾਈ ਰੱਖਣਾ ਹੈ। ਸੰਯੁਕਤ ਰਾਸ਼ਟਰ ਵਿਸ਼ਵ ਭਰ ਵਿੱਚ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਸ਼ਰਤਾਂ ਵੀ ਨਿਰਧਾਰਤ ਕਰਦਾ ਹੈ। 1948 ਵਿੱਚ ਮਨੁੱਖੀ ਅਧਿਕਾਰਾਂ ਦੀ ਵਿਆਪਕ ਘੋਸ਼ਣਾ ਦੇ ਨਾਲ ਅੰਤਰਰਾਸ਼ਟਰੀ ਕਾਨੂੰਨ ਬਣਾਇਆ ਗਿਆ ਹੈ। ਅੰਤਰਰਾਸ਼ਟਰੀ ਸੰਗਠਨ ਦਾ ਇੱਕ ਹੋਰ ਉਦੇਸ਼ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ। ਸੰਯੁਕਤ ਰਾਸ਼ਟਰ ਦਾ ਵਿਸ਼ਵ ਭੋਜਨ ਪ੍ਰੋਗਰਾਮ ਲੱਗਭੱਗ 83 ਦੇਸ਼ਾਂ ਵਿੱਚ 91 ਮਿਲੀਅਨ ਲੋਕਾਂ ਨੂੰ ਭੋਜਨ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ। ਉਹ ਦੁਨੀਆ ਦੇ 45ਗ਼ ਬੱਚਿਆਂ ਨੂੰ ਵੈਕਸੀਨ ਵੀ ਸਪਲਾਈ ਕਰਦੇ ਹਨ। ਸੰਯੁਕਤ ਰਾਸ਼ਟਰ ਉਨ੍ਹਾਂ ਲੋਕਾਂ ਦੀ ਮਦਦ ਕਰਦਾ ਹੈ ਜੋ ਹਿੰਸਾ, ਸੰਘਰਸ਼ ਅਤੇ ਅਤਿਆਚਾਰ ਦੁਆਰਾ ਬੇਘਰ ਹੋਏ ਹਨ। ਇਸ ਦੁਆਰਾ ਲੱਗਭੱਗ 100 ਦੇਸ਼ਾਂ ਵਿੱਚ ਜਲਵਾਯੂ ਬਦਲਾਓ ਅਤੇ ਊਰਜਾ ਬਚਾਓ ਲਈ ਪ੍ਰੋਗਰਾਮ ਚੱਲ ਰਹੇ ਹਨ, 3.6 ਕਰੋੜ ਸ਼ਰਨਾਰਥੀਆਂ ਨੂੰ ਸਹਾਇਤਾ ਦਿੱਤੀ ਜਾ ਰਹੀ ਹੈ, ਵੱਖ ਵੱਖ ਦੇਸ਼ਾਂ ਵਿੱਚ ਬੱਚਿਆਂ ਲਈ ਬਿਮਾਰੀਆਂ ਤੋਂ ਬਚਾਓ ਲਈ ਟੀਕਾਕਰਨ ਪ੍ਰੋਗਰਾਮ ਚੱਲ ਰਿਹਾ ਹੈ, ਗਰਭਵਤੀ ਮਹਿਲਾਵਾਂ ਦੀ ਸਿਹਤ ਦੀ ਸਾਂਭ ਸੰਭਾਲ ਲਈ ਪ੍ਰੋਗਰਾਮ ਚੱਲ ਰਹੇ ਹਨ, ਕਈ ਦੇਸ਼ਾਂ ਵਿੱਚ ਗਰੀਬੀ ਅਤੇ ਭੁੱਖਮਰੀ ਦੂਰ ਕਰਨ ਲਈ ਪ੍ਰੋਗਰਾਮ ਚੱਲ ਰਹੇ ਹਨ। ਸੰਯੁਕਤ ਰਾਸ਼ਟਰ ਸੰਘ ਨੇ ਲੱਗਭੱਗ 80 ਦੇਸ਼ਾਂ ਨੂੰ ਅਜ਼ਾਦ ਕਰਵਾਉਣ ਲਈ ਮੁੱਖ ਭੂਮਿਕਾ ਨਿਭਾਈ ਹੈ, ਵਿਸ਼ਵ ਦੇ 04 ਮਹਾਂਦੀਪਾਂ ਵਿੱਚ ਸ਼ਾਂਤੀ ਕਾਇਮ ਰੱਖਣ ਅਤੇ ਆਪਸੀ ਸਬੰਧ ਸੁਖਾਵੇਂ ਰੱਖਣ ਲਈ ਕੰਮ ਕੀਤਾ ਹੈ। ਪੂਰੀ ਦੁਨੀਆ ਦੇ ਜੋ ਵੀ ਲੋਕ ਬੁਨਿਆਦੀ ਅਧਿਕਾਰਾਂ ਅਤੇ ਵਿਸ਼ੇਸ ਅਧਿਕਾਰਾਂ ਦਾ ਆਨੰਦ ਮਾਣ ਰਹੇ ਹਨ ਉਹ ਸਭ ਸੰਯੁਕਤ ਰਾਸ਼ਟਰ ਵਲੋਂ ਕੀਤੀਆਂ ਗਈਆਂ ਕੋਸ਼ਿਸਾਂ ਅਤੇ ਕੰਮਾਂ ਦਾ ਹੀ ਨਤੀਜਾ ਹੈ। ਸੰਯੁਕਤ ਰਾਸ਼ਟਰ ਵਲੋਂ ਵਿਸ਼ਵ ਵਿੱਚ ਸ਼ਾਂਤੀ ਬਣਾਕੇ ਰੱਖਣ ਅਤੇ ਲੋਕਾਂ ਦੀਆਂ ਜਰੂਰਤਾਂ ਨੂੰ ਪੂਰੀਆਂ ਕਰਨ ਲਈ ਹਰ ਸੰਭਬ ਕੋਸਿਸ਼ ਕੀਤੀ ਜਾਂਦੀ ਹੈ। ਬਹੁਤ ਸਾਰੀਆਂ ਪ੍ਰਾਪਤੀਆਂ ਦੇ ਨਾਲ ਸੰਯੁਕਤ ਰਾਸ਼ਟਰ ਭਵਿੱਖ ਵੱਲ ਨਵੀਆਂ ਪ੍ਰਾਪਤੀਆਂ ਵੱਲ ਦੇਖ ਰਿਹਾ ਹੈ। ਸੰਯੁਕਤ ਰਾਸ਼ਟਰ ਅਜੇ ਵੀ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਨੂੰ ਕਾਇਮ ਰੱਖਣ, ਲੋੜਵੰਦਾਂ ਨੂੰ ਮਾਨਵਤਾਵਾਦੀ ਸਹਾਇਤਾ ਦੇਣ, ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਅੰਤਰਰਾਸ਼ਟਰੀ ਕਾਨੂੰਨ ਨੂੰ ਕਾਇਮ ਰੱਖਣ ਲਈ ਕੰਮ ਕਰ ਰਿਹਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਸਦਾ 2022 ਲਈ ਵਿਸ਼ੇਸ਼ ਸੰਦੇਸ਼ ਹੈ ਕਿ ਇਹ ਸਾਲ ਉਮੀਦ ਦੀ ਉਪਜ ਹੈ, ਦੂਜੇ ਵਿਸ਼ਵ ਯੁੱਧ ਤੋਂ ਬਾਅਦ ਗਲੋਬਲ ਸੰਘਰਸ਼ ਤੋਂ ਪਰੇ ਗਲੋਬਲ ਸਹਿਯੋਗ ਵੱਲ ਜਾਣ ਦੀ ਉਮੀਦ ਅਤੇ ਸੰਕਲਪ ਹੈ, ਹੁਣ ਪਹਿਲਾਂ ਨਾਲੋਂ ਵੱਧ ਦੁਨੀਆ ਦੇ ਹਰ ਕੋਨੇ ਵਿੱਚ ਸੰਯੁਕਤ ਰਾਸ਼ਟਰ ਚਾਰਟਰ ਦੇ ਮੁੱਲਾਂ ਅਤੇ ਸਿਧਾਂਤਾਂ ਨੂੰ ਜੀਵਨ ਵਿੱਚ ਲਿਆਉਣ ਦੀ ਲੋੜ ਹੈ, ਸ਼ਾਂਤੀ ਨੂੰ ਇੱਕ ਮੌਕਾ ਦੇ ਕੇ ਅਤੇ ਜੀਵਨ, ਭਵਿੱਖ ਅਤੇ ਵਿਸ਼ਵਵਿਆਪੀ ਤਰੱਕੀ ਨੂੰ ਖਤਰੇ ਵਿੱਚ ਪਾਉਣ ਵਾਲੇ ਸੰਘਰਸ਼ਾਂ ਨੂੰ ਖਤਮ ਕਰਕੇ, ਅਤਿ ਗਰੀਬੀ ਨੂੰ ਖਤਮ ਕਰਨ, ਅਸਮਾਨਤਾਵਾਂ ਨੂੰ ਘਟਾਉਣ ਅਤੇ ਟਿਕਾਊ ਵਿਕਾਸ ਟੀਚਿਆਂ ਨੂੰ ਬਚਾਉਣ ਲਈ ਕੰਮ ਕਰਕੇ, ਸਾਡੇ ਗ੍ਰਹਿ ਦੀ ਰੱਖਿਆ ਕਰਕੇ ਜਿਸ ਵਿੱਚ ਨਵਿਆਉਣਯੋਗ ਊਰਜਾ ਕ੍ਰਾਂਤੀ ਨੂੰ ਸ਼ੁਰੂ ਕਰਨਾ ਸ਼ਾਮਲ ਹੈ, ਔਰਤਾਂ ਅਤੇ ਲੜਕੀਆਂ ਲਈ ਅਵਸਰ ਅਤੇ ਆਜ਼ਾਦੀ ਦੇ ਪੈਮਾਨੇ ਨੂੰ ਸੰਤੁਲਿਤ ਕਰਕੇ ਅਤੇ ਸਾਰਿਆਂ ਲਈ ਮਨੁੱਖੀ ਅਧਿਕਾਰਾਂ ਨੂੰ ਯਕੀਨੀ ਬਣਾਉਣਾ ਜਰੂਰੀ ਹੈ।ਇਸਦੇ ਨਾਲ ਹੀ ਸੰਯੁਕਤ ਰਾਸ਼ਟਰ ਨੇ 2030 ਲਈ ਟਿਕਾਊ ਵਿਕਾਸ ਟੀਚੇ ਨਿਰਧਾਰਤ ਕੀਤੇ ਹਨ ਤਾਂ ਜੋ ਸਾਡੇ ਸਾਰਿਆਂ ਲਈ ਇੱਕ ਬਿਹਤਰ ਅਤੇ ਵਧੇਰੇ ਟਿਕਾਊ ਭਵਿੱਖ ਪ੍ਰਾਪਤ ਕੀਤਾ ਜਾ ਸਕੇ। ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ ਵੀ ਗਲੋਬਲ ਵਾਰਮਿੰਗ ਨੂੰ ਸੀਮਤ ਕਰਨ ਲਈ ਜਲਵਾਯੂ ਕਾਰਵਾਈ ਲਈ ਸਹਿਮਤ ਹੋਏ ਹਨ।ਭਾਰਤ ਸੰਯੁਕਤ ਰਾਸ਼ਟਰ ਦੇ ਚਾਰਟਰ ਮੈਂਬਰਾਂ ਵਿੱਚੋਂ ਇੱਕ ਸੀ ਜਿਸਨੇ 1 ਜਨਵਰੀ 1942 ਨੂੰ ਵਾਸ਼ਿੰਗਟਨ ਵਿੱਚ ਸੰਯੁਕਤ ਰਾਸ਼ਟਰ ਦੁਆਰਾ ਜਾਰੀ ਘੋਸ਼ਣਾ ਪੱਤਰ ਤੇ ਹਸਤਾਖਰ ਕੀਤੇ ਅਤੇ 25 ਅਪ੍ਰੈਲ ਤੋਂ 26 ਜੂਨ 1945 ਤੱਕ ਸੈਨ ਫਰਾਂਸਿਸਕੋ ਵਿਖੇ ਸੰਯੁਕਤ ਰਾਸ਼ਟਰ ਸੰਮੇਲਨ ਵਿੱਚ ਹਿੱਸਾ ਲਿਆ। ਭਾਰਤ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਅਤੇ ਸਿਧਾਂਤਾਂ ਦਾ ਜ਼ੋਰਦਾਰ ਸਮਰਥਨ ਕਰਦਾ ਹੈ ਅਤੇ ਇਸਨੇ ਚਾਰਟਰ ਦੇ ਟੀਚਿਆਂ ਨੂੰ ਲਾਗੂ ਕਰਨ ਅਤੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਪ੍ਰੋਗਰਾਮਾਂ ਅਤੇ ਏਜੰਸੀਆਂ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਭਾਰਤ ਨੇ ਆਪਣੇ ਪਹਿਲੇ ਸਾਲਾਂ ਵਿੱਚ ਕੋਰੀਆ, ਮਿਸਰ ਅਤੇ ਕਾਂਗੋ ਵਿੱਚ ਸੰਯੁਕਤ ਰਾਸ਼ਟਰ ਸ਼ਾਂਤੀ ਰੱਖਿਅਕ ਯਤਨਾਂ ਵਿੱਚ ਅਤੇ ਹਾਲ ਹੀ ਵਿੱਚ ਸੋਮਾਲੀਆ, ਅੰਗੋਲਾ, ਹੈਤੀ, ਲਾਇਬੇਰੀਆ, ਲੇਬਨਾਨ, ਰਵਾਂਡਾ ਅਤੇ ਦੱਖਣੀ ਸੂਡਾਨ ਸੰਘਰਸ਼ ਵਿੱਚ ਸੈਨਿਕਾਂ ਦਾ ਯੋਗਦਾਨ ਦਿੱਤਾ ਹੈ। ਭਾਰਤ ਲੀਗ ਆਫ਼ ਨੇਸ਼ਨਜ਼ ਦੇ ਮੂਲ ਮੈਂਬਰਾਂ ਵਿੱਚੋਂ ਇੱਕ ਸੀ। ਭਾਰਤ ਨੇ ਸੰਯੁਕਤ ਰਾਸ਼ਟਰ ਵਿੱਚ ਆਪਣੀ ਮੈਂਬਰਸ਼ਿਪ ਨੂੰ ਅੰਤਰ-ਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਬਣਾਈ ਰੱਖਣ ਲਈ ਇੱਕ ਮਹੱਤਵਪੂਰਨ ਗਰੰਟੀ ਵਜੋਂ ਦੇਖਿਆ। ਬਸਤੀਵਾਦ ਅਤੇ ਰੰਗਭੇਦ ਵਿਰੁੱਧ ਸੰਯੁਕਤ ਰਾਸ਼ਟਰ ਦੇ ਪਰੇਸ਼ਾਨੀ ਭਰੇ ਸਾਲਾਂ ਦੇ ਸੰਘਰਸ਼ ਦੌਰਾਨ ਭਾਰਤ ਸਭ ਤੋਂ ਅੱਗੇ ਸੀ। ਭਾਰਤ ਦੱਖਣੀ ਅਫਰੀਕਾ ਵਿੱਚ ਨਸਲੀ ਵਿਤਕਰੇ ਦੇ ਸਭ ਤੋਂ ਵੱਧ ਬੋਲਣ ਵਾਲੇ ਆਲੋਚਕਾਂ ਵਿੱਚੋਂ ਇੱਕ ਸੀ ਅਤੇ ਸੰਯੁਕਤ ਰਾਸ਼ਟਰ ਵਿੱਚ ਇਹ ਮੁੱਦਾ ਉਠਾਉਣ ਵਾਲਾ ਪਹਿਲਾ ਦੇਸ਼ ਸੀ।

ਭਾਰਤ ਨੇ 1956 ਵਿੱਚ ਸੁਏਜ਼ ਸੰਕਟ ਵਿੱਚ ਵੀ ਇੱਕ ਸਰਗਰਮ ਭੂਮਿਕਾ ਨਿਭਾਈ ਸੀ, ਜਿਸ ਵਿੱਚ ਜਵਾਹਰ ਲਾਲ ਨਹਿਰੂ ਦੀ ਭੂਮਿਕਾ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਗੁੱਟ ਨਿਰਲੇਪ ਅੰਦੋਲਨ ਦੇ ਇੱਕ ਨੇਤਾ ਵਜੋਂ ਮਹੱਤਵਪੂਰਨ ਸੀ। ਭਾਰਤ ਨੇ ਜਨਰਲ ਅਸੈਂਬਲੀ ਦੁਆਰਾ ਬਣਾਈ ਗਈ ਰੰਗ-ਭੇਦ ਵਿਰੁੱਧ ਇੱਕ ਸਬ-ਕਮੇਟੀ ਦੇ ਗਠਨ ਵਿੱਚ ਮੋਹਰੀ ਭੂਮਿਕਾ ਨਿਭਾਈ। ਭਾਰਤ ਨੇ ਸੰਯੁਕਤ ਰਾਸ਼ਟਰ ਦੁਆਰਾ ਸਪਾਂਸਰ ਕੀਤੀਆਂ ਅਜਿਹੀਆਂ ਕਾਨਫਰੰਸਾਂ ਵਿੱਚ ਵਿਕਾਸਸ਼ੀਲ ਦੇਸ਼ਾਂ ਦੀਆਂ ਆਰਥਿਕ ਚਿੰਤਾਵਾਂ ਨੂੰ ਦਰਸਾਉਣ ਵਿੱਚ ਵੀ ਪ੍ਰਮੁੱਖ ਭੂਮਿਕਾ ਨਿਭਾਈ ਹੈ ਜਿਵੇਂ ਕਿ ਵਪਾਰ ਅਤੇ ਵਿਕਾਸ ਬਾਰੇ ਤਿਕੋਣੀ ਸੰਯੁਕਤ ਰਾਸ਼ਟਰ ਕਾਨਫਰੰਸ ਅਤੇ ਰੀਓ ਡੀ ਜਨੇਰੀਓ ਵਿੱਚ ਵਾਤਾਵਰਣ ਅਤੇ ਵਿਕਾਸ ਬਾਰੇ 1992 ਦੀ ਕਾਨਫਰੰਸ। ਜਨਵਰੀ 2011 ਤੋਂ ਜਨਵਰੀ 2013 ਤੱਕ, ਭਾਰਤ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦਾ ਗੈਰ-ਸਥਾਈ ਮੈਂਬਰ ਸੀ ਜਿਸ ਵਿੱਚ ਮੌਜੂਦਾ 2021-22 ਦਾ ਕਾਰਜਕਾਲ ਹੈ। ਭਾਰਤ ਜੀ-4 ਰਾਸ਼ਟਰਾਂ ਦੇ ਸਮੂਹ ਦਾ ਇੱਕ ਮੈਂਬਰ ਹੈ ਜੋ ਸੁਰੱਖਿਆ ਪ੍ਰੀਸ਼ਦ ਵਿੱਚ ਸਥਾਈ ਸੀਟ ਦੀ ਮੰਗ ਕਰਨ ਵਿੱਚ ਇੱਕ ਦੂਜੇ ਦਾ ਸਮਰਥਨ ਕਰਦੇ ਹਨ ਅਤੇ ਸੁਧਾਰ ਦੇ ਪੱਖ ਵਿੱਚ ਵਕਾਲਤ ਕਰਦੇ ਹਨ। ਭਾਰਤ ਦਾ ਉਦੇਸ਼ ਸਮੁੰਦਰੀ ਸੁਰੱਖਿਆ, ਸ਼ਾਂਤੀ ਰੱਖਿਅਕ, ਜਵਾਬੀ ਸੁਰੱਖਿਆ ਵਰਗੇ ਮੁੱਦਿਆਂ ਤੇ ਧਿਆਨ ਕੇਂਦਰਿਤ ਕਰਨਾ ਹੈ। ਭਾਰਤ ਆਪਣੀ ਮੰਗ ਨੂੰ ਜਾਇਜ਼ ਠਹਿਰਾਉਣ ਲਈ ਕਈ ਦਾਅਵੇ ਕਰਦਾ ਹੈ। ਭਾਰਤ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ ਅਤੇ ਦੁਨੀਆ ਦਾ ਸਭ ਤੋਂ ਵੱਡਾ ਉਦਾਰਵਾਦੀ ਲੋਕਤੰਤਰ ਹੈ। ਇਹ 2020 ਤੱਕ ਵਿਸ਼ਵ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਅਤੇ ਖਰੀਦ ਸ਼ਕਤੀ ਸਮਾਨਤਾ ਦੇ ਮਾਮਲੇ ਵਿੱਚ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਵੀ ਹੈ। ਬੰਗਲਾਦੇਸ਼ ਅਤੇ ਪਾਕਿਸਤਾਨ ਤੋਂ ਬਾਅਦ 2014 ਤੱਕ ਸੰਯੁਕਤ ਰਾਸ਼ਟਰ ਦੇ ਸ਼ਾਂਤੀ ਰੱਖਿਅਕ ਮਿਸ਼ਨਾਂ ਵਿੱਚ 7860 ਕਰਮਚਾਰੀਆਂ ਦੀ ਤਾਇਨਾਤੀ ਦੇ ਨਾਲ ਭਾਰਤ ਸੰਯੁਕਤ ਰਾਸ਼ਟਰ ਸ਼ਾਂਤੀ ਮਿਸ਼ਨਾਂ ਵਿੱਚ ਸੈਨਿਕਾਂ ਦਾ ਸਭ ਤੋਂ ਵੱਡਾ ਯੋਗਦਾਨ ਪਾਉਣ ਵਾਲਾ ਦੇਸ਼ ਹੈ। ਭਾਰਤ ਨੇ 180000 ਤੋਂ ਵੱਧ ਸੈਨਿਕਾਂ ਦਾ ਯੋਗਦਾਨ ਪਾਇਆ ਹੈ ਜੋ ਕਿ ਕਿਸੇ ਵੀ ਦੇਸ਼ ਤੋਂ ਸਭ ਤੋਂ ਵੱਡੀ ਗਿਣਤੀ ਹੈ 43 ਤੋਂ ਵੱਧ ਮਿਸ਼ਨਾਂ ਵਿੱਚ ਹਿੱਸਾ ਲਿਆ ਹੈ ਅਤੇ 156 ਭਾਰਤੀ ਸ਼ਾਂਤੀ ਰੱਖਿਅਕਾਂ ਨੇ ਸੰਯੁਕਤ ਰਾਸ਼ਟਰ ਮਿਸ਼ਨ ਵਿੱਚ ਸੇਵਾ ਕਰਦੇ ਹੋਏ ਸਰਵਉੱਚ ਬਲੀਦਾਨ ਦਿੱਤਾ ਹੈ। ਭਾਰਤ ਨੇ ਸੰਯੁਕਤ ਰਾਸ਼ਟਰ ਮਿਸ਼ਨ ਲਈ ਉੱਘੇ ਫੋਰਸ ਕਮਾਂਡਰ ਵੀ ਪ੍ਰਦਾਨ ਕੀਤੇ ਹਨ ਅਤੇ ਜਾਰੀ ਰੱਖੇ ਹਨ। 1945 ਤੋਂ ਹੁਣ ਤੱਕ ਭਾਰਤ ਤੋਂ ਕੁੱਲ 4 ਮੈਂਬਰਾਂ ਨੂੰ ਸੰਯੁਕਤ ਰਾਸ਼ਟਰ ਦੀ ਮੁੱਢਲੀ ਨਿਆਂਇਕ ਸ਼ਾਖਾ ਅੰਤਰ-ਰਾਸ਼ਟਰੀ ਅਦਾਲਤ ਦੇ ਜੱਜ ਵਜੋਂ ਨਿਯੁਕਤ ਕੀਤਾ ਗਿਆ ਹੈ। ਭਾਰਤ ਦੇ ਬਹੁਤ ਸਾਰੇ ਸਕੂਲਾਂ ਨੇ ਹੁਣ ਆਪਣੇ ਵਿਦਿਆਰਥੀਆਂ ਨੂੰ ਗਲੋਬਲ ਮੁੱਦਿਆਂ ਬਾਰੇ ਸਿੱਖਿਅਤ ਕਰਨ ਲਈ ਮਾਡਲ ਸੰਯੁਕਤ ਰਾਸ਼ਟਰ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਭਾਰਤ ਜਨਵਰੀ 2011 ਤੋਂ ਜਨਵਰੀ 2013 ਤੱਕ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦਾ ਅਸਥਾਈ ਮੈਂਬਰ ਰਿਹਾ ਹੈ। ਵਿਦੇਸ਼ ਨੀਤੀ ਦੇ ਮਾਹਿਰ ਰੇਜਾਉਲ ਕਰੀਮ ਲਸਕਰ ਅਨੁਸਾਰ ਇਸ ਸਮੇਂ ਦੌਰਾਨ ਭਾਰਤ ਨੇ ਅੰਤਰਰਾਸ਼ਟਰੀ ਸੁਰੱਖਿਆ ਅਤੇ ਸ਼ਾਂਤੀ ਵਧਾਉਣ ਦੇ ਨਾਲ-ਨਾਲ ਦੇਸ਼ ਦੀ ਅੰਦਰੂਨੀ ਸੁਰੱਖਿਆ ਅਤੇ ਸ਼ਾਂਤੀ ਲਈ ਵੀ ਕੰਮ ਕੀਤਾ ਹੈ। ਜਨਵਰੀ 2021 ਤੋਂ ਭਾਰਤ ਫਿਰ 8ਵੀਂ ਵਾਰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦਾ ਅਸਥਾਈ ਮੈਂਬਰ ਬਣ ਗਿਆ ਹੈ। ਭਾਰਤ ਅਗੱਸਤ 2021 ਵਿੱਚ ਸੁਰੱਖਿਆ ਪ੍ਰੀਸ਼ਦ ਦਾ ਪ੍ਰਧਾਨ ਬਣਿਆ ਹੈ ਅਤੇ ਦਸੰਬਰ 2022 ਵਿੱਚ ਫਿਰ ਸੁਰੱਖਿਆ ਪ੍ਰੀਸ਼ਦ ਦਾ ਪ੍ਰਧਾਨ ਬਣਿਆ ਹੈ। ਸੰਯੁਕਤ ਰਾਸ਼ਟਰ ਦੀ ਕਾਰਗੁਜ਼ਾਰੀ ਬਾਰੇ ਕਈ ਵਾਰ ਵਿਤਕਰੇ ਦੀ ਭਾਵਨਾ ਦੇ ਇਲਜਾਮ ਲੱਗਦੇ ਹਨ ਜੋਕਿ ਇਸਦੇ ਭਵਿੱਖ ਲਈ ਉਚਿੱਤ ਨਹੀਂ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਕਈ ਵਾਰ ਸੰਯੁਕਤ ਰਾਸ਼ਟਰ ਵਿੱਚ ਕੁੱਝ ਪ੍ਰਭਾਵਸਾਲੀ ਦੇਸ਼ਾਂ ਨੇ ਮਨਮਾਨੀ ਕੀਤੀ ਹੈ ਅਤੇ ਸੰਯੁਕਤ ਰਾਸਟਰ ਨੂੰ ਪ੍ਰਭਾਵਸ਼ਾਲੀ ਬਣਾਉਣ ਅਤੇ ਨਿਰਪੱਖ ਤੋਰ ਤੇ ਕੰਮ ਕਰਨ ਲਈ ਕਈ ਦੇਸ਼ ਸਮੇਂ ਸਮੇਂ ਤੇ ਮੰਗ ਕਰਦੇ ਹਨ। ਭਾਰਤ ਵਿੱਚ ਸੰਯੁਕਤ ਰਾਸ਼ਟਰ ਦੀਆਂ 26 ਵੱਖ-ਵੱਖ ਏਜੰਸੀਆਂ ਕੰਮ ਕਰ ਰਹੀਆਂ ਹਨ। ਜਿਵੇਂ ਕਿ ਅਸੀਂ ਸੰਯੁਕਤ ਰਾਸ਼ਟਰ ਦਿਵਸ ਮਨਾਉਂਦੇ ਹਾਂ, ਆਓ ਅਸੀਂ ਆਪਣੀ ਉਮੀਦ ਅਤੇ ਵਿਸ਼ਵਾਸ ਨੂੰ ਤਾਜ਼ਾ ਕਰੀਏ ਕਿ ਜਦੋਂ ਅਸੀਂ ਵਿਸ਼ਵਵਿਆਪੀ ਏਕਤਾ ਵਿੱਚ ਕੰਮ ਕਰਦੇ ਹਾਂ ਤਾਂ ਮਨੁੱਖਤਾ ਕੀ ਪ੍ਰਾਪਤ ਕਰ ਸਕਦੀ ਹੈ।

ਅੱਜ ਵਿਸ਼ਵ ਪੱਧਰ ਤੇ ਸੰਯੁਕਤ ਰਾਸ਼ਟਰ ਦਿਵਸ ਮਨਾਇਆ ਜਾ ਰਿਹਾ ਹੈ ਪਰ ਜਰੂਰਤ ਹੈ ਕਿ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਦੀ ਪੂਰਤੀ ਲਈ ਸਮੂਹ ਮੈਂਬਰ ਦੇਸ਼ ਪੂਰਾ ਸਹਿਯੋਗ ਕਰਨ ਅਤੇ ਸੰਯੁਕਤ ਰਾਸ਼ਟਰ ਵਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਕਰਨ।



ਕੁਲਦੀਪ ਚੰਦ
91-9417563054

# ਭਾਰਤ ਉਤੇ ਹਿੰਦੀ ਦਾ ਗਲਬਾ ਕਿਉਂ?



ਗੁਰਮੀਤ ਪਲਾਹੀ
91-98158-02070

ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ, ਜੋ ਰਾਜ ਭਾਸ਼ਾ ਕਮੇਟੀ ਦੇ ਮੁੱਖੀ ਹਨ, ਉਹਨਾ ਨੇ 9 ਸਤੰਬਰ 2022 ਨੂੰ ਰਾਜ ਭਾਸ਼ਾ ਕਮੇਟੀ ਦੀ ਬਾਹਰਵੀਂ ਰਿਪੋਰਟ ਦੇਸ਼ ਦੇ ਰਾਸ਼ਟਰਪਤੀ ਨੂੰ ਸੌਂਪੀ। ਇਸ ਰਿਪੋਰਟ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਗਿਆ। ਇਸ ਸਬੰਧ ਵਿੱਚ ਕੋਈ ਵੀ ਖ਼ਬਰ ਮੀਡੀਆ 'ਚ ਛਾਇਆ ਨਹੀਂ ਕੀਤੀ ਗਈ ਹਾਲਾਂਕਿ ਕੇਂਦਰ ਸਰਕਾਰ ਵਲੋਂ ਜੇਕਰ ਕੋਈ ਸਧਾਰਨ ਕੰਮ ਵੀ ਕੀਤਾ ਜਾਂਦਾ ਹੈ, ਉਸਦੀ ਡੋਂਡੀ ਪਿੱਟੀ ਜਾਂਦੀ ਹੈ ਅਤੇ ਸਰਕਾਰ ਦੇ ਗੁਣਗਾਣ ਕਰਨ ਲਈ "ਗੋਦੀ ਮੀਡੀਆ" ਨੂੰ ਉਤਸ਼ਾਹਤ ਕੀਤਾ ਜਾਂਦਾ ਹੈ।

ਮੈਗਜ਼ੀਨ "ਦੀ ਪਰਿੰਟ" ਨੇ ਇਹ ਰਿਪੋਰਟ ਛਾਇਆ ਕੀਤੀ ਹੈ। ਇਸ ਰਿਪੋਰਟ ਦੀਆਂ ਮੁੱਖ ਗੱਲਾਂ ਪੜ੍ਹਨ ਯੋਗ ਹਨ:-

1- ਕੇਂਦਰੀ ਯੂਨੀਵਰਸਿਟੀਆਂ, ਆਈ ਆਈ ਟੀ (ਇੰਡੀਅਨ ਇਨਸਟੀਚੀਊਟ ਆਫ ਟੈਕਨੋਲੋਜੀ, ਆਈ।ਆਈ।ਐਮ।(ਇੰਡੀਅਨ ਇੰਸਟੀਚੀਊਟ ਆਫ਼ ਮੈਨੇਜਮੈਂਟ) ਅਤੇ ਕੇਂਦਰੀ ਸਕੂਲਾਂ ਵਿੱਚ ਸਿੱਖਿਆ ਦਾ ਜ਼ਰੂਰੀ ਮਾਧਿਅਮ ਹਿੰਦੀ ਹੋਵੇਗਾ। ਪਰ ਸਵਾਲ ਉਠਦਾ ਹੈ ਕਿ ਕੀ ਗੈਰ-ਹਿੰਦੀ ਭਾਸ਼ਾ ਵਾਲੇ ਸੂਬਿਆਂ ਵਿੱਚ ਸਥਿਤ ਕੇਂਦਰੀ ਵਿਦਿਆਲੇ, ਆਈਆਈਟੀ, ਆਈ।ਆਈ। ਐਮ ਅਤੇ ਕੇਂਦਰੀ ਯੂਨੀਵਰਸਿਟੀਆਂ ਵਿੱਚ ਵੀ ਸਿੱਖਿਆ ਦਾ ਮਾਧਿਅਮ ਹਿੰਦੀ ਹੋਏਗਾ? ਕੀ ਹਿੰਦੀ ਸਿੱਖਿਆ ਦਾ ਇੱਕ ਮਾਤਰ ਮਾਧਿਅਮ ਹੋਏਗੀ ਜਾਂ ਬਦਲਵਾ ਮਾਧਿਅਮ ਹੋਵੇਗੀ?

2- ਸਰਕਾਰੀ ਭਰਤੀ ਲਈ ਆਯੋਜਿਤ ਕੀਤੇ ਜਾਂਦੇ ਮੁਕਾਬਲੇ ਦੇ ਇਮਤਿਹਾਨਾਂ ਦੀ ਭਾਸ਼ਾ ਦੇ ਰੂਪ 'ਚ ਹਿੰਦੀ ਅੰਗਰੇਜ਼ੀ ਦੀ ਥਾਂ ਲਵੇਗੀ। ਸਵਾਲ ਹੈ ਕਿ ਕੀ ਹਿੰਦੀ ਨਾ ਜਾਨਣ ਵਾਲੇ ਨੂੰ ਸਰਕਾਰੀ ਭਰਤੀ ਦੇ ਲਈ ਇਮਤਿਹਾਨ ਦੇਣ ਤੋਂ ਰੋਕ ਦਿੱਤਾ ਜਾਏਗਾ?

3- ਜਾਣ ਬੁਝ ਕੇ ਹਿੰਦੀ ਵਿੱਚ ਕੰਮ ਨਾ ਕਰਨ ਦੇਣ ਵਾਲੇ ਸਰਕਾਰੀ ਅਧਿਕਾਰੀਆਂ ਤੋਂ ਸਪਸ਼ਟੀਕਰਨ ਮੰਗਿਆ ਜਾਏਗਾ। ਸਵਾਲ ਹੈ ਕਿ ਕੀ ਇੱਕ ਅਫ਼ਸਰ, ਜਿਸਦੀ ਮਾਂ ਬੋਲੀ ਬੰਗਾਲ, ਉੜੀਆ ਜਾਂ ਤਮਿਲ ਹੈ, ਉਸਨੂੰ ਹਿੰਦੀ ਸਿੱਖਣ ਅਤੇ ਆਪਣਾ ਅਧਿਕਾਰਤ ਹੱਥਲਾ ਕੰਮ ਹਿੰਦੀ 'ਚ ਕਰਨ ਲਈ ਮਜ਼ਬੂਰ ਕੀਤਾ ਜਾਏਗਾ?

4- ਸਿੱਖਿਆ ਦੇ ਮਧਿਅਮ ਦੇ ਰੂਪ ਵਿੱਚ ਅੰਗਰੇਜ਼ੀ ਨੂੰ ਕੇਵਲ ਉਥੇ ਹੀ ਰੱਖਿਆ ਜਾਏਗਾ, ਜਿਥੇ ਇਹ ਅਤਿਅੰਤ ਜ਼ਰੂਰੀ ਹੋਵੇ। ਅਤੇ ਉਥੇ ਵੀ ਹੌਲੀ-ਹੌਲੀ ਹਿੰਦੀ ਲਾਗੂ ਕੀਤੀ ਜਾਏਗੀ। ਸਵਾਲ ਪੈਦਾ ਹੁੰਦਾ ਹੈ ਕਿ ਕੀ ਮਾਤਾ-ਪਿਤਾ ਅਤੇ ਵਿਦਿਆਰਥੀਆਂ ਨੂੰ ਹੁਣ ਉਸ ਭਾਸ਼ਾ ਨੂੰ ਚੁਨਣ ਦਾ ਕੋਈ ਹੱਕ ਨਹੀਂ ਹੋਏਗਾ, ਜਿਸ ਵਿੱਚ ਵਿਦਿਆਰਥੀ ਪੜ੍ਹਨਾ ਚਾਹੁੰਦਾ ਹੈ ਜਾਂ ਪੜ੍ਹਾਇਆ ਜਾਏਗਾ?

5- ਸਰਕਾਰੀ ਕਰਮਚਾਰੀਆਂ ਦੀ ਚੋਣ ਦੇ ਲਈ ਹਿੰਦੀ ਦਾ ਗਿਆਨ ਯਕੀਨੀ ਬਣਾਇਆ ਜਾਏਗਾ। ਸਵਾਲ ਉਠਦਾ ਹੈ ਕਿ ਕੀ ਇੱਕ ਗੈਰ-ਹਿੰਦੀ ਵਿਅਕਤੀ ਨੂੰ ਇਸ ਅਧਾਰ ਉਤੇ ਸਰਕਾਰੀ ਨੌਕਰੀ ਦੇਣ ਤੋਂ ਨਾਂਹ ਕਰ ਦਿੱਤੀ ਜਾਏਗੀ ਕਿ ਉਹ ਹਿੰਦੀ ਨਹੀਂ ਜਾਣਦਾ।

6- ਸਿਫਾਰਸ਼ ਕੀਤੀ ਗਈ ਹੈ ਕਿ ਸਰਕਾਰ ਦੇ ਇਸ਼ਤਿਹਾਰ ਬਜ਼ਟ ਦਾ 50 ਫ਼ੀਸਦੀ ਹਿੰਦੀ ਇਸ਼ਤਿਹਾਰਾਂ ਲਈ ਨੀਅਤ ਕੀਤਾ ਜਾਣਾ ਚਾਹੀਦਾ ਹੈ। ਸਵਾਲ ਹੈ ਕਿ ਜੇਕਰ ਬਾਕੀ 50 ਫ਼ੀਸਦੀ ਦੂਜੀਆਂ ਭਾਸ਼ਾਵਾਂ ਲਈ ਨੀਅਤ ਹੁੰਦਾ ਹੈ ਤਾਂ ਕੀ ਗੈਰ-ਹਿੰਦੀ ਮੀਡੀਆ ਦੇ ਗਾਇਬ ਹੋਣ ਦੀ ਸਪੀਡ ਨਹੀਂ ਵਧੇਗੀ?

7- ਸਿਫਾਰਸ਼ ਹੈ ਕਿ ਹਿੰਦੀ ਦੇ ਪ੍ਰਚਾਰ ਅਤੇ ਫੈਲਾਓ ਲਈ ਸਾਰੇ ਸੂਬਿਆਂ ਦੀ ਸੰਵਾਧਾਨਿਕ ਜ਼ੁੰਮੇਵਾਰੀ ਬਣਾਇਆ ਜਾਣਾ ਚਾਹੀਦਾ ਹੈ। ਸਵਾਲ ਬਣਦਾ ਹੈ ਕਿ ਕੀ ਹਿੰਦੀ ਦਾ ਪ੍ਰਚਾਰ ਕਰਨ ਤੋਂ ਇਨਕਾਰ ਕਰਨ ਵਾਲੀ ਸਰਕਾਰ ਨੂੰ ਬਰਖ਼ਾਸਤ ਕਰ ਦਿੱਤਾ ਜਾਏਗਾ।

ਇਸ ਰਿਪੋਰਟ ਦੇ ਲਾਗੂ ਹੋਣ ਦਾ ਇਕ ਵੱਡਾ ਅਸਰ ਨਹੀਂ ਪਏਗਾ? ਕੋਈ ਮਲਿਆਲੀ ਜਾਂ ਅਸਾਮੀ ਭਾਰਤ ਦਾ ਅੱਧਾ ਨਾਗਰਿਕ ਨਹੀਂ ਰਹਿ ਜਾਏਗਾ ਜਾਂ ਉਹ ਆਪਣੇ ਆਪ ਨੂੰ ਅੱਧਾ ਨਾਗਰਿਕ ਸਮਝੇਗਾ?

ਸਰਕਾਰ ਵਲੋਂ ਨਿੱਤ ਦਿਹਾੜੇ ਹਿੰਦੀ, ਹਿੰਦੂ, ਹਿੰਦੋਸਤਾਨ ਦੇ ਵਰਤਾਰੇ ਨੂੰ ਲਾਗੂ ਕਰਨ ਲਈ ਲਗਾਤਾਰ ਕਦਮ ਪੁੱਟੇ ਜਾ ਰਹੇ ਹਨ। ਜਦੋਂ ਇੱਕ ਪਾਸੇ ਪ੍ਰਧਾਨ ਮੰਤਰੀ ਹਿੰਦੂ ਧਰਮ ਦਾ ਉਤਸਵ ਮਨਾ ਰਹੇ ਹਨ ਤਾਂ ਦੂਜੇ ਪਾਸੇ ਗ੍ਰਹਿ ਮੰਤਰੀ ਹਿੰਦੀ ਭਾਸ਼ਾ ਅੱਗੇ ਵਧਾ ਰਹੇ ਹਨ। ਇਹ ਜਾਣਦਿਆਂ ਹੋਇਆ ਵੀ ਕਿ ਨਰਿੰਦਰ ਮੋਦੀ ਉਸ ਦੇਸ਼ ਦੇ ਪ੍ਰਧਾਨ ਮੰਤਰੀ ਹਨ, ਜਿਸ ਦੇਸ਼ ਵਿੱਚ 79,8 ਫ਼ੀਸਦੀ ਹਿੰਦੂ, 14,2 ਫ਼ੀਸਦੀ ਮੁਸਲਮਾਨ, 2,3 ਫ਼ੀਸਦੀ ਇਸਾਈ, 1,7 ਫ਼ੀਸਦੀ ਸਿੱਖ ਅਤੇ ਹੋਰ 2 ਫ਼ੀਸਦੀ ਵਸਦੇ ਹਨ ਪਰ ਮੋਦੀ ਜੀ ਇੱਕ ਕੱਟੜ ਹਿੰਦੂ ਹੋਣ ਨਾਤੇ ਮਹਾਂਕਾਲ ਮੰਦਿਰ ਦੇ 900 ਮੀਟਰ ਗਲਿਆਰੇ ਦਾ ਉਦਘਾਟਨ ਕਰਨ ਗਏ। ਇਸ ਸਮੇਂ ਪ੍ਰਧਾਨ ਮੰਤਰੀ ਨੇ ਸਾਫ਼ ਸੰਦੇਸ਼ ਦਿੱਤਾ ਕਿ ਇਤਿਹਾਸ ਦੇ ਪੰਨਿਆਂ ਵਿੱਚ ਭਾਰਤ ਇੱਕ ਹਿੰਦੂ ਭਾਰਤ ਹੈ ਅਤੇ ਉਹਨਾ ਸੁਪਨਿਆਂ ਦਾ ਭਾਰਤ ਇੱਕ ਹਿੰਦੂ ਭਾਰਤ ਹੋਏਗਾ। ਜਦਕਿ ਭਾਰਤ ਦੇ ਸੰਵਿਧਾਨ ਵਿੱਚ ਸਮਾਨਤਾ, ਧਰਮ ਨਿਰਪੱਖਤਾ ਉਤੇ ਜ਼ੋਰ ਦਿੱਤਾ ਗਿਆ ਹੈ। ਉਸੇ ਵੇਲੇ ਉਹਨਾਂ ਦੇ ਲੈਫਟੀਨੈਂਟ ਅਮਿਤ ਸ਼ਾਹ ਨੇ ਹਿੰਦੀ ਨੂੰ ਦੇਸ਼ ਉਤੇ ਥੋਪਣ ਲਈ ਪਹਿਲ ਕਦਮੀ ਕੀਤੀ ਹੈ, ਇਹ ਜਾਣਦਿਆਂ ਹੋਇਆ ਵੀ ਕਿ ਭਾਰਤ ਦੇਸ਼ ਬਹੁ-ਸਭਿਆਚਾਰਕ, ਬਹੁ-ਭਾਸ਼ਾਈ ਦੇਸ਼ ਹੈ ਅਤੇ ਸੰਵਿਧਾਨ ਦੀ ਅੱਠਵੀਂ, ਅਨੁਸੂਚੀ ਵਿੱਚ 14 ਖੇਤਰੀ ਭਾਸ਼ਾਵਾਂ ਨੂੰ ਜਗਾਹ ਦਿੱਤੀ ਗਈ, ਹੁਣ ਇਹਨਾ ਖੇਤਰੀ ਭਾਸ਼ਾਵਾਂ ਦੀ ਸੂਚੀ 22 ਤੱਕ ਹੋ ਚੁੱਕੀ ਹੈ। ਪਰ ਕੀ ਇਹਨਾ ਖੇਤਰੀ ਭਾਸ਼ਾਵਾਂ ਦੀ ਕੀਮਤ ਉਤੇ ਹਿੰਦੀ ਨੂੰ ਰਾਸ਼ਟਰ ਉਤੇ ਥੋਪਣਾ ਜਾਇਜ਼ ਹੈ?

ਹਿੰਦੀ ਨੂੰ ਰਾਜ ਕਾਜ ਦੀ ਭਾਸ਼ਾ ਬਨਾਉਣ ਦੀ ਪਹਿਲ ਸਭ ਤੋਂ ਪਹਿਲਾਂ 1928 ਵਿੱਚ ਹੋਈ ਸੀ, ਪਰ ਦੱਖਣੀ ਭਾਰਤ 'ਚ ਭਾਰੀ ਵਿਰੋਧ ਕਾਰਨ ਇਸ ਨੂੰ ਠੰਡੇ ਬਸਤੇ 'ਚ ਪਾ ਦਿੱਤਾ ਗਿਆ। ਤਾਮਿਲਨਾਡੂ ਵਿੱਚ ਤਤਕਾਲੀ ਮੁੱਖ ਮੰਤਰੀ ਰਾਜਾ ਗੋਪਾਲਚਾਰੀਆ ਨੇ ਹਿੰਦੀ ਨੂੰ ਸਕੂਲਾਂ ਵਿੱਚ ਲਾਜ਼ਮੀ ਲਾਗੂ ਕਰਨ ਦਾ ਪ੍ਰਸਤਾਵ ਰੱਖਿਆ ਤਾਂ ਇਸ ਦਾ ਵਿਰੋਧ ਈ। ਰਾਸਸਵਾਮੀ ਪਰਿਆਰ ਦੀ ਅਗਵਾਈ 'ਚ ਹੋਇਆ ਅਤੇ ਇੱਕ ਸਵਦੇਸ਼ੀ ਅੰਦੋਲਨ ਛਿੜਿਆ ਅਤੇ ਇਹ ਮੰਗ ਉਠੀ ਕਿ ਹਿੰਦੀ ਨੂੰ ਰਾਜ ਕਾਜ ਦੀ ਭਾਸ਼ਾ ਵਜੋਂ ਥੋਪਿਆ ਨਾ ਜਾਏ। ਦੱਖਣੀ ਭਾਰਤ 'ਚ ਹੁਣ ਵੀ ਹਿੰਦੀ ਰਾਸ਼ਟਰੀ ਭਾਸ਼ਾ ਬਨਾਉਣ ਦੇ ਵਿਰੁੱਧ ਸਖ਼ਤ ਅਵਾਜ਼ ਉਠਾਉਣ ਦੀਆਂ ਖ਼ਬਰਾਂ ਆ ਰਹੀਆਂ ਹਨ।

ਇਥੇ ਇਹ ਗੱਲ ਕਰਨੀ ਬਣਦੀ ਹੈ ਕਿ ਲਾਅ ਕਮਿਸ਼ਨ ਨੇ ਆਪਣੀ 216 ਵੀ ਰਿਪੋਰਟ ਵਿੱਚ ਜੋ 2008 'ਚ ਜਾਰੀ ਹੋਈ, ਕਿਹਾ ਕਿ ਭਾਸ਼ਾ ਕਿਸੇ ਵੀ ਰਾਸ਼ਟਰ ਦੀ ਭਾਵਨਾ ਨਾਲ ਜੁੜਿਆ ਮੁੱਦਾ ਹੈ, ਭਾਸ਼ਾ ਦੇਸ਼ ਨੂੰ ਜੋੜਦੀ ਹੈ ਅਤੇ ਸਮਾਜਿਕ ਬਦਲਾਅ ਦੇ ਖੇਤਰ ਵਿੱਚ ਵੀ ਕਾਫ਼ੀ ਪ੍ਰਭਾਵਤ ਕਰਦੀ ਹੈ। ਕੀ ਦੇਸ਼ ਦੇ ਹਾਕਮ ਬਹੁ-ਸਭਿਆਚਾਰਕ ਅਤੇ ਬਹੁ-ਭਾਸ਼ਾਈ ਦੇਸ਼ ਦੇ ਲੋਕਾਂ ਦੀ ਅਣਦੇਖੀ ਕਰਕੇ ਆਪਣੇ ਮਨਸੂਬਿਆਂ ਨੂੰ ਲਗੂ ਕਰਨ ਲਈ ਧਰਮ ਦੇ ਅਧਾਰ 'ਤੇ ਹਿੰਦੀ ਨੂੰ ਅੱਗੇ ਲਿਆਕੇ ਦੂਜਿਆਂ ਭਾਸ਼ਾਵਾਂ ਨੂੰ ਮਾਰਨਾ ਚਾਹੁੰਦੇ ਹਨ?

ਮਹਾਤਮਾ ਗਾਂਧੀਨੇ 12 ਅਕਤੂਬਰ 1947 ਨੂੰ ਆਪਣੇ ਅਖ਼ਬਾਰ ਹਰੀਜਨ ਵਿੱਚ ਰਾਸ਼ਟਰ ਭਾਸ਼ਾ ਸਬੰਧੀ ਲਿਖਿਆ ਸੀ ਕਿ ਕਿਸੇ ਵਿਅਕਤੀ ਨੂੰ ਹਿੰਦੀ ਜਾਂ ਉਰਦੂ ਤੱਕ ਸੀਮਤ ਰੱਖਣਾ ਰਾਸ਼ਟਰਵਾਦ ਦੀ ਆਤਮਾ ਦੇ ਖਿਲਾਫ਼ ਹੋਏਗਾ ਜੋ ਕਿ ਸਭ ਤੋਂ ਵੱਡਾ ਜ਼ੁਰਮ ਹੈ।

ਹਿੰਦੀ ਨੂੰ ਰਾਸ਼ਟਰ ਭਾਸ਼ਾ ਜਾਂ ਰਾਸ਼ਟਰ ਦੀ ਸੰਪਰਕ ਭਾਸ਼ਾ ਦੇ ਤੌਰ 'ਤੇ ਸਥਾਪਿਤ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਨਵੀਂ ਰਾਸ਼ਟਰੀ ਸਿੱਖਿਆ ਨੀਤੀ ਲਾਗੂ ਹੋਣ ਨਾਲ ਸਰਕਾਰੀ ਕੰਮਕਾਜ ਵਿੱਚ ਹਿੰਦੀ ਦੀ ਵਰਤੋਂ ਵਧੇਗੀ, ਕਿਉਂਕਿ ਅਮਿਤ ਸ਼ਾਹ ਕੇਂਦਰੀ ਗ੍ਰਹਿ ਮੰਤਰੀ ਕਹਿ ਚੁੱਕੇ ਹਨ ਕਿ ਸੰਪਰਕ ਭਾਸ਼ਾ ਦੇ ਤੌਰ 'ਤੇ ਅੰਗਰੇਜ਼ੀ ਦੀ ਜਗਾਹ ਹਿੰਦੀ ਆਏ। ਇਸ ਸੋਚ ਪਿੱਛੇ ਦਲੀਲ ਇਹ ਹੈ ਕਿ ਦੇਸ਼ ਦੇ ਸਭ ਤੋਂ ਜ਼ਿਆਦਾ ਲੋਕਹਿੰਦੀ ਬੋਲਦੇ-ਸਮਝਦੇ ਹਨ। ਅਤੇ ਇਸ ਨਾਤੇ ਇਹ ਦੇਸ਼ ਨੂੰ ਇੱਕ ਜੁੱਟ ਰੱਖਣ ਦੀ ਸਮਰੱਥਾ ਰੱਖਦੀ ਹੈ। ਦੂਜੀ ਦਲੀਲ ਇਹ ਵੀ ਹੈ ਕਿ ਰਾਸ਼ਟਰੀ ਏਕਤਾ ਲਈ ਭਾਰਤ ਦੀ ਆਪਣੀ ਇੱਕ ਰਾਸ਼ਟਰ ਭਾਸ਼ਾ ਹੋਣੀ ਚਾਹੀਦੀ ਹੈ। ਤੀਜੀ ਦਲੀਲ ਹੈ ਕਿ ਜਦੋਂ ਤੱਕ ਭਾਰਤ ਵਿੱਚ ਇੱਕ ਵਿਦੇਸ਼ੀ ਭਾਸ਼ਾ ਇੰਗਲਿਸ਼ ਦਾ ਬੋਲਬਾਲਾ ਰਹੇਗਾ, ਦੇਸ਼ ਆਪਣੀ ਜੁਬਾਨ ਵਿੱਚ ਕਦੋਂ ਬੋਲੇਗਾ?

ਇਹ ਦਲੀਲਾਂ ਹੁਣ ਦੀਆਂ ਨਹੀਂ ਹਨ ਬਲਕਿ ਸੰਵਿਧਾਨ ਸਭਾ ਤੋਂ ਲੈਕੇ ਆਜ਼ਾਦੀ ਦੇ ਬਾਅਦ ਗਠਿਤ ਰਾਜ ਭਾਸ਼ਾ ਆਯੋਗ ਅਤੇ ਸਰਕਾਰ ਦੀਆਂ ਨੀਤੀਆਂ ਵਿੱਚ ਇਹ ਦਲੀਲਾਂ ਵਾਰ-ਵਾਰ ਸਾਹਮਣੇ ਆਈਆਂ ਹਨ।

ਸਮੱਸਿਆ ਇਹ ਹੈ ਕਿ ਇਹ ਭਾਸ਼ਾ ਨੀਤੀ ਭਾਰਤ ਦੀ ਸਮੱਸਿਆ ਹੱਲ ਕਰਨ 'ਚ ਨਾਕਾਮਯਾਬ ਹੋਈ। ਭਾਸ਼ਾ ਸਮੱਸਿਆ ਕਾਰਨ ਹੋਏ ਵਿਵਾਦਾਂ ਨਾਲ ਸੈਂਕੜੇ ਕੀਮਤਾਂ ਜਾਨਾਂ ਗਈਆਂ ਹਨ। 1965 'ਚ ਭਾਸ਼ਾ ਦੇ ਸਵਾਲ ਤੇ ਦੇਸ਼ ਵਿੱਚ ਵੱਡੇ ਪੱਧਰ ਉਤੇ ਹਿੰਸਾ ਹੋਈ। ਆਓ ਕੁਝ ਤੱਥ ਵੇਖੀਏ:-

1951 ਦੀ ਜਨ ਸੰਖਿਆ ਵਿੱਚ ਦੇਸ਼ ਦੇ 42 ਫ਼ੀਸਦੀ ਲੋਕਾਂ ਨੇ ਹਿੰਦੀ ਭਾਸ਼ਾ ਲਿਖਾਈ। ਇਹ ਅੰਕੜਾ ਭਰਮ ਭਰਿਆ ਸੀ। ਇਸ 42 ਫ਼ੀਸਦੀ ਵਿੱਚ ਪੰਜਾਬੀ, ਉਰਦੂ, ਹਿੰਦੋਸਤਾਨੀ ਸਾਰੇ ਸ਼ਾਮਲ ਸਨ। ਇਸ ਸਮੇਂ ਇਹ ਤਹਿ ਹੋਇਆ ਕਿ ਭੋਜਪੁਰੀ, ਅਵਧੀ, ਗੜਵਾਲੀ, ਮਾਰਵਾੜੀ, ਹਰਿਆਣਵੀ ਆਦਿ ਸਾਰਿਆਂ ਭਾਸ਼ਾਵਾਂ ਨਹੀਂ ਹਨ, ਹਿੰਦੀ ਦੀਆਂ ਬੋਲੀਆਂ ਹਨ। ਅਗਲੀ ਵੇਰ 1961 ਦੀ ਜਨਗਣਨਾ ਵਿੱਚ ਪੰਜਾਬੀ ਤੇ ਉਰਦੂ ਨੂੰ ਅਲੱਗ ਗਿਣਿਆ ਗਿਆ ਅਤੇ ਹਿੰਦੀ ਬੋਲਣ ਵਾਲਿਆਂ ਦੀ ਸੰਖਿਆ 30 ਫ਼ੀਸਦੀ ਰਹਿ ਗਈ।

1961 ਦੇ 60 ਸਾਲਾਂ ਬਾਅਦ 2011 ਵਿੱਚਲੀ ਮਰਦਮਸ਼ੁਮਾਰੀ 'ਚ ਹਿੰਦੀ ਬੋਲਣ ਵਾਲਿਆਂ ਦੀ ਸੰਖਿਆ 43 ਫ਼ੀਸਦੀ ਪਹੁੰਚ ਗਈ ਇਸ ਵਾਧੇ ਪਿੱਛੇ ਸਰਕਾਰੀ ਸੰਚਾਰ ਮ-ਧਅਮਾਂ ਦੀ ਨਿਭਾਈ ਭੂਮਿਕਾ ਅਤੇ ਦੂਰਦਰਸ਼ਨ ਦੇ ਪ੍ਰਸਾਰਣਾਂ ਦਾ ਹੱਥ ਹੈ। ਪਰ ਇਸ ਸਮੇਂ ਦੌਰਾਨ ਸਰਕਾਰੀ ਬੇਰੁਖ਼ੀਅਤੇ ਨੀਤੀਆਂ ਕਾਰਨ ਖੇਤਰੀ ਭਾਸ਼ਾਵਾਂ ਦਾ ਲੱਕ ਤੋੜਿਆ ਜਾਂਦਾ ਰਿਹਾ ਹੈ। ਇਥੋਂ ਤੱਕ ਕਿ ਖੇਤਰੀ ਬੋਲੀਆਂ ਨੂੰ ਨੁਕਸਾਨ ਪਹੁੰਚਾਉਣ ਲਈ ਸਾਜ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਅਤੇ ਫਿਰਕਿਆਂ ਦੇ ਅਧਾਰ 'ਤੇ ਮਾਂ-ਬੋਲੀ ਦੀ ਵੰਡ ਕੀਤੀ ਜਾਂਦੀ ਰਹੀ ਹੈ। ਪੰਜਾਬ ਇਸਦੀ ਇੱਕ ਉਦਾਹਰਨ ਹੈ, ਜਿਥੇ ਹਿੰਦੂਆਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਾਉਣ ਲਈ ਪ੍ਰੇਰਿਤ ਕੀਤਾ ਗਿਆ।

ਦੇਸ਼ 'ਚ ਬੋਲੀ ਦੇ ਅਧਾਰ 'ਤੇ ਸੂਬਿਆਂ ਦੀ ਸ਼ਥਾਪਨਾ ਹੋਈ, ਪਰ ਪੰਜਾਬੀ ਸੂਬੇ ਲਈ ਵੱਡਾ ਸੰਘਰਸ਼ ਛਿੜਿਆ।

ਸੂਬੇ ਪੰਜਾਬ 'ਚ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕੀਤਾ ਗਿਆ ਸੀ ਅਤੇ ਖੇਤਰੀ ਭਾਸ਼ਾ ਪੰਜਾਬੀ ਨੂੰ ਨੁਕਰੇ ਲਾਉਣ ਲਈ ਇਸ ਨੂੰ ਸੂਬੇ ਦੇ ਸਕੂਲਾਂ ਚ ਲਾਗੂ ਕੀਤਾ ਗਿਆ। ਅੱਜ ਵੀ ਪੰਜਾਬੀ ਬੋਲੀ ਜੋ ਵਿਸ਼ਵ ਭਰ 'ਚ 12 ਕਰੋੜ ਤੋਂ ਵੱਧ ਪੰਜਾਬੀਆਂ ਦੀ ਬੋਲਚਾਲ ਭਾਸ਼ਾ ਹੈ,ਪੰਜਾਬ ਵਿੱਚ ਨਾ ਸਰਕਾਰੀ ਦਫ਼ਤਰਾਂ 'ਚ, ਨਾ ਅਦਾਲਤਾਂ 'ਚ ਅਤੇ ਨਾ ਹੀ ਕਾਰੋਬਾਰਾਂ 'ਚ ਥਾਂ ਪ੍ਰਾਪਤ ਕਰ ਸਕੀ ਹੈ।ਇਹ ਤ੍ਰਾਸਦੀ ਹੈ।ਇਹ ਕੇਂਦਰੀ ਹਾਕਮਾਂ ਦੀ ਸਾਜਿਸ਼ਨ ਉਸ ਨੀਤੀ ਤਹਿਤ ਕੀਤੀ ਜਾ ਰਹੀ ਕਾਰਵਾਈ ਹੈ , ਜਿਸ 'ਚ ਇੱ ਇੱਕ ਰਾਸ਼ਟਰ- ਇੱਕ ਭਾਸ਼ਾ ਲਾਗੂ ਕਰਨ ਲਈ ਯਤਨ ਕੀਤੇ ਜਾ ਰਹੇ ਹਨ ।

ਜੇਕਰ ਇਹ ਗੱਲ ਸੱਚ ਹੋਵੇ ਕਿ ਰਾਸ਼ਟਰੀ ਸਿੱਖਿਆ ਨੀਤੀ 'ਚ ਪ੍ਰਾਇਮਰੀ ਸਿੱਖਿਆ ,ਤਕਨੀਕੀ ਅਤੇ ਮੈਡੀਕਲ ਸਿੱਖਿਆ 'ਚ ਮਾਂ ਬੋਲੀ ਨੂੰ ਮਹੱਤਵ ਦਿੱਤਾ ਜਾਵੇਗੀ ਤਾਂ ਫਿਰ ਖੇਤਰੀ ਭਾਸ਼ਾਵਾਂ ਨੂੰ ਕਮਜ਼ੋਰ ਕਰਨ ਲਈ ਇੱਕ ਰਾਸ਼ਟਰ-ਇੱਕ ਭਾਸ਼ਾ ਦਾ ਨਾਹਰਾ ਕਿਉਂ ਦਿੱਤਾ ਜਾ ਰਿਹਾ ਹੈ ? ਇਹ ਗੱਲ ਸਾਫ਼ ਹੈ ਕਿ ਕਿਸੇ ਵੀ ਵਿਅਕਤੀ ਦੀ ਸੋਚਣ ਦੀ ਪ੍ਰਕਿਰਿਆ ਬੋਲਣ 'ਚ ਹੀ ਹੁੰਦੀ ਹੈ ਅਤੇ ਜੇਕਰ ਪੜ੍ਹਾਈ ਅਤੇ ਖੋਜ ਮਾਂ ਬੋਲੀ 'ਚ ਹੋਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ।

ਇਹ ਗੱਲ ਸ਼ੀਸ਼ੇ ਵਾਂਗਰ ਸਾਫ਼ ਹੈ ਕਿ ਹਿੰਦੀ, ਸੂਬਿਆਂ ਨਾਲ ਸੰਪਰਕ ਅਤੇ ਸੂਬਿਆਂ ਦੇ ਆਪਸੀ ਸੰਪਰਕ ਭਾਸ਼ਾ ਤਾਂ ਹੋ ਸਕਦੀ ਹੈ ਪਰ ਇਹ ਸਥਾਨਕ ਭਾਸ਼ਾਵਾਂ ਦੀ ਥਾਂ ਨਹੀਂ ਲੈ ਸਕਦੀ ਤੇ ਦੂਜਾ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਦੇ ਤੌਰ 'ਤੇ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਸੰਵਿਧਾਨ ਸਭਾ 'ਚ ਇਸਨੂੰ ਰਾਸ਼ਟਰੀ ਭਾਸ਼ਾ ਪ੍ਰਵਾਨ ਕੀਤਾ ਗਿਆ ਸੀ। ਇਹ ਵੀ ਕਿ ਭਾਰਤ ਦੇ ਵੱਖੋ-ਵੱਖਰੇ ਸਭਿਆਚਾਰ ਅਤੇ ਬੋਲੀਆਂ ਨੂੰ ਅੱਖੋਂ-ਪਰੋਖੇ ਕਰਕੇ ਹਿੰਦੀ ਨੂੰ ਜ਼ਬਰਦਸਤੀ ਰਾਸ਼ਟਰੀ ਭਾਸ਼ਾ ਬਣਾਕੇ ਲਾਗੂ ਨਹੀਂ ਕੀਤਾ ਜਾ ਸਕਦਾ, ਕਿਉਂਕਿ ਦੇਸ਼ 'ਚ ਕਈ ਸੂਬੇ ਭਾਸ਼ਾ ਅਧਾਰਿਤ ਗਠਿਤ ਕੀਤੇ ਗਏ ਹੋਏ ਹਨ। ਕੀ ਗੁਜਰਾਤੀ, ਤਾਮਿਲ, ਤੈਲਗੂ ਆਦਿ ਭਾਸ਼ਾਵਾਂ ਦੀ ਥਾਂ ਹਿੰਦੀ ਨੂੰ ਲਾਗੂ ਕੀਤਾ ਜਾ ਸਕਦਾ ਹੈ?

ਚਿੰਤਕ ਤਾਂ ਮਨੰਦੇ ਹਨ ਕਿ ਦੇਸ਼'ਚ ਸਭ ਤੋ ਵੱਧ ਬੋਲੀ ਜਾਂਦੀ ਬੋਲੀ ਹਿੰਦੀ (ਜੋ 22 ਬੋਲੀਆਂ ਵਿਚੋਂ ਇੱਕ ਹੈ, ਜੋ ਸੰਵਿਧਾਨ'ਚ ਦਰਜ ਹੈ) ਨੂੰ ਪਹਿਲਾ ਨੰਬਰ ਤਾਂ ਦਿੱਤਾ ਜਾ ਸਕਦਾ ਹੈ, ਪਰ ਦੇਸ਼'ਚ ਸਿਰਫ਼ ਹਿੰਦੀ ਹੀ ਇੱਕੋ ਇਕ ਭਾਸ਼ਾ ਪ੍ਰਵਾਨ ਕਰਨ ਯੋਗ ਨਹੀਂ ਹੋ ਸਕਦੀ।

ਅਮਿਤ ਸ਼ਾਹ ਦੇ ਦੂਜੀਆਂ ਭਾਸ਼ਾਵਾਂ ਨੂੰ ਕੁਰਬਾਨ ਕਰਕੇ ਹਿੰਦੀ ਨੂੰ ਅੱਗੇ ਕਰਨ ਵਾਲੇ ਮਨਸੂਬੇ ਦੇਸ਼ ਵਿੱਚ ਇੱਕ ਨਵੇਂ ਸੰਘਰਸ਼ ਦੀ ਗਾਥਾ ਲਿਖਣਗੇ।

*****

# ਮਸੀਹੀ ਭਾਈਚਾਰੇ ਨੇ ਅੰਮ੍ਰਿਤਪਾਲ ਸਿੰਘ ਵਿਰੁੱਧ ਕੀਤਾ ਰੋਸ ਮੁਜ਼ਾਹਰਾ

**ਜਲੰਧਰ (ਜੇ ਸਿੰਘ 'ਭਡਿਆਰ')-**'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਨੂੰ ਗਰਮ ਖਿਆਲਾਂ ਕਰਕੇ ਵਿਰੋਧੀ ਘੇਰਦੇ ਰਹਿੰਦੇ ਹਨ। ਲਗਾਤਾਰ ਗਰੀਬ ਸਿਖਾਂ ਦੇ ਈਸਾਈਕਰਨ ਦੇ ਜਿੰਮੇਵਾਰ ਤਾਂਤਰਿਕ ਕਿਸਮ ਦੇ ਪਾਸਟਰਾਂ ਕਾਰਣ ਟਕਰਾਅ ਵਧ ਰਿਹਾ ਹੈ। ਪੰਜਾਬ ਸਰਕਾਰ ਨੇ ਅਜਿਹੇ ਪਾਸਟਰਾਂ ਉਪਰ ਕਾਰਵਾਈ ਕਰਨ ਦੀ ਥਾਂ ਖੁਲਕੇ ਫਿਰਕੂ ਖੇਡ ਖੇਡਣ ਦੀ ਇਜਾਜਤ ਦੇ ਦਿੱਤੀ ਹੈ। ਦੱਸ ਦੇਈਏ ਕਿ ਅੰਮ੍ਰਿਤਪਾਲ ਸਿੰਘ ਵੱਲੋਂ ਪੰਜਾਬ ਵਿੱਚ ਹੋ ਰਹੇ ਧਰਮ ਪਰਿਵਰਤਨ ਨੂੰ ਲੈ ਕੇ ਪ੍ਰਭੂ ਯਿਸ਼ੂ ਮਸੀਹ ਬਾਰੇ ਵਿਵਾਦਤ ਟਿੱਪਣੀ ਕੀਤੀ ਗਈ ਸੀ, ਜਿਸ ਨਾਲ ਈਸਾਈ ਭਾਈਚਾਰੇ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ।




### ਈਸਾਈ ਭਾਈਚਾਰੇ ਵੱਲੋਂ ਕੇਸ ਦਰਜ ਕਰਨ ਦੀ ਮੰਗ

ਈਸਾਈ ਭਾਈਚਾਰੇ ਵੱਲੋਂ ਜਲੰਧਰ ਦੇ ਪੀਏਪੀ ਚੌਕ ਵਿੱਚ 'ਵਾਰਿਸ ਪੰਜਾਬ ਦੇ' ਦੇ ਮੁਖੀ ਵੱਲੋਂ ਈਸਾ ਮਸੀਹ ਵਿਰੁੱਧ ਗਲਤ ਸ਼ਬਦਾਬਲੀ ਵਰਤੇ ਜਾਣ ਦੇ ਰੋਸ ਵਜੋਂ ਪ੍ਰਦਰਸ਼ਨ ਕੀਤਾ ਗਿਆ। ਕ੍ਰਿਸਚਨ ਮੂਵਮੈਂਟ ਦੇ ਪ੍ਰਧਾਨ ਹਮੀਦ ਮਸੀਹ ਨੇ ਦੋਸ਼ ਲਾਇਆ ਕਿ 'ਵਾਰਿਸ ਪੰਜਾਬ ਦੇ' ਦੇ ਮੁਖੀ ਅੰਮ੍ਰਿਤਪਾਲ ਸਿੰਘ ਵੱਲੋਂ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ ਅਤੇ ਉਸ ਵਿਰੁੱਧ ਕੇਸ ਦਰਜ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਸੀਹੀ ਭਾਈਚਾਰੇ ਦੀ ਪਹਿਲਾਂ ਪੀਏਪੀ ਚੌਕ ਵਿੱਚ ਧਰਨਾ ਦੇ ਕੇ ਆਵਾਜਾਈ ਠੱਪ ਦਰਨ ਦੀ ਯੋਜਨਾ ਸੀ ਪਰ ਪ੍ਰਸ਼ਾਸਨ ਵੱਲੋਂ ਅੰਮ੍ਰਿਤਪਾਲ ਸਿੰਘ ਵਿਰੁੱਧ ਕਾਰਵਾਈ ਕਰਨ ਦਾ ਭਰੋਸਾ ਦਿੱਤੇ ਜਾਣ ਤੋਂ ਬਾਅਦ ਉਹ ਹੁਣ ਇੱਕ ਪਾਸੇ ਹੋ ਕੇ ਪ੍ਰਦਰਸ਼ਨ ਕਰ ਰਹੇ ਹਨ। ਇੱਕ ਵਾਰ ਮਸੀਹੀ ਭਾਈਚਾਰੇ ਵੱਲੋਂ ਪ੍ਰਦਰਸ਼ਨ ਖ਼ਤਮ ਕਰ ਦਿੱਤਾ ਗਿਆ ਪਰ ਕੁਝ ਸਮੇਂ ਬਾਅਦ ਹੀ ਭਾਈਚਾਰੇ ਦੇ ਨੌਜਵਾਨਾਂ ਨੇ ਪੀਏਪੀ ਚੌਕ ਵਿੱਚ ਮੁੱਖ ਮਾਰਗ ਦੇ ਇੱਕ ਪਾਸੇ ਧਰਨਾ ਲਾ ਕੇ ਆਵਾਜਾਈ ਠੱਪ ਕਰ ਦਿੱਤੀ, ਜਿਸ ਕਾਰਨ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ। ਇਹ ਨੌਜਵਾਨ 'ਵਾਰਿਸ ਪੰਜਾਬ ਦੇ' ਦੇ ਮੁਖੀ ਅੰਮ੍ਰਿਤਪਾਲ ਸਿੰਘ ਵਿਰੁੱਧ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰਨ ਅਤੇ ਈਸਾਈ ਪ੍ਰਚਾਰਕਾਂ ਵਿਰੁੱਧ ਦਰਜ ਕੀਤੇ ਕੇਸਾਂ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਸਨ। ਪੁਲੀਸ ਵੱਲੋਂ ਮਸੀਹੀ ਭਾਈਚਾਰੇ ਦੇ ਆਗੂਆਂ ਦੀ ਪੁਲੀਸ ਅਧਿਕਾਰੀਆਂ ਨਾਲ ਮੀਟਿੰਗ ਕਰਵਾਉਣ ਅਤੇ ਅੰਮ੍ਰਿਤਪਾਲ ਸਿੰਘ ਵਿਰੁੱਧ ਕੇਸ ਦਰਜ ਕਰਨ ਦੇ ਦਿੱਤੇ ਭਰੋਸੇ ਤੋਂ ਬਾਅਦ ਨੌਜਵਾਨਾਂ ਨੇ ਧਰਨਾ ਸਮਾਪਤ ਕਰ ਦਿੱਤਾ।

### ਕੀ ਕਹਿਣਾ ਅੰਮ੍ਰਿਤਪਾਲ ਸਿੰਘ ਦਾ

ਅੰਮ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਉਸ ਨੂੰ ਪਰਚਿਆਂ-ਗ੍ਰਿਫ਼ਤਾਰੀਆਂ ਦਾ ਕੋਈ ਡਰ ਨਹੀਂ ਹੈ। ਇਸ ਲਈ ਸੜਕਾਂ ਜਾਮ ਕਰਨ ਦੀ ਕੋਈ ਲੋੜ ਨਹੀ, ਪ੍ਰਸ਼ਾਸਨ ਚਾਹੇ ਤਾਂ ਉਸ 'ਤੇ ਪਰਚਾ ਕਰ ਲਵੇ। ਜਦੋਂ ਗ੍ਰਿਫ਼ਤਾਰੀ ਦਾ ਸਮਾਂ ਆਵੇਗਾ, ਉਦੋਂ ਦੇਖ ਲੈਣਗੇ, ਕੀ ਕਰਨਾ ਹੈ? ਅੰਮ੍ਰਿਤਪਾਲ ਨੇ ਕਿਹਾ ਕਿ ਉਹ ਆਪਣੇ ਬਿਆਨ 'ਤੇ ਕਾਇਮ ਹੈ ਅਤੇ ਉਨ੍ਹਾਂ ਨੇ ਸਿਰਫ਼ ਸੱਚ ਬੋਲਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਈਸਾਈ ਭਾਈਚਾਰੇ ਦੇ ਇਕ ਧੜੇ ਵੱਲੋਂ ਸਿੱਖ ਧਰਮ ਬਾਰੇ ਕੂੜ-ਪ੍ਰਚਾਰ ਕੀਤਾ ਜਾ ਰਿਹਾ ਹੈ। ਜੋ ਗਰੀਬ ਸਿਖ ਲਾਲਚ ਦੇਕੇ ਚਰਚਾਂ ਵਿਚ ਲਿਆਂਦੇ ਗਏ ਉਹਨਾਂ ਅੰਦਰ ਗੁਰਦੁਆਰੇ, ਕੜਾਹ ਪ੍ਰਸ਼ਾਦ, ਲੰਗਰ ਵਿਰੁਧ ਨਫਰਤ ਭਰੀ ਗਈ ਕਿ ਇਹਨਾਂ ਤੋਂ ਦੂਰ ਰਿਹਾ ਜਾਵੇ। ਸਿਖ ਗੁਰੂ ਤੁਹਾਡੀ ਮੁਕਤੀ ਨਹੀਂ ਕਰ ਸਕਦੇ। ਉਨ੍ਹਾਂ ਸਾਫ਼ ਕੀਤਾ ਕਿ ਜਦੋਂ ਤਕ ਈਸਾਈ ਭਾਈਚਾਰੇ ਵੱਲੋਂ ਸਿੱਖ ਧਰਮ ਬਾਰੇ ਗ਼ਲਤ ਪ੍ਰਚਾਰ ਬੰਦ ਨਹੀਂ ਕੀਤਾ ਜਾਂਦਾ, ਉਹ ਅਜਿਹੇ ਸੱਚ ਬੋਲਦੇ ਰਹਿਣਗੇ।

# ਸ਼੍ਰੀਲੰਕਾ ਦੇ ਲੇਖਕ ਕਰੁਣਾਤਿਲਕਾ ਦੇ ਨਾਵਲ ਨੂੰ ਮਿਲਿਆ ਬੁਕਰ ਪੁਰਸਕਾਰ



**ਲੰਡਨ-** ਸ਼੍ਰੀਲੰਕਾਈ ਲੇਖਕ ਸ਼ੇਹਾਨ ਕਰੁਣਾਤਿਲਕਾ ਨੇ ਨਾਵਲ ਲਈ 2022 ਦਾ ਬੁਕਰ ਪੁਰਸਕਾਰ ਜਿੱਤਿਆ। ਕਰੁਣਾਤਿਲਕਾ ਨੂੰ ਇਹ ਪੁਰਸਕਾਰ 'ਦ ਸੇਵਨ ਮੂਨਸ ਆਫ ਮਾਲੀ ਅਲਮੇਡਾ' ਦੀ ਕਿਤਾਬ ਲਈ ਦਿੱਤਾ ਗਿਆ ਹੈ।ਬੁਕਰ ਪ੍ਰਾਈਜ਼ ਨੇ ਟਵੀਟ ਕੀਤਾ ਕਿ ਸਾਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਬੁਕਰ ਪ੍ਰਾਈਜ਼ 2022 ਦੇ ਵਿਜੇਤਾ ਸ਼ੇਹਾਨ ਕਰੁਣਾਤਿਲਕਾ ਹਨ। ਇਹ ਸ਼ੇਹਾਨ ਕਰੁਣਾਤਿਲਕਾ ਦਾ ਦੂਜਾ ਨਾਵਲ ਹੈ। ਇਹ ਨਾਵਲ ਘਰੇਲੂ ਯੁੱਧ ਦੁਆਰਾ ਘਿਰੇ ਸ਼੍ਰੀਲੰਕਾ ਦੀ ਘਾਤਕ ਤਬਾਹੀ ਦੇ ਵਿਚਕਾਰ ਇੱਕ ਵਿਅੰਗਾਤਮਕ, ਮਜ਼ਾਕੀਆ ਮਜ਼ਾਕੀਆ ਵਿਅੰਗ ਹੈ।

ਅੰਮ੍ਰਿਤਸਰ ਵਿਚ ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧਤ ਵੱਖ ਵੱਖ ਇਲਾਕਿਆਂ ਵਿਚ ਸਮਾਗਮ ਹੋਏ। ਅੰਮ੍ਰਿਤਸਰ 'ਚ ਹਾਥੀ ਗੇਟ ਵਿਖੇ ਸ਼ੋਭਾ ਯਾਤਰਾ ਵਿਚ ਸ਼ਾਮਲ ਸੰਗਤ ਨੂੰ ਸਨਮਾਨਿਤ ਕੀਤਾ ਗਿਆ, ਇਸ ਮੌਕੇ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਆਗੂਆਂ ਨੇ ਹਾਜ਼ਰੀਆਂ ਲਗਵਾਈਆਂ ਅਤੇ ਸਨਮਾਨਿਤ ਕੀਤਾ ਗਿਆ ਭਗਵਾਨ ਵਾਲਮੀਕੀ ਸ਼੍ਰੋਮਣੀ ਅੰਬੇਡਕਰ ਸੁਸਾਇਟੀ ਦੇ ਪ੍ਰਧਾਨ ਸ਼ਿਵਮ ਚੌਧਰੀ ਨੇ ਕਿਹਾ ਕਿ ਸਾਨੂੰ ਭਗਵਾਨ ਵਾਲਮੀਕਿ ਜੀ ਦੇ ਦੱਸੇ ਹੋਏ ਮਾਰਗ ਤੇ ਚੱਲਣ ਦੀ ਲੋੜ ਹੈ। *ਤਸਵੀਰਾਂ ਤੇ ਵੇਰਵਾ- ਜਸਪਾਲ ਆਜਾਦ*
















# HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206


We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com



# Kash FABRICS



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# Raja
SWEETS & CATERING



AUTHORIZED CATERER FOR
MAJOR 5-STAR HOTELS

ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



# INDIA MARKET
SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call: 530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call: 650-642-0697

## 3525 Highway 99, West Corning, CA 96021
Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust